**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 11, Issue 40, October 2, 2010 | 20451 N Plum Grove Rd. Palatine, IL 60074 | Ph:847-359-0746, Fax:847-705-9388


### ਰਾਸ਼ਟਰਮੰਡਲ ਖੇਡਾਂ 3 ਅਕਤੂਬਰ ਤੋਂ

## ਭ੍ਰਿਸ਼ਟਾਚਾਰ ਤੇ ਬਦਇੰਤਜ਼ਾਮੀ ਨੇ ਦੇਸ਼ ਦਾ ਅਕਸ ਵਿਗਾੜਿਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਜਦੋਂ ਚੀਨ ਨੇ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਕੇ ਵਿਸ਼ਵ ਪੱਧਰ 'ਤੇ ਆਪਣੀ ਧਾਂਕ ਜਮਾਈ ਸੀ ਤਾਂ ਭਾਰਤ ਵਿਚ ਵੀ ਆਪਣੇ ਗੁਆਂਢੀ ਮੁਲਕ ਵਾਂਗ ਵਿਸ਼ਵ ਨੂੰ ਇਹ ਦੱਸਣ ਦੀ ਤਾਂਘ ਪੈਦਾ ਹੋਈ ਸੀ ਕਿ 'ਅਸੀਂ ਵੀ ਕਿਸੇ ਤੋਂ ਘੱਟ ਨਹੀਂ'। ਚੀਨ ਵੱਲੋਂ ਉਲੰਪਿਕ ਖੇਡਾਂ ਲਈ ਤਿਆਰ ਕੀਤੇ ਸਟੇਡੀਅਮ ਤੇ ਹੋਰ ਬੁਨਿਆਦੀ ਢਾਂਚੇ ਦੀ ਦੁਨੀਆਂ ਭਰ ਦੇ ਮੀਡੀਏ 'ਚ ਚਰਚਾ ਹੋਈ ਸੀ ਤੇ ਲੱਖਾਂ ਲੋਕ ਇਨ੍ਹਾਂ ਅਜੂਬਿਆਂ ਨੂੰ ਵੇਖਣ ਲਈ ਬੇਤਾਬ ਹੋਏ ਸਨ। ਜਦੋਂ ਟੀ.ਵੀ. ਚੈਨਲਾਂ 'ਤੇ ਉਲੰਪਿਕ ਦੇ ਉਦਘਾਟਨੀ ਤੇ ਸਮਾਪਤੀ ਸਮਾਰੋਹ ਵਿਖਾਏ ਗਏ ਸਨ ਤਾਂ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਸਣੇ ਹਰ ਕੋਈ ਦੰਗ ਰਹਿ ਗਿਆ ਸੀ। ਹੁਣ ਮੌਕਾ ਭਾਰਤ ਕੋਲ ਸੀ ਕਿ 3 ਤੋਂ 14 ਅਕਤੂਬਰ ਤੱਕ ਸਫਲ ਰਾਸ਼ਟਰਮੰਡਲ ਖੇਡਾਂ ਕਰਵਾ ਕੇ ਦੁਨੀਆਂ ਭਰ 'ਚ ਆਪਣਾ ਲੋਹਾ ਮੰਨਵਾਏ। ਇਸ ਲਈ ਵਿਸ਼ਾਲ ਯੋਜਨਾਵਾਂ ਉਲੀਕੀਆਂ ਗਈਆਂ ਪਰ ਸਾਲ 2010 ਚੜ੍ਹਦਿਆਂ ਇਨ੍ਹਾਂ ਦੀਆਂ ਤਿਆਰੀਆਂ ਨੂੰ ਲੈ ਕੇ ਵਿਵਾਦ ਉਠਣੇ ਸ਼ੁਰੂ ਹੋ ਗਏ। ਪਹਿਲਾਂ-ਪਹਿਲਾਂ

(ਬਾਕੀ ਸਫਾ 7 'ਤੇ)

## ਵਿਧਾਨ ਪ੍ਰੀਸ਼ਦ ਮੁੜ ਬਹਾਲ ਕਰਨ ਦਾ ਮੁੱਦਾ ਭਖਿਆ

**ਪੰਜਾਬ ਟਾਈਮਜ਼ ਬਿਊਰੋ**

**ਚੰਡੀਗੜ੍ਹ:** 40 ਸਾਲ ਪਹਿਲਾਂ ਇਸ ਨੂੰ ਖਤਮ ਕਰ ਦਿੱਤੇ ਜਾਣ ਤੋਂ ਬਾਅਦ ਪੰਜਾਬ ਵਿਚ ਵਿਧਾਨ ਪ੍ਰੀਸ਼ਦ ਮੁੜ ਤੋਂ ਬਹਾਲ ਕਰਨ ਦਾ ਮੁੱਦਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਕ ਵਾਰ ਫਿਰ ਖੜ੍ਹਾ ਕਰ ਦਿੱਤਾ ਹੈ। ਇਹ ਸੁਣਨ ਵਿਚ ਆਇਆ ਹੈ ਕਿ ਆਪਣੇ ਚੋਣ ਵਾਅਦੇ ਅਨੁਸਾਰ ਬਾਦਲ ਸਰਕਾਰ ਪੰਜਾਬ ਵਿਧਾਨ ਸਭਾ ਦੇ ਉਪਰਲੇ ਸਦਨ ਨੂੰ ਮੁੜ ਬਹਾਲ ਕਰਨਾ ਚਾਹੁੰਦੀ ਹੈ ਪਰ ਪੰਜਾਬ ਸਰਕਾਰ ਦੇ ਅੰਦਰੋਂ ਹੀ ਇਸ ਤਜਵੀਜ਼ ਦਾ ਵਿਰੋਧ ਵੀ ਉਠਣ ਲੱਗਾ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸਰਕਾਰ ਦੀ ਇਸ ਤਜਵੀਜ਼ ਦਾ ਇਸ ਆਧਾਰ 'ਤੇ ਵਿਰੋਧ ਕੀਤਾ ਹੈ ਕਿ ਇਸ ਨਾਲ ਪੰਜਾਬ ਦੀ ਆਰਥਿਕਤਾ 'ਤੇ ਬੋਝ ਪਵੇਗਾ, ਜਿਹੜੀ ਪਹਿਲਾਂ ਹੀ ਮੰਦੇ ਦੀ ਮਾਰੀ

(ਬਾਕੀ ਸਫਾ 6 'ਤੇ)



ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਗਏ ਕਬੱਡੀ ਮੇਲੇ ਦੀ ਜੇਤੂ ਬੇ-ਏਰੀਆ ਸਪੋਰਟਸ ਕਲੱਬ ਦੀ ਟੀਮ ਪ੍ਰਬੰਧਕਾਂ ਨਾਲ

### ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੀ ਬੱਲੇ-ਬੱਲੇ

## ਕਬੱਡੀ ਕੱਪ ਬੇਅ-ਏਰੀਆ ਕਲੱਬ ਨੇ ਜਿੱਤਿਆ

**ਹੇਵਰਡ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ, ਪ੍ਰਿੰ. ਸਰਵਣ ਸਿੰਘ):** ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਵਲੋਂ ਲੰਘੀ 25 ਸਤੰਬਰ ਨੂੰ ਇਥੇ ਕੈਲ ਸਟੇਟ ਯੂਨੀਵਰਸਿਟੀ ਦੇ ਮੈਦਾਨਾਂ ਵਿਚ ਕਰਵਾਇਆ ਗਿਆ ਕਬੱਡੀ ਮੇਲਾ ਨਾ ਸਿਰਫ ਹਾਜ਼ਰੀ ਪੱਖੋਂ ਹੀ ਕਾਮਯਾਬੀ ਦੇ ਝੰਡੇ ਗੱਡ ਗਿਆ ਸਗੋਂ ਉਮਦਾ ਕਿਸਮ ਦੀ ਕਬੱਡੀ ਕਰਕੇ ਵੀ ਦਰਸ਼ਕਾਂ ਦੇ ਮਨਾਂ ਉਤੇ ਡੂੰਘੀ ਛਾਪ ਛੱਡ ਗਿਆ। ਕਲੱਬ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਦੀ ਛਤਰ ਛਾਇਆ ਹੇਠ ਕਰਵਾਏ ਗਏ ਇਸ ਖੇਡ ਮੇਲੇ ਵਿਚ ਕੌਮਾਂਤਰੀ ਪੱਧਰ ਦੇ ਨਾਮੀ ਕਬੱਡੀ ਖਿਡਾਰੀਆਂ ਨੇ ਆਪਣੇ ਜੌਹਰ ਵਿਖਾਏ। ਇਹ ਮੇਲਾ ਇਸ ਗੱਲੋਂ ਵੀ ਕਾਮਯਾਬ ਰਿਹਾ ਕਿ ਕੁਝ ਹਫਤੇ ਪਹਿਲਾਂ ਇਨ੍ਹਾਂ ਹੀ ਮੈਦਾਨਾਂ ਵਿਚ ਹੋਏ ਪੰਜਾਬੀ ਮੇਲੇ ਦੌਰਾਨ ਦੋ ਗੁੱਟਾਂ ਦੀ ਲੜਾਈ ਨੂੰ ਮੁੱਖ ਰੱਖਦਿਆਂ ਮੇਲੀਆਂ ਦੇ ਮਨਾਂ ਵਿਚ ਪੈਦਾ ਹੋਏ ਖਦਸ਼ਿਆਂ ਅਤੇ ਪ੍ਰਬੰਧਕਾਂ ਦੀ ਚਿੰਤਾ ਦੇ ਬਾਵਜੂਦ ਸਖਤ ਸੁਰੱਖਿਆ ਪ੍ਰਬੰਧਾਂ ਕਰਕੇ ਪੂਰੀ ਤਰ੍ਹਾਂ ਅਮਨ ਅਮਾਨ ਰਿਹਾ।

ਇਸ ਕਬੱਡੀ ਮੇਲੇ ਦਾ ਪਹਿਲਾ 7500 ਡਾਲਰ ਦਾ ਇਨਾਮ ਅਤੇ ਟਰਾਫੀ ਬਲਜੀਤ ਸਿੰਘ ਸੰਧੂ ਦੀ ਸਰਦਾਰੀ ਹੇਠ ਚਲਦੇ ਬੇ-ਏਰੀਆ ਸਪੋਰਟਸ ਕਲੱਬ ਨੇ ਕੈਨੇਡਾ ਵੈਸਟ ਨੂੰ ਹਰਾ ਕੇ ਜਿੱਤਿਆ ਅਤੇ ਇੰਜ ਦੂਜਾ ਇਨਾਮ ਕੈਨੇਡਾ ਵੈਸਟ ਦੇ ਹਿੱਸੇ ਆਇਆ। ਪਹਿਲਾ ਇਨਾਮ ਸਵਰਗਵਾਸੀ ਕਸ਼ਮੀਰ ਸਿੰਘ ਸਹੋਤਾ ਬੜਾ ਪਿੰਡ ਦੀ ਯਾਦ ਵਿਚ ਸਹੋਤਾ ਪਰਿਵਾਰ ਵਲੋਂ ਅਤੇ ਦੂਜਾ ਇਨਾਮ ਸਵਰਗੀ ਸੋਹਣ ਸਿੰਘ ਦੀ ਯਾਦ ਵਿਚ ਉਨ੍ਹਾਂ ਦੇ ਪੁਤਰਾਂ ਕੁਲਦੀਪ ਸਿੰਘ ਬੂਟਾ ਅਤੇ ਜੋਗਿੰਦਰ ਸਿੰਘ ਸਿਧਵਾਂ ਦੋਨਾ ਵਲੋਂ ਸਪਾਂਸਰ ਕੀਤਾ ਗਿਆ ਸੀ। ਕਬੱਡੀ ਅੰਡਰ 21 ਵਿਚ ਵੀ

(ਬਾਕੀ ਸਫਾ 18 'ਤੇ)


**ਇੰਡੀਆ ਕਾਲ ਕਰੋ**
$100
125 ਘੰਟੇ
Great Rates for :-
UK, Canada & other Countries
ਰੇਟ ਲੋਕਲ ਨੰਬਰ 'ਤੇ ਆਧਾਰਤ ਹਨ
ਹੋਰ ਜਾਣਕਾਰੀ ਲਈ ਕਾਲ ਕਰੋ।
1-800-914-1013
WWW.1EZPIN.COM

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja SWEETS & CATERING**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# BAKERSFIELD SIKH TEMPLE

2400 So. P STREET BAKERSFIELD CA 93304 661-397-8651

# ਗੁਰਦੁਆਰਾ ਸਾਹਿਬ ਬੇਕਰਸਫੀਲਡ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਖ ਪੰਥ ਦੇ ਬਾਨੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਮੁੱਖ ਰਖਦੇ ਹੋਏ, ਸਮੂਹ ਸੰਗਤਾਂ ਦੇ ਸਹਯੋਗ ਨਾਲ ਬੜੀ ਧੂਮ ਧਾਮ ਨਾਲ

# ਮਹਾਨ ਨਗਰ ਕੀਰਤਨ

24 ਅਕਤੂਬਰ ਦਿਨ ਐਤਵਾਰ ਨੂੰ ਹੋ ਰਿਹਾ ਹੈ। ਜਿਸ ਵਿਚ ਸਿੱਖ ਧਰਮ ਦੇ ਮਹਾਨ ਕੀਰਤਨੀਏ, ਕਥਾਵਾਚਕ,ਢਾਡੀ, ਪ੍ਰਚਾਰਕ ਅਤੇ ਸੁਝਵਾਨ ਬੁਲਾਰੇ ਹਿੱਸਾ ਲੈਣਗੇ।

**ਢਾਡੀ ਜੱਥੇ**
ਕੁਲਜੀਤ ਸਿੰਘ ਦਿਲਬਰ
ਸੁਖਵਿੰਦਰ ਸਿੰਘ ਗਰੇਵਾਲ

## ਪ੍ਰੋਗਰਾਮ

ਸੋਮਵਾਰ 18 ਅਕਤੂਬਰ ਤੋਂ ਸ਼ਨੀਵਾਰ 23 ਅਕਤੂਬਰ ਤਕ ਸ਼ਾਮ ਨੂੰ ਰੋਜ਼ਾਨਾ ਦੀਵਾਨ ਸਜਨਗੇ ਅਤੇ 24 ਅਕਤੂਬਰ ਦਿਨ ਐਤਵਾਰ ਸਵੇਰ ਦੇ ਦੀਵਾਨ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ, ਕੀਰਤਨੀ ਜੱਥੇ, ਕਥਾਕਾਰ, ਢਾਡੀ, ਪੰਥਕ ਬੁਲਾਰੇ ਅਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ।

ਨਗਰ ਕੀਰਤਨ ਬਾਰੇ ਕਿਸੇ ਵੀ ਕਿਸਮ ਦੀ ਜਾਨਕਾਰੀ ਲਈ ਕਾਲ ਕਰੋ
ਰਜਿੰਦਰ ਸਿੰਘ ਢਿੱਲੋ (661)321-6997

**ਫਲੋਟ ਲਗਵਾਉਣ ਦੀ ਸੇਵਾ**
ਸਿਕੰਦਰ ਸਿੰਘ ਜੱਸੜ 661-213-6739
ਸਿਕੰਦਰ ਸਿੰਘ ਗਰੇਵਾਲ 661-549-8928
ਰਜਿੰਦਰ ਸਿੰਘ ਗਿੱਲ 661-703-6832

**ਗੁਰੂ ਕੇ ਲੰਗਰ ਦੀ ਸੇਵਾ**
ਦਲਜੀਤ ਸਿੰਘ ਸੰਧੂ 661-703-1842
ਸੁਲੱਖਣ ਸਿੰਘ ਰਾਏ 661-706-9370
ਹਰਦਿਆਲ ਸਿੰਘ ਮੱਲ੍ਹੀ 661-979-8516
ਤਜਿੰਦਰ ਸਿੰਘ ਗਿੱਲ 661-201-9028

**ਸਟਾਲ ਲਾਉਣ ਦੀ ਸੇਵਾ**
ਬਲਵੀਰ ਸਿੰਘ ਸਿੱਧੂ 661-301-8319
ਸੁਖਵਿੰਦਰ ਸਿੰਘ ਜੱਸੜ 661-301-8319

**ਫਲੋਟ ਸਜਾਉਣ ਦੀ ਸੇਵਾ**
ਜੋਬਨ ਸਿੰਘ (ਬੌਬੀ) 661-808-7181
ਹੰਸ ਸਿੰਘ ਚੀਮਾ 661-302-6301
ਹਰਜੀਤ ਸਿੰਘ (ਚੜ੍ਹਦੀਕਲਾ ਨਿਊਜ਼) 661-201-5894
ਗੁਰਮੀਤ ਸਿੰਘ ਸਿੱਧੂ 661-343-7749

**ਦਾਨੀ ਸੱਜਣ ਸੰਪਰਕ ਕਰਨ**
ਦਲਜੀਤ ਸਿੰਘ ਢੰਡ 661-835-7914
ਮੱਸਾ ਸਿੰਘ ਬਾਜਵਾ 661-837-9981

**ਗਤਕਾ ਪਾਰਟੀ**
ਰਵਿੰਦਰ ਸਿੰਘ ਧਾਲੀਵਾਲ 661-619-7431
ਜਗਜੀਤ ਸਿੰਘ 661-808-3540

**ਮੀਡੀਆ**
ਰੇਡੀਓ ਆਵਾਜ਼ ਪੰਜਾਬ ਦੀ
AM 1350, 661-847-1350
ਦਵਿੰਦਰ ਸਿੰਘ ਬੈਂਸ, ਰੇਸ਼ਮ ਸਿੰਘ
ਭਰਪੂਰ ਸਿੰਘ

ਰੇਡੀਓ ਪੰਜਾਬੀ ਸੰਸਾਰ
AM-1010, 661-633-1010
ਨਾਜ਼ਰ ਸਿੰਘ ਕੂਨਰ
ਹਰਜੀਤ ਸਿੰਘ

**ਵੀਡੀਓ ਅਤੇ ਫੋਟੋਗ੍ਰਾਫੀ:**
ਤੇਜੀ ਵੀਡਿਓ ਪ੍ਰੋਡਕਸ਼ਨ
661-487-0428

DESIGNED BY NK SIGNS • BAKERSFIELD, CA • 661-978-7319

# ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ!




## ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ, ਉਹ ਗਲਤ ਸਾਬਤ ਹੋਵੇ?

**ਸਟਾਕਟਨ, ਕੈਲੀਫੋਰਨੀਆ:** ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਨਾਲ ਹੀ ਨਿਭਦੀ ਹੈ। ਜੇ ਇਹ ਖਿਆਲ ਕਰੀਏ ਕਿ ਹੋਰ ਮਰਜਾਂ ਲਈ ਤਕਨਾਲੋਜੀ ਅਤੇ ਇਲਾਜ ਵਿਚ ਕਿੰਨੀ ਤਰੱਕੀ ਹੋ ਚੁਕੀ ਹੈ ਤਾਂ ਇਸ ਤਕਲੀਫ ਬਾਰੇ ਸੋਚ ਕੇ ਹੋਰ ਵੀ ਪ੍ਰੇਸ਼ਾਨੀ ਹੁੰਦੀ ਹੈ। ਕੈਂਸਰ, ਸੂਗਰ ਅਤੇ ਹੋਰ ਕਿੰਨੇ ਹੀ ਰੋਗਾਂ ਲਈ ਨਵੇਂ ਤੋਂ ਨਵੇਂ ਇਲਾਜ ਨਿਕਲ ਆਏ ਹਨ ਪਰ ਡਿਸਕ ਅਤੇ ਕਮਰ ਦੇ ਦਰਦ ਦੇ ਮਰੀਜ਼ ਅਜੇ ਵੀ ਅਸਹਿ ਪੀੜ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਪ੍ਰੰਤੂ ਇਸ ਗੱਲ ਦਾ ਜੁਆਬ ਹੁਣ ਸਪਸ਼ਟ ਹੋ ਰਿਹਾ ਹੈ ਕਿ ਕੀ ਕਾਰਨ ਹੈ ਕਿ ਇੰਨੇ ਲੋਕ ਇਲਾਜ ਦੀ ਕਿਸੇ ਆਸ ਤੋਂ ਬਿਨਾ ਤਕਲੀਫ ਸਹਿ ਰਹੇ ਹਨ? ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਸਭ ਤੋਂ ਵੱਡੇ ਮੁਦਈ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾਕਟਰ ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟੀਕਾ, ਸਕੋਲਿਓਸਿਸ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ **ਮੂਲੋਂ ਹੀ ਗਲਤ** ਹੋ ਸਕਦਾ ਹੈ। ਜਦੋਂਕਿ ਉਨ੍ਹਾਂ ਦੀ ਰਾਏ ਨਾਲ ਕਮਰ ਦਰਦ ਅਤੇ ਡਿਸਕ ਦੇ ਦਰਦ ਦੇ ਮਾਮਲੇ ਵਿਚ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਮੁਸਕੁਰਾਉਂਦੇ ਖੁਸ਼ ਲੋਕਾਂ (ਕਮਰ ਅਤੇ ਡਿਸਕ ਦੇ ਸਾਬਕਾ ਮਰੀਜ਼) ਦੀ ਇਕ ਪੂਰੀ ਫੌਜ ਉਸ ਦੀ ਅਤੇ ਉਸ ਦੀ ਕਲੀਨਿਕ ਦੀ ਗਵਾਹੀ ਦੇਣ ਨੂੰ ਤਿਆਰ ਹੈ। ਜੇ ਤੁਸੀਂ ਵਾਕਿਆ ਹੀ ਜਾਣਨਾ ਚਾਹੁੰਦੇ ਹੋ ਕਿ ਜੋ ਕੁਝ ਤੁਹਾਨੂੰ ਹੁਣ ਤੱਕ ਕਮਰ ਦਰਦ ਬਾਰੇ ਦੱਸਿਆ ਗਿਆ ਹੈ ਉਹ ਗਲਤ ਹੈ ਤਾਂ ਆਪਣੇ ਆਪ ਤੋਂ ਇਹ ਸਵਾਲ ਪੁੱਛੋ...ਕੀ ਤੁਸੀਂ ਇਹ ਚੀਜ਼ਾਂ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ: *ਐਂਟੀ-ਇਨਫਲੇਮੇਟਰੀ (ਸੋਜਿਸ਼ ਹਟਾਉਣ ਵਾਲੀਆਂ) ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੂਰਲ ਸਪਲੀਮੈਂਟ *ਪਾਈਲੇਟਸ *ਕਿਤਾਬਾਂ *ਸਵੈ-ਇਲਾਜ ਦੇ ਪ੍ਰੋਗਰਾਮ *ਦੇਸੀ ਦਵਾਈਆਂ *ਸੇਕ *ਰੀੜ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) *ਟਰੈਕਸ਼ਨ ਆਦਿ ਆਦਿ।

ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਹ ਪ੍ਰਗਤੀਸ਼ੀਲ ਡਾਕਟਰ ਤੁਹਾਨੂੰ ਸਲਾਹ ਦੇਵੇਗਾ ਕਿ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ **ਗਲਤ** ਹੈ।

ਅਸਲੀਅਤ ਤਾਂ ਇਹ ਹੈ ਕਿ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ ਅਤੇ ਉਹ ਦਰਦ ਅਤੇ ਪ੍ਰੇਸ਼ਾਨੀ ਤੋਂ ਛੁਟਕਾਰਾ ਪਾ ਸਕੇ ਹਨ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਹ ਕੈਲੀਫੋਰਨੀਆ ਵਿਚ ਕਮਰ ਅਤੇ ਡਿਸਕ ਦਰਦ ਦੀ ਨਵੀਨਤਮ ਤਕਨਾਲੋਜੀ ਇਸਤੇਮਾਲ ਕਰਦੇ ਹਨ। ਇੰਨਾ ਹੀ ਨਹੀਂ ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ (ਮਤਲਬ ਕਿ ਉਨ੍ਹਾਂ ਨੂੰ ਵੱਧ ਫਾਇਦਾ ਹੋਵੇਗਾ) ਅਤੇ ਕਿਹੜੇ ਮਰੀਜ਼ਾਂ ਲਈ (ਮਤਲਬ ਕਿ ਉਨ੍ਹਾਂ ਨੂੰ ਫਾਇਦਾ ਉਨਾ ਨਹੀਂ ਹੋਵੇਗਾ) ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ ਖਾਸ ਕਰਕੇ ਉਨ੍ਹਾਂ ਮਰੀਜ਼ਾਂ ਨੂੰ ਜੋ ਇਲਾਜ ਦੀਆਂ ਆਮ ਪ੍ਰਣਾਲੀਆਂ ਅਜਮਾ ਚੁਕੇ ਹਨ। ਜੇ ਦਰਦ ਅਤੇ ਤਕਲੀਫ ਕਰਕੇ: ***ਜਿੰਨਾ ਕੰਮ ਕਰਨ ਦੀ ਲੋੜ ਹੈ ਜਾਂ ਜਿੰਨਾ ਤੁਸੀਂ ਕਰਨਾ ਚਾਹੁੰਦੇ ਹੋ, ਨਹੀਂ ਕਰ ਸਕਦੇ *ਪਰਿਵਾਰ ਨਾਲ ਚੰਗਾ ਸਮਾਂ ਨਹੀਂ ਬਿਤਾ ਸਕਦੇ *ਬੱਚਿਆਂ ਨੂੰ ਚੁੱਕਣ ਅਤੇ ਗੋਦੀ ਲੈਣ 'ਚ ਤਕਲੀਫ ਹੈ *ਘਰ ਬਗੀਚੀ ਜਾਂ ਘਰ ਦੇ ਹੋਰ ਕੰਮ ਕਰਨਾ ਮੁਸ਼ਕਿਲ ਹੈ *ਲਾਈਨ ਵਿਚ ਖੜ੍ਹੇ ਹੋਣਾ ਜਾਂ ਕਾਊਂਟਰ ਉਤੇ ਖਾਣਾ ਤਿਆਰ ਕਰਨਾ ਮੁਸ਼ਕਿਲ ਹੈ *ਸ਼ੁਗਲ ਲਈ ਜਾਂ ਸਿਹਤ ਬਣਾਉਣ ਲਈ ਕਸਰਤ ਨਹੀਂ ਕਰ ਸਕਦੇ *ਵਜ਼ਨ ਘਟਾਉਣ ਵਿਚ ਤਕਲੀਫ ਹੈ *ਦੋਸਤਾਂ ਨਾਲ ਟਾਈਮ ਬਿਤਾਉਣ ਵਿਚ ਔਖ ਹੈ ਅਤੇ ਵਧ ਤੋਂ ਵੱਧ ਯਤਨ ਕਰਨ ਦੇ ਬਾਵਜੂਦ ਪ੍ਰੇਸ਼ਾਨੀ ਰਹਿੰਦੀ ਹੈ *ਇਕੱਲ ਮਹਿਸੂਸ ਕਰਦੇ ਹੋ *ਕੰਮ ਵਿਚ ਪਰਿਵਾਰ ਜਾਂ ਦੋਸਤਾਂ ਨਾਲ ਹੱਥ ਵਟਾਉਣ ਲਈ ਬਹਾਨੇ ਬਣਾ ਬਣਾ ਤੰਗ ਆ ਚੁਕੇ ਹੋ? *ਸਭ ਬੇਕਾਰ ਮਹਿਸੂਸ ਹੁੰਦਾ ਹੈ *ਭਵਿੱਖ ਦਾ ਡਰ ਸਤਾਉਂਦਾ ਹੈ*** ...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਤੁਹਾਨੂੰ ਇਹ ਦੱਸਣ ਲਈ ਕਿ ਕਸੂਰ ਤੁਹਾਡਾ ਨਹੀਂ... ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਅਤਿ ਦੀ ਪੀੜ ਅਤੇ ਤਕਲੀਫ ਦੂਰ ਕਰਨ ਲਈ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।

ਸਤਿ ਸ੍ਰੀ ਅਕਾਲ ਜੀ,



ਪਿਛਲੇ ਛੇ ਮਹੀਨਿਆਂ ਤੋਂ ਮੈਨੂੰ ਹੇਠਲੀ ਕਮਰ ਅਤੇ ਡਿਸਕ ਦੀ ਦਰਦ ਰਹਿਣ ਲੱਗ ਪਈ ਸੀ। ਮੈਂ ਖੇਡਾਂ ਵਿਚ ਅਤੇ ਕੰਮ ਵਿਚ ਬੜਾ ਚੁਸਤ-ਫੁਰਤ ਰਿਹਾਂ। ਫਿਰ ਸਵੇਰੇ ਜਦੋਂ ਮੈਂ ਉਠਣਾ ਤਾਂ ਮੇਰੇ ਤਿੱਖੀ ਦਰਦ ਹੋਣੀ ਜਿਹੜੀ ਹੇਠਾਂ ਲੱਤਾਂ ਵੱਲ ਨੂੰ ਜਾਣੀ। ਬੱਸ ਅਜਿਹੀ ਹਾਲਤ ਵਿਚ ਕਿਸੇ ਵੀ ਹੋਰ ਵਾਂਗ ਮੈਂ ਵੀ ਘਾਬਰ ਗਿਆ। ਫਿਰ ਖੁਸ਼ਕਿਸਮਤੀ ਨਾਲ ਮੈਨੂੰ ਕਮਰ ਦਰਦ ਦੇ ਇਲਾਜ ਬਾਰੇ ਡਾ. ਸਿਹੋਤਾ ਦੀ ਕਲੀਨਿਕ ਦਾ ਪਤਾ ਲੱਗਾ।

ਮੈਂ ਸਲਾਹ-ਮਸ਼ਵਰੇ ਲਈ ਕਲੀਨਿਕ ਗਿਆ ਅਤੇ ਸਟਾਫ ਦੇ ਮਿਲਾਪੜੇ ਸੁਭਾਅ ਅਤੇ ਉਨ੍ਹਾਂ ਦੀ ਪੇਸ਼ੇਵਰ ਪਹੁੰਚ ਤੋਂ ਬਹੁਤ ਪ੍ਰਭਾਵਿਤ ਹੋਇਆ। ਜਦੋਂ ਮੈਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਮੇਰੀ ਦਰਦ ਦਸ ਦੇ ਸਕੇਲ ਵਿਚ ਦਸ ਸੀ। ਤਿੰਨ ਹਫਤੇ ਦੇ ਇਲਾਜ ਵਿਚ ਇਹ ਦਰਦ ਘਟ ਕੇ ਦਸ ਦੇ ਸਕੇਲ ਵਿਚ ਇਕ ਰਹਿ ਗਈ। ਮੇਰੀ ਸਰੀਰ ਨੂੰ ਹਿਲਾਉਣ ਜੁਲਾਉਣ ਦੀ ਰੇਂਜ ਵਧ ਕੇ 90% ਹੋ ਗਈ। ਮੈਂ ਬਹੁਤ ਖੁਸ਼ ਹਾਂ ਅਤੇ ਜਿਸ ਕਿਸੇ ਨੂੰ ਵੀ ਕਮਰ ਦੀ ਦਰਦ ਹੈ ਮੈਂ ਇਸ ਪ੍ਰੋਗਰਾਮ ਦੀ ਸਿਫਾਰਸ਼ ਕਰਾਂਗਾ। ਡਾ. ਸਿਹੋਤਾ ਦੀ ਮਿਹਰਬਾਨੀ ਨਾਲ ਮੈਂ ਹੁਣ ਆਮ ਜ਼ਿੰਦਗੀ ਜਿਉਂ ਰਿਹਾ ਹਾਂ ਅਤੇ ਆਮ ਵਾਂਗ ਕੰਮ ਕਰ ਰਿਹਾ ਹਾਂ।

*-ਦੇਵ ਅਟਵਾਲ, ਮੈਨੇਜਰ (ਉਮਰ 36 ਸਾਲ)*

---

ਜਦੋਂ ਮੈਂ ਡਾ. ਸਿਹੋਤਾ ਦਾ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਮੈਂ ਇਸ ਬਾਰੇ ਬਹੁਤ ਸਨਕੀ ਸਾਂ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਡਾ. ਸਿਹੋਤਾ ਦੇ ਇਸ ਪ੍ਰੋਗਰਾਮ ਦਾ ਮੈਨੂੰ ਫਾਇਦਾ ਕਿਵੇਂ ਹੋ ਸਕਦਾ ਹੈ? ਆਪਣੀਆਂ ਬਾਹਾਂ ਸੁੰਨ ਰਹਿਣ, ਇਨ੍ਹਾਂ ਵਿਚ ਦਰਦ ਦੀਆਂ ਚੀਸਾਂ ਉਠਣ ਅਤੇ ਇਹ ਦਰਦ ਮੋਢਿਆਂ ਤੋਂ ਹੇਠਾਂ ਵੱਲ ਜਾਣ ਦੀਆਂ ਅਲਾਮਤਾਂ ਕਰਕੇ ਮੈਂ ਕਈ ਡਾਕਟਰਾਂ ਕੋਲ ਜਾ ਚੁਕਾ ਸਾਂ। ਕਈ ਡਾਕਟਰਾਂ ਨੇ ਦੱਸਿਆ ਕਿ ਇਹ ਦਰਦ ਮੇਰੀ ਕੂਹਣੀ ਹੇਠ ਕਿਸੇ ਨਾੜ ਦੇ ਦਬ ਜਾਣ ਕਰਕੇ ਹੈ, ਜਦੋਂਕਿ ਕੁਝ ਹੋਰਨਾਂ ਦਾ ਕਹਿਣਾ ਸੀ ਕਿ ਇਸ ਬਾਰੇ ਕੁਝ ਵੀ ਨਹੀਂ ਕੀਤਾ ਜਾ ਸਕਦਾ। ਮੈਂ ਦਿਲ ਛੱਡੀ ਬੈਠਾ ਸਾਂ।



ਫਿਰ ਮੈਂ ਡਾ. ਸਿਹੋਤਾ ਦੇ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਉਨ੍ਹਾਂ ਕੋਲੋਂ ਮਸ਼ਵਰਾ ਲੈਣ ਦਾ ਫੈਸਲਾ ਕੀਤਾ। ਡਾ. ਸਿਹੋਤਾ ਦੀ ਪੇਸ਼ੇਵਰ ਪਹੁੰਚ ਅਤੇ ਉਨ੍ਹਾਂ ਦੇ ਹਮਦਰਦਾਨਾ ਵਿਹਾਰ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਉਨ੍ਹਾਂ ਦੇ ਸਟਾਫ ਨੇ ਮੇਰੇ ਨਾਲ ਇਕ ਇਨਸਾਨ ਵਾਂਗ ਵਿਹਾਰ ਕੀਤਾ ਨਾ ਕਿ ਦਰ ਲੰਘ ਆਏ ਕਿਸੇ ਮਰੀਜ਼ ਵਾਂਗ। ਜਦੋਂ ਡਾ. ਸਿਹੋਤਾ ਨੇ ਦੱਸਿਆ ਕਿ ਇਹ ਇਲਾਜ ਮੇਰੇ ਲਈ ਬਹੁਤ ਢੁਕਵਾਂ ਹੈ ਤਾਂ ਮੈਂ ਝੱਟਪੱਟ ਇਹ ਇਲਾਜ ਸ਼ੁਰੂ ਕਰ ਦਿਤਾ।

ਹੁਣ ਮੈਂ ਇਹੋ ਕਹਿ ਸਕਦਾ ਹਾਂ ਕਿ ਮੈਨੂੰ ਮੇਰੀ ਮਰਜ ਦਾ ਸਹੀ ਡਾਕਟਰ ਮਿਲ ਗਿਆ। ਆਪਣੇ ਇਲਾਜ ਦਾ ਹਿੱਸਾ ਪੂਰਾ ਕਰਨ ਉਪਰੰਤ ਮੈਂ 95% ਤੱਕ ਠੀਕ ਹਾਂ। ਮੇਰੀ ਗਰਦਨ ਦੀ ਦਰਦ ਬਿਲਕੁਲ ਜਾਂਦੀ ਰਹੀ ਹੈ ਅਤੇ ਮੇਰੀ ਹਿੱਲਜੁਲ 98% ਤੱਕ ਸੁਧਰ ਗਈ ਹੈ। ਹੁਣ ਮੇਰੀਆਂ ਬਾਹਾਂ ਵਿਚ ਚੀਸਾਂ ਨਹੀਂ ਉਠਦੀਆਂ ਅਤੇ ਨਾ ਹੀ ਮੇਰੀਆਂ ਬਾਹਾਂ ਸੁੰਨ ਹੁੰਦੀਆਂ ਹਨ। ਮੈਂ ਬਹੁਤ ਖੁਸ਼ ਅਤੇ ਸੰਤੁਸ਼ਟ ਹਾਂ। ਮੈਂ ਲੋਕਾਂ ਨੂੰ ਇਹੋ ਕਹਿਣਾ ਚਾਹਾਂਗਾ ਕਿ ਆਸ ਦੀ ਕਿਰਨ ਬਾਕੀ ਹੈ। ਜੇ ਤੁਹਾਨੂੰ ਅਜਿਹੀ ਤਕਲੀਫ ਹੈ ਜਿਸ ਬਾਰੇ ਬਾਕੀ ਡਾਕਟਰ ਕਹਿੰਦੇ ਹਨ ਕਿ ਕੁਝ ਨਹੀਂ ਹੋ ਸਕਦਾ ਤਾਂ ਡਾ. ਸਿਹੋਤਾ ਨੂੰ ਇਕ ਵਾਰ ਜ਼ਰੂਰ ਮਿਲੋ, ਤੁਹਾਨੂੰ ਪਛਤਾਵਾ ਨਹੀਂ ਹੋਵੇਗਾ। *-ਬਲਜੀਤ ਸਿੰਘ, ਟਰੱਕ ਡਰਾਈਵਰ (ਉਮਰ 47 ਸਾਲ)*

---

ਸੱਚ ਜਾਣਿਓ ਕਮਰ ਦਰਦ ਨਾਲ ਮੇਰੀ ਜਾਨ ਨਿਕਲੀ ਜਾਂਦੀ ਸੀ। ਨਾ ਬਹਿ ਹੁੰਦਾ ਸੀ, ਨਾ ਖੜ੍ਹੇ ਹੋ ਹੁੰਦਾ ਸੀ, ਨਾ ਤੁਰ ਹੁੰਦਾ ਸੀ, ਨਾ ਝੁਕ ਹੁੰਦਾ ਸੀ ਅਤੇ ਨਾ ਹੀ ਕੋਈ ਚੀਜ਼ ਚੁੱਕ ਹੁੰਦੀ ਸੀ। ਚਾਰ ਮਹੀਨੇ ਮੈਂ ਕੋਈ ਕੰਮ ਨਾ ਕਰ ਸਕਿਆ। ਆਸ ਦੀ ਕਿਰਨ ਹੱਥੋਂ ਨਿਕਲਦੀ ਜਾ ਰਹੀ ਸੀ ਤੇ ਮੈਨੂੰ ਲੱਗਣ ਲੱਗਿਆ ਕਿ ਹੁਣ ਬਾਕੀ ਦੀ ਜ਼ਿੰਦਗੀ ਇਸੇ ਤਰ੍ਹਾਂ ਨਿਕਲੇਗੀ। ਗੁਰਦੁਆਰੇ ਮੱਥਾ ਟੇਕਣ ਜਾਣਾ ਮੇਰੀ ਜ਼ਿੰਦਗੀ ਦਾ ਨੇਮ ਹੈ ਅਤੇ ਗੁਰੂ ਮਹਾਰਾਜ ਅੱਗੇ ਮੱਥਾ ਟੇਕਣ ਵੇਲੇ ਵੀ ਕਮਰ ਵਿਚ ਬੜੀ ਦਰਦ ਹੁੰਦੀ। ਇਸੇ ਸਮੇਂ ਮੈਂ ਡਾ. ਸਿਹੋਤਾ ਦੇ ਕਮਰ ਅਤੇ ਡਿਸਕ ਦਰਦ ਦੇ ਇਲਾਜ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਮੁਫਤ ਸਲਾਹ-ਮਸ਼ਵਰੇ ਲਈ ਜਾਣ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ ਦੇ ਗਿਆਨ ਅਤੇ ਜਿਸ ਤਰ੍ਹਾਂ ਉਨ੍ਹਾਂ ਮੈਨੂੰ ਦੱਸਿਆ ਕਿ ਕਿਹੜੀ ਗੱਲ ਕਰਕੇ ਮੇਰੇ ਲੱਕ ਵਿਚ ਇੰਨੀ ਦਰਦ ਹੋ ਰਹੀ ਹੈ, ਉਸ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਸਰਜਰੀ, ਦਵਾਈਆਂ ਅਤੇ ਇੰਜੈਕਸ਼ਨਾਂ ਦੇ ਖਤਰਿਆਂ ਬਾਰੇ ਮੈਂ ਪਹਿਲਾਂ ਹੀ ਸੁਣਿਆ/ਪੜ੍ਹਿਆ ਹੋਇਆ ਸੀ। ਰੱਬ ਦਾ ਸ਼ੁਕਰ ਹੈ ਮੈਂ ਉਸ ਰਸਤੇ ਨਹੀਂ ਗਿਆ।



ਜਦੋਂ ਮੈਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਦਰਦ ਦੇ ਪੈਮਾਨੇ ਉਤੇ ਮੇਰੀ ਦਰਦ 10/10 ਸੀ ਅਤੇ ਹਿੱਲਜੁਲ 90 ਫੀਸਦੀ ਤੱਕ ਘਟ ਚੁਕੀ ਸੀ। ਹੁਣ ਪ੍ਰੋਗਰਾਮ ਦੇ ਅਖੀਰ 'ਤੇ ਦਰਦ ਦੇ ਪੈਮਾਨੇ ਉਤੇ ਮੇਰੀ ਦਰਦ ਘਟ ਕੇ 10 ਵਿਚੋਂ 1 ਰਹਿ ਗਈ ਹੈ ਅਤੇ ਮੇਰੀ ਹਿੱਲਜੁਲ 95 ਫੀਸਦੀ ਤੱਕ ਬਹਾਲ ਹੋ ਚੁਕੀ ਹੈ। ਮੈਂ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਤੋਂ ਬਹੁਤ ਖੁਸ਼ ਹਾਂ। ਜੇ ਤੁਹਾਡੇ ਵਿਚੋਂ ਕਿਸੇ ਨੂੰ ਕਮਰ ਦੀ ਤਕਲੀਫ ਹੈ ਤਾਂ ਇਲਾਜ ਕਰਵਾਓ, ਤਕਲੀਫ ਵਿਚ ਰਹਿਣ ਦੀ ਲੋੜ ਨਹੀਂ। ਡਾ. ਸਿਹੋਤਾ ਨਾਲ ਅਪੁਆਇੰਟਮੈਂਟ ਬਣਾਓ ਅਤੇ ਪਤਾ ਲਾਓ ਕਿ ਇਹ ਪ੍ਰੋਗਰਾਮ ਤੁਹਾਡੇ ਲਈ ਢੁਕਵਾਂ ਹੈ ਜਾਂ ਨਹੀਂ।

*-ਮਨਜੀਤ ਸਿੰਘ, ਟਰੱਕ ਡਰਾਈਵਰ (ਉਮਰ 37 ਸਾਲ)*

## ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ ਅਤੇ ਕਾਰਨ ਇਹ ਹੈ ਕਿ...**ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਇਹ ਹੈ ਕਿ ਇਸ ਇਲਾਜ ਲਈ ਸਹੀ ਮਰੀਜ਼ਾਂ ਦੀ ਬੜੇ ਧਿਆਨ ਨਾਲ ਚੋਣ। ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕ ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ। ਇਸੇ ਕਰਕੇ ਇਸ ਕਲੀਨਿਕ ਦੇ ਸਟਾਫ ਅਤੇ ਡਾਕਟਰ ਦਾ ਪਹਿਲਾ ਟੀਚਾ ਇਹ ਨਿਸ਼ਚਿਤ ਕਰਨ ਦਾ ਹੁੰਦਾ ਹੈ ਕਿ ਕਿਹੜਾ ਮਰੀਜ਼ ਇਸ ਪ੍ਰੋਗਰਾਮ ਲਈ ਦਾਖਿਲ ਕੀਤਾ ਜਾਵੇ ਅਤੇ ਕਿਹੜਾ ਨਹੀਂ। ਉਨ੍ਹਾਂ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਇਸ ਇਲਾਜ ਲਈ ਉਹੀ ਮਰੀਜ਼ ਚੁਣੇ ਜਾਣ ਜਿਨ੍ਹਾਂ ਨੂੰ ਆਰਾਮ ਆਉਣ ਵਿਚ ਕਾਮਯਾਬੀ ਦੀ ਸਭ ਤੋਂ ਵੱਧ ਸੰਭਾਵਨਾ ਹੈ। **ਕਾਮਯਾਬੀ ਦਾ ਮਤਲਬ ਹੈ ਆਰਾਮ ਆਉਣਾ।**

ਉਨ੍ਹਾਂ ਦੀ ਨਿਮਰ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਅਤੇ ਤਿਕੜਮਬਾਜ਼ੀ ਦੀ ਪਹੁੰਚ ਅਤੇ ਦੇਸ਼ ਭਰ ਵਿਚ ਉਪਲਬਧ ਸਭ ਤੋਂ ਵਧੀਆ ਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ।

ਅਸਚਰਜ ਦੀ ਗੱਲ ਤਾਂ ਇਹ ਹੈ ਕਿ ਇਹ ਇਕ ਅਜਿਹਾ ਖੇਤਰ ਹੈ ਜਿਥੇ ਇਲਾਜ ਅਕਸਰ ਇਨ੍ਹਾਂ ਸ਼ਬਦਾਂ ਤੇ ਆ ਮੁਕਦਾ ਹੈ, "ਬੜੀ ਮਾੜੀ ਗੱਲ ਹੈ, ਬੜਾ ਅਫਸੋਸ ਹੈ"... **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾ. ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇਨੇ ਪ੍ਰਤੀਬਧ ਹਨ ਕਿ ਉਹ ਆਪਣੇ ਮਰੀਜਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

**ਜੇ ਤੁਹਾਡਾ ਅਸਹਿ/ਅਸਾਧ ਦਰਦ:** (1) ਕਮਰ ਦੇ ਹੇਠਲੇ ਪਾਸੇ (1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਤੁਹਾਡੀ ਢੂੰਗੀ ਵਿਚ ਹੈ (4) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (5) ਤੁਹਾਡੀ ਗਰਦਨ ਵਿਚ (ਸੀ 3, 4, 5 ਜਾਂ 7) ਹੈ (6) ਤੁਹਾਡੀ ਬਾਂਹ ਤੋਂ ਹੇਠਾਂ ਵਲ ਹੈ (7) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (8) ਦਾੜ੍ਹ ਦੇ ਦਰਦ ਵਾਂਗ ਉਠਦੀ ਹੈ (9) ਹਰਨੀਆ ਦੀ ਡਿਸਕ ਪੀੜ ਵਰਗੀ ਹੈ (10) ਸਲਿਪ ਡਿਸਕ ਤੋਂ ਹੈ (11) ਤਰੇੜੀ ਹੋਈ ਡਿਸਕ ਤੋਂ ਹੈ (12) ਸੁਕੜੇਵੇਂ ਤੋਂ ਹੈ (13) ਜੋੜਾਂ ਦੇ ਦਰਦ ਤੋਂ ਹੈ (14) ਅਜੇ ਪੀੜ ਦੇ ਕਾਰਨ ਦਾ ਪਤਾ ਨਹੀਂ ਲਗਿਆ...

ਤਾਂ ਤੁਸੀਂ ਚੀਰ-ਫਾੜ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਇਹ ਪਤਾ ਲਾਉਣ ਲਈ ਕਿ ਤੁਸੀਂ ਆਪਣੀ ਕਮਰ ਦਰਦ ਦੀ ਇਸ ਬਿਪਤਾ ਤੋਂ ਹਮੇਸ਼ਾਂ ਹਮੇਸ਼ਾਂ ਲਈ ਛੁਟਕਾਰਾ ਪਾ ਸਕਦੇ ਹੋ ਤੇ ਉਹ ਇਲਾਜ ਹਾਸਲ ਕਰਨਾ ਚਾਹੁੰਦੇ ਜਿਸ ਦੀ ਤੁਹਾਨੂੰ ਚਿਰਾਂ ਤੋਂ ਤਾਂਘ ਸੀ ਤਾਂ

## ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ **ਐਕਸੀਡੈਂਟ ਐਂਡ ਇੰਜਰੀ ਕਲੀਨਿਕ** ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ/ਸਖਤ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਯੋਗਤਾ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਇਹ ਪੇਸ਼ਕਸ਼ ਇਸ ਗੱਲ ਦਾ ਖਿਆਲ ਕਰਦਿਆਂ ਵਾਕਿਆ ਹੀ ਖੁਲ੍ਹਦਿਲੀ ਹੈ ਕਿ ਅਕਸਰ ਕਮਰ ਦਰਦ ਦੇ ਮਰੀਜ਼ਾਂ ਨੂੰ ਹਜਾਰਾਂ ਡਾਲਰ ਖਰਚ ਕੇ ਵੀ ਬਹੁਤ ਮਾਮੂਲੀ ਫਾਇਦਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਇਸ ਮਾਮਲੇ ਵਿਚ ਘਟੋ-ਘੱਟ ਇਹ ਤਾਂ ਹੈ ਨਾ ਇਲਾਜ ਉਤੇ ਸਮਾਂ ਅਤੇ ਪੈਸਾ ਬਰਬਾਦ ਕਰਨ ਤੋਂ ਪਹਿਲਾਂ ਇਕ ਨਵੀਨ ਮੁਲਾਂਕਣ ਪ੍ਰਕ੍ਰਿਆ ਦੇ ਆਧਾਰ ਉਤੇ ਸਿੱਧਾ ਅਤੇ ਸਪਸ਼ਟ ਦਸ ਦਿਤਾ ਜਾਂਦਾ ਹੈ ਕਿ ਤੁਸੀਂ ਇਸ ਨਿਵੇਕਲੇ ਕਮਰ ਦਰਦ ਨਿਵਾਰਨ ਸਿਸਟਮ ਵਾਸਤੇ ਸਹੀ ਉਮੀਦਵਾਰ ਹੋ ਜਾਂ ਨਹੀਂ।

**ਸੋ, ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਲਈ ਸਾਰੇ ਹੀਲੇ-ਵਸੀਲੇ ਮੁਕ ਗਏ ਹਨ ਜਾਂ ਤੁਹਾਨੂੰ ਹੋਰ ਬਹੁਤ ਸਾਰੇ ਲੋਕਾਂ ਵਾਂਗ ਸਾਰੇ ਹੀਲੇ-ਵਸੀਲੇ ਮੁਕ ਜਾਣ ਦਾ ਡਰ ਹੈ...ਜੇ ਤੁਸੀਂ ਸਰਜਰੀ ਤੋਂ ਬਚਣ ਲਈ ਹਰ ਹੀਲਾ ਵਰਤ ਰਹੇ ਹੋ ਜਾਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।**

**ਕਲੀਨਿਕ** 2531 N. California Street (North California St. & Ellis St.) ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ **ਫੋਨ ਕਰੋ: 209-464-7738**

**ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। ਅਸੀਂ "ਕੋਈ ਇੰਤਜਾਰ ਨਹੀਂ" ਦੀ ਪਾਲਸੀ 'ਤੇ ਚਲਦੇ ਹਾਂ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 10 ਅਕਤੂਬਰ ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright 2009 CMC, LLC

# ਡੇਵ ਜੋਨਜ਼ ਲਈ ਫੰਡਰੇਜ਼ਰ ਸਮਾਗਮ

**ਸੈਕਰਾਮੈਂਟੋ:** ਇੰਸ਼ੋਰੈਂਸ ਕਮਿਸ਼ਨਰ ਦੀ ਚੋਣ ਲੜ ਰਹੇ ਡੇਵ ਜੌਨਜ਼ ਦੀ ਚੋਣ ਲਈ ਉਨ੍ਹਾਂ ਦੇ ਸਮਰਥਕਾਂ ਵਲੋਂ ਲੰਘੇ ਐਤਵਾਰ ਇਥੇ ਬੌਂਬੇ ਬਾਰ ਐਂਡ ਗਰਿਲ ਰੈਸਟੋਰੈਂਟ ਵਿਚ ਇਕ ਫੰਡ ਰੇਜ਼ਿੰਗ ਸਮਾਗਮ ਕੀਤਾ ਗਿਆ ਜਿਸ ਵਿਚ ਕੈਲੇਫੋਰਨੀਆ ਦੇ ਕੰਟਰੋਲਰ ਜੌਹਨ ਚਿਆਂਗ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਇਸ ਪ੍ਰੋਗਰਾਮ ਦਾ ਆਯੋਜਨ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ, ਸੁਖਚੈਨ ਸਿੰਘ, ਕੈਨੀ ਵਿਰਕ, ਸੁਰਿੰਦਰ ਬਿੰਦਰਾ, ਨਵਿੰਦਰਜੀਤ ਸਿੰਘ ਭੰਡਾਲ, ਦਿੱਲ ਨਿੱਝਰ, ਇਕਬਾਲ ਬਡਵਾਲ, ਪਵਿੱਤਰ ਕੁਲਾਰ ਅਤੇ ਅਮਰੀਕ ਪਰਹਾਰ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ।

ਇਸ ਸਮਾਗਮ ਵਿਚ ਬੋਲਦਿਆਂ ਡੇਵ ਜੌਨਜ਼ ਅਤੇ ਸਟੇਟ ਕੰਟਰੋਲਰ ਜੌਹਨ ਚਿਆਂਗ ਨੇ ਪੰਜਾਬੀਆਂ



ਦੀ ਜੰਮ ਕੇ ਤਾਰੀਫ਼ ਕੀਤੀ ਅਤੇ ਕਿਹਾ ਕਿ ਪੰਜਾਬੀਆਂ ਨੇ ਆਪਣੀ ਮਿਹਨਤ ਅਤੇ ਲਗਨ ਸਦਕਾ ਅਮਰੀਕਾ ਵਿਚ ਵਿਸ਼ੇਸ਼ ਥਾਂ ਬਣਾਈ ਹੈ। ਡੇਵ ਜੋਨਜ਼ ਨੇ ਕਿਹਾ ਕਿ ਇੰਸ਼ੋਰੈਂਸ ਕਮਿਸ਼ਨਰ ਦੀ ਚੋਣ ਜਿੱਤਣ ਤੋਂ ਬਾਅਦ ਉਹ ਪੰਜਾਬੀਆਂ ਦੇ ਨੁਮਾਇੰਦੇ ਖਾਸ ਤੌਰ 'ਤੇ ਆਪਣੇ ਅਡਵਾਇਜ਼ਰੀ ਬੋਰਡ ਵਿਚ ਜਰੂਰ ਲੈਣਗੇ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਜਸਇੰਦਰ ਸਿੰਘ ਕਸ਼ਮੀਰ ਸਿੰਘ ਧੂਤ, ਮਨਜੀਤ ਸਿਬੀਆ, ਪੂਨਮ ਕੌਰ, ਇਕਬਾਲ ਬਡਵਾਲ, ਪਵਿੱਤਰ ਕੁਲਾਰ, ਅਵਤਾਰ ਡੇਅਡ, ਅਮਰ ਸ਼ੇਰਗਿੱਲ, ਪਵਿੱਤਰ ਸਿੰਘ ਨਾਹਲ, ਨਵਿੰਦਰ ਭੰਡਾਲ, ਇੰਦਰ ਬਾਠ, ਕਮਲ ਬੰਗਾ, ਮਨਜੀਤ ਕੌਰ, ਚਰਨਜੀਤ ਵਿਰਕ, ਪਰਮਜੀਤ ਧਾਲੀਵਾਲ, ਡੈਅਰਲ ਆਦਿ ਪਤਵੰਤੇ ਸੱਜਣਾਂ ਨੇ ਫੰਡਰੇਜ਼ ਵਿਚ ਹਿੱਸਾ ਲਿਆ। ਖਾਣੇ ਦਾ ਪ੍ਰਬੰਧ ਬੌਂਬੇ ਬਾਰ ਐਂਡ ਗਰਿੱਲ ਦੇ ਨਵਿੰਦਰ ਭੰਡਾਲ ਵਲੋਂ ਮੁਫ਼ਤ ਕੀਤਾ ਗਿਆ।

# ਐਨ ਆਰ ਆਈ ਸਭਾ ਅਮਰੀਕਾ ਦਾ ਵਿਸਥਾਰ


**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ ਵਿਚ ਰਹਿੰਦੇ ਪ੍ਰਵਾਸੀਆਂ ਨੂੰ ਐਨ ਆਰ ਆਈ ਸਭਾ ਦੀਆਂ ਸੇਵਾਵਾਂ ਮਿਆਰੀ ਤੌਰ ਤੇ ਪ੍ਰਦਾਨ ਕਰਨ ਲਈ ਐਨ ਆਰ ਆਈ ਸਭਾ ਅਮਰੀਕਾ ਦਾ ਵਿਸਥਾਰ ਕੀਤਾ ਗਿਆ ਹੈ। ਐਨ ਆਰ ਆਈ ਸਭਾ ਅਮਰੀਕਾ ਦੇ ਪ੍ਰਧਾਨ ਸ. ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਅਤੇ ਚੇਅਰਮੈਨ ਸ. ਜੋਬਨਜੀਤ ਸਿੰਘ ਨੇ ਇਕ ਸਾਂਝੇ ਪ੍ਰੈਸ ਨੋਟ ਵਿਚ ਕਿਹਾ ਹੈ ਕਿ ਇਹ ਵਿਸਤਾਰ ਸ. ਸੇਵਾ ਸਿੰਘ ਸੇਖਵਾਂ ਕੈਬਨਿਟ ਮੰਤਰੀ ਪੰਜਾਬ (ਐਨ ਆਰ ਆਈ ਮਾਮਲੇ) ਅਤੇ ਸ. ਕਮਲਜੀਤ ਸਿੰਘ ਹੇਅਰ ਪ੍ਰਧਾਨ ਐਨ ਆਰ ਆਈ ਸਭਾ ਪੰਜਾਬ ਦੀਆਂ ਹਦਾਇਤਾਂ ਤੇ ਕੀਤਾ ਗਿਆ ਹੈ।

ਜਾਰੀ ਕੀਤੀ ਗਈ ਨਵੀਂ ਸੂਚੀ ਅਨੁਸਾਰ ਸ. ਜੋਬਨਜੀਤ ਸਿੰਘ ਚੇਅਰਮੈਨ, ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਪ੍ਰਧਾਨ, ਨਾਜਰ ਸਿੰਘ ਕੂਨਰ ਤੇ ਪ੍ਰੀਤਮ ਸਿੰਘ ਗਰੇਵਾਲ ਵਾਈਸ ਚੇਅਰਮੈਨ, ਜਰਨੈਲ ਸਿੰਘ ਗਿਲਜੀਆਂ, ਗੁਰਨਾਮ ਸਿੰਘ ਪੰਮਾ ਅਤੇ ਅਮਰਬੀਰ ਸਿੰਘ ਘੁਮਾਣ ਇੰਡੀਆਨਾ ਸੀਨੀਅਰ ਮੀਤ ਪ੍ਰਧਾਨ, ਤੇਜਪਾਲ ਸਿੰਘ ਨਿਕਸਨ ਸਕੱਤਰ ਜਨਰਲ, ਭੁਪਿੰਦਰ ਸਿੰਘ ਬੋਪਾਰਾਏ, ਗੁਰਮੇਜ ਸਿੰਘ ਅਤੇ ਰੌਣਕ ਸਿੰਘ ਮੀਤ ਪ੍ਰਧਾਨ, ਦਲਵੀਰ ਸਿੰਘ ਨਿੱਝਰ, ਗੁਰਦੇਵ ਸਿੰਘ ਕੰਗ ਤੇ ਮਨਜੀਤ ਸਿੰਘ ਜਰਨਲ ਸਕੱਤਰ, ਰਘੁਬੀਰ ਸਿੰਘ ਘੋੜੇਵਾਨ ਖਜਾਨਚੀ, ਗੁਰਦੀਪ ਸਿੰਘ ਸੰਧੂ ਸਕੱਤਰ, ਨਰਿੰਦਰਪਾਲ ਸਿੰਘ ਹੁੰਦਲ ਮੁੱਖ ਬੁਲਾਰਾ ਅਤੇ ਮਨਦੀਪ ਸਿੰਘ ਮਾਨ ਮੀਡੀਆ ਸਲਾਹਕਾਰ ਨਿਯੁਕਤ ਕੀਤੇ ਗਏ ਹਨ।

ਬਿਆਨ ਵਿਚ ਸ. ਜਸਪ੍ਰੀਤ ਸਿੰਘ ਅਟਾਰਨੀ ਅਤੇ ਸ. ਜੋਬਨਜੀਤ ਸਿੰਘ ਨੇ ਦੱਸਿਆ ਕਿ 17 ਅਕਤੂਬਰ ਨੂੰ ਵੈਸਟ ਸੈਕਰਾਮੈਂਟੋ ਵਿਖੇ ਸੰਤ ਫਤਿਹ ਸਿੰਘ ਦੀ ਬਰਸੀ ਦੇ ਸਮਾਗਮ ਮੌਕੇ ਐਨ ਆਰ ਆਈ ਸਭਾ ਅਮਰੀਕਾ ਦੇ ਅਹੁਦੇਦਾਰਾਂ ਦੀ ਇਕ ਅਹਿਮ ਮੀਟਿੰਗ ਹੋਵੇਗੀ ਜਿਸ ਵਿਚ ਪ੍ਰਵਾਸੀ ਮਸਲਿਆਂ ਸਬੰਧੀ ਵਿਚਾਰਾਂ ਹੋਣਗੀਆਂ। ਉਨ੍ਹਾਂ ਕਿਹਾ ਕਿ ਐਨ ਆਰ ਆਈ ਸਭਾ ਵਿਚ ਸੇਵਾ ਭਾਵਨਾ ਰੱਖਣ ਅਤੇ ਸਾਫ ਸੁਥਰੇ ਅਕਸ ਵਾਲੇ ਪ੍ਰਵਾਸੀ ਵੀਰਾਂ ਨੂੰ ਹੀ ਮੌਕਾ ਦਿੱਤਾ ਜਾਵੇਗਾ।

ਇਸ ਦੇ ਨਾਲ ਹੀ ਨਿਊ ਯਾਰਕ ਸਟੇਟ ਦੇ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਅਤੇ ਚੇਅਰਮੈਨ



*ਜੋਬਨਜੀਤ ਸਿੰਘ, ਅਟਾਰਨੀ ਜਸਪ੍ਰੀਤ ਸਿੰਘ, ਜਰਨੈਲ ਸਿੰਘ ਤੇ ਪ੍ਰੀਤਮ ਸਿੰਘ ਗਰੇਵਾਲ*






*ਗੁਰਨਾਮ ਸਿੰਘ ਪੰਮਾ, ਦਿਲ ਨਿੱਜਰ, ਤੇਜਪਾਲ ਨਿਕਸਨ ਅਤੇ ਨਾਜਰ ਸਿੰਘ ਕੂਨਰ*

ਜਸਵਿੰਦਰ ਸਿੰਘ ਪੰਮਾ ਪਹਿਲਾਂ ਤੋਂ ਹੀ ਨਿਯੁਕਤ ਕੀਤੇ ਜਾ ਚੁੱਕੇ ਹਨ। ਬਾਕੀ ਸਟੇਟਾਂ ਜਿਨ੍ਹਾਂ ਵਿਚ ਕੈਲੇਫੋਰਨੀਆਂ ਵੀ ਸ਼ਾਮਿਲ ਹੈ, ਦੀ ਲਿਸਟ ਛੇਤੀ ਜਾਰੀ ਕੀਤੀ ਜਾਵੇਗੀ ਅਤੇ ਵੱਖੋ ਵੱਖਰੇ ਸ਼ਹਿਰਾਂ ਵਿਚ ਵੀ ਯੂਨਿਟ ਬਣਾਏ ਜਾਣਗੇ।

ਸ਼ਾਮ ਨੂੰ ਪ੍ਰਵਾਸੀ ਵੀਰਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਹੋਰ ਨਿਯੁਕਤੀਆਂ ਦੀ ਲਿਸਟ ਵੀ ਜਲਦੀ ਹੀ ਸ. ਸੇਵਾ ਸਿੰਘ ਸੇਖਵਾਂ ਅਤੇ ਸ. ਕਮਲਜੀਤ ਸਿੰਘ ਹੇਅਰ ਦੀ ਮਨਜ਼ੂਰੀ ਨਾਲ ਜਾਰੀ ਕੀਤੀ ਜਾਵੇਗੀ।

# ਖੂਬ ਨਚਾਏ ਸਰਬਜੀਤ ਚੀਮੇ ਨੇ ਸਰੋਤੇ ਰੰਗਲਾ ਪੰਜਾਬ ਗਾ ਕੇ

**ਬੇਕਰਜ਼ਫੀਲਡ (ਮਨਦੀਪ ਮਾਨ):** ਸਥਾਨਕ ਪੰਜਾਬੀ ਸੰਗੀਤ ਗਰੁਪ ਵਲੋਂ ਕਰਵਾਇਆ ਗਿਆ ਲੋਕ ਗਾਇਕ ਸਰਬਜੀਤ ਚੀਮੇ ਦਾ ਸ਼ੋਅ



ਬੜਾ ਕਾਮਯਾਬ ਰਿਹਾ। ਇਸ ਸ਼ੋਅ ਦੀ ਵਿਸ਼ੇਸ਼ ਗੱਲ ਇਹ ਸੀ ਕਿ ਸਰੋਤਿਆਂ ਵਿਚ ਆਦਮੀਆਂ ਨਾਲੋਂ ਬੀਬੀਆਂ ਦੀ ਗਿਣਤੀ ਜ਼ਿਆਦਾ ਸੀ। ਇਸ ਦੀ ਵਜ੍ਹਾ ਸ਼ਾਇਦ ਸਰਬਜੀਤ ਚੀਮੇ ਦੀ ਸਾਫ ਸੁਥਰੀ ਅਤੇ ਸਭਿਆਚਾਰਕ ਗਾਇਕੀ ਸੀ। ਇਸ ਤੋਂ ਇਲਾਵਾ ਸਰਬਜੀਤ ਚੀਮੇ ਦਾ ਬੇਕਰਜ਼ਫੀਲਡ ਵਿਚ ਇਹ ਪਹਿਲਾ ਸ਼ੋਅ ਸੀ।



ਪ੍ਰੋਗਰਾਮ ਦੀ ਸ਼ੁਰੂਆਤ ਮਹਿਮਾਨ ਕਲਾਕਾਰ ਸੁਨੀਤਾ ਭੱਟੀ ਨੇ ਇਕ ਧਾਰਮਿਕ ਗੀਤ ਗਾ ਕੇ ਕੀਤੀ ਅਤੇ ਉਸ ਤੋਂ ਬਾਅਦ ਅਥਾਨਕ ਗਾਇਕ ਸੰਨੀ ਬੱਬਰ ਨੇ ਇਕ-ਦੋ ਗੀਤ ਗਾ ਕੇ ਆਪਣੀ ਹਾਜ਼ਰੀ ਲਵਾਈ। ਮਾਈਕ ਜਦੋਂ ਸਰਬਜੀਤ ਚੀਮੇ ਦੇ ਹੱਥ ਆਇਆ ਤਾਂ ਸਰੋਤਿਆਂ ਨੇ ਉਸ ਦਾ ਸਵਾਗਤ ਤਾੜੀਆਂ ਮਾਰ ਕੇ ਕੀਤਾ। ਚੀਮੇ ਨੇ ਵੀ ਇਕ ਪਿਛੋਂ ਇਕ ਆਪਣੇ ਲੋਕਪ੍ਰਿਅ ਅਤੇ ਸਾਫ ਸੁਥਰੇ ਗੀਤਾਂ ਦੀ ਝੜੀ ਲਾ ਦਿੱਤੀ। ਜੇਕਰ ਸਰੋਤੇ ਇਕ ਪਾਸੇ ਉਸ ਦੇ ਗੀਤ 'ਰੰਗਲਾ ਪੰਜਾਬ' ਜੋ ਕਿ ਲੋਕ ਗੀਤ ਹੀ ਬਣ ਚੁਕਾ ਹੈ, ਉਪਰ ਭੰਗੜਾ ਪਾ ਰਹੇ ਸਨ ਤਾਂ ਦੂਜੇ ਪਾਸੇ ਉਸ ਦੇ ਭਰੂਣ ਹੱਤਿਆ ਬਾਰੇ ਗਾਏ ਗੀਤ 'ਨਾ ਮਾਰੀਂ ਨੀਂ ਮਾਏ' ਸੁਣ ਕੇ ਸਰੋਤਿਆਂ ਦੀਆਂ ਅੱਖਾਂ ਨਮ ਹੋ ਰਹੀਆਂ ਸਨ।

ਕੁਲ ਮਿਲਾ ਕੇ ਇਹ ਇਕ ਵਧੀਆ ਅਤੇ ਪਰਿਵਾਰਕ ਸ਼ੋਅ ਹੋ ਨਿਬੜਿਆ। ਸਟੇਜ ਸੰਚਾਲਨ ਦੀ ਜ਼ਿਮੇਵਾਰੀ ਸੁਰਜੀਤ ਧਾਲੀਵਾਲ ਨੇ ਨਿਭਾਈ। ਇਸ ਮੌਕੇ ਹਾਜ਼ਰ ਪਤਵੰਤੇ ਸੱਜਣਾਂ ਵਿਚ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਪ੍ਰਧਾਨ, ਮਹਿੰਦਰ ਸਿੰਘ ਧਾਲੀਵਾਲ, ਨਾਜਰ ਸਿੰਘ ਕੂਨਰ, ਰੁਪਿੰਦਰ ਝੱਜ, ਧਰਮਾ, ਮੰਗਲ ਸਰਪੰਚ, ਮੰਦਰ ਸਮਰਾ, ਸੁਖਪਾਲ ਸਿੰਘ, ਨਿਰਭੈਅ ਸਿੰਘ ਸੈਂਹਬੀ, ਸਿੰਮੀ ਮਾਵੀ, ਰਾਜੀ ਬਰਾੜ, ਜੋਬਨਜੀਤ ਸਿੰਘ ਹਾਜ਼ਰ ਸਨ।









## ਪੀ ਜੀ ਆਈ 'ਚ ਸੀ.ਬੀ.ਆਈ ਦਾ ਛਾਪਾ, 2 ਡਾਕਟਰ ਗ੍ਰਿਫਤਾਰ

**ਚੰਡੀਗੜ੍ਹ:** ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਚੰਡੀਗੜ੍ਹ ਨੇ ਬੀਤੀ 28 ਸਤੰਬਰ ਨੂੰ ਤੜਕੇ ਦਾਖਲਾ ਘਪਲੇ ਦੇ ਮਾਮਲੇ ਵਿਚ ਹੰਗਾਮੀ ਕਾਰਵਾਈ ਕਰਦਿਆਂ ਚੰਡੀਗੜ੍ਹ ਦੇ ਪੋਸਟ ਗਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀ. ਜੀ. ਆਈ.) ਦੇ ਦੋ ਡਾਕਟਰਾਂ ਨੂੰ ਗ੍ਰਿਫਤਾਰ ਕਰ ਲਿਆ। ਦੇਸ਼ ਦੀ ਸਿਰਮੌਰ ਮੈਡੀਕਲ ਸੰਸਥਾ ਪੀ.ਜੀ.ਆਈ. ਵਿਚ ਲੱਖਾਂ ਰੁਪਏ ਦੀ ਸੌਦੇਬਾਜ਼ੀ ਕਰਕੇ ਪੋਸਟ ਗਰੈਜੂਏਸ਼ਨ ਕੋਰਸਾਂ ਵਿਚ ਦਾਖਲੇ ਲੈਣ ਦੇ ਦੋਸ਼ਾਂ ਵਿਚ ਡਾਕਟਰਾਂ ਨੂੰ ਫੜਨ ਦੀ ਇਹ ਆਪਣੇ-ਆਪ ਵਿਚ ਨਿਵੇਕਲੀ ਕਾਰਵਾਈ ਹੈ। ਸੀ.ਬੀ.ਆਈ. ਨੇ ਪੀ.ਜੀ.ਆਈ. ਵਿਚ ਛਾਪਾ ਮਾਰ ਕੇ ਇਕ ਅੰਤਰਰਾਜੀ ਗਰੋਹ ਰਾਹੀਂ ਲੱਖਾਂ ਰੁਪਏ ਦੀ ਸੌਦੇਬਾਜ਼ੀ ਕਰਕੇ ਪੋਸਟ-ਗਰੈਜੂਏਟ ਕੋਰਸ ਵਿਚ ਦਾਖਲੇ ਲੈਣ ਵਾਲੇ ਦੋ ਡਾਕਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਡਾਕਟਰਾਂ ਦੀ ਪਛਾਣ ਅਮਿਤ ਮੂਮਲੇ ਅਤੇ ਸੂਜੇ ਸੋਨਾਵਨੇ ਵਜੋਂ ਹੋਈ ਹੈ। ਸੀ.ਬੀ.ਆਈ. ਨੇ ਗ੍ਰਿਫ਼ਤਾਰ ਕੀਤੇ ਦੋ ਜੂਨੀਅਰ ਰੈਜੀਡੈਂਟਸ ਡਾਕਟਰਾਂ ਦੀ ਦਿਨ ਭਰ ਕੀਤੀ ਪੁੱਛ-ਪੜਤਾਲ ਦੌਰਾਨ ਅਜਿਹੇ ਢੰਗ ਨਾਲ ਸਰਕਾਰੀ ਅਤੇ ਪ੍ਰਾਈਵੇਟ ਮੈਡੀਕਲ ਸੰਸਥਾਵਾਂ ਵਿਚ ਦਾਖਲੇ ਦਿਵਾਉਣ ਵਾਲੇ ਗਰੋਹ ਦੀ ਸ਼ਨਾਖ਼ਤ ਵੀ ਕਰ ਲਈ ਹੈ।

ਸੂਤਰਾਂ ਅਨੁਸਾਰ ਇਸ ਗਰੋਹ ਦਾ ਸਰਗਨਾ ਮੁੰਬਈ ਨਾਲ ਸਬੰਧਤ ਹੈ ਅਤੇ ਸੀ.ਬੀ.ਆਈ. ਨੇ ਦੇਸ਼ ਭਰ ਵਿਚ ਉਸ ਦੀ ਆਪਣੇ ਨੈਟਵਰਕ ਨਾਲ ਘੇਰਾਬੰਦੀ ਕਰ ਲਈ ਹੈ। ਸੀ.ਬੀ.ਆਈ. ਨੇ ਗ੍ਰਿਫ਼ਤਾਰ ਕੀਤੇ ਦੋ ਡਾਕਟਰਾਂ ਤੋਂ ਇਲਾਵਾ ਕੁਝ ਹੋਰ ਵਿਅਕਤੀਆਂ ਵਿਰੁਧ ਵੀ ਧੋਖਾਧੜੀ ਦੇ ਮਾਮਲੇ ਦਰਜ ਕਰ ਲਏ ਹਨ। ਇਸ ਘਪਲੇ ਵਿਚ ਮੈਡੀਕਲ ਦੇ ਕੁਝ ਹੋਣਹਾਰ ਵਿਦਿਆਰਥੀਆਂ ਸਮੇਤ ਮੈਡੀਕਲ ਸੰਸਥਾਵਾਂ ਦੇ ਅਧਿਕਾਰੀਆਂ ਦਾ ਹੱਥ ਹੋਣ ਦੇ ਵੀ ਸੰਕੇਤ ਮਿਲੇ ਹਨ। ਸੀ.ਬੀ.ਆਈ. ਅਨੁਸਾਰ ਮੈਡੀਕਲ ਸੰਸਥਾਵਾਂ ਵਿਚ ਦਾਖਲੇ ਦਿਵਾਉਣ ਲਈ ਇਹ ਗਰੋਹ ਹੋਣਹਾਰ ਵਿਦਿਆਰਥੀਆਂ ਨੂੰ ਅਸਲ ਉਮੀਦਵਾਰਾਂ ਦੀ ਥਾਂ ਪ੍ਰੀਖਿਆਵਾਂ ਵਿਚ ਬਿਠਾ ਕੇ ਇਸ ਧੋਖਾਧੜੀ ਨੂੰ ਸਿਰੇ ਲਾਉਂਦਾ ਸੀ। ਸੀ.ਬੀ.ਆਈ. ਦੀ ਟੀਮ ਨੇ ਸਾਰਾ ਦਿਨ ਪੀ.ਜੀ.ਆਈ. ਵਿਖੇ ਡਾਕਟਰਾਂ ਦੇ ਹੋਸਟਲ ਸਮੇਤ ਪ੍ਰਬੰਧਕੀ ਬਲਾਕ ਵਿਚ ਵੀ ਛਾਪੇ ਮਾਰੇ। ਸੀ.ਬੀ.ਆਈ. ਦੇ ਹੱਥ ਕੁਝ ਅਹਿਮ ਦਸਤਾਵੇਜ਼ ਲਗ ਗਏ ਹਨ। ਇਸ ਤੋਂ ਇਲਾਵਾ ਸੀ.ਬੀ.ਆਈ. ਦੀ ਟੀਮ ਪੀ.ਜੀ.ਆਈ. ਦੇ ਪ੍ਰਸ਼ਾਸਨ ਕੋਲੋਂ ਵੀ ਇਨ੍ਹਾਂ ਦਾਖਲਿਆਂ ਨਾਲ ਸਬੰਧਤ ਦਸਤਾਵੇਜ਼ ਆਪਣੇ ਕਬਜ਼ੇ ਹੇਠ ਲੈ ਰਹੀ ਹੈ।

# ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਪੰਜਾਬ ਭਰ ਵਿਚ ਸਮਾਗਮ

## *ਸਰਕਾਰ ਨੇ ਸ਼ਹੀਦ ਭਗਤ ਸਿੰਘ ਨੂੰ ਵਿਸਾਰਿਆ*

**ਖਟਕੜ ਕਲਾਂ (ਨਵਾਂ ਸ਼ਹਿਰ):** ਸ਼ਹੀਦ ਭਗਤ ਸਿੰਘ ਦਾ 103ਵਾਂ ਜਨਮ ਦਿਨ ਪੰਜਾਬ ਭਰ ਵਿਚ ਉਤਸ਼ਾਹ ਨਾਲ ਮਨਾਇਆ ਗਿਆ ਪਰ ਇਸ ਮੌਕੇ ਪੰਜਾਬ ਸਰਕਾਰ ਨੇ ਬੀਤੀ 28 ਸਤੰਬਰ ਨੂੰ ਉਨ੍ਹਾਂ ਦੇ ਜੱਦੀ ਘਰ ਦਾ ਜਿੰਦਰਾ ਨਾ ਖੋਲ੍ਹਿਆ। ਪੰਜਾਬ ਸਰਕਾਰ ਨੇ ਕੌਮੀ ਸ਼ਹੀਦ ਦੇ ਜਨਮ ਦਿਨ ਮੌਕੇ ਖਟਕੜ ਕਲਾਂ ਵਿਖੇ ਕੋਈ ਸਮਾਗਮ ਕਰਨ ਦੀ ਲੋੜ ਵੀ ਨਾ ਸਮਝੀ। ਪਿੰਡ ਦੀ ਪੰਚਾਇਤ ਵਲੋਂ ਆਪਣੇ ਪੱਧਰ 'ਤੇ ਕਰਵਾਏ ਸਮਾਗਮਾਂ ਤੋਂ ਵੀ ਸਰਕਾਰ ਦੂਰ ਹੀ ਰਹੀ। ਯਾਦ ਰਹੇ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਨੂੰ ਕੌਮੀ ਵਿਰਾਸਤ ਦਾ ਦਰਜਾ ਦਿੱਤਾ ਗਿਆ ਹੈ।

28 ਸਤੰਬਰ ਨੂੰ ਜਦੋਂ ਸ਼ਹੀਦ ਦੇ ਜਨਮ ਦਿਨ ਮੌਕੇ ਰਾਜ ਭਰ 'ਚੋਂ ਹਜ਼ਾਰਾਂ ਲੋਕ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਉਥੇ ਪੁੱਜੇ ਤਾਂ ਉਨ੍ਹਾਂ ਨੂੰ ਭਗਤ ਸਿੰਘ ਦੇ ਜੱਦੀ ਘਰ ਦੇ 'ਦਰਸ਼ਨ' ਕਰਨ ਤੋਂ ਬਗੈਰ ਹੀ ਨਿਰਾਸ਼ ਹੋ ਕੇ ਵਾਪਸ ਪਰਤਣਾ ਪਿਆ। ਖਟਕੜ ਕਲਾਂ ਪੰਚਾਇਤ ਦੇ ਸਰਪੰਚ ਗੁਰਮੇਲ ਸਿੰਘ ਵਿਰਦੀ ਅਤੇ ਸਪੋਰਟਸ ਕਲੱਬ ਦੇ ਪ੍ਰਧਾਨ ਜਥੇਦਾਰ ਕਸ਼ਮੀਰਾ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਪਿੰਡ ਵਾਸੀਆਂ ਵਲੋਂ ਦਾਨ ਕੀਤੀ ਮਾਇਆ ਨਾਲ ਸ਼ਹੀਦ ਦਾ ਜਨਮ ਦਿਨ ਆਪਣੇ ਪੱਧਰ 'ਤੇ ਮਨਾਉਣ ਦਾ ਉਪਰਾਲਾ ਕੀਤਾ ਹੈ। ਪੰਜਾਬ ਸਰਕਾਰ ਵਲੋਂ ਕੋਈ ਸਮਾਗਮ ਨਾ ਕੀਤੇ ਜਾਣ 'ਤੇ ਇਲਾਕਾ ਨਿਵਾਸੀਆਂ ਵਿਚ ਭਾਰੀ ਰੋਸ ਹੈ। ਸਮਾਗਮ ਵਿਚ ਸ਼ਾਮਲ ਹੋਣ ਲਈ ਸ਼ਹੀਦ ਭਗਤ ਸਿੰਘ ਦਾ ਭਤੀਜਾ ਅਭੈ ਸਿੰਘ ਸੰਧੂ ਆਪਣੇ ਪਰਿਵਾਰ ਸਮੇਤ ਪੁੱਜਿਆ ਹੋਇਆ ਸੀ। ਉਸ ਨੇ ਪੰਜਾਬ ਸਰਕਾਰ ਉਤੇ ਭਗਤ ਸਿੰਘ ਨੂੰ ਵਿਸਾਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰਾਂ ਨੂੰ ਭਗਤ ਸਿੰਘ ਨੂੰ ਬਣਦਾ ਮਾਣ-ਸਤਿਕਾਰ ਇਸ ਕਰਕੇ ਦੇਣਾ ਵਾਰਾ ਨਹੀਂ ਖਾਂਦਾ ਕਿਉਂਕਿ ਉਹ ਇਹ ਕਦੇ ਵੀ ਨਹੀਂ ਚਾਹੁੰਦੀਆਂ ਕਿ ਸ਼ਹੀਦ ਦੀ ਸੋਚ 'ਤੇ ਹੋਰ ਨੌਜਵਾਨ ਪੈਦਾ ਹੋਣ। ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ 'ਚ ਸੰਗਰੂਰ ਦੇ ਪਿੰਡ ਪਨਾਵਾ ਤੋਂ ਇਕ ਬਜ਼ੁਰਗ ਯਮਨਾ ਦਾਸ ਘਿਓ ਦਾ ਦੀਵਾ ਬਾਲਣ ਲਈ ਵਿਸ਼ੇਸ਼ ਪੁੱਜਿਆ ਹੋਇਆ ਸੀ। ਉਹ ਪਿਛਲੇ 35 ਸਾਲਾਂ ਤੋਂ ਪਿੰਡ ਖਟਕੜ ਕਲਾਂ, ਸਰਾਭੇ ਅਤੇ ਹੁਸੈਨੀ ਵਾਲਾ 'ਚ ਸ਼ਹੀਦੀ ਸਮਾਗਮਾਂ ਮੌਕੇ ਘਿਓ ਦੇ ਦੀਵੇ ਬਾਲਦਾ ਆ ਰਿਹਾ ਹੈ। ਉਹ ਦੱਸਦਾ ਹੈ ਕਿ ਹੁਣ ਉਸ ਦੀ ਇਕੋ ਆਖਰੀ ਇੱਛਾ ਹੈ ਕਿ ਉਹ ਖਟਕੜ ਕਲਾਂ ਵਿਖੇ 'ਆਖਰੀ ਸਾਹ' ਲਵੇ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਫਲਸਫੇ ਬਾਰੇ ਅਜੇ ਤਕ ਕਿਸੇ ਵੀ ਯੂਨੀਵਰਸਿਟੀ ਵਿਚ ਚੇਅਰ ਸਥਾਪਤ ਨਹੀਂ ਕੀਤੀ ਗਈ। ਭਾਵੇਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਚੇਅਰ ਸਥਾਪਤ ਕਰਨ ਦਾ ਐਲਾਨ ਤਾਂ ਕੀਤਾ ਗਿਆ ਸੀ ਪਰ ਇਸ ਐਲਾਨ ਨੂੰ ਅਜੇ ਤਕ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ। ਇਹ ਸ਼ਬਦ ਸ਼ਹੀਦ ਭਗਤ ਸਿੰਘ ਦੇ ਭਤੀਜੇ ਅਭੈ ਸਿੰਘ ਸੰਧੂ ਨੇ ਖਟਕੜ ਕਲਾਂ ਵਿਖੇ ਪੱਤਰਕਾਰਾਂ ਨਾਲ ਵਿਸ਼ੇਸ਼ ਮੁਲਾਕਾਤ ਦੌਰਾਨ ਕਹੇ। ਸ੍ਰੀ ਸੰਧੂ ਨੇ ਕਿਹਾ ਕਿ ਪਿਛਲੇ ਸਾਲ ਸ਼ਹੀਦ ਦੀ ਯਾਦ ਵਿਚ ਜਾਰੀ ਹੋਇਆ ਪੰਜ ਰੁਪਏ ਦਾ ਸਿੱਕਾ ਅਜੇ ਤਕ ਲੋਕਾਂ ਤਕ ਨਹੀਂ ਪਹੁੰਚ ਸਕਿਆ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸ਼ਹੀਦ ਭਗਤ ਸਿੰਘ ਦੀ ਫੋਟੋ ਵਾਲਾ ਸਿੱਕਾ ਦੇਸ਼ ਦੇ ਹਰ ਕੋਨੇ ਵਿਚ ਜਾਰੀ ਕੀਤਾ ਜਾਵੇ।

ਉਧਰ ਪਿੰਡ ਦੀ ਪੰਚਾਇਤ ਵਲੋਂ ਕੀਤੇ ਗਏ ਸਮਾਗਮ ਵਿਚ ਹਲਕਾ ਬੰਗਾ ਦੇ ਵਿਧਾਇਕ ਚੌਧਰੀ ਮੋਹਨ ਲਾਲ ਨੇ ਕਿਹਾ ਕਿ ਜਿਹੜੀਆਂ ਕੌਮਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਜਾਂਦੀਆਂ ਹਨ ਉਹ ਹਮੇਸ਼ਾ ਲਈ ਖ਼ਤਮ ਹੋ ਜਾਂਦੀਆਂ ਹਨ। ਉਨ੍ਹਾਂ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਨੂੰ ਭਾਰਤ ਦੇਸ਼ ਲਈ ਮਹਾਨ ਕੁਰਬਾਨੀ ਦਾ ਰੁਤਬਾ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਅਜਾਇਬ ਘਰ ਨੇੜੇ ਪ੍ਰਾਇਮਰੀ ਹੈਲਥ ਸੈਂਟਰ ਲਈ 17 ਲੱਖ ਰੁਪਏ ਗਰਾਂਟ ਦਿੱਤੀ ਜਾਵੇਗੀ। ਇਸ ਮੌਕੇ ਆਦਰਸ਼ ਸਕੂਲ ਦੇ ਬੱਚਿਆਂ ਅਤੇ ਨਾਰੀ ਸ਼ਕਤੀ ਜਾਗ੍ਰਿਤੀ ਸਮਿਤੀ ਨਵਾਂ ਸ਼ਹਿਰ ਵਲੋਂ ਕੋਰੀਓਗ੍ਰਾਫੀ, ਇਨਕਲਾਬੀ ਗੀਤ ਅਤੇ ਨਾਟਕ ਪੇਸ਼ ਕੀਤੇ ਗਏ। ਸਟੇਜ ਦੀ ਕਾਰਵਾਈ ਸ਼ਾਇਰਾ ਬੀਬਾ ਕੁਲਵੰਤ ਨੇ ਚਲਾਈ। ਇਸ ਦੌਰਾਨ ਸ਼ਹੀਦ ਭਗਤ ਸਿੰਘ ਬ੍ਰਿਗੇਡ ਪੰਜਾਬ ਦੇ ਪ੍ਰਧਾਨ ਹਰਭਜਨ ਸਿੰਘ ਨੇ ਕਾਫਲੇ ਦੇ ਰੂਪ ਵਿਚ ਕੇਸਰੀ ਪੱਗਾਂ ਬੰਨ੍ਹ ਕੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੇ ਸੂਬਾ ਸਕੱਤਰ ਬਲਦੇਵ ਸਿੰਘ ਪੰਡੋਰੀ, ਹਰਪ੍ਰੀਤ ਸਿੰਘ ਬਟਾਰੀ, ਬਲਦੇਵ ਰਾਜ ਮੱਟੂ, ਗੁਰਦਿਆਲ ਸਿੰਘ ਘੁਮਾਣ, ਨਰਿੰਦਰ ਸੋਮਾ, ਅਜੈ ਫਿਲੌਰ ਆਦਿ ਆਗੂਆਂ ਨੇ ਕੀਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਸਭਾ ਦੇ ਪ੍ਰਧਾਨ ਪ੍ਰਗਟ ਸਿੰਘ ਜਾਮਾ ਰਾਏ ਦੀ ਅਗਵਾਈ ਹੇਠ ਇਕ ਵੱਡੇ ਕਾਫਲੇ ਦੇ ਰੂਪ ਵਿਚ ਆ ਕੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।



*ਸਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਸ਼ਹੀਦ ਭਗਤ ਸਿੰਘ ਦੀ ਪੱਗ ਵਰਗੀ ਪੱਗ ਬੰਨ ਕੇ ਮੋਟਰ ਸਾਈਕਲਾਂ 'ਤੇ ਸਵਾਰ ਨੌਜਵਾਨ*

ਇਸ ਦੌਰਾਨ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ (ਪੰਜਾਬ ਤੇ ਹਰਿਆਣਾ) ਅਤੇ ਪੰਜਾਬ ਸਟੂਡੈਂਟਸ ਫੈਡਰੇਸ਼ਨ ਵਲੋਂ ਹਜ਼ਾਰਾਂ ਨੌਜਵਾਨਾਂ ਤੇ ਵਿਦਿਆਰਥੀਆਂ ਨੇ ਫਗਵਾੜਾ ਤੋਂ ਖਟਕੜ ਕਲਾਂ ਤਕ ਮੋਟਰਸਾਈਕਲਾਂ, ਗੱਡੀਆਂ ਤੇ ਜੀਪਾਂ ਦੇ ਮਾਰਚ ਕਰਕੇ ਖਟਕੜ ਕਲਾਂ ਦੀ ਧਰਤੀ 'ਤੇ ਸ਼ਹੀਦ ਦੇ ਬੁੱਤ ਅਗੇ ਫੁੱਲ ਮਾਲਾਵਾਂ ਭੇਟ ਕੀਤੀਆਂ। ਮਾਰਚ ਦੀ ਅਗਵਾਈ ਸਭਾ ਦੇ ਸੂਬਾਈ ਪ੍ਰੈਸ ਸੂਬਾਈ ਜਨਰਲ ਸਕੱਤਰ ਪ੍ਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਜਿਸ ਸਾਮਰਾਜਵਾਦ ਦੇ ਖ਼ਿਲਾਫ਼ ਲੜਦਿਆਂ ਫਾਂਸੀ ਦੇ ਰੱਸੇ ਨੂੰ ਹੱਸ ਕੇ ਗਲੇ ਵਿਚ ਪਾਇਆ ਅੱਜ ਸਾਡੀਆਂ ਸਮੇਂ ਦੀਆਂ ਸਰਕਾਰਾਂ ਸਾਮਰਾਜੀ ਦੇਸ਼ਾਂ ਨਾਲ ਗਲਵਕੜੀ ਪਾ ਰਹੀਆਂ ਹਨ। ਸਭਾ ਦੇ ਸੂਬਾਈ ਪ੍ਰਧਾਨ ਜਸਵਿੰਦਰ ਸਿੰਘ ਢੇਸੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਕੇਂਦਰ ਅਤੇ ਪੰਜਾਬ ਦੀ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਚੂਰ ਕਰਕੇ ਰੁਜ਼ਗਾਰ ਮੰਗ ਰਹੇ ਲੋਕਾਂ ਨੂੰ ਮਾਰਨ ਕੁੱਟਣ ਦੀ ਅਤੇ ਜੇਲ੍ਹਾਂ ਵਿਚ ਬੰਦ ਕਰਨ ਦੀ ਨੀਤੀ ਅਖਤਿਆਰ ਕਰ ਰਹੀ ਹੈ। ਸ਼ਹੀਦ ਭਗਤ ਸਿੰਘ ਸਪੋਰਟਸ ਐਂਡ ਕਲਚਰਲ ਕਲੱਬ ਖਟਕੜ ਕਲਾਂ ਵਲੋਂ 27 ਮਈ ਨੂੰ ਸਭਿਆਚਾਰਕ ਮੇਲਾ ਕਰਵਾਇਆ ਗਿਆ।

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਟਾਂਡਾ ਵਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਇਕ ਚੇਤਨਾ ਰੈਲੀ ਕੱਢੀ ਗਈ। ਜ਼ੋਨਲ ਪ੍ਰਧਾਨ ਦਿਲਰਾਜ ਕੁਮਾਰ ਦੀ ਅਗਵਾਈ 'ਚ ਕੱਢੀ ਇਸ ਰੈਲੀ ਨੂੰ ਪ੍ਰਿੰ. ਗੁਰਪਾਲ ਸਿੰਘ ਜੌੜਾ ਨੇ ਇੱਥੋਂ ਦੀ ਦਾਣਾ ਮੰਡੀ ਤੋਂ ਝੰਡੀ ਦਿਖਾ ਕੇ ਰਵਾਨਾ ਕੀਤਾ।

ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੀ ਅਗਵਾਈ ਹੇਠ ਛਾਜਲਾ, ਉਗਰਾਹਾਂ, ਨਮੋਲ ਤੇ ਸ਼ੇਰੋਂ ਪਿੰਡਾਂ ਅੰਦਰ ਨੌਜਵਾਨ ਕਿਸਾਨਾਂ ਨੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਪੂਰੇ ਉਤਸ਼ਾਹ ਨਾਲ ਮਨਾਇਆ। ਕਿਸਾਨਾਂ ਨੇ ਸ਼ਹੀਦ ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦੇਣ ਤੇ ਲੋਕਾਂ ਦੀਆਂ ਸਮੱਸਿਆਵਾਂ ਲਈ ਜਦੋਜਹਿਦ ਕਰਨ ਦਾ ਅਹਿਦ ਲਿਆ। ਕਿਸਾਨਾਂ ਨੇ ਦੋਸ਼ ਲਾਇਆ ਕਿ ਸਮੇਂ-ਸਮੇਂ ਬਦਲਦੇ ਹਾਕਮਾਂ ਨੇ ਦੇਸ਼ ਦੇ ਆਵਾਮ ਦੇ ਹਿੱਤਾਂ ਨਾਲ ਖਿਲਵਾੜ ਕੀਤਾ। ਬੇਰੁਜ਼ਗਾਰੀ ਤੇ ਰਿਸ਼ਵਤਖੋਰੀ ਦਾ ਚਾਰੇ ਪਾਸੇ ਬੋਲਬਾਲਾ ਹੈ।

ਅੰਮ੍ਰਿਤਸਰ ਦੇ ਵਿਰਸਾ ਵਿਹਾਰ ਵਿਚ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਬੜੀ ਸ਼ਰਧਾ ਨਾਲ ਮਨਾਇਆ ਗਿਆ। ਵਿਰਸਾ ਵਿਹਾਰ ਦੇ ਪ੍ਰਧਾਨ ਕੇਵਲ ਧਾਲੀਵਾਲ, ਜਨਰਲ ਸਕੱਤਰ ਪ੍ਰਮਿੰਦਰਜੀਤ, ਲੋਕ ਗਾਇਕਾ ਗੁਰਮੀਤ ਬਾਵਾ ਨੇ ਸ਼ਹੀਦ ਭਗਤ ਸਿੰਘ ਦੇ ਤਸਵੀਰ 'ਤੇ ਫੁੱਲਮਾਲਾਵਾਂ ਭੇਟ ਕੀਤੀਆਂ।

ਕਪੂਰਥਲਾ ਵਿਚ ਵੀ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਪ੍ਰੋਗਰਾਮ ਦੀ ਕੜੀ ਵਜੋਂ ਮਸ਼ਾਲ ਮਾਰਚ ਸ਼ੁਰੂ ਕੀਤਾ ਗਿਆ। ਇਹ ਮਾਰਚ ਰਾਮ ਲੀਲਾ ਮੈਦਾਨ ਤੋਂ ਸ਼ੁਰੂ ਹੋ ਕੇ ਆਰ.ਸੀ.ਐਫ. ਕਲੋਨੀ ਤੇ ਚੱਕਰ ਲਗਾ ਕੇ ਮੁੜ ਰਾਮ ਲੀਲਾ ਮੈਦਾਨ ਵਿਚ ਹੀ ਸਮਾਪਤ ਹੋਇਆ। ਮਸ਼ਾਲ ਮਾਰਚ ਵਿਚ ਸ਼ਹੀਦ ਭਗਤ ਸਿੰਘ ਸਟਾਈਲ ਦੀਆਂ ਪੱਗਾਂ ਬੰਨ੍ਹ ਕੇ ਨੌਜਵਾਨਾਂ ਨੇ ਹਿੱਸਾ ਲਿਆ।


ਬੇ-ਏਰੀਆ ਕਾਲਜ ਆਫ ਨਰਸਿੰਗ

...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* ਹੋਰ ਤੇ ਹੋਰ, ਆਉਂਦੀਆਂ ਸਰਦੀਆਂ ਨੂੰ 8 ਮਹੀਨਿਆਂ ਵਿਚ RN ਦਾ ਕੋਰਸ ਵੀ ਕਰੋ।

BAY AREA COLLEGE OF NURSING 2004



ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

3 Locations in Bay Area:
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ
ਪਾਲੋ ਆਲਟੋ ਲੋਕੇਸ਼ਨ ਤੇ ਕਮਲਪ੍ਰੀਤ ਟੁਟ ਨੂੰ ਫੋਨ ਕਰੋ ਜੀ।

www.bayareacollege.net



ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ

SELL YOUR HOME FOR CASH TODAY
#1 SHORT SALE EXPERT

CALL TOADY & STOP WORRYING

Manjit Gill - 209.524.4008
Real Estate & Loans - 510.415.2368

ਸਸਤੀ ਅਤੇ ਵਧੀਆ ਇੰਸ਼ੋਰੈਂਸ

GILL FINANCIAL & INSURANCE



Manjit Gill
President
CA Lic#0B23990

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM

ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਯੁੱਧਿਆ ਮਾਮਲੇ 'ਚ ਫੈਸਲੇ ਦੀ ਉਡੀਕ:ਸੁਪਰੀਮ ਕੋਰਟ ਵਲੋਂ ਹਰੀ ਝੰਡੀ

**ਬਿੰਦਰ ਬਸਰਾ**

ਸੁਪਰੀਮ ਕੋਰਟ ਵਲੋਂ ਬੀਤੀ 28 ਸਤੰਬਰ ਨੂੰ ਅਯੁੱਧਿਆ ਵਿਚ ਰਾਮ ਜਨਮ ਭੂਮੀ-ਬਾਬਰੀ ਮਸਜਿਦ ਦੀ ਜ਼ਮੀਨ ਦੇ ਮਾਲਕਾਨਾ ਹੱਕ ਬਾਰੇ ਇਲਾਹਾਬਾਦ ਹਾਈਕੋਰਟ ਦੇ ਫੈਸਲੇ 'ਤੇ ਰੋਕ ਲਾਉਣ ਲਈ ਪਾਈ ਗਈ ਪਟੀਸ਼ਨ ਖਾਰਜ ਕਰ ਦਿੱਤੀ ਗਈ। ਇਸ ਫੈਸਲੇ ਤੋਂ ਬਾਅਦ ਹੁਣ 30 ਸਤੰਬਰ ਵੀਰਵਾਰ ਨੂੰ ਇਲਾਹਾਬਾਦ ਹਾਈਕੋਰਟ ਵਲੋਂ ਇਸ ਮਾਮਲੇ 'ਤੇ ਫੈਸਲਾ ਸੁਣਾਏ ਜਾਣ ਲਈ ਰਾਹ ਪੱਧਰਾ ਹੋ ਗਿਆ ਹੈ। ਕਾਂਗਰਸ ਅਤੇ ਭਾਜਪਾ ਵਲੋਂ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕੀਤਾ ਗਿਆ ਹੈ।

ਯਾਦ ਰਹੇ ਸੁਪਰੀਮ ਕੋਰਟ ਵਲੋਂ ਅਯੁੱਧਿਆ ਸਬੰਧੀ ਫੈਸਲੇ 'ਤੇ ਰੋਕ ਲਗਾਉਣ ਤੋਂ ਬਾਅਦ ਸੰਬੰਧਿਤ ਧਿਰਾਂ ਆਪੋ ਆਪਣੀ ਥਾਂ ਤਰਲੋਮੱਛੀ ਹੋ ਰਹੀਆਂ ਸਨ। ਭਾਜਪਾ ਦੇ ਕੌਮੀ ਆਗੂ ਲਾਲ ਕ੍ਰਿਸ਼ਨ ਅਡਵਾਨੀ ਜਿਥੇ ਇਹ ਰੋਕ ਲਗਾਏ ਜਾਣ ਤੋਂ ਹੈਰਾਨ ਸਨ, ਉਥੇ ਆਲ ਇੰਡੀਆ ਪਰਸਨਲ ਲਾਅ ਬੋਰਡ ਨੇ ਫੈਸਲੇ ਨੂੰ ਟਾਲਣ ਲਈ ਦਾਖਲ ਪਟੀਸ਼ਨ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਸੀ। ਉਧਰ ਸ਼ਿਵ ਸੈਨਾ ਆਗੂ ਬਾਲ ਠਾਕਰੇ ਨੇ ਵੀ ਹਿੰਦੂਆਂ ਨੂੰ ਤੀਰ ਕਮਾਨ ਚੁੱਕਣ ਦੀ ਅਪੀਲ ਕੀਤੀ। ਸੁੰਨੀ ਸੈਂਟਰਲ ਵਕਫ ਬੋਰਡ ਅਤੇ ਅਖਿਲ ਭਾਰਤ ਹਿੰਦੂ ਮਹਾਸਭਾ ਵਲੋਂ ਗੱਲਬਾਤ ਰਾਹੀਂ ਮਸਲੇ ਦੇ ਹੱਲ ਦੀ ਸੰਭਾਵਨਾ ਮੁੱਢੋਂ ਰੱਦ ਕਰ ਦਿੱਤੀ ਗਈ ਸੀ। ਸੁਪਰੀਮ ਕੋਰਟ ਵਲੋਂ ਇਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਵਲੋਂ ਸੁਣਾਏ ਜਾਣ ਵਾਲੇ ਫੈਸਲੇ 'ਤੇ ਰੋਕ ਲਾਏ ਜਾਣ 'ਤੇ ਫੈਸਲਾ ਉਡੀਕ ਰਹੀਆਂ ਧਿਰਾਂ ਨੂੰ ਜਿਥੇ ਇਸ ਮਾਮਲੇ ਦੇ ਹੋਰ ਲਟਕ ਜਾਣ ਦਾ ਖਦਸ਼ਾ ਸੀ, ਉਥੇ ਕੇਂਦਰ ਅਤੇ ਰਾਜ ਸਰਕਾਰਾਂ ਨੇ ਸੰਭਾਵੀ ਖਤਰੇ ਦੇ ਟਲ ਜਾਣ ਕਾਰਨ ਕੁਝ ਦਿਨ ਰਾਹਤ ਮਹਿਸੂਸ ਕੀਤੀ।

ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਦੇ ਜਸਟਿਸ ਰਵਿੰਦਰਨ ਤੇ ਜਸਟਿਸ ਗੋਖਲੇ ਦੀ ਅਗਵਾਈ ਵਾਲੇ ਬੈਂਚ ਨੇ ਬੀਤੀ 23 ਸਤੰਬਰ ਨੂੰ ਇਲਾਹਾਬਾਦ ਹਾਈਕੋਰਟ ਵਲੋਂ 24 ਸਤੰਬਰ ਨੂੰ ਸੁਣਾਏ ਜਾਣ ਵਾਲੇ ਫੈਸਲੇ 'ਤੇ ਰੋਕ ਲਗਾ ਦਿੱਤੀ ਸੀ ਅਤੇ ਸਭ ਧਿਰਾਂ ਨੂੰ 28 ਸਤੰਬਰ ਨੂੰ ਆਪਣਾ ਪੱਖ ਰੱਖਣ ਦੇ ਹੁਕਮ ਦਿੱਤੇ ਸਨ। ਇਥੇ ਇਹ ਵੀ ਦੱਸਣਯੋਗ ਹੈ ਕਿ ਅਦਾਲਤੀ ਫੈਸਲੇ 'ਤੇ ਰੋਕ ਲਗਾਉਣ ਦੇ ਮੁੱਦੇ 'ਤੇ ਜਸਟਿਸ ਐਚ.ਐਲ. ਗੋਖਲੇ ਅਤੇ ਜਸਟਿਸ ਆਰ. ਵੀ. ਰਵਿੰਦਰਨ ਵਿਚਾਲੇ ਉਭਰੇ ਮਤਭੇਦਾਂ ਪਿੱਛੋਂ ਅੰਤਰਿਮ ਰੋਕ ਲਗਾਉਣ ਦੇ ਆਦੇਸ਼ ਦਿੱਤੇ ਗਏ ਸਨ।

ਸੇਵਾ ਮੁਕਤ ਅਧਿਕਾਰੀ ਰਮੇਸ਼ ਚੰਦਰ ਤ੍ਰਿਪਾਠੀ ਨੇ ਆਪਣੀ ਪਟੀਸ਼ਨ ਵਿਚ ਅਪੀਲ ਕੀਤੀ ਸੀ ਕਿ ਮਾਮਲੇ ਦਾ ਅਦਾਲਤ ਤੋਂ ਬਾਹਰ ਹੱਲ ਕੱਢਣ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾਣ। ਜਸਟਿਸ ਰਵਿੰਦਰਨ ਦਾ ਮੰਨਣਾ ਸੀ ਕਿ ਤ੍ਰਿਪਾਠੀ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਜਾਵੇ ਜਦਕਿ ਜਸਟਿਸ ਗੋਖਲੇ ਨੇ ਕਿਹਾ ਸੀ ਕਿ ਬਦਲ ਤਲਾਸ਼ਣ ਲਈ ਨੋਟਿਸ ਜਾਰੀ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਇਕ ਫੀਸਦੀ ਵੀ ਸੰਭਾਵਨਾ ਹੈ ਤਾਂ ਇਸ ਲਈ ਮੌਕਾ ਦੇਣਾ ਚਾਹੀਦਾ ਹੈ। ਇਸ ਮਤਭੇਦ ਦੇ ਬਾਵਜੂਦ ਬੈਂਚ ਦੀ ਅਗਵਾਈ ਕਰ ਰਹੇ ਜਸਿਟਸ ਰਵਿੰਦਰਨ ਨੇ ਰੋਕ ਲਾਉਣ ਲਈ ਸਹਿਮਤੀ ਦੇ ਦਿੱਤੀ ਸੀ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਲਖਨਊ ਹਾਈ ਕੋਰਟ ਨੇ ਸ੍ਰੀ ਤ੍ਰਿਪਾਠੀ ਦੀ ਅਦਾਲਤ ਤੋਂ ਬਾਹਰ ਵਿਵਾਦ ਦਾ ਹੱਲ ਲੱਭਣ ਲਈ ਪਾਈ ਪਟੀਸ਼ਨ ਖਾਰਜ ਕਰਦਿਆਂ ਉਸ ਨੂੰ ਦਸ ਲੱਖ ਰੁਪਏ ਜੁਰਮਾਨਾ ਠੋਕਿਆ ਸੀ ਅਤੇ ਆਪਣਾ ਫੈਸਲਾ ਹਰ ਹੀਲੇ 24 ਸਤੰਬਰ ਨੂੰ ਸੁਣਾਉਣ ਦਾ ਐਲਾਨ ਕੀਤਾ ਸੀ। ਸੁਪਰੀਮ ਕੋਰਟ ਦੇ ਦੋ ਮੈਂਬਰੀ ਬੈਂਚ ਵਿਚਲੇ ਮਤਭੇਦ ਪਿੱਛੋਂ ਚੀਫ ਜਸਟਿਸ ਐਸ.ਐਚ. ਕਪਾੜੀਆ ਦੀ ਅਗਵਾਈ ਹੇਠ ਤਿੰਨ ਜੱਜਾਂ ਦਾ ਬੈਂਚ ਗਠਿਤ ਕੀਤਾ ਗਿਆ ਸੀ ਜਿਸਨੇ ਇਸ ਵਿਸ਼ੇਸ਼ ਲੀਵ ਪਟੀਸ਼ਨ ਦਾ ਨਿਬੇੜਾ ਕੀਤਾ ਜਿਸ ਵਿਚ ਅਯੁੱਧਿਆ ਮਾਲਿਕਾਨਾ ਵਿਵਾਦ ਦੇ ਕੇਸ 'ਤੇ ਇਲਾਹਾਬਾਦ ਹਾਈ ਕੋਰਟ ਦਾ ਫੈਸਲਾ ਮੁਲਤਵੀ ਕਰਨ ਦੀ ਮੰਗ ਕੀਤੀ ਗਈ ਸੀ। ਇਸ ਬੈਂਚ ਵਿਚ ਚੀਫ ਜਸਟਿਸ ਤੋਂ ਇਲਾਵਾ ਜਸਟਿਸ ਅਫਤਾਬ ਆਲਮ ਅਤੇ ਕੇ.ਐਸ. ਰਾਧਾਕ੍ਰਿਸ਼ਨਨ ਸ਼ਾਮਲ ਸਨ।

ਇਸ ਤੋਂ ਪਹਿਲਾਂ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਅਯੁੱਧਿਆ ਮਾਮਲੇ ਵਿਚ ਸੁਪਰੀਮ ਕੋਰਟ ਵਲੋਂ ਇਲਾਹਾਬਾਦ ਹਾਈ ਕੋਰਟ ਦੇ ਫੈਸਲਾ ਸੁਣਾਉਣ 'ਤੇ ਲਗਾਈ ਅੰਤਰਿਮ ਰੋਕ 'ਤੇ ਹੈਰਾਨੀ ਪ੍ਰਗਟਾਈ ਸੀ। ਉਨ੍ਹਾਂ ਨਾਲ ਹੀ ਉਮੀਦ ਵੀ ਜ਼ਾਹਰ ਕੀਤੀ ਸੀ ਕਿ ਸੁਪਰੀਮ ਕੋਰਟ, ਇਲਾਹਾਬਾਦ ਹਾਈ ਕੋਰਟ ਨੂੰ ਫੈਸਲਾ ਸੁਣਾਉਣ ਦੀ ਇਜਾਜ਼ਤ ਦੇ ਦੇਵੇਗੀ। ਸ੍ਰੀ ਅਡਵਾਨੀ ਨੇ ਲੋਕਾਂ ਅਤੇ ਭਾਜਪਾ ਵਰਕਰਾਂ ਨੂੰ ਸ਼ਾਂਤੀ ਬਣਾਈ ਰੱਖਣ ਅਤੇ ਅਦਾਲਤਾਂ ਦੇ ਫੈਸਲਿਆਂ ਦਾ ਸਨਮਾਨ ਕਰਨ ਦੀ ਅਪੀਲ ਕੀਤੀ।

ਭਾਜਪਾ ਆਗੂ ਨੇ ਸੋਮਨਾਥ ਮੰਦਰ ਦੇ ਦੌਰੇ ਸਮੇਂ ਕਿਹਾ ਕਿ ਸਾਰੀਆਂ ਸਿਆਸੀ ਪਾਰਟੀਆਂ ਅਤੇ ਭਾਈਚਾਰਿਆਂ ਨੂੰ ਅਯੁੱਧਿਆ ਵਿਚ ਰਾਮ ਜਨਮ ਭੂਮੀ 'ਤੇ ਮੰਦਰ ਬਣਾਉਣ ਦੀ ਲੋਕਾਂ ਦੀ ਇੱਛਾ ਨੂੰ ਸਮਝਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਕਰੀਬ 20 ਸਾਲ ਪਹਿਲਾਂ 1990 ਵਿਚ ਸ੍ਰੀ ਅਡਵਾਨੀ ਨੇ ਸੋਮਨਾਥ ਮੰਦਰ ਤੋਂ ਹੀ ਰੱਥ ਯਾਤਰਾ ਸ਼ੁਰੂ ਕੀਤੀ ਸੀ। ਰਾਜਸੀ ਹਲਕਿਆਂ ਦਾ ਮੰਨਣਾ ਹੈ ਕਿ ਉਹ ਯਾਤਰਾ ਦੇਸ਼ ਵਿਚ ਵੱਡੇ ਦੰਗਿਆਂ ਦਾ ਕਾਰਨ ਬਣੀ ਸੀ। ਰਾਜਸੀ ਹਲਕੇ ਹੁਣ ਵੀ ਸ੍ਰੀ ਅਡਵਾਨੀ ਵਲੋਂ ਸੋਮਨਾਥ ਮੰਦਰ ਜਾਣ ਨੂੰ ਉਨ੍ਹਾਂ ਦੀ ਭਵਿੱਖੀ ਰਣਨੀਤੀ ਦਾ ਹਿੱਸਾ ਮੰਨਦੇ ਹਨ, ਜਦਕਿ ਅਡਵਾਨੀ ਦੇ ਕਰੀਬੀ ਸੂਤਰ ਮੰਨਦੇ ਹਨ ਕਿ ਉਹ ਪਿਛਲੇ 20 ਸਾਲਾਂ ਤੋਂ ਰੱਥ ਯਾਤਰਾ ਦੀ ਵਰ੍ਹੇਗੰਢ ਮੌਕੇ ਇਥੇ ਆਉਂਦੇ ਹਨ ਤੇ ਇਸ ਲਈ ਯਾਤਰਾ ਨੂੰ ਕਿਸੇ ਹੋਰ ਮਸਲੇ ਨਾਲ ਨਾ ਜੋੜਿਆ ਜਾਵੇ।

ਉਧਰ ਕਾਂਗਰਸ ਨੇ ਸ੍ਰੀ ਅਡਵਾਨੀ ਨੂੰ ਕੌਮੀ ਜਮਹੂਰੀ ਗਠਜੋੜ ਦਾ 'ਭੀਸ਼ਮ ਪਿਤਾਮਾ' ਕਰਾਰ ਦਿੰਦਿਆਂ ਉਮੀਦ ਪ੍ਰਗਟਾਈ ਕਿ ਉਹ ਹੁਣ ਪੁਰਾਣੇ ਜ਼ਖਮਾਂ ਨੂੰ ਮੁੜ ਨਹੀਂ ਕੁਰੇਦਣਗੇ ਅਤੇ ਮਾਮਲੇ ਨੂੰ ਫਿਰਕੂ ਰੰਗਤ ਨਹੀਂ ਦੇਣਗੇ। ਦੂਜੇ ਪਾਸੇ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਇਸ ਵਿਵਾਦ 'ਚ ਕਿਸੇ ਵੀ ਸਮਝੌਤੇ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ। ਬੋਰਡ ਦੇ ਵਰਕਿੰਗ ਕਮੇਟੀ ਮੈਂਬਰ ਕਾਸਿਮ ਰਸੂਲ ਇਲਿਆਸ ਨੇ ਕਿਹਾ ਕਿ ਬੀਤੇ ਵਿਚ ਮੁੱਦੇ ਨੂੰ ਸੂਝ ਬੂਝ ਰਾਹੀਂ ਹੱਲ ਕਰਨ ਦੇ ਬਹੁਤ ਸਾਰੇ ਯਤਨ ਕੀਤੇ ਗਏ ਸਨ ਪਰ ਉਨ੍ਹਾਂ ਦਾ ਕੋਈ ਨਤੀਜਾ ਨਹੀਂ ਨਿਕਲਿਆ, ਇਸ ਲਈ ਹੁਣ ਅਦਾਲਤੀ ਫੈਸਲੇ ਨੂੰ ਟਾਲਣ ਦੀ ਕੋਈ ਤੁਕ ਨਹੀਂ ਬਣਦੀ। ਉਨ੍ਹਾਂ ਕਿਹਾ ਕਿ ਬੋਰਡ ਦਾ ਮੰਨਣਾ ਹੈ ਕਿ ਹੁਣ ਫੈਸਲਾ ਆ ਜਾਣਾ ਚਾਹੀਦਾ ਹੈ ਅਤੇ ਉਂਜ ਵੀ ਸੰਬੰਧਤ ਧਿਰਾਂ ਲਈ ਫੈਸਲੇ ਵਿਰੁਧ ਸੁਪਰੀਮ ਕੋਰਟ ਜਾਣ ਦੇ ਰਾਹ ਖੁੱਲ੍ਹੇ ਹਨ।

ਅਯੁੱਧਿਆ ਵਿਵਾਦ ਭਾਵੇਂ 1992 'ਚ ਬਾਬਰੀ ਮਸਜਿਦ ਦੀ ਸ਼ਹਾਦਤ ਪਿੱਛੋਂ ਹੋਰ ਜ਼ਿਆਦਾ ਉਲਝਿਆ ਹੈ, ਪਰ ਇਹ ਵਿਵਾਦ 6 ਦਹਾਕੇ ਪੁਰਾਣਾ ਹੈ। ਮੰਨਿਆ ਜਾਂਦਾ ਹੈ ਕਿ ਇਸ ਵਿਵਾਦ ਦੀ ਨੀਂਹ ਉਦੋਂ ਧਰੀ ਗਈ ਜਦ ਹਮਲਾਵਰ ਬਾਬਰ ਦੇ ਸੈਨਾਪਤੀ ਮੀਰ ਬਾਕੀ ਨੇ ਹਿੰਦੂਆਂ ਨੂੰ ਦਬਾਉਣ ਲਈ ਅਯੁੱਧਿਆ 'ਚ ਬਣੇ ਰਾਮ ਮੰਦਿਰ ਦੀ ਥਾਂ 'ਤੇ ਮਸਜਿਦ ਦਾ ਨਿਰਮਾਣ ਕੀਤਾ ਸੀ। ਉਧਰ ਮੁਸਲਿਮ ਸੰਗਠਨਾਂ ਦਾ ਮੰਨਣਾ ਹੈ ਕਿ ਵਿਵਾਦਤ ਭੂਮੀ ਵਕਫ ਬੋਰਡ ਦੀ ਹੈ ਅਤੇ ਇਥੇ ਬਾਬਰੀ ਮਸਜਿਦ ਦੀ ਉਸਾਰੀ ਕੀਤੀ ਜਾਣੀ ਚਾਹੀਦੀ ਹੈ।

ਅਯੁੱਧਿਆ ਦੇ ਮਾਮਲੇ ਵਿਚ ਬਾਲ ਠਾਕਰੇ ਨੇ ਵੱਖਰੀ ਸੁਰ ਅਲਾਪਦਿਆਂ ਹਿੰਦੂਆਂ ਨੂੰ ਤੀਰ ਕਮਾਨ ਚੁੱਕਣ ਦੀ ਅਪੀਲ ਕੀਤੀ ਹੈ। ਆਪਣੀ ਅਖ਼ਬਾਰ 'ਸਾਮਨਾ' ਦੇ ਸੰਪਾਦਕੀ ਵਿਚ ਹਿੰਦੂਆਂ ਨੂੰ ਤੀਰ ਕਮਾਨ ਚੁੱਕਣ ਦੀ ਸਲਾਹ ਦਿੰਦਿਆਂ ਉਨ੍ਹਾਂ ਲਿਖਿਆ ਕਿ ਕਸ਼ਮੀਰ 4 ਮਹੀਨਿਆਂ ਤੋਂ ਹਿੰਸਾ ਦੀ ਅੱਗ ਵਿਚ ਸੜ ਰਿਹਾ ਹੈ। ਉਥੇ ਸਰਕਾਰ ਪਾਕਿਸਤਾਨ ਦੇ ਹਮਾਇਤੀਆਂ ਦਾ ਮੂੰਹ ਬੰਦ ਨਹੀਂ ਕਰ ਰਹੀ ਪਰ ਇਥੇ ਜੈ ਸ੍ਰੀ ਰਾਮ ਦੇ ਨਾਅਰੇ 'ਤੇ ਪਾਬੰਦੀ ਲਾਈ ਜਾ ਰਹੀ ਹੈ। ਠਾਕਰੇ ਨੇ ਇਹ ਰਾਏ ਜ਼ਾਹਿਰ ਕੀਤੀ ਕਿ ਅੰਗਰੇਜ਼ਾਂ ਤੋਂ ਜ਼ਿਆਦਾ ਕਾਂਗਰਸ ਨੇ ਹਿੰਦੂ ਹਿੱਤਾਂ ਨੂੰ ਨੁਕਸਾਨ ਪਹੁੰਚਾਇਆ ਹੈ।

ਅਯੁਧਿਆ ਵਿਵਾਦ ਹੁਣ ਜਦ ਕਿ ਫੈਸਲੇ ਦੀ ਘੜੀ ਨੂੰ ਪਹੁੰਚ ਚੁੱਕਾ ਹੈ, ਉਸ ਸਮੇਂ ਬੁੱਧ ਧਰਮ ਦੇ ਪੈਰੋਕਾਰਾਂ ਨੇ ਇਸ ਭੂਮੀ 'ਤੇ ਆਪਣਾ ਦਾਅਵਾ ਕਰ ਦਿੱਤਾ ਭਾਵੇਂ ਇਸ ਦਾਅਵੇ ਨੂੰ ਇਕ ਸਥਾਨਕ ਅਦਾਲਤ ਨੇ ਲੰਘੇ ਸ਼ੁੱਕਰਵਾਰ ਖਾਰਜ ਕਰ ਦਿੱਤਾ। ਸੀਨੀਅਰ ਡਵੀਜ਼ਨਲ ਸਿਵਲ ਜੱਜ ਅਨਿਲ ਕੁਮਾਰ ਸ਼ੁਕਲਾ ਅਨੁਸਾਰ ਇਹ ਦਾਅਵਾ ਪੇਸ਼ ਕਰਨ ਦਾ ਸਮਾਂ ਨਿਕਲ ਚੁੱਕਾ ਹੈ। ਬੁੱਧ ਦਰਸ਼ਨ ਸਾਰ ਸੁਸਾਇਟੀ ਦੇ ਵਕੀਲ ਸ਼ਤਰੂਘਨ ਗੋਸਵਾਮੀ ਨੇ ਕਿਹਾ ਕਿ ਸੁਸਾਇਟੀ ਹੁਣ ਜ਼ਿਲ੍ਹਾ ਜੱਜ ਦੀ ਕੋਰਟ 'ਚ ਮੁਕੱਦਮਾ ਦਾਇਰ ਕਰੇਗੀ। ਸੁਸਾਇਟੀ ਦਾ ਦਾਅਵਾ ਸੀ ਕਿ ਵਿਵਾਦਤ ਥਾਂ ਬੋਧੀਆਂ ਦੀ ਹੈ। ਇਸ 'ਤੇ ਬੁੱਧ ਧਰਮ ਦੇ ਪੈਰੋਕਾਰ ਵਿਸਾਖ ਨੇ ਨਿਰਮਾਣ ਦਾ ਕੰਮ ਕਰਵਾਇਆ ਸੀ।

**ਫੈਸਲੇ ਦੀ ਘੜੀ:** ਹੁਣ ਜਦ ਕਿ ਫੈਸਲੇ ਦੀ ਘੜੀ ਨੇੜੇ ਹੈ ਤਾਂ ਅਯੁੱਧਿਆ ਮਾਮਲੇ ਦੀ ਸੁਣਵਾਈ ਕਰ ਰਹੇ ਇਲਾਹਾਬਾਦ ਹਾਈਕੋਰਟ ਦੀ ਲਖਨਊ ਬੈਂਚ ਦੇ ਅਫਸਰ ਆਨ ਸਪੈਸ਼ਲ ਡਿਊਟੀ (ਓ ਐਸ ਡੀ) ਸਮੇਤ ਛੇ ਨਿਆਂਇਕ ਅਧਿਕਾਰੀਆਂ ਦੀ ਬਦਲੀ ਕੀਤੀ ਗਈ ਹੈ। ਇਸ ਸਬੰਧ 'ਚ ਹਾਈਕੋਰਟ ਨੇ 23 ਸਤੰਬਰ ਨੂੰ ਸੂਚਨਾ ਜਾਰੀ ਕੀਤੀ ਸੀ। ਸੂਚਨਾ ਅਨੁਸਾਰ ਓ.ਐਸ.ਡੀ. ਹਰਬੰਸ ਦੂਬੇ ਨੂੰ ਦੇਵਰੀਆ 'ਚ ਜ਼ਿਲ੍ਹਾ ਅਤੇ ਸੈਸ਼ਨ ਜੱਜ ਬਣਾਇਆ ਗਿਆ ਹੈ।

ਉਧਰ ਅਯੁੱਧਿਆ ਮਾਮਲੇ 'ਤੇ ਇਲਾਹਾਬਾਦ ਹਾਈਕੋਰਟ ਦੀ ਲਖਨਊ ਬੈਂਚ ਦਾ ਫੈਸਲਾ ਆਉਂਦੇ ਹੀ ਦੇਸ਼ ਭਰ 'ਚ ਹਾਈ ਅਲਰਟ ਲਾਗੂ ਹੋ ਜਾਵੇਗਾ। ਗ੍ਰਹਿ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਨੁਸਾਰ ਜੇ ਸੁਪਰੀਮ ਕੋਰਟ ਨੇ ਹਾਈ ਕੋਰਟ ਦਾ ਫੈਸਲਾ ਸੁਣਾਏ ਜਾਣ ਤੋਂ ਰੋਕ ਹਟਾ ਦਿੱਤੀ ਤਾਂ ਸਾਰੇ ਸੂਬਿਆਂ 'ਚ ਦੁਬਾਰਾ ਖਬਰਦਾਰ ਹੋਣ ਦੀ ਜ਼ਰੂਰਤ ਹੋਵੇਗੀ। ਗ੍ਰਹਿ ਵਿਭਾਗ ਨੇ ਸਾਰੇ ਦੇਸ਼ 'ਚ 32 ਸੰਵੇਦਨਸ਼ੀਲ ਥਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ।

# ਵਿਧਾਨ ਪ੍ਰੀਸ਼ਦ ਮੁੜ ਬਹਾਲ ਕਰਨ ਦਾ ਮੁੱਦਾ ਭਖਿਆ

*(ਸਫਾ ਇਕ ਦੀ ਬਾਕੀ)*

ਹੋਈ ਹੈ।

ਯਾਦ ਰਹੇ ਪੰਜਾਬ ਵਿਧਾਨ ਸਭਾ ਪਹਿਲੀ ਜਨਵਰੀ 1970 ਨੂੰ ਖਤਮ ਕਰ ਦਿੱਤੀ ਗਈ ਸੀ। ਅਕਾਲੀ ਦਲ 'ਚ ਮੌਜੂਦ ਸੂਤਰਾਂ ਅਨੁਸਾਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬੀਤੇ ਸ਼ੁੱਕਰਵਾਰ ਕਾਂਗਰਸ ਪਾਰਟੀ ਤੋਂ ਇਸ ਮਾਮਲੇ ਵਿਚ ਸਹਾਇਤਾ ਮੰਗੀ ਤਾਂ ਕਿ ਇਸ ਮਾਮਲੇ ਵਿਚ ਪੇਸ਼ ਕੀਤਾ ਜਾਣ ਵਾਲਾ ਮਤਾ ਸਾਂਝੇ ਰੂਪ ਵਿਚ ਪ੍ਰਵਾਨ ਹੋ ਸਕੇ। ਉਸ ਨੇ ਇਹ ਮਸਲਾ ਕਾਂਗਰਸ ਆਗੂ ਲਾਲ ਸਿੰਘ ਅਤੇ ਅਵਤਾਰ ਸਿੰਘ ਬਰਾੜ ਨਾਲ ਵਿਚਾਰਿਆ। ਸਪੀਕਰ ਨਿਰਮਲ ਸਿੰਘ ਕਾਹਲੋਂ ਅਤੇ ਅਕਾਲੀ-ਭਾਜਪਾ ਸਰਕਾਰ ਦੇ ਹੋਰ ਮੰਤਰੀ ਵੀ ਇਸ ਸਮੇਂ ਮੌਜੂਦ ਸਨ। ਫਿਰ ਵੀ ਸੂਤਰਾਂ ਦਾ ਕਹਿਣਾ ਹੈ ਕਿ ਕਾਂਗਰਸ ਲੀਡਰਾਂ ਨੇ ਇਸ ਮਾਮਲੇ 'ਤੇ ਹੁੰਗਾਰਾ ਨਹੀਂ ਭਰਿਆ ਅਤੇ ਸੁਖਬੀਰ ਨੂੰ ਕਹਿ ਦਿੱਤਾ ਹੈ ਕਿ ਇਹ ਮਸਲਾ ਉਹ ਕਾਂਗਰਸ ਵਿਧਾਨਕਾਰ ਪਾਰਟੀ ਵਿਚ ਰੱਖਣਗੇ।

ਬਾਅਦ ਵਿਚ ਕਾਂਗਰਸੀ ਆਗੂਆਂ ਨੇ ਕਿਹਾ ਕਿ ਉਨ੍ਹਾਂ ਨੇ ਇਹ ਮਸਲਾ ਆਪਸ ਵਿਚ ਵਿਚਾਰਿਆ ਅਤੇ ਸਮੁੱਚੇ ਤੌਰ 'ਤੇ ਪਾਰਟੀ ਆਗੂਆਂ ਦਾ ਵਿਚਾਰ ਇਹ ਸੀ ਕਿ ਰਾਜ ਦੀ ਮੌਜੂਦਾ ਆਰਥਿਕ ਹਾਲਤ ਦੇ ਮੱਦੇਨਜ਼ਰ ਵਿਧਾਨ ਪ੍ਰੀਸ਼ਦ ਦੀ ਮੁੜ ਬਹਾਲੀ ਠੀਕ ਨਹੀਂ ਹੈ। ਇਸ ਨਾਲ ਰਾਜ ਦਾ ਹੋਰ ਵਧੇਰੇ ਆਰਥਿਕ ਉਜਾੜਾ ਹੋਵੇਗਾ। ਸੂਤਰਾਂ ਅਨੁਸਾਰ ਸੁਖਬੀਰ ਨੇ ਕਾਂਗਰਸ ਆਗੂਆਂ ਨੂੰ ਦੱਸਿਆ ਕਿ ਉਨ੍ਹਾਂ ਨੇ ਇਹ ਮਸਲਾ ਪਹਿਲਾਂ ਹੀ ਕੇਂਦਰ ਸਰਕਾਰ ਨਾਲ ਵਿਚਾਰ ਲਿਆ ਹੈ ਪਰ ਕਾਂਗਰਸ ਆਗੂਆਂ ਨੇ ਇਸ ਦੇ ਬਾਵਜੂਦ ਸਵਾਲ ਕੀਤਾ ਕਿ "ਉਪਰਲੇ ਸਦਨ ਦੀ ਬਹਾਲੀ ਕਾਹਦੇ ਲਈ?"

ਯਾਦ ਰਹੇ 2007 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਜਾਣ ਪਿੱਛੋਂ ਬਾਦਲ ਸਰਕਾਰ ਨੇ ਇਹ ਮੁੱਦਾ ਮਾਹਿਰਾਂ ਦੀ ਕਮੇਟੀ ਨੂੰ ਸੌਂਪ ਦਿੱਤਾ ਸੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬੇਅੰਤ ਸਿੰਘ ਦੀ ਸਰਕਾਰ ਵੇਲੇ ਅਪ੍ਰੈਲ 1993 ਵਿਚ ਵਿਧਾਨ ਪ੍ਰੀਸ਼ਦ ਦੀ ਬਹਾਲੀ ਲਈ ਵਿਧਾਨ ਸਭਾ 'ਚ ਮਤਾ ਪਾਸ ਕੀਤਾ ਗਿਆ ਸੀ। ਸਰਕਾਰ ਨੇ ਇਹ ਜਾਣਨ ਲਈ ਕਾਨੂੰਨੀ ਮਾਹਿਰਾਂ ਦੀ ਕਮੇਟੀ ਦਾ ਗਠਨ ਕੀਤਾ ਸੀ ਕਿ ਕੀ 1993 ਦੇ ਮਤੇ ਦੇ ਆਧਾਰ 'ਤੇ ਤਾਜ਼ਾ ਕੇਸ ਤਿਆਰ ਕੀਤਾ ਜਾ ਸਕਦਾ ਹੈ ਜਾਂ ਨਹੀਂ? ਸਰਕਾਰ ਇਹ ਵੀ ਜਾਣਨਾ ਚਾਹੁੰਦੀ ਸੀ ਕਿ ਕੀ ਉਸ ਨੂੰ ਇਸ ਸਬੰਧੀ ਮਤਾ ਵਿਧਾਨ ਸਭਾ ਵਿਚ ਪਾਸ ਕਰਵਾਉਣ ਲਈ ਦੋ ਤਿਹਾਈ ਬਹੁਮਤ ਦੀ ਜ਼ਰੂਰਤ ਪਵੇਗੀ? ਇਸ ਮਕਸਦ ਲਈ ਵਿਰੋਧੀ ਧਿਰ ਦਾ ਸਹਿਯੋਗ ਵੀ ਜ਼ਰੂਰੀ ਹੋਵੇਗਾ। ਸੰਵਿਧਾਨ ਦੀ ਧਾਰਾ 169 ਅਨੁਸਾਰ ਜੇ ਸੰਬੰਧਿਤ ਰਾਜ ਦੀ ਵਿਧਾਨ ਸਭਾ ਦੋ ਤਿਹਾਈ ਬਹੁਮਤ ਨਾਲ ਵਿਧਾਨ ਪ੍ਰੀਸ਼ਦ ਬਹਾਲ ਕਰਨ ਦੇ ਹੱਕ ਵਿਚ ਮਤਾ ਪਾਸ ਕਰ ਦੇਵੇ ਤਾਂ ਪਾਰਲੀਮੈਂਟ ਵਲੋਂ ਆਖਰੀ ਮੋਹਰ ਲਗਾਉਣ ਨਾਲ ਵਿਧਾਨ ਪ੍ਰੀਸ਼ਦ ਹੋਂਦ ਵਿਚ ਆ ਸਕਦੀ ਹੈ। ਜਿਉਂ ਹੀ ਵਿਧਾਨ ਸਭਾ ਇਸ ਮਤੇ ਨੂੰ ਪਾਸ ਕਰ ਦੇਵੇਗੀ ਅੰਤਿਮ ਪ੍ਰਵਾਨਗੀ ਲਈ ਇਹ ਪਾਰਲੀਮੈਂਟ ਕੋਲ ਜਾਵੇਗਾ।

ਉਂਜ ਪੰਜਾਬ ਦੇ ਵਿੱਤ ਮੰਤਰੀ ਸ੍ਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਵਿਧਾਨ ਪ੍ਰੀਸ਼ਦ ਦੀ ਮੁੜ ਬਹਾਲੀ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਆਖਣਾ ਹੈ ਕਿ ਇਸ ਦੀ ਕਾਇਮੀ ਨਾਲ ਸਰਕਾਰ 'ਤੇ ਬਹੁਤ ਜ਼ਿਆਦਾ ਵਿੱਤੀ ਬੋਝ ਪਵੇਗਾ। ਉਧਰ ਸੁਖਬੀਰ ਸਿੰਘ ਬਾਦਲ ਦੀ ਦਲੀਲ ਹੈ ਕਿ ਵਿਧਾਨ ਸਭਾ ਦੀ ਕਾਇਮੀ ਨਾਲ ਪੰਜਾਬ ਦੇ ਵੱਖ-ਵੱਖ ਤਬਕਿਆਂ ਅਤੇ ਪ੍ਰਮੁੱਖ ਸ਼ਖਸੀਅਤਾਂ ਨੂੰ ਨੁਮਾਇੰਦਗੀ ਦੇਣੀ ਆਸਾਨ ਹੋ ਜਾਵੇਗੀ। ਮੀਡੀਏ ਦੇ ਕੁਝ ਹਿੱਸਿਆਂ ਵਲੋਂ ਵੀ ਪੰਜਾਬ ਸਰਕਾਰ ਦੀ ਇਸ ਤਜਵੀਜ਼ ਦੀ ਤਿੱਖੀ ਆਲੋਚਨਾ ਹੋਈ ਹੈ। ਉਨ੍ਹਾਂ ਦਾ ਆਖਣਾ ਹੈ ਕਿ ਪੰਜਾਬ ਸਰਕਾਰ ਪਹਿਲਾਂ ਹੀ ਕਰਜ਼ੇ ਹੇਠ ਦੱਬੀ ਹੋਈ ਹੈ। ਵਿਧਾਨ ਪ੍ਰੀਸ਼ਦ ਦੀ ਕਾਇਮੀ ਪੰਜਾਬ ਸਰਕਾਰ ਨੂੰ ਹੋਰ ਕਰਜ਼ਾਈ ਕਰੇਗੀ। ਉਨ੍ਹਾਂ ਦਾ ਆਖਣਾ ਹੈ ਕਿ ਰਾਜਨੀਤਕ ਪਾਰਟੀਆਂ ਨੂੰ ਆਪਣੇ ਅੰਦਰ ਹੀ ਵੱਖ-ਵੱਖ ਧਿਰਾਂ ਨੂੰ ਨੁਮਾਇੰਦਗੀ ਦੇਣੀ ਚਾਹੀਦੀ।

## ਅਯੁੱਧਿਆ ਮਾਮਲੇ 'ਤੇ 3000 ਕਰੋੜ ਦਾ ਸੱਟਾ

**ਨਵੀਂ ਦਿੱਲੀ :** ਅਯੁੱਧਿਆ ਬਾਰੇ ਆਉਣ ਵਾਲੇ ਫੈਸਲੇ 'ਤੇ ਸੱਟਾ ਬਾਜ਼ਾਰ ਗਰਮਾਇਆ ਹੋਇਆ ਹੈ। ਭਾਰਤ ਅਤੇ ਆਸਟਰੇਲੀਆ ਦਰਮਿਆਨ ਹੋਣ ਵਾਲੀ ਕ੍ਰਿਕਟ ਟੈਸਟ ਲੜੀ ਤੋਂ ਪਹਿਲਾਂ ਸਟੋਰੀਏ ਅਯੁੱਧਿਆ ਮੁੱਦੇ 'ਤੇ 'ਕਮਾਈ' ਕਰਨਾ ਚਾਹੁੰਦੇ ਹਨ। ਸੂਤਰਾਂ ਦੀ ਮੰਨੀਏ ਤਾਂ ਹਾਈ ਕੋਰਟ ਦੇ ਫੈਸਲੇ ਨੂੰ ਲੈ ਕੇ ਪੂਰੇ ਦੇਸ਼ ਵਿਚ 3000 ਕਰੋੜ ਦਾ ਸੱਟਾ ਲੱਗਾ ਹੋਇਆ ਹੈ। ਸਭ ਤੋਂ ਵੱਧ ਸੱਟਾ ਇਸ ਗੱਲ 'ਤੇ ਲੱਗਾ ਹੈ ਕਿ ਫੈਸਲਾ ਕਿਸ ਦੇ ਹੱਕ ਵਿਚ ਰਹੇਗਾ, ਮੰਦਰ ਦੇ ਜਾਂ ਮਸਜਿਦ ਦੇ। ਸਟੋਰੀਆਂ ਦੇ ਲਿਹਾਜ਼ ਨਾਲ ਮੰਦਰ-ਮਸਜਿਦ ਦੋਹਾਂ ਦੇ ਹਮਾਇਤੀਆਂ ਦੀ ਭਾਰੀ ਗਿਣਤੀ ਹੈ ਪਰ ਭਾਅ ਮੰਦਰ ਦਾ ਘੱਟ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਗੁਰਦੁਆਰਾ ਸਾਹਿਬ ਫਰੀਮਾਂਟ 'ਚ ਸਰੀਰਕ ਤੰਦਰੁਸਤੀ ਲਈ ਯੋਗਾ ਕਲਾਸਾਂ ਸ਼ੁਰੂ-ਖਬਰ**

-ਤੇ ਨਾਲ ਹੀ ਪਕੌੜੇ, ਪੂੜੀਆਂ ਤੇ ਜਲੇਬੀਆਂ ਦੇ ਅਤੁੱਟ ਲੰਗਰ ਵੀ ਵਰਤਦੇ ਰਹਿਣਗੇ। ਲਗਦਾ ਨਹੀਂ ਕਿ ਸਿੰਘਾਂ ਦੀ ਇਸ ਪੌਸ਼ਟਿਕ ਖੁਰਾਕ ਮੂਹਰੇ ਯੋਗਾ ਦੇ ਢਿੱਲੇ ਜਿਹੇ ਆਸਣ ਕੋਈ ਅਸਰ ਦਿਖਾਉਣਗੇ।

***ਵਿਦੇਸ਼ੀ ਖਿਡਾਰੀ ਲੋੜ ਤੋਂ ਜ਼ਿਆਦਾ ਰੌਲਾ ਪਾ ਰਹੇ ਹਨ-ਮਿਲਖਾ ਸਿੰਘ**

-ਆਹੋ! ਕਮਰੇ 'ਚੋਂ ਸੱਪ ਈ ਨਿਕਲਿਆ, ਕਿਤੇ ਹਾਥੀ ਤਾਂ ਨੀ ਨਿਕਲ ਆਇਆ।

***ਭਾਰਤੀ ਸਾਈਕਲ ਬਾਜ਼ਾਰ 15-18 ਫੀਸਦੀ ਦੀ ਦਰ ਨਾਲ ਵਧ ਰਿਹੈ**

-ਗਰੀਬਾਂ ਦੀ ਆਬਾਦੀ ਜੁ ਇਸੇ ਦਰ ਨਾਲ ਵਧ ਰਹੀ ਐ।

***ਪੁਲਿਸ ਵਲੋਂ ਹੋਟਲ ਮਾਲਕਾਂ ਨੂੰ ਸਖਤ ਹਦਾਇਤਾਂ**

-ਬਈ ਮਹੀਨਾ ਟੈਮ ਨਾਲ ਭਰੋ, ਨਹੀਂ ਤਾਂ ਛਾਪੇ ਮਾਰਾਂਗੇ।

***ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਰੋਵਰ ਵਿਚ ਮੱਛੀਆਂ ਮਰੀਆਂ**

-ਜਥੇਦਾਰੋ! ਕਰ ਲਉ ਫਿਰ ਸਰਨੇ ਨੂੰ ਤਲਬ।

***ਸਿੱਖ ਨੌਜਵਾਨਾਂ ਲਈ ਚੇਤਨਾ ਕੈਂਪ ਲਾਏ ਜਾਣ ਦੀ ਲੋੜ-ਬੱਬੀ ਬਾਦਲ**

-ਤਾਂ ਕਿ ਵੱਧ ਤੋਂ ਵੱਧ ਨੌਜਵਾਨ ਬਾਦਲਾਂ ਦੀ ਚਮਚਾਗਿਰੀ ਤੇ ਝੋਲੀ ਚੁੱਕੀ ਲਈ ਤਿਆਰ ਕੀਤੇ ਜਾ ਸਕਣ।

***ਹੁਣ ਹਰ ਘੰਟੇ ਦਿੱਲੀ ਹਵਾਈ ਅੱਡੇ ਤੋਂ ਪੰਜਾਬ ਨੂੰ ਚੱਲਣਗੀਆਂ ਬੱਸਾਂ**

-ਪਰ ਰਸਤੇ 'ਚ ਰੁਕਣਗੀਆਂ ਉਨ੍ਹਾਂ ਢਾਬਿਆਂ 'ਤੇ ਈ ਜਿੱਥੇ ਸਵਾਰੀਆਂ ਨੂੰ ਮਹਿੰਗਾ ਤੇ ਡਰਾਈਵਰਾਂ-ਕੰਡਕਟਰਾਂ ਨੂੰ ਮੁਫਤ ਖਾਣਾ ਮਿਲੂ।

# ਭ੍ਰਿਸ਼ਟਾਚਾਰ ਤੇ ਬਦਇੰਤਜ਼ਾਮੀ ਨੇ ਦੇਸ਼ ਦਾ ਅਕਸ ਵਿਗਾੜਿਆ

ਮੀਡੀਏ ਨੇ ਪ੍ਰਬੰਧਾਂ ਦੀ ਸੁਸਤ ਚਾਲ ਨੂੰ ਨਿਸ਼ਾਨਾ ਬਣਾਇਆ ਪਰ ਬਾਅਦ 'ਚ ਫਰੋਲਦਿਆਂ-ਫਰੋਲਦਿਆਂ ਖਿੱਦੋ ਦੀਆਂ ਸਾਰੀਆਂ ਲੀਰਾਂ ਬਾਹਰ ਆ ਗਈਆਂ। ਪੈਰ-ਪੈਰ 'ਤੇ ਭ੍ਰਿਸ਼ਟਾਚਾਰ, ਬਦਇੰਤਜ਼ਾਮੀ ਤੇ ਕਈ ਹੋਰ ਵਿਵਾਦਾਂ ਨੇ ਭਾਰਤ ਦੀ ਸ਼ਾਖ ਨੂੰ ਤਾਰ-ਤਾਰ ਕਰ ਦਿੱਤਾ। ਵਾਰ-ਵਾਰ ਮੇਜ਼ਬਾਨੀ ਖੁਸਣ ਦੇ ਹਾਲਾਤ ਬਣੇ ਜਿਸ ਕਾਰਨ ਹੋਰਾਂ ਮੁਲਕਾਂ ਨੂੰ ਤਾਂ ਛੱਡੋ ਭਾਰਤ 'ਚ ਵੀ ਇਨ੍ਹਾਂ ਖੇਡਾਂ ਪ੍ਰਤੀ ਕੋਈ ਬਹੁਤਾ ਉਤਸ਼ਾਹ ਨਹੀਂ ਰਿਹਾ। ਬੀਤੇ ਦਿਨ ਸਟੇਡੀਅਮ 'ਚ ਭਾਰ ਤੋਲਣ ਹਾਲ ਦੀ ਛੱਤ (ਫਾਲਸ ਸੀਲਿੰਗ) ਦਾ ਇੱਕ ਹਿੱਸਾ ਡਿੱਗ ਗਿਆ ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਸ ਤੋਂ ਪਹਿਲਾਂ 21 ਸਤੰਬਰ ਨੂੰ ਸਟੇਡੀਅਮ ਦੇ ਬਾਹਰ ਪੈਦਲ ਚੱਲਣ ਵਾਲਿਆਂ ਲਈ ਬਣਿਆ ਪੁਲ ਵੀ ਅਚਾਨਕ ਡਿੱਗ ਗਿਆ ਸੀ ਤੇ ਇਸ ਹਾਦਸੇ 'ਚ 27 ਮਜ਼ਦੂਰ ਜ਼ਖ਼ਮੀ ਹੋ ਗਏ ਸਨ। ਸਰਕਾਰ ਨੇ ਪੁਲ ਦਾ ਨਿਰਮਾਣ ਕਰਨ ਵਾਲੀ ਕੰਪਨੀ ਨੂੰ ਬਲੈਕ ਲਿਸਟ ਕਰ ਦਿੱਤਾ ਹੈ।

ਉਧਰ ਰਾਸ਼ਟਰਮੰਡਲ ਖੇਡ ਫੈਡਰੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਮਾਈਕ ਹੂਪਰ ਨੇ ਖੇਡਾਂ ਦੇ ਢਿੱਲੇ ਪ੍ਰਬੰਧ ਲਈ ਭਾਰਤ ਦੀਆਂ ਕੇਂਦਰੀ ਤੇ ਸੂਬਾ ਸਰਕਾਰਾਂ ਦੇ ਨਾਲ ਹੀ ਰਾਸ਼ਟਰਮੰਡਲ ਖੇਡ ਫੈਡਰੇਸ਼ਨ ਨੂੰ ਵੀ ਜ਼ਿੰਮੇਵਾਰ ਦੱਸਿਆ ਹੈ। ਰਾਸ਼ਟਰ ਮੰਡਲ ਖੇਡਾਂ ਲਈ ਆ ਰਹੇ ਖਿਡਾਰੀਆਂ ਤੇ ਉਨ੍ਹਾਂ ਦੀ ਮਹਿਮਾਨ ਨਿਵਾਜ਼ੀ 'ਚ ਲੱਗੇ ਪ੍ਰਬੰਧਕਾਂ ਨੂੰ ਅਜੇ ਮੁਸ਼ਕਿਲਾਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਵਿਦੇਸ਼ੀ ਖਿਡਾਰੀ ਆਉਣੇ ਸ਼ੁਰੂ ਹੋ ਗਏ ਹਨ ਪਰ ਖੇਡ ਪਿੰਡ ਅਜੇ ਵੀ ਪੂਰੀ ਤਰ੍ਹਾਂ ਤਿਆਰ ਨਹੀਂ ਹੋਇਆ। ਹਵਾਈ ਅੱਡੇ ਤੋਂ ਖਿਡਾਰੀਆਂ ਨੂੰ ਲਿਆਉਣ ਤੱਕ ਦੇ ਪ੍ਰਬੰਧ ਵੀ ਠੀਕ ਨਹੀਂ ਹਨ। ਮਾਈਕ ਹੂਪਰ ਨੇ ਕਿਹਾ ਹੈ ਕਿ ਖੇਡਾਂ ਦੀ ਬਦਇੰਤਜ਼ਾਮੀ ਤੇ ਹੋਰ ਸਮੱਸਿਆਵਾਂ ਲਈ ਫੈਡਰੇਸ਼ਨ ਜ਼ਿੰਮੇਵਾਰ ਨਹੀਂ ਬਲਕਿ ਭਾਰਤ ਸਰਕਾਰ ਜ਼ਿੰਮੇਵਾਰ ਹੈ। ਉਧਰ ਖੇਡ ਪਿੰਡ 'ਚ ਠਹਿਰੇ ਦੱਖਣੀ ਅਫ਼ਰੀਕਾ ਤੇ ਮਲੇਸ਼ੀਆ ਦੇ ਖਿਡਾਰੀਆਂ ਨੇ ਖੇਡ ਪਿੰਡ ਨਾਲੋਂ ਹੋਟਲ 'ਚ ਠਹਿਰਾਉਣ ਦੀ ਮੰਗ ਕੀਤੀ ਤੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਉਹ ਖੇਡ ਪਿੰਡ ਛੱਡ ਦੇਣਗੇ। ਉਨ੍ਹਾਂ ਕਿਹਾ ਕਿ ਰਾਤ ਭਰ ਖੇਡ ਪਿੰਡ 'ਚ ਕੰਮ ਚੱਲਦਾ ਰਹਿੰਦਾ ਹੈ ਜਿਸ ਕਾਰਨ ਉਨ੍ਹਾਂ ਦੀ ਨੀਂਦ ਖਰਾਬ ਹੁੰਦੀ ਹੈ।

ਹੈਰਾਨੀ ਦੀ ਗੱਲ ਹੈ ਕਿ ਖੇਡਾਂ 'ਚ ਹਿੱਸਾ ਲੈਣ ਲਈ ਪੂਨੇ ਤੋਂ ਅਭਿਆਸ ਕਰਕੇ ਪਰਤੇ ਭਾਰਤੀ ਨਿਸ਼ਾਨਚੀਆਂ ਦੇ ਦਲ ਨੂੰ ਹਵਾਈ ਅੱਡੇ ਤੋਂ ਖੇਡ ਪਿੰਡ ਤੱਕ ਆਉਂਦੇ ਅੱਠ ਘੰਟੇ ਲੱਗ ਗਏ। ਇਹ ਦਲ ਰਾਤ ਕਰੀਬ ਸਾਢੇ ਅੱਠ ਵਜੇ ਦਿੱਲੀ ਹਵਾਈ ਅੱਡੇ 'ਤੇ ਉਤਰਿਆ ਸੀ ਤੇ ਸਵੇਰੇ ਸਾਢੇ ਪੰਜ ਵਜੇ ਖੇਡ ਪਿੰਡ ਪੁੱਜਾ। ਇੰਨੇ ਸਮੇਂ 'ਚ ਕੇਵਲ ਉਨ੍ਹਾਂ ਦੀ ਐਕਰੀਡੇਸ਼ਨ ਹੀ ਹੋਈ। ਸੁਰੱਖਿਆ ਅਧਿਕਾਰੀਆਂ ਨੂੰ ਖਿਡਾਰੀਆਂ ਵਾਸਤੇ ਬੱਸ ਹੀ ਨਹੀਂ ਸੀ ਮਿਲੀ ਜਿਸ ਕਰਾਨ ਇੰਨਾ ਸਮਾਂ ਲੱਗ ਗਿਆ। ਇਸ ਦੇ ਨਾਲ ਹੀ ਚਾਰੇ ਪਾਸਿਓਂ ਆਲੋਚਨਾ ਦਾ ਸਾਹਮਣਾ ਕਰ ਰਹੇ ਰਾਸ਼ਟਰਮੰਡਲ ਖੇਡਾਂ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਸੁਰੇਸ਼ ਕਲਮਾਡੀ ਨੇ ਖੇਡਾਂ ਤੋਂ ਪਹਿਲਾਂ ਹੋਈ ਪ੍ਰੇਸ਼ਾਨੀ ਦੀ ਨੈਤਿਕ ਜ਼ਿੰਮੇਵਾਰੀ ਸਵੀਕਾਰ ਕੀਤੀ ਹੈ। ਸ੍ਰੀ ਕਲਮਾਡੀ ਨੇ ਸਰਕਾਰੀ ਏਜੰਸੀਆਂ ਵੱਲ ਉਂਗਲੀ ਉਠਾਉਂਦੇ ਹੋਏ ਕਿਹਾ ਕਿ ਉਹ ਕੰਮ ਨੂੰ ਨੇਪਰੇ ਚਾੜ੍ਹਨ ਲਈ ਸਮੇਂ ਸਿਰ ਬੁਨਿਆਦੀ ਢਾਂਚਾ ਮੁਹੱਈਆ ਨਹੀਂ ਕਰ ਰਹੀਆਂ।




ਖੇਡਾਂ ਦੇ ਪ੍ਰਧਾਨ ਮਾਈਕਲ ਫੇਨੇਲ ਨੇ ਕਿਹਾ ਕਿ ਖੇਡਾਂ ਦੀਆਂ ਤਿਆਰੀਆਂ 'ਚ ਦੇਰੀ ਕਾਰਨ ਭਾਰਤ ਦਾ ਅਕਸ ਖਰਾਬ ਹੋਇਆ ਹੈ। ਮਾਮਲਾ ਇੱਥੋਂ ਤੱਕ ਪੁੱਜ ਗਿਆ ਕਿ ਖੇਡਾਂ ਦੀ ਤਿਆਰੀ ਬਾਰੇ ਪ੍ਰਧਾਨ ਮੰਤਰੀ ਨੇ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੂੰ ਖੇਡ ਪਿੰਡ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਕੈਬਨਿਟ ਦੀ ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਨੇ ਖੇਡਾਂ ਦੀ ਢਿੱਲੀ ਤਿਆਰੀ ਲਈ ਖੇਡ ਮੰਤਰੀ ਮਨੋਹਰ ਸਿੰਘ ਗਿੱਲ ਤੇ ਸ਼ਹਿਰੀ ਵਿਕਾਸ ਮੰਤਰੀ ਐਸ. ਜੈਪਾਲ ਰੈਡੀ ਦੀ ਖਿਚਾਈ ਵੀ ਕੀਤੀ। ਜਦੋਂ ਖੇਡ ਮੰਤਰੀ ਨੇ ਕੈਬਨਿਟ ਮੀਟਿੰਗ 'ਚ ਰਾਸ਼ਟਰਮੰਡਲ ਖੇਡਾਂ ਦੀ ਪੇਸ਼ਕਾਰੀ ਕਰਨ ਦੀ ਇੱਛਾ ਪ੍ਰਗਟਾਈ ਤਾਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਵੇਲਾ ਗੱਲਾਂ ਕਰਨ ਦਾ ਨਹੀਂ, ਕੰਮ ਕਰਨ ਦਾ ਹੈ।

ਇਸ ਦੇ ਨਾਲ ਹੀ ਸਾਈਕਲਿਸਟ ਗੇਰੈਂਟ ਥਾਮਸ ਸਮੇਤ ਇੰਗਲੈਂਡ ਦੇ ਚਾਰ ਸਾਈਕਲ ਸਵਾਰਾਂ ਨੇ ਦਿੱਲੀ 'ਚ ਸਿਹਤ ਤੇ ਸੁਰੱਖਿਆ ਖ਼ਤਰੇ ਕਾਰਨ ਆਪਣੇ ਨਾਂ ਵਾਪਸ ਲੈ ਲਏ ਹਨ। ਇਸ ਤੋਂ ਇਲਾਵਾ ਨਿਊਜ਼ੀਲੈਂਡ ਦੇ ਸਾਬਕਾ ਵਿਸ਼ਵ ਚੈਂਪੀਅਨ ਸਾਈਕਲਿਸਟ ਹੈਂਡਰਸਨ ਨੇ ਵੀ ਦਿੱਲੀ ਆਉਣ ਤੋਂ ਨਾਂਹ ਕਰ ਦਿੱਤੀ ਹੈ। ਕੈਨੇਡਾ ਦੇ ਦੋ ਤੀਰ ਅੰਦਾਜ਼ਾਂ ਨੇ ਨਵੀਂ ਦਿੱਲੀ ਨਾ ਆਉਣ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਮੁੱਕੇਬਾਜ਼ ਸਮੀਰ ਅਲ ਮੈਸ ਨੇ ਵੀ ਦਿੱਲੀ ਨਾ ਜਾਣ ਦੇ ਸੰਕੇਤ ਦਿੱਤੇ ਹਨ। ਇਸ ਤੋਂ ਪਹਿਲਾਂ ਆਸਟਰੇਲੀਆ ਦੇ ਇੱਕ ਤੇ ਇੰਗਲੈਂਡ ਦੇ ਤਿੰਨ ਅਥਲੀਟਾਂ ਨੇ ਰਾਸ਼ਟਰਮੰਡਲ ਖੇਡਾਂ ਤੋਂ ਆਪਣੇ ਨਾਂ ਵਾਪਸ ਲਏ ਹਨ।

ਉਧਰ ਆਸਟਰੇਲੀਆ ਉਲੰਪਿਕ ਕਮੇਟੀ ਦੇ ਮੁਖੀ ਜੋਨ ਕੋਟਸ ਨੇ ਕਿਹਾ ਕਿ ਭਾਰਤ ਨੂੰ ਖੇਡਾਂ ਦੀ ਮੇਜ਼ਬਾਨੀ ਨਹੀਂ ਸੀ ਦੇਣੀ ਚਾਹੀਦੀ। ਉਨ੍ਹਾਂ ਕਿਹਾ ਕਿ ਦਿੱਲੀ ਅਜੇ ਖੇਡਾਂ ਲਈ ਤਿਆਰ ਹੋ ਰਹੀ ਹੈ ਪਰ ਅਧਿਕਾਰੀਆਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ। ਇਸ ਦੇ ਨਾਲ ਹੀ ਬਰਤਾਨੀਆ ਤੇ ਅਮਰੀਕਾ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਅਫਗਾਨਿਸਤਾਨ 'ਚ ਅਤਿਵਾਦ ਵਿਰੁੱਧ ਚੱਲ ਰਹੀ ਲੜਾਈ 'ਚ ਬਰਤਾਨੀਆ ਵੱਲੋਂ ਦਿੱਤੇ ਜਾ ਰਹੇ ਸਾਥ ਕਾਰਨ ਅਲਕਾਇਦਾ ਭਾਰਤ ਦੌਰੇ ਸਮੇਂ ਖਿਡਾਰੀਆਂ ਨੂੰ ਅਗਵਾ ਕਰ ਸਕਦਾ ਹੈ। ਖੁਫ਼ੀਆ ਵਿਭਾਗ ਨੇ ਇਸ ਬਾਰੇ ਸਰਕਾਰ ਨੂੰ ਸੂਚਿਤ ਕੀਤਾ ਹੈ। ਖੁਫ਼ੀਆ ਏਜੰਸੀਆਂ ਦਾ ਕਹਿਣਾ ਹੈ ਕਿ ਭਾਰਤ ਦੌਰੇ ਸਮੇਂ ਬਰਤਾਨੀਆ, ਆਸਟਰੇਲੀਆ, ਕੈਨੇਡਾ ਤੇ ਨਿਊਜ਼ੀਲੈਂਡ ਦੇ ਖਿਡਾਰੀਆਂ ਨੂੰ ਅਲਕਾਇਦਾ ਤੇ ਲਸ਼ਕਰ-ਏ-ਤਾਇਬਾ ਤੋਂ ਖ਼ਤਰਾ ਹੈ। ਆਸਟਰੇਲੀਆ ਦੀ ਪ੍ਰਧਾਨ ਮੰਤਰੀ ਜੂਲੀਆ ਗਿਲਾਰਡ ਨੇ ਨਵੀਂ ਦਿੱਲੀ ਜਾਣ ਵਾਲੇ ਆਪਣੇ ਨਾਗਰਿਕਾਂ ਨੂੰ ਸਲਾਹ ਦਿੱਤੀ ਹੈ ਕਿ ਉਥੇ ਅਤਿਵਾਦੀ ਹਮਲੇ ਦੀ ਪੂਰੀ ਸੰਭਾਵਨਾ ਹੈ।

## ਪਾਟਿਲ ਤੇ ਚਾਰਲਸ ਕਰਨਗੇ ਉਦਘਾਟਨ

ਬਰਤਾਨੀਆ ਦੇ ਸ਼ਾਹੀ ਪਰਿਵਾਰ ਨੇ ਐਲਾਨ ਕੀਤਾ ਕਿ ਭਾਰਤੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਤੇ ਰਾਜਕੁਮਾਰ ਚਾਰਲਸ ਸਾਂਝੇ ਤੌਰ 'ਤੇ ਖੇਡਾਂ ਦਾ ਉਦਘਾਟਨ ਕਰਨਗੇ। ਰਾਜਕੁਮਾਰ ਚਾਰਲਸ ਰਾਸ਼ਟਰ ਮੰਡਲ ਖੇਡਾਂ ਦੇ ਸਮਾਰੋਹਾਂ ਦੀ ਮੁਖੀ ਮਹਾਰਾਣੀ ਐਲਿਜ਼ਬੈਥ ਦੂਜੀ ਜਿਹੜੀ 44 ਸਾਲਾਂ 'ਚ ਪਹਿਲੀ ਵਾਰ ਖੇਡ ਸਮਾਰੋਹਾਂ 'ਚ ਸ਼ਾਮਲ ਨਹੀਂ ਹੋਵੇਗੀ ਦੇ ਪ੍ਰਤੀਨਿਧ ਵਜੋਂ ਖੇਡਾਂ 'ਚ ਸ਼ਾਮਲ ਹੋ ਰਹੇ ਹਨ। ਹੁਣ ਉਦਘਾਟਨ ਬਾਰੇ ਕੋਈ ਝਗੜਾ ਨਹੀਂ ਰਿਹਾ। ਖੇਡਾਂ ਦੇ ਉਦਘਾਟਨੀ ਸਮਾਰੋਹ ਵਿਚ ਵੇਲਜ ਦੇ ਰਾਜਕੁਮਾਰ ਅਤੇ ਭਾਰਤੀ ਰਾਸ਼ਟਰਪਤੀ ਦੀ ਪ੍ਰਮੁੱਖ ਭੂਮਿਕਾ ਹੋਵੇਗੀ। ਜਦੋਂ ਕਿ ਰਾਜਕੁਮਾਰ ਚਾਰਲਸ ਖੇਡਾਂ ਸ਼ੁਰੂ ਹੋਣ ਦਾ ਐਲਾਨ ਕਰਨਗੇ, ਉਥੇ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਰਸਮੀ ਤੌਰ 'ਤੇ ਖੇਡਾਂ ਸ਼ੁਰੂ ਕੀਤੇ ਜਾਣ ਨੂੰ ਪ੍ਰਵਾਨਗੀ ਦੇਣਗੇ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

National Truck Driving School



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838



Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

Reo-Bankowned Properties
Serving from Bay Area to Sacramento
We Help You Buy/Sell Business & Homes

Multi-Million Dollars Producer-2007-08

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707


### ਮਾਨ ਦਲ ਵਲੋਂ ਪੰਜਾਬ ਦੀ ਫਿਜ਼ਾ 'ਚ ਭਰਵੀਂ ਦਸਤਕ

# ਜਗਰਾਓਂ 'ਚ ਪੰਜਾਬ ਬਚਾਓ ਰੈਲੀ ਦੌਰਾਨ ਲੱਖਾਂ ਦਾ ਇਕੱਠ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਪੰਜਾਬ ਦੀ ਪ੍ਰਮੁੱਖ ਗਰਮ ਖਿਆਲੀ ਧਿਰ ਵਜੋਂ ਜਾਣੇ ਜਾਂਦੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਜਗਰਾਉਂ ਵਿਚ ਬੀਤੀ 28 ਸਤੰਬਰ ਨੂੰ ਪੰਜਾਬ ਅਤੇ ਸਿੱਖਾਂ ਦੇ ਬਹੁਤ ਸਾਰੇ ਮਸਲਿਆਂ ਨੂੰ ਲੈ ਕੇ ਕੀਤੀ ਗਈ ਪੰਜਾਬ ਬਚਾਓ ਰੈਲੀ ਨੇ ਸ. ਸਿਮਰਨਜੀਤ ਸਿੰਘ ਮਾਨ ਅਤੇ ਉਨ੍ਹਾਂ ਦੀ ਪਾਰਟੀ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੱਡੀ ਧਿਰ ਵਜੋਂ ਉਭਾਰਿਆ ਹੈ। ਇਸ ਰੈਲੀ ਵਿਚ ਪੰਜਾਬ ਭਰ ਤੋਂ ਪਾਰਟੀ ਆਗੂਆਂ ਸਮੇਤ ਲੋਕਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਖਬਰਾਂ ਅਨੁਸਾਰ ਇਹ ਇਕੱਠ 25 ਤੋਂ 50 ਹਜ਼ਾਰ ਦਰਮਿਆਨ ਸੀ। ਜਦਕਿ ਸ. ਮਾਨ ਨੇ ਆਪਣੇ ਭਾਸ਼ਣ ਵਿਚ ਇਕੱਠ ਦੀ ਗਿਣਤੀ 2 ਲੱਖ ਦੱਸੀ। ਆਪਣੀ ਸਵਾ ਘੰਟਾ ਲੰਮੀ ਜ਼ੋਰਦਾਰ ਤਕਰੀਰ ਵਿਚ ਉਨ੍ਹਾਂ ਵੱਖ-ਵੱਖ ਮੁੱਦੇ ਉਭਾਰਨ ਤੋਂ ਇਲਾਵਾ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੀ ਆਵਾਜ਼ ਮੁੱਖ ਤੌਰ 'ਤੇ ਉਠਾਈ।

ਰੈਲੀ ਦੌਰਾਨ ਸ. ਮਾਨ ਨੇ ਪੰਜਾਬ ਦੇ ਪਾਣੀਆਂ, ਜ਼ਮੀਨ ਤੇ ਪੰਜਾਬੀ ਬੋਲੀ ਦੇ ਮੁੱਦਿਆਂ ਦੀ ਗੱਲ ਕਰਦਿਆਂ ਵਿਰੋਧੀ ਧਿਰਾਂ ਬਾਦਲ ਦਲ, ਭਾਜਪਾ ਤੇ ਕਾਂਗਰਸ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਹਿੰਦੂ-ਸਿੱਖ ਏਕਤਾ ਦੀ ਗੱਲ ਕਰਨ ਵਾਲੇ ਆਗੂਆਂ 'ਤੇ ਕਰਾਰੀ ਟਿੱਪਣੀ ਕਰਦਿਆਂ ਕਿਹਾ ਕਿ ਸਿੱਖਾਂ ਤੇ ਹਿੰਦੂਆਂ ਵਿਚ ਨਹੁੰ ਮਾਸ ਦਾ ਕੋਈ ਨਾਤਾ ਨਹੀਂ, ਸਗੋਂ ਖਾਲਿਸਤਾਨ ਹੀ ਸਿੱਖਾਂ ਲਈ ਇੱਕੋ-ਇਕ ਰਾਹ ਹੈ। ਉਨ੍ਹਾਂ ਕਿਹਾ ਕਿ 1947 ਵਿਚ ਸਿੱਖ ਆਗੂ ਨਿਸ਼ਾਨੇ ਤੋਂ ਖੁੰਝ ਗਏ ਤੇ ਖਾਲਿਸਤਾਨ ਨਾ ਲੈ ਸਕੇ। ਉਨ੍ਹਾਂ ਹੋਰ ਕਿਹਾ ਕਿ ਉਹ ਕਿਸੇ ਫਿਰਕੇ ਜਾਂ ਧਰਮ ਦੇ ਵਿਰੋਧੀ ਨਹੀਂ ਪਰ ਹਿੰਦੂਆਂ ਤੇ ਸਿੱਖਾਂ ਵਿਚਕਾਰ ਨਾ ਮਿਟਣ ਯੋਗ ਫਰਕ ਹਨ।



ਪੰਜਾਬ ਦੇ ਬਹੁਤ ਸਾਰੇ ਬੁਨਿਆਦੀ ਮਸਲੇ ਛੋਹਦੇ ਹੋਏ ਉਨ੍ਹਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੋਚ ਦੀਆਂ ਮੁਦੱਈ ਸਾਰੀਆਂ ਧਿਰਾਂ ਨੂੰ ਪਾਰਟੀ ਵਿਚ ਆਉਣ ਦਾ ਸੱਦਾ ਦਿੱਤਾ। ਸਿੱਖਾਂ ਦੀ ਆਜ਼ਾਦੀ ਨੂੰ ਆਪਣੀ ਮੰਜ਼ਿਲ ਦੱਸਦਿਆਂ ਉਨ੍ਹਾਂ ਪਿਛਲੇ 62 ਵਰ੍ਹਿਆਂ ਦੌਰਾਨ ਸਿੱਖਾਂ ਤੇ ਪੰਜਾਬ ਨਾਲ ਹੋਏ ਵਿਤਕਰਿਆਂ ਤੇ ਜ਼ੁਲਮਾਂ ਦਾ ਵੀ ਇਕ-ਇਕ ਕਰਕੇ ਜ਼ਿਕਰ ਕੀਤਾ। ਉਨ੍ਹਾਂ ਆਪਣੇ ਭਾਸ਼ਣ ਵਿਚ ਸਿਆਸਤਦਾਨਾਂ ਤੋਂ ਲੈ ਕੇ ਸਾਧਾਂ ਤੱਕ ਕਿਸੇ ਨੂੰ ਵੀ ਨਹੀਂ ਬਖਸ਼ਿਆ।

ਪ੍ਰਭਾਵਸ਼ਾਲੀ ਇਕੱਠ ਤੋਂ ਪ੍ਰਸੰਨ ਹੋਏ ਸ. ਮਾਨ ਨੇ ਕਿਹਾ ਕਿ ਇਸ ਇਕੱਠ ਨੇ ਸਾਨੂੰ ਡਿੱਗਿਆਂ ਹੋਇਆਂ ਨੂੰ ਖੜਾ ਕਰ ਦਿੱਤਾ ਹੈ ਤੇ ਹੁਣ ਅਸੀਂ ਦਿੱਲੀ ਦੀ ਵਾਗਡੋਰ ਸੰਭਾਲਣ ਲਈ ਤਿਆਰ ਹਾਂ। ਉਨ੍ਹਾਂ ਹੋਰ ਕਿਹਾ ਕਿ ਮੌਜੂਦਾ ਸਾਸ਼ਕਾਂ ਨੂੰ ਲਾਂਭੇ ਕਰਕੇ ਉਨ੍ਹਾਂ ਦੀ ਪਾਰਟੀ ਹਿੰਦੋਸਤਾਨ ਦੀ ਸਰਕਾਰ ਚਲਾ ਸਕਦੀ ਹੈ। ਆਪਣੇ ਭਾਸ਼ਣ ਵਿਚ ਉਨ੍ਹਾਂ ਸਿੱਖਾਂ ਦਾ ਅਕਸ ਖਰਾਬ ਕਰਨ ਵਾਲੇ ਜਲੰਧਰ ਦੇ ਇਕ ਅਖਬਾਰ ਸਮੂਹ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਸਿੱਖ ਰਾਜ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਖਾਲਿਸਤਾਨ ਦੇ ਮੁੱਦੇ 'ਤੇ ਹਰ ਪੱਧਰ 'ਤੇ ਗੱਲਬਾਤ ਕਰਨ ਲਈ ਤਿਆਰ ਹਨ। ਪਰ ਜੇ ਸਰਕਾਰ ਨੇ 31 ਦਸੰਬਰ ਤੱਕ ਇਸ ਸਬੰਧੀ ਕੋਈ ਗੌਰ ਨਾ ਕੀਤੀ ਤਾਂ ਉਹ ਅਗਲੇ ਐਕਸ਼ਨ ਲਈ ਵਿਉਂਤਬੰਦੀ ਕਰਨਗੇ। ਰੈਲੀ ਦੌਰਾਨ ਸਟੇਜ ਦੀ ਕਾਰਵਾਈ ਪਾਰਟੀ ਦੇ ਸੀਨੀਅਰ ਆਗੂ ਸ. ਜਸਕਰਨ ਸਿੰਘ ਕਾਹਨ ਸਿੰਘ ਵਾਲਾ ਅਤੇ ਸ. ਗੁਰਿੰਦਰਪਾਲ ਸਿੰਘ ਧਨੌਲਾ ਨੇ ਨਿਭਾਈ। ਇਸ ਮੌਕੇ ਸਟੇਜ 'ਤੇ ਅਮਰੀਕਾ ਤੋਂ ਆਏ ਸਿੱਖ ਆਗੂ ਰੇਸ਼ਮ ਸਿੰਘ ਵੀ ਮੌਜੂਦ ਸਨ।

ਰੈਲੀ ਲਈ ਲੋਕ ਕਾਫਲਿਆਂ ਦੀ ਸ਼ਕਲ ਵਿਚ ਸਵੇਰੇ 10 ਵਜੇ ਹੀ ਪੁੱਜਣੇ ਸ਼ੁਰੂ ਹੋ ਗਏ ਸਨ ਤੇ ਇਹ ਅਮਲ ਦੁਪਹਿਰ 2.30 ਵਜੇ ਤੱਕ ਜਾਰੀ ਰਿਹਾ। ਰੈਲੀ ਵਿਚ ਵੱਡਾ ਇਕੱਠ ਕਰਨ ਵਿਚ ਸਫਲ ਰਹਿਣ 'ਤੇ ਮਾਨ ਦਲ ਦੇ ਆਗੂਆਂ ਨੂੰ ਕਾਫੀ ਉਤਸ਼ਾਹ ਮਿਲਿਆ ਤੇ ਇਸ ਹੁੰਗਾਰੇ ਦਾ ਫਾਇਦਾ ਉਨ੍ਹਾਂ ਨੂੰ ਹੋਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਅਤੇ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਮਿਲਣ ਦੀ ਪੂਰੀ-ਪੂਰੀ ਸੰਭਾਵਨਾ ਹੈ।

ਰੈਲੀ ਦਾ ਇਕ ਜ਼ਿਕਰਯੋਗ ਪੱਖ ਇਹ ਵੀ ਸੀ ਕਿ ਇਸ ਦੌਰਾਨ ਸਾਬਤ ਸੂਰਤ ਸਿੱਖਾਂ ਤੋਂ ਇਲਾਵਾ ਆਮ ਨੌਜਵਾਨ ਵਰਗ ਨੇ ਵੀ ਵੱਡੀ ਗਿਣਤੀ ਵਿਚ ਹਾਜ਼ਰੀ ਲਵਾਈ। ਪਿਛਲੇ ਕਾਫੀ ਸਮੇਂ ਤੋਂ ਸਿੱਥਲ ਹੋਈ ਪਈ ਸਿੱਖ ਸਿਆਸਤ ਦੀ ਗਰਮ ਖਿਆਲੀ ਧਾਰਾ ਵਲੋਂ ਕੀਤੀ ਗਈ ਇਸ ਪੇਸ਼ਕਦਮੀ ਨੇ ਪੰਜਾਬ ਦੇ ਸਿਆਸੀ ਹਲਕਿਆਂ ਵਿਚ ਡੂੰਘੀ ਉਤੇਜਨਾ ਪੈਦਾ ਕੀਤੀ ਹੈ। ਜੇ ਮਾਨ ਦਲ ਇਸ ਲੋਕ ਲਾਮਬੰਦੀ ਨੂੰ ਅੱਗੇ ਤੋਰਨ ਵਿਚ ਸਫਲ ਹੁੰਦਾ ਹੈ ਤਾਂ ਉਹ ਪੰਜਾਬ ਦੀ ਸਿਆਸਤ ਵਿਚ ਹੈਰਾਨੀਜਨਕ ਹਲਚਲ ਨੂੰ ਅੰਜਾਮ ਦੇ ਸਕਦਾ ਹੈ।

# ਸਰਕਾਰ ਅਤੇ ਰਾਜੇਵਾਲ ਵਿਚਾਲੇ ਸਮਝੌਤਾ

**ਚੰਡੀਗੜ੍ਹ:** ਪੰਜਾਬ ਦੀ ਕਿਸਾਨੀ ਨੂੰ ਬੀਤੀ 24 ਸਤੰਬਰ ਨੂੰ ਉਸ ਵੇਲੇ ਇਕ ਵੱਡਾ ਹੁਲਾਰਾ ਮਿਲਿਆ ਜਦੋਂ ਰਾਜ ਸਰਕਾਰ ਨੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਵਲੋਂ ਆਰੰਭੇ ਅੰਦੋਲਨ ਅੱਗੇ ਝੁਕਦਿਆਂ ਪਿਛਲੇ ਸਾਲ ਦੇ ਸੋਕੇ ਦੀ ਰਾਹਤ ਵਜੋਂ 300 ਕਰੋੜ ਰੁਪਏ ਕਿਸਾਨਾਂ ਵਿਚ ਵੰਡਣ ਦਾ ਐਲਾਨ ਕਰ ਦਿੱਤਾ। ਇਹ ਰਕਮ ਝੋਨੇ ਅਤੇ ਕਣਕ ਦੀ ਫਸਲ ਨਾਲ ਦੋ ਕਿਸ਼ਤਾਂ ਵਿਚ ਮਿਲੇਗੀ। ਅੰਦੋਲਨ ਦੇ ਨੇਤਾ ਅਤੇ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਸਰਕਾਰ ਦੇ ਫੈਸਲੇ 'ਤੇ ਤਸੱਲੀ ਪ੍ਰਗਟ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੱਥੋਂ ਫਲਾਂ ਦੇ ਰਸ ਦਾ ਗਲਾਸ ਪੀ ਕੇ ਆਪਣਾ ਮਰਨ ਵਰਤ ਸਮਾਪਤ ਕਰ ਦਿੱਤਾ।

ਸ੍ਰੀ ਰਾਜੇਵਾਲ ਨੇ ਕੇਂਦਰ ਤੋਂ ਆਏ 800 ਕਰੋੜ ਰੁਪਏ ਕਿਸਾਨਾਂ ਵਿਚ ਵੰਡਣ ਦੀ ਮੰਗ ਨੂੰ ਲੈ ਕੇ ਪੰਜ ਦਿਨਾਂ ਤੋਂ ਚੰਡੀਗੜ੍ਹ ਵਿਚ ਮਰਨ ਵਰਤ ਸ਼ੁਰੂ ਕੀਤਾ ਹੋਇਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਪਿਛਲੇ ਸਾਲ ਸੋਕੇ ਕਾਰਨ ਕਿਸਾਨਾਂ ਵਲੋਂ ਮਹਿੰਗੇ ਭਾਅ ਫਸਲ ਪਾਲਣ ਬਦਲੇ ਰਾਹਤ ਦੇ ਤੌਰ 'ਤੇ ਕੇਂਦਰ ਨੇ 800 ਕਰੋੜ ਰੁਪਏ ਦੀ ਰਾਸ਼ੀ ਪੰਜਾਬ ਸਰਕਾਰ ਨੂੰ ਦਿੱਤੀ ਸੀ। ਉਨ੍ਹਾਂ ਦੇ ਅੰਦੋਲਨ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਸੀ। ਵਿਰੋਧੀ ਧਿਰ ਕਾਂਗਰਸ ਵਲੋਂ ਵੀ 800 ਕਰੋੜ ਰੁਪਏ ਕਿਸਾਨਾਂ ਨੂੰ ਦੇਣ ਦੇ ਅੰਦੋਲਨ ਦੀ ਹਮਾਇਤ ਕੀਤੀ ਗਈ ਸੀ। ਸਥਿਤੀ ਇਹ ਬਣ ਗਈ ਸੀ ਕਿ ਲੱਖਾਂ ਰੁਪਏ ਖਰਚ ਕਰਕੇ ਸਰਕਾਰ ਨੂੰ 800 ਕਰੋੜ ਰੁਪਏ ਬਾਰੇ ਮੀਡੀਆ ਵਿਚ ਇਸ਼ਤਿਹਾਰ ਦੇ ਕੇ ਸਥਿਤੀ ਸਪਸ਼ਟ ਕਰਨੀ ਪਈ ਸੀ। ਪੰਜਾਬ ਵਿਧਾਨ ਸਭਾ ਦਾ ਸੈਸ਼ਨ ਵੀ ਸ਼ੁਰੂ ਹੋਣ ਕਾਰਨ ਵਿਰੋਧੀ ਧਿਰ ਇਸ ਮੁੱਦੇ 'ਤੇ ਸਰਕਾਰ ਨੂੰ ਸਦਨ ਵਿਚ ਘੇਰਨ ਦੀ ਤਿਆਰੀ ਵਿਚ ਸੀ। ਸਥਿਤੀ ਦੀ ਨਾਜ਼ੁਕਤਾ ਨੂੰ ਸਮਝਦਿਆਂ ਅਕਾਲੀ ਲੀਡਰਸ਼ਿਪ ਵਲੋਂ ਸ੍ਰੀ ਸੁਖਦੇਵ ਸਿੰਘ ਢੀਂਡਸਾ, ਸ੍ਰੀ ਬਲਵਿੰਦਰ ਸਿੰਘ ਭੂੰਦੜ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਅੰਦੋਲਨਕਾਰੀ ਕਿਸਾਨਾਂ ਨਾਲ ਮੀਟਿੰਗਾਂ ਕਰਕੇ ਸਮਝੌਤੇ ਲਈ ਕੋਸ਼ਿਸ਼ਾਂ ਕੀਤੀਆਂ।



### ਕਿਸਾਨਾਂ ਵਿਚ 300 ਕਰੋੜ ਰੁਪਏ ਵੰਡੇਗੀ ਸਰਕਾਰ

ਭਾਵੇਂ ਪੰਜਾਬ ਵਿਧਾਨ ਸਭਾ ਦੀ ਬੈਠਕ ਚੱਲ ਰਹੀ ਸੀ, ਪਰ ਅੰਦਰਖਾਤੇ ਸਰਕਾਰ ਕਿਸਾਨਾਂ ਦਾ ਮਸਲਾ ਨਿਬੇੜਨ ਲਈ ਪੂਰੀ ਤਰ੍ਹਾਂ ਸਰਗਰਮ ਸੀ। ਬੀਤੀ ਰਾਤ ਮਸਲੇ ਦੇ ਹੱਲ ਲਈ ਕਿਸਾਨ ਆਗੂਆਂ ਨਾਲ ਮੀਟਿੰਗ ਬੇਸਿੱਟਾ ਰਹੀ, ਪਰ ਸਰਕਾਰ ਨੇ ਕਿਸਾਨ ਆਗੂਆਂ ਨਾਲ ਸੰਪਰਕ ਬਣਾਇਆ ਹੋਇਆ ਸੀ। ਫੈਸਲੇ ਦਾ ਐਲਾਨ ਹੋਣ ਤੋਂ ਪਹਿਲਾਂ ਮੁੱਖ ਮੰਤਰੀ ਦੇ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਮੁੱਖ ਮੰਤਰੀ ਦਾ ਸੁਨੇਹਾ ਲੈ ਕੇ ਅੰਦੋਲਨਕਾਰੀ ਕਿਸਾਨਾਂ ਦੇ ਕੈਂਪ ਵਿਚ ਗਏ। ਸਵੇਰ ਵੇਲੇ ਵੀ ਸ੍ਰੀ ਢੀਂਡਸਾ ਅਤੇ ਡਾ. ਚੀਮਾ ਨੇ ਸ੍ਰੀ ਰਾਜੇਵਾਲ ਵਲੋਂ ਬਣਾਈ ਸਤ ਮੈਂਬਰੀ ਕਮੇਟੀ ਨਾਲ ਗੱਲਬਾਤ ਕੀਤੀ। ਉਧਰ ਕੈਂਪ ਵਿਚ ਇਕ ਵਾਰ ਤਾਂ ਉਸ ਵੇਲੇ ਹਲਚਲ ਮੱਚ ਗਈ ਜਦੋਂ ਸ੍ਰੀ ਰਾਜੇਵਾਲ ਦੀ ਸ਼ੂਗਰ ਇਕਦਮ ਹੇਠਾਂ ਚਲੀ ਗਈ। ਮੌਕੇ 'ਤੇ ਹਾਜ਼ਰ ਡਾ. ਚੀਮਾ ਨੇ ਉਨ੍ਹਾਂ ਨੂੰ ਚੀਨੀ ਦਾ ਘੋਲ ਪਿਲਾ ਕੇ ਸਥਿਤੀ ਸੰਭਾਲੀ।

ਸ਼ਾਮੀਂ ਪੰਜਾਬ ਭਵਨ ਵਿਚ ਮੁੱਖ ਮੰਤਰੀ ਸ੍ਰੀ ਬਾਦਲ ਨੇ ਸ੍ਰੀ ਰਾਜੇਵਾਲ ਅਤੇ ਸਤ ਮੈਂਬਰੀ ਕਮੇਟੀ ਦੀ ਹਾਜ਼ਰੀ ਵਿਚ ਐਲਾਨ ਕੀਤਾ ਕਿ ਪੰਜਾਬ ਸਰਕਾਰ ਕਿਸਾਨਾਂ ਵਲੋਂ ਪਿਛਲੇ ਸਾਲ ਵਾਧੂ ਖਰਚਾ ਕਰਕੇ ਪਾਲੇ ਝੋਨੇ ਦੇ ਮੁੱਦੇ 'ਤੇ ਕਿਸਾਨਾਂ ਨੂੰ 300 ਕਰੋੜ ਰੁਪਏ ਦੇਵੇਗੀ। ਇਸ ਵਿਚੋਂ 150 ਕਰੋੜ ਰੁਪਏ ਇਸ ਝੋਨੇ ਦੀ ਫਸਲ 'ਤੇ ਨਾਲ ਹੀ ਦਿੱਤਾ ਜਾਵੇਗਾ ਅਤੇ ਬਾਕੀ 150 ਕਰੋੜ ਰੁਪਏ ਅਗਲੀ ਹਾੜੀ ਦੀ ਫਸਲ 'ਤੇ ਕਿਸਾਨਾਂ ਨੂੰ ਦਿੱਤਾ ਜਾਵੇਗਾ। ਉਨ੍ਹਾਂ ਨੇ ਇਹ ਸਪਸ਼ਟ ਤੌਰ 'ਤੇ ਕਿਹਾ ਕਿ ਇਹ ਰਕਮ ਪੰਜਾਬ ਸਰਕਾਰ ਆਪਣੇ ਫੰਡ ਵਿਚੋਂ ਦੇਵੇਗੀ ਕਿਉਂ ਜੋ ਕੇਂਦਰ ਵਲੋਂ ਆਏ 800 ਕਰੋੜ ਰੁਪਏ ਲਈ ਸ਼ਰਤ ਹੈ ਕਿ ਉਹ ਪੈਸਾ ਕਿਸੇ ਨੂੰ ਵਿਅਕਤੀਗਤ ਰੂਪ ਵਿਚ ਨਹੀਂ ਦਿੱਤਾ ਜਾ ਸਕਦਾ ਅਤੇ ਉਸ ਪੈਸੇ ਦੀ ਵਰਤੋਂ ਪਾਵਰ ਕੌਮ ਹੀ ਕਰ ਸਕਦੀ ਹੈ। ਉਨ੍ਹਾਂ ਨੇ ਪੱਤਰਕਾਰਾਂ ਨੂੰ ਇਸ ਮੌਕੇ ਉਹ ਪੱਤਰ ਵੀ ਵਿਖਾਏ ਜਿਹੜੇ ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਲੋਂ ਲਿਖੇ ਪੱਤਰ ਦੇ ਜੁਆਬ ਵਿਚ ਕੇਂਦਰੀ ਵਿੱਤ ਮੰਤਰੀ ਨੇ ਲਿਖੇ ਸਨ। ਸ੍ਰੀ ਬਾਦਲ ਨੇ ਕਿਹਾ ਕਿ ਝੋਨੇ ਦੀ ਫਸਲ ਪਾਲਣ ਲਈ ਪੰਜਾਬ ਨੇ ਮਹਿੰਗੇ ਭਾਅ ਬਿਜਲੀ ਲੈ ਕੇ ਕਿਸਾਨਾਂ ਨੂੰ ਮੁਫਤ ਦਿੱਤੀ। ਸ੍ਰੀ ਬਾਦਲ ਨੇ ਇਹ ਵੀ ਕਿਹਾ ਹੈ ਕਿ ਕਾਂਗਰਸ 800 ਕਰੋੜ ਰੁਪਏ ਦੇ ਮੁੱਦੇ 'ਤੇ ਕਿਸਾਨਾਂ ਅਤੇ ਪੰਜਾਬੀਆਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੀ ਆਈ ਹੈ।

ਸ੍ਰੀ ਬਾਦਲ ਨੇ ਸ੍ਰੀ ਰਾਜੇਵਾਲ ਵਲੋਂ ਕਿਸਾਨਾਂ ਲਈ ਕੀਤੇ ਸੰਘਰਸ਼ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਰਕਾਰ ਕਿਸਾਨ ਆਗੂਆਂ ਨਾਲ ਸਲਾਹ ਕਰਕੇ 300 ਕਰੋੜ ਰੁਪਏ ਕਿਸਾਨਾਂ ਨੂੰ ਦੇਣ ਦੀ ਰੂਪ-ਰੇਖਾ ਤਿਆਰ ਕਰੇਗੀ। ਇਸ ਮੌਕੇ ਸ੍ਰੀ ਰਾਜੇਵਾਲ ਨੇ ਕਿਹਾ ਕਿ ਅੰਦੋਲਨ ਸਮਾਪਤ ਕਰਨ ਦਾ ਫੈਸਲਾ ਸੱਤ ਮੈਂਬਰੀ ਕਮੇਟੀ ਨੇ ਲਿਆ ਹੈ ਅਤੇ ਉਹ ਇਸ ਫੈਸਲੇ ਨਾਲ ਸਹਿਮਤ ਹਨ।

ਸ੍ਰੀ ਬਾਦਲ ਨੇ ਉਤਪਾਦਕਤਾ ਬੋਨਸ ਦੇ ਮੁੱਦੇ 'ਤੇ ਸਪਸ਼ਟ ਕੀਤਾ ਹੈ ਕਿ ਜਿਹੜੇ ਕਿਸਾਨ ਖੇਤੀ ਟਿਊਬਵੈਲਾਂ ਦੇ ਬਿੱਲ ਅਦਾ ਕਰ ਰਹੇ ਹਨ , ਉਨ੍ਹਾਂ ਕਿਸਾਨਾਂ ਨੂੰ ਹੀ ਉਤਪਾਦਕਤਾ ਬੋਨਸ ਮਿਲੇਗਾ।

## ਜਦੋਂ ਭੂੰਡ ਆਸ਼ਕ ਦੀ ਧੁਲਾਈ ਹੋਈ...

**ਲਾਸ ਏਂਜਲਸ (ਪੰਜਾਬ ਟਾਈਮਜ਼ ਬਿਊਰੋ):** ਕੈਲੀਫੋਰਨੀਆ ਦੇ ਸੰਘਣੀ ਸਿੱਖ ਵਸੋਂ ਵਾਲੇ ਸ਼ਹਿਰ ਬੇਕਰਜ਼ਫੀਲਡ ਵਿਚ ਇਕ ਭੂੰਡ ਆਸ਼ਕ ਨੂੰ ਉਦੋਂ ਲੈਣੇ ਦੇ ਦੇਣੇ ਪੈ ਗਏ ਜਦੋਂ ਕੁਝ ਲੋਕਾਂ ਨੇ ਉਥੋਂ ਦੇ ਇਕ ਗੁਰੂ ਘਰ ਦੀ ਗਰਾਊਂਡ ਵਿਚ ਉਸ ਨੂੰ ਬੁਰੀ ਤਰ੍ਹਾਂ ਕੁਟਾਪਾ ਚਾੜ੍ਹਿਆ।

ਪ੍ਰਾਪਤ ਸੂਚਨਾ ਅਨੁਸਾਰ ਆਪਣੀ ਕਾਰ ਅਤੇ ਟਰੱਕ ਉਤੇ ਆਪਣਾ ਗੋਤ ਅਤੇ ਸ਼ੇਅਰੋ-ਸ਼ਾਇਰੀ ਲਿਖਣ ਦੇ ਇਸ ਸ਼ੌਕੀਨ ਆਸ਼ਕ ਭਾਅ ਜੀ ਦੇ ਮਾਰ ਕੁਟਾਈ ਵਿਚ ਦੋ ਦੰਦ ਵੀ ਟੁੱਟ ਕੇ ਜ਼ਮੀਨ 'ਤੇ ਡਿੱਗ ਪਏ। ਅਚਾਨਕ ਹੋਏ ਇਸ ਹਮਲੇ ਤੋਂ ਇਹ ਭੂੰਡ ਆਸ਼ਕ ਇੰਨਾ ਭੈਭੀਤ ਹੋਇਆ ਕਿ ਉਸ ਨੂੰ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਕੀ ਹੋਇਆ ਅਤੇ ਕਿਸ ਨੇ ਉਸ ਨਾਲ ਇਹ ਸਭ ਕੁਝ ਕਰ ਦਿੱਤਾ। ਘਬਰਾਇਆ ਹੋਇਆ ਉਹ ਕੋਲ ਖੜੋਤੇ ਖਿਡਾਰੀਆਂ ਨੂੰ ਪੁੱਛ ਰਿਹਾ ਸੀ, "ਭਾਅ ਜੀ ਕੀ ਹੋਇਆ, ਇਹ ਕੌਣ ਸਨ? ਮੈਨੂੰ ਕਿਉਂ ਕੁੱਟ ਗਏ?" ਜਦੋਂ ਕੋਲ ਖੜੋਤੇ ਲੋਕਾਂ ਨੇ ਉਸ ਦੀ ਇਸ ਦੁਹਾਈ ਦੇ ਜਵਾਬ ਵਿਚ ਉਸ ਨੂੰ ਪੁਲਿਸ ਜਾਂ ਐਂਬੂਲੈਂਸ ਬੁਲਾਉਣ ਲਈ ਪੁਛਿਆ ਤਾਂ ਆਸ਼ਕ ਭਾਅ ਜੀ ਨੇ ਚੁੱਪ ਵੱਟ ਕੇ ਉਥੋਂ ਖਿਸਕ ਜਾਣ ਵਿਚ ਹੀ ਬਿਹਤਰੀ ਸਮਝੀ।


ਮਿਲੀ ਜਾਣਕਾਰੀ ਅਨੁਸਾਰ ਇਹ ਭੂੰਡ ਆਸ਼ਕ ਦੂਜਾ ਵਿਆਹ ਕਰਵਾ ਚੁਕਾ ਹੈ ਅਤੇ ਉਸ ਦੀ ਪਹਿਲੀ ਘਰ ਵਾਲੀ ਤੋਂ ਇਕ 9 ਸਾਲ ਦੀ ਲੜਕੀ ਹੈ ਜਦੋਂਕਿ ਦੂਜੀ ਘਰ ਵਾਲੀ ਜਲਦੀ ਹੀ ਮਾਂ ਬਨਣ ਵਾਲੀ ਹੈ। ਇਹ ਭੂੰਡ ਆਸ਼ਕ ਪਹਿਲਾਂ ਵੀ ਆਸ਼ਕਗਿਰੀ ਦੇ ਚੱਕਰ ਵਿਚ ਗ੍ਰਿਫਤਾਰ ਹੋ ਚੁਕਾ ਹੈ ਅਤੇ ਇਸ ਦੇ ਖਿਲਾਫ ਇਕ ਔਰਤ ਨੇ ਰੈਸਟ੍ਰੇਨਿੰਗ ਆਰਡਰ ਵੀ ਲਏ ਹੋਏ ਹਨ। ਜਾਣਕਾਰ ਹਲਕਿਆਂ ਦਾ ਕਹਿਣਾ ਹੈ ਕਿ ਇਹ ਭੂੰਡ ਆਸ਼ਕ ਅਕਸਰ ਲੋਕਾਂ ਦੇ ਘਰਾਂ ਵਿਚ ਕੁੜੀਆਂ ਤੇ ਬੀਬੀਆਂ ਨੂੰ ਕਾਲਾਂ ਕਰਦਾ ਰਹਿੰਦਾ ਹੈ ਅਤੇ ਇੰਟਰਨੈਟ 'ਤੇ ਵੀ ਝੱਖ ਮਾਰਦਾ ਰਹਿੰਦਾ ਹੈ। ਇਸ ਘਟਨਾ ਤੋਂ ਬਾਅਦ ਸਮਝਿਆ ਜਾਂਦਾ ਹੈ ਕਿ ਉਸ ਵਿਰੁਧ ਹੋਰ ਵੀ ਕਈ ਮਾਮਲੇ ਸਾਹਮਣੇ ਆਉਣ ਦੀ ਸੰਭਾਵਨਾ ਹੈ।

ਸੂਤਰਾਂ ਅਨੁਸਾਰ ਸਥਾਨਕ ਜਾਂਚ ਏਜੰਸੀਆਂ ਨੂੰ ਇਹ ਖਬਰ ਮਿਲ ਚੁਕੀ ਹੈ ਪਰ ਉਹ ਕਿਸੇ ਵੀ ਧਿਰ ਵਲੋਂ ਕੋਈ ਸ਼ਿਕਾਇਤ ਦਰਜ ਨਾ ਕਰਵਾਈ ਜਾਣ ਕਰਕੇ ਸੋਚੋ ਤੇ ਵਿਚਾਰੋ ਦੀ ਨੀਤੀ ਉਤੇ ਕੰਮ ਕਰ ਰਹੀਆਂ ਹਨ। ਇਹ ਵੀ ਜ਼ਿਕਰਯੋਗ ਹੈ ਕਿ ਇਹ ਭੂੰਡ ਆਸ਼ਕ ਕੁਝ ਸਮਾਂ ਪਹਿਲਾਂ ਕਿਸੇ ਪੰਜਾਬੀ ਸਟੋਰ ਤੋਂ ਲਾਕ ਚੋਰੀ ਕਰਦਾ ਵੀ ਰੰਗੇ ਹੱਥੀਂ ਫੜਿਆ ਗਿਆ ਸੀ।

*Visit us on the web:* **punjabtimesusa.com**

**Realtor & Mortgage Specialist**
**Bay Area & Central Valley**

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜ਼ਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

**RAJ SINGH**
**Cell:510-452-7370**

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

MISSIONPEAK BROKERS, INC
46560 Fremont Blvd., Suite#111 Fremont, CA 94538
singhrajpaul@yahoo.com

**INDIAN RESTAURANT FOR SALE or LEASE**

Indian restaurant & Bar with 140 siting capacity, running successfully for eight years, making $55,000 to $60,000 per month. Only indian restaurant in the city



*Preferring lease: $7,000 monthly*

**Call:Gurnek 417-619-9981**

ਅੱਠ ਸਾਲ ਤੋਂ ਕਾਮਯਾਬੀ ਨਾਲ ਚੱਲ ਰਿਹਾ ਭਾਰਤੀ ਰੈਸਟੋਰੈਂਟ ਲੀਜ਼ ਲਈ ਜਾਂ ਵਿਕਰੀ ਲਈ ਉਪਲਬਧ ਹੈ। ਸ਼ਹਿਰ ਵਿਚ ਇਕੋ ਇਕ ਭਾਰਤੀ ਰੈਸਟੋਰੈਂਟ, ਮਾਸਿਕ ਆਮਦਨ 50 ਤੋਂ 60 ਹਜ਼ਾਰ ਡਾਲਰ। ਲੀਜ਼ 7000 ਡਾਲਰ ਮਹੀਨਾ

# ਪੰਜਾਬ ਦੀ ਪ੍ਰਭੂਸੱਤਾ ਲਈ ਇਕੱਠੇ ਹੋਵੋ-ਦਲ ਖਾਲਸਾ

**ਜਲੰਧਰ :** ਦਲ ਖਾਲਸਾ ਦੇ ਅਹੁਦੇਦਾਰਾਂ ਦਾ ਦੋ ਰੋਜ਼ਾ ਟਰੇਨਿੰਗ ਕੈਂਪ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨ ਫਤਿਹਗੜ੍ਹ ਸਾਹਿਬ ਵਿਖੇ ਲਾਇਆ ਗਿਆ। ਜਿਸ ਵਿਚ ਆਪਾ ਪੜਚੋਲ ਕਰਕੇ ਮੌਜੂਦਾ ਸਿਆਸੀ ਅਤੇ ਭੂਗੋਲਿਕ



ਸਥਿਤੀਆਂ ਦੇ ਮੱਦੇਨਜ਼ਰ ਭਵਿੱਖ ਲਈ ਰਣਨੀਤੀ ਘੜੀ ਗਈ। ਜਥੇਬੰਦੀ ਦੇ ਤਰਜਮਾਨ ਕੰਵਰਪਾਲ ਸਿੰਘ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਕੈਂਪ ਵਿਚ ਦਲ ਖਾਲਸਾ ਦੇ ਲਗਭਗ 30 ਅਹੁਦੇਦਾਰਾਂ ਨੇ ਭਾਗ ਲਿਆ।

ਕੈਂਪ ਵਿਚ ਦਲ ਖਾਲਸਾ ਦੇ ਪ੍ਰਧਾਨ ਸ: ਹਰਚਰਨਜੀਤ ਸਿੰਘ ਧਾਮੀ ਨੇ ਪਾਰਟੀ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਦਾ ਬਹੁਪੱਖੀ ਵਿਸ਼ਲੇਸ਼ਣ ਕਰਕੇ ਮਿੱਥੇ ਨਿਸ਼ਾਨੇ ਨੂੰ ਹਾਸਲ ਕਰਨ ਲਈ ਇਨਕਲਾਬੀ ਤਬਦੀਲੀਆਂ ਬਾਰੇ ਚਰਚਾ ਕੀਤੀ। ਸੀਨੀਅਰ ਆਗੂ ਸ. ਸਤਨਾਮ ਸਿੰਘ ਪਾਉਂਟਾ ਸਾਹਿਬ ਨੇ ਦਲ ਖਾਲਸਾ ਦੇ ਇਤਿਹਾਸਿਕ ਪਿਛੋਕੜ ’ਤੇ ਚਰਚਾ ਕਰਦਿਆਂ ਮੌਜੂਦਾ ਦੌਰ ਉਤੇ ਤਿੱਖੀਆਂ ਟਿੱਪਣੀਆਂ ਕੀਤੀਆਂ। ਸਿਆਸੀ ਸਕੱਤਰ ਕੰਵਰਪਾਲ ਸਿੰਘ ਨੇ ਕਸ਼ਮੀਰ ਅਤੇ ਹੋਰਨਾਂ ਆਜ਼ਾਦੀ ਲਹਿਰਾਂ ਦੇ ਪ੍ਰਸੰਗ ਵਿਚ ਸਿੱਖ ਆਜ਼ਾਦੀ ਲਹਿਰ ਦੇ ਮੁੱਦੇ ’ਤੇ ਵਿਚਾਰ ਪ੍ਰਗਟ ਕੀਤੇ। ਜਨਰਲ ਸਕੱਤਰ ਡਾ. ਮਨਜਿੰਦਰ ਸਿੰਘ ਜੰਡੀ ਨੇ ਜਥੇਬੰਦੀ ਦੇ ਟੀਚਿਆਂ ਨੂੰ ਹਾਸਿਲ ਕਰਨ ਲਈ ਇਕ ਮਜ਼ਬੂਤ ਜਥੇਬੰਦਕ ਢਾਂਚੇ ਦੀ ਉਸਾਰੀ ਕਰਨ ਲਈ ਵਿਉਂਤਬੰਦੀ ਬਾਰੇ ਸੁਝਾਅ ਦਿੱਤੇ। ਪਾਰਟੀ ਸਕੱਤਰ ਸਰਬਜੀਤ ਸਿੰਘ ਘੁਮਾਣ ਨੇ ਦਲ ਖਾਲਸਾ ਦੀਆਂ ਸੀਮਾਵਾਂ ਅਤੇ ਕਮੀਆਂ ਦੀ ਨਿਸ਼ਾਨਦੇਹੀ ਕਰਕੇ ਸੰਘਰਸ਼ ਵਿਚ ਆਈ ਖੜੋਤ ਨੂੰ ਤੋੜਨ ਲਈ ਪ੍ਰੋਗਰਾਮਾਂ ਬਾਰੇ ਦੱਸਿਆ। ਸ. ਘੁਮਾਣ ਨੇ ਪੰਜਾਬ ਦੇ ਪਾਣੀਆਂ ਦੀ ਹੋ ਰਹੀ ਲੁੱਟ ਦੀ ਦਾਸਤਾਨ ਤੱਥਾਂ ਸਮੇਤ ਬਿਆਨ ਕੀਤੀ।

ਕੰਵਰਪਾਲ ਸਿੰਘ ਅਨੁਸਾਰ ਇਸ ਦੋ ਰੋਜ਼ਾ ਕੈਂਪ ਦੌਰਾਨ ਸਿੱਖ ਕੌਮ ਦੀਆਂ ਮਹਾਨ ਇਤਿਹਾਸਕ ਸਖਸ਼ੀਅਤਾਂ ਅਤੇ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿਚ ਭਵਿੱਖ ਲਈ ਰਣਨੀਤੀ ਘੜਨ ਲਈ ਗੰਭੀਰ ਚਰਚਾ ਕੀਤੀ ਗਈ। ਸਿੱਖ ਨਾਇਕਾਂ ਦੇ ਇਤਿਹਾਸਕ ਕਾਰਨਾਮਿਆਂ ਦੇ ਨਾਲ ਨਾਲ ਤਿੱਬਤੀ ਆਗੂ ਸ੍ਰੀ ਦਲਾਈਲਾਮਾ, ਦੱਖਣੀ ਅਫਰੀਕਾ ਦੇ ਆਜ਼ਾਦੀ ਘੁਲਾਟੀਏ ਸ੍ਰੀ ਨੈਲਸਨ ਮੰਡੇਲਾ ਅਤੇ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਦੀਆਂ ਆਪੋ-ਆਪਣੇ ਜੀਵਨ ਸੰਘਰਸ਼ ਬਾਰੇ ਲਿਖੀਆਂ ਕਿਤਾਬਾਂ ਵਿਚੋਂ ਲੀਡਰਸ਼ਿਪ ਦੇ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਨੂੰ ਵਿਚਾਰਿਆ ਗਿਆ। ਕੈਂਪ ਵਿਚ ਹਾਜ਼ਰ ਹੋਣ ਵਾਲੇ ਸਿੱਖ ਨੌਜਵਾਨ, ਮੰਡੇਲਾ ਦੇ ਲੀਡਰਸ਼ਿਪ ਦੇ ਗੁਣਾਂ ਖਾਸ ਕਰਕੇ ਉਸ ਵਲੋਂ ਯੋਧੇ, ਸ਼ਹੀਦ, ਦੂਤ ਅਤੇ ਨੀਤੀਵਾਨ ਦੇ ਰੋਲ ਨੂੰ ਨਿਭਾਉਣ ਮੌਕੇ ਦਰਸਾਏ ਫਰਕ ਤੋਂ ਬੇਹੱਦ ਪ੍ਰਭਾਵਤ ਹੋਏ। ਇੰਝ ਹੀ ਦਲਾਈਲਾਮਾ ਦੀ ਇਨਸਾਫ ਅਤੇ ਆਜ਼ਾਦੀ ਲਈ ਪ੍ਰੇਰਨਾ ਅਤੇ ਸ਼ਾਂਤੀਪੂਰਨ ਸੰਘਰਸ਼ ਪ੍ਰਤੀ ਵਚਨਬੱਧਤਾ ਨੇ ਵੀ ਚੰਗਾ ਪ੍ਰਭਾਵ ਪਾਇਆ। ਕਸ਼ਮੀਰ ਦੀ ਆਜ਼ਾਦੀ ਲਹਿਰ ਕੈਂਪ ਵਿਚ ਛਾਈ ਰਹੀ। ਹਾਜ਼ਰ ਮੈਂਬਰਾਂ ਦੀ ਰਾਏ ਸੀ ਕਿ ਭਾਵੇਂ ਮੌਜੂਦਾ ਹਾਲਾਤਾਂ ਵਿਚ ਕੌਮੀ ਨਿਸ਼ਾਨੇ ਦੀ ਪ੍ਰਾਪਤੀ ਮੁਸ਼ਕਿਲ ਲੱਗ ਰਹੀ ਹੈ ਪਰ ਮੰਜ਼ਿਲ ਦੀ ਪ੍ਰਾਪਤੀ ਲਈ ਉਹ ਪਿੱਛੇ ਨਹੀਂ ਹੱਟਣਗੇ। ਉਨ੍ਹਾਂ ਸਿੱਖ ਸਿਧਾਂਤ ਅਤੇ ਸਿੱਖ ਸਰੂਪ ਚਾਰੇ ਪਾਸਿਓਂ ਲੱਗ ਰਹੇ ਖੋਰੇ ਨੂੰ ਮਹਿਸੂਸ ਕਰਦਿਆਂ ਘਟਨਾਵਾਂ ਅਤੇ ਤੱਥਾਂ ਦੀ ਸਿਲਸਿਲੇਵਾਰ ਪੜਤਾਲ ਕੀਤੀ।

ਕੈਂਪ ਵਿਚ ਭਾਰਤੀ ਹਕੂਮਤ ਦੀਆਂ ਦਮਨਕਾਰੀ ਨੀਤੀਆਂ ਬਾਰੇ ਵਿਚਾਰਾਂ ਹੋਈਆਂ ਅਤੇ ਭਾਰਤੀ ਖੁਫੀਆ ਏਜੰਸੀਆਂ ਵਲੋਂ ਲੋਕਾਂ ਦੇ ਨਿੱਜੀ ਹੱਕਾਂ ’ਤੇ ਡਾਕਾ ਜਿਵੇਂ ਕਿ ਫੋਨ ਟੇਪਿੰਗ ਅਤੇ ਈ-ਮੇਲ ਦੀ ਟੇਪਿੰਗ ਨੂੰ ਵੀ ਵਿਚਾਰਿਆ ਗਿਆ। ਪੰਜਾਬ ਦੀ ਬੋਲੀ ਅਤੇ ਸਭਿਆਚਾਰ ਲਈ ਗੰਭੀਰ ਖਤਰਾ ਬਣ ਚੁੱਕੇ ਗੈਰ-ਪੰਜਾਬੀਆਂ ਦੇ ਹੜ੍ਹ ਨੂੰ ਠੱਲ੍ਹ ਪਾਉਣ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ-ਖਸੁੱਟ ਨੂੰ ਰੋਕਣ ਲਈ ਭਵਿੱਖ ਵਿਚ ਲੋਕਰਾਏ ਬਣਾਉਣ ਦੇ ਮੁੱਦੇ ’ਤੇ ਵੀ ਭਖਵੀਂ ਬਹਿਸ ਹੋਈ।

ਸਿੱਖ ਨੌਜਵਾਨਾਂ ਨੂੰ ਸਿਆਸਤ ਵਿਚ ਆ ਕੇ ਆਪਣੇ ਕੌਮੀ ਮਸਲਿਆਂ ਦੇ ਰੂ-ਬ-ਰੂ ਹੋ ਕੇ ਵਿਚਰਨ ਲਈ ਵੰਗਾਰ ਪਾਉਂਦਿਆਂ ਸ. ਧਾਮੀ ਨੇ ਸਿੱਖ ਨੌਜਵਾਨਾਂ ਨੂੰ ਸਿਆਸਤ ਰਾਹੀਂ ਕੌਮ ਦੀ ਭਲਾਈ ਕਰਨ ਦਾ ਸੱਦਾ ਦਿੱਤਾ। ਕੈਂਪ ਵਿਚ ਬਹਿਸ ਲਈ 20 ਮੁੱਦੇ ਵੰਡੇ ਗਏ, ਜਿਨ੍ਹਾਂ ਵਿਚ ਸਿੱਖ ਕੌਮ ਦੇ ਭੂਤ, ਵਰਤਮਾਨ ਅਤੇ ਭਵਿੱਖ ਦੇ ਭਖਵੇਂ ਮਸਲੇ ਛੁਪੇ ਹੋਏ ਸਨ। ਜੂਨ ਅਤੇ ਨਵੰਬਰ 1984 ਦੀਆਂ ਘਟਨਾਵਾਂ ਦੇ ਨਾਲ-ਨਾਲ 1947 ਦੇ ਹਾਲਾਤਾਂ ਨੂੰ ਵੀ ਚਰਚਾ ਵਿਚ ਲਿਆਂਦਾ ਗਿਆ। ਪ੍ਰਸ਼ਨ ਸਿੱਧੇ ਅਤੇ ਸਪੱਸ਼ਟ ਸਨ ਜਿਨ੍ਹਾਂ ਦੇ ਉਤਰ ਲੰਮੇ ਅਤੇ ਗੰਭੀਰ ਸਨ।

## ਮਨਪ੍ਰੀਤ ਬਾਦਲ ਨੇ ਕਿਹਾ, ਕਰਜ਼ਾ ਹੱਦ ਵਧਾਓ

**ਚੰਡੀਗੜ੍ਹ :** ਸ. ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਰਾਜ ਦੀ ਕਰਜ਼ਾ ਹੱਦ ਵਧਾਉਣ ਲਈ ਅਕਤੂਬਰ ਦੇ ਪਹਿਲੇ ਹਫਤੇ ਕੇਂਦਰ ਕੋਲ ਪਹੁੰਚ ਕਰੇਗੀ ਤਾਂ ਕਿ ਇਸ ਸਾਲ ਦੀਵਾਲੀ ਤੋਂ ਪਹਿਲਾਂ ਮੁਲਾਜ਼ਮਾਂ ਦੇ ਵਧਾਏ ਮਹਿੰਗਾਈ ਭੱਤੇ ਦੇ ਬਕਾਏ ਦਾ ਭੁਗਤਾਨ ਕੀਤਾ ਜਾ ਸਕੇ।

ਵਿੱਤ ਮੰਤਰੀ ਨੇ ਇਹ ਜਾਣਕਾਰੀ ਕਰਮਚਾਰੀ ਭਲਾਈ ਬੋਰਡ ਦੇ ਪ੍ਰਧਾਨ ਸ. ਸੁਰਿੰਦਰ ਸਿੰਘ ਪਹਿਲਵਾਨ ਦੀ ਅਗਵਾਈ ਵਿਚ ਪ੍ਰਤੀਨਿਧ ਮੰਡਲ ਨਾਲ ਬੀਤੀ 27 ਸਤੰਬਰ ਨੂੰ ਹੋਈ ਇਕ ਮੀਟਿੰਗ ਦੌਰਾਨ ਆਖੀ।


Desi Cuts and Color Plus

For Men, Women & Children

Grand Opening



Mandeep
510-200-4415

Ph:510-429-0786



Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and
Waxing (Special Lady)

34685 Alvarado Niles Rd., Union City, CA 94587 ( Behind Tacobell )



Mobile Auto Service
Bay Area & Central Valley

32 Years Experience

ASE Certified
Master Auto Technician
Engine Performance Specialist

ASE CERTIFIED
MASTER AUTO TECHNICIAN



Guljender Dhami

- Brakes
- Tune Up
- Timing Belts
- Water Pump
- Check Engine Light
- Electrical

ਵਾਧੂ ਖਰਚਾ ਕਿਉਂ ਕਰਦੇ ਹੋ?
ਵਧੀਆ ਸਰਵਿਸ
ਵਾਜਬ ਕੀਮਤ

Call For Appt.
510-284-9479 & 209-622-9051



Reliable and Experienced
Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent ’ਤੇ ਘਰ ਲੈਣਾ ਹੋਵੇ ਜਾਂ
Rent ’ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD Millennium



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

Gurbans Gill 209-815-1869

# ਅਫ਼ਗਾਨਿਸਤਾਨ ਇਕ ਹਨੇਰੀ ਗਲੀ 'ਚ ਪਹੁੰਚ ਗਿਆ ਏ- ਜ਼ੁਲਾਲ

**-ਮੁਲਾਕਾਤੀ ਬੁਲਾ ਦੇਵੀ**

**ਅਫਗਾਨਿਸਤਾਨ ਦੀ ਸਾਬਕਾ ਮੰਤਰੀ ਡਾ. ਮਸੌਦਾ ਜ਼ੁਲਾਲ, ਜੋ ਕਿ 2004-2006 ਤੱਕ ਉਥੋਂ ਦੇ ਇਸਤਰੀ ਮਾਮਲਿਆਂ ਦੀ ਮੰਤਰੀ ਰਹੀ, ਪਿੱਛੇ ਜਿਹੇ ਲੇਡੀ ਇਰਵਨ ਕਾਲਜ ਦੇ ਵਿਦਿਆਰਥੀਆਂ ਨਾਲ ਇਕ ਗੈਰ-ਰਸਮੀ ਵਿਚਾਰ-ਵਟਾਂਦਰਾ ਕਰਨ ਲਈ ਨਵੀਂ ਦਿੱਲੀ ਆਈ ਸੀ। ਡਾ. ਜਲਾਲ ਮਨੋ-ਰੋਗਾਂ ਅਤੇ ਬੱਚਿਆਂ ਦੇ ਰੋਗਾਂ ਦੀ ਮਾਹਰ ਹੈ। ਉਹ 2001 ਵਿਚ ਤਾਲਿਬਾਨ ਹਕੂਮਤ ਦੇ ਡਿੱਗਣ ਤੋਂ ਬਾਅਦ ਔਰਤਾਂ ਦੀ ਮੁਕਤੀ ਦੇ ਇਕ ਸਿਰਕੱਢ ਹਮਾਇਤੀ ਵਜੋਂ ਉਭਰੀ। ਸੰਨ 2004 ਵਿਚ ਉਹ ਅਫਗਾਨਿਸਤਾਨ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਹੋਈ ਚੋਣ ਵਿਚ ਇੱਕੋ-ਇਕ ਇਸਤਰੀ ਉਮੀਦਵਾਰ ਸੀ। ਬੁਲਾ ਦੇਵੀ ਨੇ ਉਨ੍ਹਾਂ ਨਾਲ ਵਾਰਤਾਲਾਪ ਕੀਤੀ, ਜੋ ਹੇਠਾਂ ਦਰਜ ਹੈ।**

**ਸਵਾਲ**-ਅਫ਼ਗਾਨਿਸਤਾਨ ਵਿਚ ਔਰਤਾਂ ਦਾ ਕੀ ਦਰਜਾ ਹੈ?

**ਜਵਾਬ**-ਅਫ਼ਗਾਨਿਸਤਾਨ ਵਿਚ ਔਰਤਾਂ ਦਾ ਦਰਜਾ ਤਾਲਿਬਾਨ ਦੀ ਹਕੂਮਤ ਦੇ ਆਉਣ ਤੋਂ ਬਾਅਦ ਬਦਤਰੀਨ ਸੀ, ਪ੍ਰੰਤੂ ਅੰਤਰ-ਰਾਸ਼ਟਰੀ ਭਾਈਚਾਰੇ ਅਤੇ ਸੰਯੁਕਤ ਰਾਸ਼ਟਰ ਦੇ ਕਦਮਾਂ ਸਦਕਾ ਇਹ ਸੰਸਾਰ ਵਿਚ ਦੂਜੇ ਨੰਬਰ 'ਤੇ ਆ ਗਿਆ ਹੈ। ਇੰਜ ਤਾਲਿਬਾਨ ਦੇ ਸਮੇਂ ਨਾਲੋਂ ਇਹ ਬਿਹਤਰ ਹੈ, ਪ੍ਰੰਤੂ ਹਾਲੇ ਵੀ ਇਹ ਚਿੰਤਾ ਦਾ ਵਿਸ਼ਾ ਹੈ। ਅਫਗਾਨਿਸਤਾਨ ਦੀ ਤਕਰੀਬਨ 70 ਫੀਸਦੀ ਵਸੋਂ ਅੰਤਾਂ ਦੀ ਗਰੀਬੀ ਦਾ ਸਾਹਮਣਾ ਕਰ ਰਹੀ ਹੈ। ਅਫਗਾਨਿਸਤਾਨ ਵਿਚ ਇਸ ਗਰੀਬੀ ਦਾ ਭਾਰ ਮੁੱਖ ਤੌਰ ਉਤੇ ਔਰਤਾਂ 'ਤੇ ਹੈ, ਕਿਉਂਕਿ ਉਨ੍ਹਾਂ ਨੂੰ ਆਰਥਿਕ ਮੌਕੇ ਅਤੇ ਆਰਥਿਕ ਸਾਧਨ ਪ੍ਰਾਪਤ ਨਹੀਂ ਹਨ।

**ਸਵਾਲ**- ਵਿੱਦਿਆ ਬਾਰੇ ਔਰਤਾਂ ਦੀ ਕੀ ਹਾਲਤ ਹੈ?

**ਜਵਾਬ**-ਰਾਸ਼ਟਰੀ ਜਨ-ਗਣਨਾ ਅਨੁਸਾਰ ਅਫ਼ਗਾਨਿਸਤਾਨ ਦੀ ਆਬਾਦੀ ਤਕਰੀਬਨ ਤਿੰਨ ਕਰੋੜ ਹੈ ਅਤੇ ਉਸ ਵਿਚ ਅੱਧੀਆਂ ਕੁੜੀਆਂ ਤੇ ਔਰਤਾਂ ਹਨ। ਦੇਸ਼ ਦੀਆਂ ਔਰਤਾਂ ਦੀ ਇਕ ਵੱਡੀ ਬਹੁ-ਗਿਣਤੀ, ਕੋਈ 89 ਫੀਸਦੀ ਦੇ ਕਰੀਬ, ਅਨਪੜ੍ਹ ਹੈ। ਇਨ੍ਹਾਂ ਵਿਚੋਂ 80 ਫੀਸਦੀ ਪੇਂਡੂ ਇਲਾਕਿਆਂ ਵਿਚ ਰਹਿੰਦੀ ਹੈ। ਅਨਪੜ੍ਹਤਾ ਮੁੱਖ ਤੌਰ ਉਤੇ ਪੇਂਡੂ ਇਲਾਕਿਆਂ ਵਿਚ ਹੀ ਹੈ। ਔਰਤਾਂ ਦੀ ਜਿਹੜੀ ਥੋੜ੍ਹੀ-ਬਹੁਤ ਸਿੱਖਿਆ ਹੈ, ਮੁੱਖ ਤੌਰ 'ਤੇ ਉਹ ਸ਼ਹਿਰਾਂ ਅਤੇ ਰਾਜਧਾਨੀ ਵਿਚ ਹੀ ਕੇਂਦਰਤ ਹੈ।

**ਸਵਾਲ**-ਔਰਤਾਂ ਨੂੰ ਅਮਨ ਪ੍ਰਕਿਰਿਆ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ?


**ਜਵਾਬ**-ਯਕੀਨਨ, ਉਹ ਹੀ ਅਸਲੀ ਸ਼ਾਂਤੀ-ਦੂਤ ਹਨ, ਉਹ ਹੀ ਸ਼ਾਂਤੀ ਦੀਆਂ ਅਸਲੀ ਸਨੇਹੀ ਹਨ।

**ਸਵਾਲ**- ਔਰਤਾਂ ਨੂੰ ਅਮਨ ਪ੍ਰਕਿਰਿਆ ਤੋਂ ਲਾਂਭੇ ਕਿਉਂ ਰੱਖਿਆ ਗਿਆ ਹੈ?

**ਜਵਾਬ**-ਅਜਿਹਾ ਇਸ ਕਾਰਨ ਹੋਇਆ ਹੈ ਕਿ ਸਥਾਨਕ ਤੌਰ 'ਤੇ ਸੱਤਾ ਆਮ ਕਰ ਕੇ ਅੱਤਵਾਦੀ ਗਰੁੱਪਾਂ ਦੇ ਹੱਥਾਂ ਵਿਚ ਰਹਿੰਦੀ ਹੈ। ਉਹ ਨਹੀਂ ਚਾਹੁੰਦੇ ਕਿ ਔਰਤਾਂ ਮੁੱਖ ਧਾਰਾ, ਅਮਨ ਪ੍ਰਕਿਰਿਆ ਵਿਚ ਸ਼ਾਮਲ ਹੋਣ ਅਤੇ ਇਸ ਪ੍ਰਕਿਰਿਆ ਦੀਆਂ ਉਹ ਹਿੱਸੇਦਾਰ, ਸੱਤਾਧਾਰੀ ਅਤੇ ਲਾਭ-ਪਾਤਰੀ ਬਣਨ। ਉਹ ਔਰਤਾਂ ਨੂੰ ਘਰ ਵਿਚ ਹੀ ਬੰਦ ਅਤੇ ਆਪਣੇ ਪਰਿਵਾਰਾਂ ਦੇ ਮਰਦਾਂ ਦੀਆਂ ਆਗਿਆਕਾਰੀ ਬਣਾ ਕੇ ਰੱਖਣਾ ਚਾਹੁੰਦੇ ਹਨ।

**ਸਵਾਲ**-ਕੀ ਇਸ ਹਾਲਤ ਵਿਚ 'ਚੰਗੇ ਤਾਲਿਬਾਨ' ਨੂੰ ਮੁੱਖ ਧਾਰਾ ਵਾਲੇ ਪ੍ਰਸ਼ਾਸਨ ਵਿਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ?

**ਜਵਾਬ**-ਠੀਕ ਹੈ ਕਿ ਇਨ੍ਹਾਂ ਗਰੁੱਪਾਂ ਦੀ ਮਦਦ ਕਰਨ ਲਈ ਇਨ੍ਹਾਂ ਨੂੰ ਨਾਮ ਵੀ ਦਿੱਤੇ ਜਾਂਦੇ ਹਨ ਅਤੇ ਖਿਤਾਬ ਵੀ, ਤਾਂ ਜੁ ਇਨ੍ਹਾਂ ਨੂੰ ਸੱਤਾ ਵਿਚ ਸ਼ਾਮਲ ਕੀਤਾ ਜਾ ਸਕੇ। ਉਂਜ ਅਸੀਂ ਸਾਰੇ ਤਾਲਿਬਾਨ ਨੂੰ ਜਾਣਦੇ ਹਾਂ ਕਿ ਜਦੋਂ ਉਹ ਅਫਗਾਨਿਸਤਾਨ ਵਿਚ ਰਾਜ ਕਰ ਰਹੇ ਸਨ ਤਾਂ ਅਸੀਂ ਉਨ੍ਹਾਂ ਦੀ ਵਿਚਾਰਧਾਰਾ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਏ ਸਾਂ। ਸਾਨੂੰ ਉਨ੍ਹਾਂ ਦੀ ਦ੍ਰਿਸ਼ਟੀ ਅਤੇ ਉਦੇਸ਼ ਦਾ ਵੀ ਪਤਾ ਹੈ ਅਤੇ ਸਾਰੇ ਜਾਣਦੇ ਹਾਂ ਕਿ ਇਕ ਵਾਰੀ ਜਦੋਂ ਉਹ ਮੁੜ ਸੱਤਾ ਵਿਚ ਆ ਗਏ ਤਾਂ ਉਹ ਕੀ ਕਰਨਗੇ। ਅਸੀਂ ਜਾਣਦੇ ਹਾਂ ਕਿ ਉਹ ਔਰਤਾਂ ਨੂੰ ਘਰ ਤੋਂ ਬਾਹਰ ਸੱਤਾ ਵਿਚ ਭਾਈਵਾਲ ਨਹੀਂ ਬਣਾਉਣਾ ਚਾਹੁੰਦੇ।



**ਸਵਾਲ**-ਕੀ ਤੁਸੀਂ ਸਮਝਦੇ ਹੋ ਕਿ ਅਫ਼ਗਾਨਿਸਤਾਨ ਬਿਲਕੁੱਲ ਨਿਘਾਰ ਵਿਚ ਫਸ ਗਿਆ ਹੈ, ਕਿਉਂਕਿ ਅੰਤਰ-ਰਾਸ਼ਟਰੀ ਮਾਨਵਵਾਦੀ ਜਥੇਬੰਦੀਆਂ ਵੀ ਖ਼ਤਰੇ ਨੂੰ ਮਹਿਸੂਸ ਕਰ ਰਹੀਆਂ ਹਨ?

**ਜਵਾਬ**-ਅੰਤਰ-ਰਾਸ਼ਟਰੀ ਗਰੁੱਪਾਂ ਨੂੰ ਨਿਸ਼ਾਨਾ ਬਣਾਉਣ ਦਾ ਮਤਲਬ ਹੈ ਕਿ ਤਾਲਿਬਾਨ, ਅਫ਼ਗਾਨਿਸਤਾਨ ਵਿਚਲੇ ਅੰਤਰ-ਰਾਸ਼ਟਰੀ ਹਲਕਿਆਂ ਵਿਚ ਡਰ ਪੈਦਾ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਧਮਕਾਉਣਾ ਚਾਹੁੰਦੇ ਹਨ, ਤਾਂ ਜੁ ਉਹ ਦੇਸ਼ ਨੂੰ ਛੱਡ ਜਾਣ, ਕਿਉਂਕਿ ਅੰਤਰ-ਰਾਸ਼ਟਰੀ ਜਥੇਬੰਦੀਆਂ ਦੀ ਮੌਜੂਦਗੀ ਅਫਗਾਨਿਸਤਾਨ ਨੂੰ ਸਮੁੱਚੇ ਤੌਰ 'ਤੇ ਇਹ ਸ਼ਕਤੀ ਪ੍ਰਦਾਨ ਕਰਦੀ ਹੈ ਕਿ ਉਹ ਇਸ ਸੰਕਟ ਵਿਚੋਂ ਬਾਹਰ ਨਿਕਲ ਸਕੇ, ਪ੍ਰੰਤੂ ਅਫਗਾਨਿਸਤਾਨ ਦੇ ਦੁਸ਼ਮਣ ਇਹ ਨਹੀਂ ਚਾਹੁੰਦੇ, ਇਸੇ ਲਈ ਅੰਤਰ-ਰਾਸ਼ਟਰੀ ਗਰੁੱਪਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

**ਸਵਾਲ**-ਤਦ ਫਿਰ ਕੀ ਇਸ ਨਾਲ ਬਦਤਰੀਨ ਸਥਿਤੀ ਪੈਦਾ ਹੋ ਗਈ ਹੈ?

**ਜਵਾਬ**-ਅਫਗਾਨਿਸਤਾਨ ਇਕ ਹਨੇਰੀ ਗਲੀ ਵਿਚ ਪਹੁੰਚ ਗਿਆ ਹੈ ਅਤੇ ਇਹੋ ਕਾਰਨ ਹੈ ਕਿ ਅੰਤਰ-ਰਾਸ਼ਟਰੀ ਭਾਈਚਾਰਾ ਤਾਲਿਬਾਨ ਨੂੰ ਰਾਜਨੀਤਕ ਸੱਤਾ ਵਿਚ ਭਾਈਵਾਲ ਬਣਾਉਣ, ਉਨ੍ਹਾਂ ਨੂੰ ਰਾਜਨੀਤਕ ਪ੍ਰਕਿਰਿਆ ਵਿਚ ਸ਼ਾਮਲ ਕਰਨ ਅਤੇ ਕਤਲ ਬੰਦ ਕਰਨ ਲਈ ਉਨ੍ਹਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਕ ਤਰੀਕੇ ਨਾਲ ਉਹ ਅਫਗਾਨਿਸਤਾਨ ਨੂੰ ਮੁਜਰਮਾਂ ਦੇ ਹੱਥਾਂ ਵਿਚ ਦੇਣ ਦਾ ਯਤਨ ਕਰ ਰਹੇ ਹਨ। ਪਤਾ ਨਹੀਂ ਕਿਉਂ ਅੰਤਰਰਾਸ਼ਟਰੀ ਭਾਈਚਾਰਾ ਜਾਂ ਇੱਥੋਂ ਤੱਕ ਕਿ ਸੰਯੁਕਤ ਰਾਸ਼ਟਰ ਵੀ ਤਾਲਿਬਾਨ 'ਤੇ ਭਰੋਸਾ ਕਰ ਰਹੇ ਹਨ।

ਤਾਲਿਬਾਨ ਨੇ ਅਫਗਾਨਿਸਤਾਨ 'ਤੇ ਰਾਜ ਕੀਤਾ ਸੀ ਅਤੇ ਸੰਸਾਰ ਦੀ ਸੁਰੱਖਿਆ ਨੂੰ ਹੀ ਖਤਰੇ ਵਿਚ ਪਾ ਦਿੱਤਾ ਸੀ। ਅੰਤਰ-ਰਾਸ਼ਟਰੀ ਭਾਈਚਾਰਾ ਉਹੀ ਗਲਤੀ ਮੁੜ ਦੁਹਰਾਅ ਰਿਹਾ ਹੈ।

**ਸਵਾਲ**- ਕੀ ਤੁਸੀਂ ਸਮਝਦੇ ਹੋ ਕਿ ਦਾਨ-ਕਰਤਾ ਏਜੰਸੀਆਂ ਨੂੰ ਆਪਣੀ ਯੁੱਧਚਾਲ ਬਦਲ ਲੈਣੀ ਚਾਹੀਦੀ ਹੈ?

**ਜਵਾਬ**-ਦਾਨਕਰਤਾ ਏਜੰਸੀਆਂ ਨੂੰ ਤਾਲਿਬਾਨ ਨਾਲ ਸਭ ਵਾਰਤਾਲਾਪ ਬੰਦ ਕਰ ਦੇਣੇ ਚਾਹੀਦੇ ਹਨ। ਉਨ੍ਹਾਂ ਨੂੰ ਹੋਰ ਢੰਗ-ਤਰੀਕਿਆਂ ਨਾਲ ਬੇਹਥਿਆਰ ਕਰਨਾ ਅਤੇ ਅਫਗਾਨਿਸਤਾਨ ਵਿਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ ਅਤੇ ਇਹ ਹੀ ਉਹ ਫੈਸਲਾ ਸੀ, ਜਿਹੜਾ ਬੋਨ ਵਿਚ ਕੀਤਾ ਗਿਆ ਸੀ। ਬੋਨ ਸਮਝੌਤੇ 'ਤੇ ਅਮਲ ਕੀਤਾ ਜਾਣਾ ਚਾਹੀਦਾ ਹੈ।

**ਸਵਾਲ**-ਕਿਵੇਂ? ਫੌਜੀ ਤੌਰ ਉਤੇ?

**ਜਵਾਬ**-ਅਫਗਾਨਿਸਤਾਨ ਦੇ ਸੰਦਰਭ ਵਿਚ ਹਾਲਤ ਨਾਲ ਸਿੱਝਣ ਲਈ ਬਹੁਤ ਸਾਰੇ ਵੱਖੋ-ਵੱਖਰੇ ਰਾਹ ਹਨ। ਉਨ੍ਹਾਂ ਨੇ ਤਾਲਿਬਾਨ ਨੂੰ ਰਾਜਧਾਨੀ ਵਿਚੋਂ ਬਾਹਰ ਕਿਉਂ ਕੱਢਿਆ ਅਤੇ ਉਨ੍ਹਾਂ ਨੂੰ ਸੀਮਾ ਨਾਲ ਲਗਦੇ ਅਤੇ ਦੂਜੇ ਪ੍ਰਾਂਤਾਂ ਵਿਚ ਰਹਿਣ ਦੀ ਆਗਿਆ ਕਿਉਂ ਦਿੱਤੀ? ਉਨ੍ਹਾਂ ਨੇ ਸ਼ੁਰੂ ਵਿਚ ਹੀ ਅਫ਼ਗਾਨਿਸਤਾਨ ਵਿਚੋਂ ਇਸ ਸਿਰਦਰਦੀ ਤੋਂ ਛੁਟਕਾਰਾ ਕਿਉਂ ਨਾ ਪਾਇਆ? ਇਹ ਆਪਣੇ ਆਪ ਵਿਚ ਹੀ ਇਕ ਸਵਾਲ ਹੈ। ਉਨ੍ਹਾਂ ਭਲਾ ਕਿਉਂ ਤਾਲਿਬਾਨ ਨੂੰ ਦੇਸ਼ ਦੇ ਉਤਰੀ ਅਤੇ ਕੇਂਦਰੀ ਹਿੱਸਿਆਂ ਵਿਚੋਂ ਕੱਢਿਆ, ਦੱਖਣੀ ਹਿੱਸੇ ਵਿਚੋਂ ਨਹੀਂ? ਸਵਾਲ ਅਸਲ ਵਿਚ ਇਹੋ ਹੀ ਹੈ।

**ਸਵਾਲ**-ਅਫ਼ਗਾਨਿਸਤਾਨ ਵਿਚਲੀ ਸਮਾਜਕ ਲਹਿਰ ਦਾ ਕੀ ਹਾਲ ਹੈ?

**ਜਵਾਬ**-ਅੰਤਰਰਾਸ਼ਟਰੀ ਭਾਈਚਾਰੇ ਦੇ ਆਉਣ ਤੋਂ ਬਾਅਦ ਕਾਫੀ ਸਾਰੇ ਫੰਡ ਦੇਸ਼ ਵਿਚ ਆਏ ਅਤੇ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਸਤੇ ਬਹੁਤ ਸਾਰੀਆਂ ਜਥੇਬੰਦੀਆਂ ਬਣਾਈਆਂ ਗਈਆਂ। ਜਿਹੜੀਆਂ ਮਨੁੱਖੀ ਅਧਿਕਾਰਾਂ, ਇਸਤਰੀ ਅਧਿਕਾਰਾਂ ਆਦਿ ਬਾਰੇ ਸਨ, ਪ੍ਰੰਤੂ ਇਹ ਤਾਂ ਆਮ ਕਰ ਕੇ ਦਾਨਕਰਤਾ ਸੰਚਾਲਤ ਹੀ ਹਨ, ਜਿਹੜੀਆਂ ਦਾਨਕਰਤਾਵਾਂ ਦੇ ਹਿੱਤਾਂ ਨੂੰ ਤੇ ਉਨ੍ਹਾਂ ਦੀਆਂ ਹੀ ਯੋਜਨਾਵਾਂ ਅਤੇ ਯੁੱਧਨੀਤੀਆਂ ਨੂੰ ਲਾਗੂ ਕਰਦੀਆਂ ਹਨ। ਇਸ ਦੇ ਨਾਲ ਹੀ ਦੇਸ਼ ਵਿਚ ਭ੍ਰਿਸ਼ਟਾਚਾਰ ਇਸ ਹੱਦ ਤੱਕ ਕਦੇ ਵੀ ਨਹੀਂ ਸੀ। ਸੁਰੱਖਿਆ ਦਿਨ-ਪ੍ਰਤੀ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਮਨੁੱਖੀ ਅਧਿਕਾਰ ਅਤੇ ਇਸਤਰੀ ਅਧਿਕਾਰ ਖਤਮ ਹੁੰਦੇ ਜਾ ਰਹੇ ਹਨ ਅਤੇ ਅਫਗਾਨਿਸਤਾਨ ਵਿਚ ਅੱਤਵਾਦ ਇਕ ਮੁੱਦਾ ਬਣ ਗਿਆ ਹੈ। ਜੇ ਕਦੇ ਬੋਨ ਸਮਝੌਤਾ ਕਾਮਯਾਬੀ ਨਾਲ ਲਾਗੂ ਹੋ ਗਿਆ ਹੁੰਦਾ ਅਤੇ ਉਹ ਵੀ ਸਮੇਂ ਸਿਰ ਪੂਰੀ ਤਰ੍ਹਾਂ, ਤਾਂ ਇਹ ਹਾਲਾਤ ਕਦੇ ਨਾ ਪੈਦਾ ਹੁੰਦੇ।

**ਸਵਾਲ**- ਤੁਸੀਂ ਇਸ ਲਈ ਕਿਸ ਨੂੰ ਜ਼ਿੰਮੇਵਾਰ ਸਮਝਦੇ ਹੋ?

**ਜਵਾਬ**-ਮੈਂ ਸਮਝਦੀ ਹਾਂ ਕਿ ਜਦੋਂ ਅਫ਼ਗਾਨਿਸਤਾਨ ਵਿਚ ਸੱਤਾ ਢਾਂਚਾ ਬਣਾਇਆ ਗਿਆ ਸੀ, ਓਦੋਂ ਅਮਰੀਕਾ ਦਾ ਧਿਆਨ ਇਰਾਕ ਵਲ ਕੇਂਦਰਤ ਹੋ ਗਿਆ ਸੀ ਅਤੇ ਜਦੋਂ ਉਹ ਇਰਾਕ ਮੁੱਦੇ ਤੋਂ ਵਿਹਲੇ ਹੋਏ ਤਾਂ ਅਫਗਾਨਿਸਤਾਨ ਵਿਚ ਦੂਜੀ ਕਿਸਮ ਦਾ ਸੱਤਾ ਢਾਂਚਾ ਸਥਾਪਤ ਹੋ ਚੁੱਕਾ ਸੀ। ਇਸ ਲਈ ਜਿਹੜੇ ਤਾਕਤਵਰ ਸਨ, ਉਨ੍ਹਾਂ ਨੂੰ ਅਫਗਾਨਿਸਤਾਨ ਵਿਚ ਬਿਹਤਰ ਥਾਂ ਮਿਲ ਗਈ ਅਤੇ ਵਧੇਰੇ ਮਜ਼ਬੂਤ ਤੌਰ 'ਤੇ ਅੱਤਵਾਦੀ ਗਰੁੱਪ ਉਭਰੇ।

**ਸਵਾਲ**-ਤੁਸੀਂ ਅਫਗਾਨਿਸਤਾਨ ਵਿਚ ਭਾਰਤ ਦੀ ਭੂਮਿਕਾ ਬਾਰੇ ਕੀ ਸਮਝਦੇ ਹੋ?

**ਜਵਾਬ**-ਮੇਰੇ ਖਿਆਲ ਵਿਚ ਭਾਰਤ ਇਸ ਖੇਤਰ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਅਫਗਾਨਿਸਤਾਨ ਦੇ ਸੰਦਰਭ ਵਿਚ ਭਾਰਤ ਦੀ ਭੂਮਿਕਾ ਜੋ ਹੁਣ ਤੱਕ ਰਹੀ ਹੈ, ਉਸ ਨਾਲੋਂ ਕਿਤੇ ਵਧੇਰੇ ਹੋਵੇਗੀ। ਜੇ ਭਾਰਤ ਆਪਣੀ ਭੂਮਿਕਾ ਅਫਗਾਨਿਸਤਾਨ ਵਿਚ ਅਮਨ ਅਤੇ ਪੁਨਰ-ਉਸਾਰੀ ਵਿਚ ਹਿੱਸਾ ਪਾ ਕੇ ਕਰਦਾ ਹੈ ਤਾਂ ਇਸ ਨਾਲ ਸਭ ਦਾ ਹੀ ਭਲਾ ਹੋਵੇਗਾ।

San Jose ਤੋਂ Sacramento, Yuba City ਅਤੇ Bakersfield ਵਿੱਚ ਸੁਣਿਆ ਜਾਣ ਵਾਲਾ

ਪੰਜਾਬੀ ਰੇਡੀਓ
Punjabi RADIO

ਜਿੰਨ੍ਹਾਂ ਕੋਲ ਚਿਪ ਵਾਲਾ "ਰੇਡੀਓ ਹਮਸਫਰ" (94.1FM Berkeley) ਹੈ ਪੰਜਾਬੀ ਰੇਡੀਓ ਉਸ ਉਪਰ ਹੁਣ ਵੀ ਸੁਣਿਆ ਜਾ ਸਕਦਾ ਹੈ

Bay Area ਵਿਚ ਜਿਨ੍ਹਾਂ ਕੋਲ ਚਿਪ ਵਾਲਾ Voice of Punjab ਜਾਂ Punjab Radio ਹੈ, ਉਹ ਪ੍ਰੋਗਰਾਮ ਹੁਣ ਵੀ ਸੁਣ ਸਕਦੇ ਹਨ।

24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ

ਕੀਮਤ $25

ਖ਼ਬਰਾਂ
ਹਰ ਘੰਟੇ ਬਾਅਦ ਸਟੂਡੀਓ ਤੋਂ
ਹਰ ਰੋਜ ਸਵੇਰ 9.00 ਵਜੇ ਅਤੇ ਸ਼ਾਮ 9.00 ਵਜੇ ਪੰਜਾਬ ਤੋਂ
ਦੁਨੀਆਂ 'ਚ ਕਿਤੇ ਵੀ ਆਨਲਾਈਨ, ਆਈ ਫੋਨ, ਬਲੈਕ ਬੇਰੀ ਉਪਰ ਲਾਈਵ ਸੁਣ ਸਕਦੇ ਹੋ।
www.punjabiradiousa.com

ਗੁਰਬਾਣੀ ਪ੍ਰੋਗਰਾਮ
ਸਵੇਰ ਨੂੰ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਗੁਰਦੁਆਰਾ ਸਾਹਿਬ ਫਰੀਮਾਂਟ ਤੋਂ
ਸ਼ਾਮ ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਤੋਂ

ਸਪੈਸਲ ਟਾਕ ਸ਼ੋਅ
ਹਰ ਰੋਜ
ਸ਼ਾਮ 8.00 ਤੋਂ 9.00 ਵਜੇ ਤੱਕ

ਪੰਜਾਬੀ ਰੇਡੀਓ Sacramento ਅਤੇ Bakersfield Area ਵਿਚ Nov.1st, 2010 ਨੂੰ ਸ਼ੁਰੂ ਹੋ ਰਿਹਾ ਹੈ। ਰੇਡੀਓ ਪ੍ਰਾਪਤ ਕਰਨ ਲਈ ਸਟੋਰਾਂ ਦੇ ਨਾਮ ਬਹੁਤ ਜਲਦੀ ਦਿੱਤੇ ਜਾਣਗੇ

Bay Area ਵਿਚ ਰੇਡੀਓ ਇਨ੍ਹਾਂ ਸਟੋਰਾਂ ਤੋਂ ਪ੍ਰਾਪਤ ਕਰੋ ਜੀ

Royal Fabrics - Union City • Singh Video - Santa Clara • Mckee Liquors - San Jose • Bhai Khushminder Singh

ਹੋਰ ਜਾਣਕਾਰੀ ਲਈ Phone : 408.722.7698

Email: punjabiradiousa@yahoo.com
3750 McKee Road, # B, San Jose CA 95127

# ਚੰਡੀਗੜ੍ਹ 'ਚ ਅਕਾਲੀ ਸਰਦਾਰ, ਦਿੱਲੀ 'ਚ ਚੌਧਰੀ ਭਾਜਪਾ

**ਮਨੋਰੰਜਨ ਕਾਲੀਆ ਪੰਜਾਬ ਬੀ.ਜੇ.ਪੀ. ਦੇ ਸਭ ਤੋਂ ਮੂੰਹ ਫੱਟ ਕੈਬਨਿਟ ਮੰਤਰੀ ਹਨ। ਸਨਅਤ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰਾਲੇ ਦੇ ਉਹ ਇੰਚਾਰਜ ਹਨ। ਭਾਵੇਂ ਇਹ ਉਪ ਮੁੱਖ ਮੰਤਰੀ ਨਾ ਬਣਾਏ ਜਾਣ ਦਾ ਮੁੱਦਾ ਹੋਵੇ ਜਾਂ ਆਈ.ਏ.ਐਸ. ਵੀ.ਕੇ. ਜੰਜੂਆਂ ਦੀ ਗ੍ਰਿਫਤਾਰੀ ਤੋਂ ਪਹਿਲਾਂ ਵਿਜੀਲੈਂਸ ਵਲੋਂ ਵਿਸ਼ਵਾਸ਼ ਵਿਚ ਨਾ ਲੈਣ ਦਾ ਮਾਮਲਾ ਹੋਵੇ ਜਾਂ ਸ਼੍ਰੋਮਣੀ ਅਕਾਲੀ ਦਲ ਦੇ ਅਸੰਬਲੀ ਮੈਂਬਰ ਸਰਬਜੀਤ ਸਿੰਘ ਮੱਕੜ ਵਲੋਂ ਗਾਲ ਦੁੱਪੜ ਕਰਨ ਦਾ ਮਾਮਲਾ ਹੋਵੇ, ਉਹ ਹਮੇਸ਼ਾਂ ਖਬਰਾਂ ਵਿਚ ਰਹੇ ਹਨ। ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਅਸੀਂ ਪਿਛਲੇ ਦਿਨੀਂ ਉਨ੍ਹਾਂ ਦੀ ਇਕ ਅੰਗਰੇਜ਼ੀ ਅਖਬਾਰ ਵਿਚ ਛਪੀ ਇੰਟਰਵਿਊ ਇਥੇ ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ**

**ਸਵਾਲ-** ਪਿਛਲੇ ਸਾਢੇ ਤਿੰਨ ਸਾਲਾਂ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਰਿਸ਼ਤੇ ਕਿਸ ਕਿਸਮ ਦੇ ਰਹੇ ਹਨ?

**ਜਵਾਬ-** ਮੈਨੂੰ ਇਹ ਮੰਨਣ ਵਿਚ ਕੋਈ ਸ਼ਰਮ ਨਹੀਂ ਹੈ ਕਿ ਦੋਨਾਂ ਵਿਚਾਲੇ ਪਿਛਲੇ ਸਮੇਂ ਵਿਚ ਕੁਝ ਖਿੱਚੋਤਾਣ ਹੁੰਦੀ ਰਹੀ ਹੈ। ਭਾਜਪਾ ਵਰਕਰ ਮਹਿਸੂਸ ਕਰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਖਾਸ ਕਰਕੇ ਮਿਊਂਸਪਲ ਕਾਰਪੋਰੇਸ਼ਨਾਂ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਬਲਾਕ ਸੰਮਤੀਆਂ ਅਤੇ ਪੰਚਾਇਤਾਂ ਦੀਆਂ ਸਾਲ 2008 ਵਿਚ ਹੋਈਆਂ ਚੋਣਾਂ ਵਿਚ ਸਾਡੇ ਇਕ ਅਸੰਬਲੀ ਮੈਂਬਰ ਦਾ ਵਾਹਨ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵਲੋਂ ਸਾੜ ਦਿੱਤਾ ਗਿਆ ਜਿਸ ਨੇ ਭਾਜਪਾ ਵਰਕਰਾਂ ਵਿਚ ਵਿਆਪਕ ਨਿਰਾਸ਼ਤਾ ਫੈਲਾਈ। ਪਰ ਦੋਵਾਂ ਧਿਰਾਂ ਵਿਚਾਲੇ ਹੁਣ ਰਿਸ਼ਤੇ ਕਾਫੀ ਨਿੱਘੇ ਹਨ ਅਤੇ ਸਮੇਂ ਨਾਲ ਕਾਫੀ ਸੁਧਰ ਗਏ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਹੁਣ ਵਾਲਾ ਜੋੜ ਫੈਵੀਕੋਲ ਦਾ ਜੋੜ ਹੈ।



**ਸਵਾਲ-** ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਅਸੰਬਲੀ ਮੈਂਬਰ ਸਰਬਜੀਤ ਸਿੰਘ ਮੱਕੜ ਨੇ ਤੁਹਾਡੀ ਰਿਹਾਇਸ਼ 'ਤੇ ਜਾ ਕੇ ਤੁਹਾਡੇ ਨਾਲ ਤਲਖ ਕਲਾਮੀ ਕੀਤੀ ਸੀ ਤਾਂ ਕੀ ਇਹ ਵੱਡਾ ਝਟਕਾ ਨਹੀਂ ਸੀ। ਭਾਜਪਾ ਨੇ ਇਥੋਂ ਤੱਕ ਕਿ ਆਪਣਾ ਰੋਸ ਜ਼ਾਹਿਰ ਕਰਨ ਲਈ ਕੈਬਨਿਟ ਮੀਟਿੰਗ ਦਾ ਬਾਈਕਾਟ ਵੀ ਕੀਤਾ ਸੀ?

**ਜਵਾਬ-**ਮੈਂ ਮਹਿਸੂਸ ਕਰਦਾ ਹਾਂ ਕਿ ਪ੍ਰਕਾਸ਼ ਸਿੰਘ ਬਾਦਲ ਨੇ ਦੋਵਾਂ ਧਿਰਾਂ ਵਿਚਾਲੇ ਤਣਾਅ ਨੂੰ ਘੱਟ ਕਰਨ ਲਈ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਸੀ। ਮੱਕੜ ਨੇ ਬਾਅਦ ਵਿਚ ਆਪਣੇ ਕੀਤੇ ਲਈ ਮੁਆਫੀ ਮੰਗ ਲਈ ਸੀ ਜਦੋਂ ਉਹ ਤੇ ਬਾਦਲ ਸਾਹਿਬ ਇਕੱਠੇ ਮੇਰੀ ਰਿਹਾਇਸ਼ 'ਤੇ ਆਏ ਸਨ।

**ਸਵਾਲ-**ਜਦੋਂ ਡਾਇਰੈਕਟਰ ਇੰਡਸਟਰੀਜ਼ ਅਤੇ ਕਾਮਰਸ ਸ੍ਰੀ ਵੀ.ਕੇ. ਜੰਜੂਆਂ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚ ਪੰਜਾਬ ਵਿਜੀਲੈਂਸ ਬਿਊਰੋ ਵਲੋਂ ਗ੍ਰਿਫਤਾਰ ਕੀਤਾ ਗਿਆ ਸੀ ਤਾਂ ਤੁਸੀਂ ਕਾਫੀ ਨਾਰਾਜ਼ਗੀ ਜ਼ਾਹਰ ਕੀਤੀ ਸੀ। ਇਹ ਵੀ ਕਿਹਾ ਗਿਆ ਸੀ ਕਿ ਤੁਹਾਨੂੰ ਨੀਵਾਂ ਦਿਖਾਉਣ ਲਈ ਸ੍ਰੀ ਜੰਜੂਆਂ ਨੂੰ ਗ੍ਰਿਫਤਾਰ ਕੀਤਾ ਗਿਆ?

**ਜਵਾਬ-**ਹਾਂ, ਮੈਨੂੰ ਪ੍ਰੇਸ਼ਾਨੀ ਹੋਈ ਸੀ। ਮੈਂ ਆਪਣੀ ਨਾਖੁਸ਼ੀ ਬਾਦਲ ਸਾਹਿਬ ਨੂੰ ਪਹੁੰਚਾ ਦਿੱਤੀ ਸੀ। ਪੰਜਾਬ ਵਿਜੀਲੈਂਸ ਦੇ ਮੁਖੀ ਨੂੰ ਆਖ ਦਿੱਤਾ ਗਿਆ ਸੀ ਕਿ ਜੰਜੂਆ ਦੀ ਗ੍ਰਿਫਤਾਰੀ ਤੋਂ ਪਹਿਲਾਂ ਮੈਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਸੀ। ਅਸੀਂ ਵੀ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਹੱਕ ਵਿਚ ਹਾਂ ਪਰ ਅਫਸਰਸ਼ਾਹੀ ਨੂੰ ਕਾਰਵਾਈ ਕਰਨ ਤੋਂ ਪਹਿਲਾਂ ਸੰਬੰਧਿਤ ਮੰਤਰੀ ਨੂੰ ਜ਼ਰੂਰ ਵਿਸ਼ਵਾਸ਼ ਵਿਚ ਲੈਣਾ ਚਾਹੀਦਾ ਹੈ।

**ਸਵਾਲ-**ਤੁਹਾਡੇ ਉਪ ਮੁੱਖ ਮੰਤਰੀ ਬਣਨ ਦੀਆਂ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਸਨ, ਅਜਿਹਾ ਕਿਉਂ ਨਹੀਂ ਵਾਪਰ ਸਕਿਆ। ਹੁਣ ਤੋਂ ਪਹਿਲਾਂ ਕਦੇ ਵੀ ਪਿਓ ਪੁੱਤ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨਹੀਂ ਰਹੇ? ਖਾਸ ਕਰਕੇ ਉਸ ਪਾਰਟੀ ਦੇ ਜਿਸ ਨੇ ਸਰਕਾਰ ਇਕ ਕੌਮੀ ਪਾਰਟੀ ਦੀ ਹਮਾਇਤ ਨਾਲ ਬਣਾਈ ਹੋਵੇ।

**ਜਵਾਬ-**ਦੋਨੋਂ ਪਾਰਟੀਆਂ ਇਕ ਦੂਜੇ ਦੇ ਹਿੱਤਾਂ ਦਾ ਖਿਆਲ ਰੱਖ ਰਹੀਆਂ ਹਨ ਅਤੇ ਅਸੀਂ ਚਾਹੁੰਦੇ ਹਾਂ ਕਿ ਗੱਠਜੋੜ ਸਿਹਤਮੰਦ ਢੰਗ ਨਾਲ ਵਿਕਾਸ ਕਰੇ। ਅਸੀਂ ਉਪ ਮੁੱਖ ਮੰਤਰੀ ਦਾ ਅਹੁਦਾ ਕਦੇ ਨਹੀਂ ਮੰਗਿਆ। ਇਹ ਹੋ ਸਕਦਾ ਹੈ ਕਿ ਲੋਕ ਇਹ ਆਸ ਕਰਦੇ ਹੋਣ ਕਿ ਉਪ ਮੁੱਖ ਮੰਤਰੀ ਬੀ.ਜੇ.ਪੀ. ਦਾ ਹੋਣਾ ਚਾਹੀਦਾ ਹੈ। ਪਰ ਅਜਿਹਾ ਵਾਪਰ ਨਹੀਂ ਸਕਿਆ। ਅਸੀਂ ਇਕ ਦੂਜੇ ਦੀਆਂ ਭਾਵਨਾਵਾਂ ਦਾ ਖਿਆਲ ਰੱਖਦੇ ਹਾਂ। ਲੋਕਾਂ ਲਈ ਵਧੀਆ ਕਾਰਗੁਜ਼ਾਰੀ ਦਿਖਾਉਣ ਲਈ ਸਾਨੂੰ ਦੋਵਾਂ ਪਾਰਟੀਆਂ ਨੂੰ ਇਕ ਦੂਜੇ ਨੂੰ ਵਧੇਰੇ ਥਾਂ ਮੁਹੱਈਆ ਕਰਨੀ ਚਾਹੀਦੀ ਹੈ। ਇਹੋ ਹੈ ਜੋ ਕੁਲੀਸ਼ਨ ਸਰਕਾਰ ਦਾ ਧਰਮ ਮੰਗ ਕਰਦਾ ਹੈ।

**ਸਵਾਲ-**ਕੀ ਅਕਾਲੀ ਦਲ ਬਾਦਲ ਆਪਣਾ ਕੁਲੀਸ਼ਨ ਧਰਮ ਨਿਭਾ ਰਿਹਾ ਹੈ?

**ਜਵਾਬ-**ਭਾਰਤੀ ਜਨਤਾ ਪਾਰਟੀ ਨੂੰ ਕੇਂਦਰ ਵਿਚ ਵੱਡੇ ਭਰਾ ਵਾਲੀ ਭੂਮਿਕਾ ਨਿਭਾਉਣੀ ਹੋਵੇਗੀ ਅਤੇ ਪੰਜਾਬ ਵਿਚ ਛੋਟੇ ਭਰਾ ਵਾਲੀ। ਸਥਿਤੀ ਮੰਗ ਕਰਦੀ ਹੈ ਕਿ ਦੋਨੋਂ ਪਾਰਟੀਆਂ ਇਕ ਦੂਜੇ ਦੇ ਹਿੱਤਾਂ ਵਿਚ ਆਪਸ ਵਿਚ ਜੁੜੀਆਂ ਰਹਿਣ। ਭਾਰਤੀ ਜਨਤਾ ਪਾਰਟੀ ਨੂੰ ਇਕ ਢੰਗ ਨਾਲ ਅਮਲ ਕਰਨਾ ਚਾਹੀਦਾ ਹੈ ਕਿ ਪੰਜਾਬ ਅਤੇ ਪੰਜਾਬੀਆਂ ਦੇ ਹਿੱਤ ਸੁਰੱਖਿਅਤ ਹੋਣ। ਮੈਂ ਮਹਿਸੂਸ ਕਰਦਾ ਹਾਂ ਕਿ ਭਾਰਤੀ ਜਨਤਾ ਪਾਰਟੀ ਆਪਣੀ ਭੂਮਿਕਾ ਵਧੀਆ ਢੰਗ ਨਾਲ ਨਿਭਾ ਰਹੀ ਹੈ।

**ਸਵਾਲ-**ਜੇ ਕੱਲ੍ਹ ਨੂੰ ਸੁਖਬੀਰ ਨੂੰ ਮੁੱਖ ਮੰਤਰੀ ਬਣਾ ਦਿੱਤਾ ਜਾਂਦਾ ਹੈ ਤਾਂ ਕਿ ਭਾਰਤੀ ਜਨਤਾ ਪਾਰਟੀ ਦਾ ਉਪ ਮੁੱਖ ਮੰਤਰੀ ਬਣਾਇਆ ਜਾਵੇਗਾ?

**ਜਵਾਬ-**ਇਹ ਇਕ ਕਿਸਮ ਦਾ ਹਵਾਈ ਸਵਾਲ ਹੈ। ਜਦੋਂ ਮਸਲਾ ਖੜਾ ਹੋਵੇਗਾ ਪਾਰਟੀ ਉਦੋਂ ਹੀ ਇਸ ਨੂੰ ਸੰਬੋਧਨ ਹੋਵੇਗੀ।

**ਸਵਾਲ-**ਤੁਸੀਂ ਮੁੱਖ ਮੰਤਰੀ ਦਾ ਕਿੰਝ ਮੁਲੰਕਣ ਕਰਦੇ ਹੋ?

**ਜਵਾਬ-**ਉਹ ਅਸਲ ਰਾਜਨੀਤੀਵਾਨ ਹੈ। ਉਸ ਕੋਲ ਮੇਰੀ ਉਮਰ ਜਿੰਨਾ ਰਾਜਨੀਤਕ ਤਜਰਬਾ ਹੈ। ਮੈਂ ਉਸ ਕੋਲੋਂ ਬਹੁਤ ਕੁਝ ਸਿੱਖਿਆ ਹੈ। ਉਹ ਸਾਰਿਆਂ ਨੂੰ ਧਿਆਨ ਨਾਲ ਸੁਣਦੇ ਹਨ ਅਤੇ ਬਰਾਬਰ ਦਾ ਮੌਕਾ ਦਿੰਦੇ ਹਨ। ਉਨ੍ਹਾਂ ਦਾ ਲੋਕਾਂ ਦੀ ਨਬਜ਼ ਉਪਰ ਹੱਥ ਹੈ। ਮੈਂ ਅਰਦਾਸ ਕਰਦਾ ਹਾਂ ਕਿ ਰੱਬ ਉਨ੍ਹਾਂ ਨੂੰ ਲੰਬੀ ਅਤੇ ਤੰਦਰੁਸਤ ਉਮਰ ਬਖਸ਼ੇ ਤਾਂ ਕਿ ਲੰਮੇ ਸਮੇਂ ਤੱਕ ਉਹ ਪੰਜਾਬ ਦੀ ਸੇਵਾ ਕਰ ਸਕਣ। ਮੇਰਾ ਇਹ ਵੀ ਵਿਚਾਰ ਹੈ ਕਿ ਦੋਨਾਂ ਪਾਰਟੀਆਂ ਦੇ ਕੰਮਕਾਰ ਦੀ ਡੂੰਘੀ ਸਮਝ ਕਾਰਨ ਉਹ ਗੱਠਜੋੜ ਦਾ ਧੁਰਾ ਹਨ।

**ਸਵਾਲ-**ਸੁਖਬੀਰ ਨਾਲ ਤੁਹਾਡੇ ਰਿਸ਼ਤੇ ਕਿਸ ਤਰ੍ਹਾਂ ਦੇ ਹਨ?

**ਜਵਾਬ-**ਸੁਖਬੀਰ-ਕਾਲੀਆ ਕਮੇਟੀ ਬਣਨ ਤੋਂ ਬਾਅਦ ਸਾਡੇ ਆਪਸੀ ਰਿਸ਼ਤੇ ਕਾਫੀ ਸੁਧਰੇ ਹਨ। ਇਸ ਤੋਂ ਪਹਿਲਾਂ ਸਾਡੇ ਰਿਸ਼ਤੇ ਰਵਾਇਤੀ ਜਿਹੇ ਸਨ ਪਰ ਕਮੇਟੀ ਦੀਆਂ ਮੀਟਿੰਗਾਂ ਦੌਰਾਨ ਅਸੀਂ ਪੂਰੀ ਤਰ੍ਹਾਂ ਗੈਰਰਸਮੀ ਹੋ ਗਏ। ਸਾਡੀ ਉਮਰ ਲਗਭਗ ਬਰਾਬਰ ਹੈ। ਆਜ਼ਾਦ ਖਿਆਲੀ ਵੀ ਇਕੋ ਜਿਹੀ ਹੈ। ਅਸੀਂ ਕੋਈ ਵੀ ਚੀਜ਼ ਲੁਕੋ ਕੇ ਨਹੀਂ ਰੱਖਦੇ। ਜੇ ਮੈਂ ਕਿਸੇ ਚੀਜ਼ ਨਾਲ ਸਹਿਮਤ ਨਹੀਂ ਹਾਂ ਤਾਂ ਉਸ ਨੂੰ ਦੱਸ ਦਿੰਦਾ ਹਾਂ। ਅਜਿਹਾ ਮੈਂ ਬਾਦਲ ਸਾਹਿਬ ਕੋਲ ਨਹੀਂ ਕਰ ਸਕਦਾ।

**ਸਵਾਲ-**ਲੋਕ ਮਹਿਸੂਸ ਕਰਦੇ ਹਨ ਕਿ ਬੀ ਜੇ ਪੀ ਆਪਣੀ ਪਹਿਲਾਂ ਹੀ ਲੋਕਪ੍ਰਿਅਤਾ ਗੁਆ ਚੁੱਕੀ ਹੈ ਅਤੇ 2012 ਦੀਆਂ ਚੋਣਾਂ ਜਿੱਤਣ ਲਈ ਸੁਖਬੀਰ ਬਾਦਲ ਉਪਰ ਨਿਰਭਰ ਕਰ ਰਹੀ ਹੈ?

**ਜਵਾਬ-**ਇਹਦੇ ਵਿਚ ਭੋਰਾ ਵੀ ਸੱਚ ਨਹੀਂ ਹੈ। ਬੀ ਜੇ ਪੀ ਸ਼ਹਿਰੀ ਅਤੇ ਨੀਮ ਸ਼ਹਿਰੀ ਖੇਤਰਾਂ ਵਿਚ ਵੱਡਾ ਆਧਾਰ ਰੱਖਦੀ ਹੈ ਜਦਕਿ ਅਕਾਲੀ ਦਲ ਦਾ ਆਧਾਰ ਪੇਂਡੂ ਖੇਤਰਾਂ ਵਿਚ ਹੈ।

**ਸਵਾਲ-**ਤੁਹਾਡੀ ਪਾਰਟੀ ਕਿਸਾਨਾਂ ਨੂੰ ਸਬਸਿਡੀਆਂ ਤੇ ਮੁਫਤ ਬਿਜਲੀ ਦਾ ਵਿਰੋਧ ਕਰਦੀ ਰਹੀ ਹੈ। ਤੁਹਾਡੀ ਇਹ ਵੀ ਦਲੀਲ ਸੀ ਕਿ ਜੇ ਕਿਸਾਨਾਂ ਨੂੰ ਮੁਫਤ ਬਿਜਲੀ ਦਿੱਤੀ ਜਾਂਦੀ ਹੈ ਤਾਂ ਸਰਕਾਰ ਨੂੰ ਬਿਜਲੀ ਦੇ ਵਧਾਏ ਖਰਚੇ ਵੀ ਵਾਪਸ ਲੈਣੇ ਚਾਹੀਦੇ ਹਨ।

**ਜਵਾਬ-**ਸਾਡੀ ਪਾਰਟੀ ਨੇ ਕਦੇ ਨਹੀਂ ਕਿਹਾ ਕਿ ਕਿਸਾਨਾਂ ਨੂੰ ਮੁਫਤ ਬਿਜਲੀ ਨਹੀਂ ਦਿੱਤੀ ਜਾਣੀ ਚਾਹੀਦੀ। ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਦੇ ਸਾਰੇ ਤਬਕਿਆਂ ਨੂੰ ਨਾਲ ਲੈਣਾ ਚਾਹੀਦਾ ਹੈ। ਕਿਸਾਨਾਂ ਲਈ ਸਬਸਿਡੀਆਂ ਗਲਤ ਨਹੀਂ ਹਨ ਪਰ ਇਨ੍ਹਾਂ ਦੇ ਸਬੰਧ ਵਿਚ ਯੋਗ ਨੀਤੀ ਅਪਣਾਈ ਜਾਣੀ ਚਾਹੀਦੀ ਹੈ।

## *ਮਾਨ ਦਲ ਲੋਕਾਂ ਦੀ ਵੱਡੀ ਲਾਮਬੰਦੀ ਵਲ*

**ਜਗਰਾਉਂ :** ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ (ਅ) ਨੇ ਆਪਣੀ 'ਪੰਜਾਬ ਬਚਾਓ ਰੈਲੀ' ਰਾਹੀਂ ਸਿੱਖ ਕੌਮ ਅਤੇ ਪੰਜਾਬ ਦੇ ਵੱਖ-ਵੱਖ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਮੁੱਦੇ ਉਭਾਰ ਕੇ ਲੋਕਾਂ ਦੀ ਇਕ ਵੱਡੀ ਲਾਮਬੰਦੀ ਵਲ ਤੁਰਨ ਦਾ ਯਤਨ ਕਰ ਰਿਹਾ ਹੈ। ਸ. ਮਾਨ ਅਨੁਸਾਰ ਇਸ ਵਿਸ਼ਾਲ ਰੈਲੀ ਦਾ ਮੁੱਖ ਮਕਸਦ ਰਾਜ ਦੀ ਸਿਆਸਤ 'ਚ ਤਬਦੀਲੀ ਲਈ ਲਾਮਬੰਦੀ ਹੈ। ਰੈਲੀ ਦੌਰਾਨ ਸਿੱਖਾਂ ਨੂੰ ਅੱਗੇ ਆ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ 'ਚ ਵੀ ਜਥੇਬੰਦੀ ਦੇ ਪੰਥਕ ਉਮੀਦਵਾਰਾਂ ਨੂੰ ਜਿਤਾਉਣ ਦਾ ਸੱਦਾ ਦਿੱਤਾ ਗਿਆ।



ਪਾਰਟੀ ਦੇ ਸੀਨੀਅਰ ਆਗੂਆਂ ਜਥੇਦਾਰ ਧਿਆਨ ਸਿੰਘ ਮੰਡ, ਸ. ਜਸਕਰਨ ਸਿੰਘ ਕਾਹਨ ਸਿੰਘ ਵਾਲਾ ਅਤੇ ਗੁਰਿੰਦਰਪਾਲ ਸਿੰਘ ਧਨੌਲਾ ਨੇ ਦਾਅਵਾ ਕੀਤਾ ਕਿ 'ਪੰਜਾਬ ਬਚਾਓ ਰੈਲੀ' ਪੰਜਾਬ ਦੇ ਸਿਆਸੀ ਇਤਿਹਾਸ ਵਿਚ ਇਕ ਮਹਾਨ ਤਬਦੀਲੀ ਹੈ। ਇਸ ਨਾਲ ਲੋਕਾਂ ਨੂੰ ਪੰਜਾਬ ਅਤੇ ਪੰਥ ਵਿਰੋਧੀ ਕਾਂਗਰਸ ਅਤੇ ਬਾਦਲ-ਭਾਜਪਾ ਗਠਜੋੜ ਨੂੰ ਲਾਂਭੇ ਕਰਕੇ ਸ. ਮਾਨ ਦੀ ਅਗਵਾਈ ਹੇਠ ਸਿਆਸੀ ਤਬਦੀਲੀ ਦਾ ਹੋਕਾ ਦਿੱਤਾ ਗਿਆ।

# ਪੰਜਾਬ 'ਚ ਵੀ ਅਮੀਰ ਹੋ ਸਕਦਾ ਕਿਸਾਨ-ਕੰਗ

**ਲੁਧਿਆਣਾ:** ਉਸ ਵਕਤ ਜਦੋਂ ਪੰਜਾਬ ਸਰਕਾਰ ਖਾਸ ਕਰਕੇ ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਪੰਜਾਬ ਦੇ ਕਿਸਾਨਾਂ ਨੂੰ ਬਰਾਜ਼ੀਲ ਅਤੇ ਇਥੋਪੀਆ ਜਿਹੇ ਮੁਲਕਾਂ ਵਿਚ ਜਾ ਕੇ ਜ਼ਮੀਨਾਂ ਖਰੀਦਣ ਅਤੇ ਖੇਤੀ ਕਰਨ ਦੀਆਂ ਨਸੀਹਤਾਂ ਦੇ ਰਹੇ ਹਨ ਤਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਐਮ.ਐਸ. ਕੰਗ ਨੇ ਕਿਹਾ ਹੈ ਕਿ ਪੰਜਾਬ ਵਿਚ ਰਹਿ ਕੇ ਵੀ ਪੰਜਾਬ ਦੇ ਕਿਸਾਨ ਅਮੀਰੀ ਹਾਸਲ ਕਰ ਸਕਦੇ ਹਨ ਬਸ਼ਰਤੇ ਕਿ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਦੱਸੇ ਢੰਗ ਤਰੀਕੇ 'ਤੇ ਚੱਲ ਕੇ ਖੇਤੀ ਕਰਨ।

ਉਨ੍ਹਾਂ ਕਿਹਾ ਕਿ ਬਾਹਰ ਜਾਣ ਦੀ ਕੋਈ ਲੋੜ ਨਹੀਂ ਹੈ ਅਤੇ ਦੂਜੇ ਦੇਸ਼ਾਂ ਵਿਚ ਕਿਸਾਨਾਂ ਦੀ ਸੁਰੱਖਿਆ ਦੀ ਵੱਡੀ ਸਮੱਸਿਆ ਖੜੀ ਹੋਵੇਗੀ। ਸ. ਐਮ.ਐਸ. ਕੰਗ ਨੇ ਉਪਰੋਕਤ ਵਿਚਾਰ ਬੀਤੇ ਦਿਨੀਂ ਬਠਿੰਡਾ ਵਿਖੇ ਇਕ ਸਥਾਨਕ ਕਿਸਾਨ ਮੇਲੇ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।

ਇਕ ਅੰਗਰੇਜ਼ੀ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੇ ਉਸ ਬਿਆਨ ਜਿਸ ਵਿਚ ਉਨ੍ਹਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਅਫਰੀਕਾ ਵਿਚ ਜਾ ਕੇ ਖੇਤੀ ਕਰਨ ਲਈ ਕਿਹਾ ਹੈ, 'ਤੇ ਪ੍ਰਤੀਕਰਮ ਪ੍ਰਗਟ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਕਿਸਾਨਾਂ ਲਈ ਪੰਜਾਬ ਵਿਚ ਵੱਡੀਆਂ ਸੰਭਾਵਨਾਵਾਂ ਹਨ। ਮੈਂ ਪਟਿਆਲਾ ਜ਼ਿਲ੍ਹੇ ਦੀ ਇਕ ਵਿਧਵਾ ਨੂੰ ਜਾਣਦਾ ਹਾਂ ਜਿਹੜੀ ਦੋ ਲੱਖ ਰੁਪਏ ਪ੍ਰਤੀ ਏਕੜ ਕਮਾ ਰਹੀ ਹੈ। ਜੇ ਉਹ ਅਜਿਹਾ ਕਰ ਸਕਦੀ ਹੈ ਤਾਂ ਦੂਜੇ ਕਿਸਾਨ ਕਿਉਂ ਨਹੀਂ ਕਰ ਸਕਦੇ।

ਡਾ. ਕੰਗ ਨੇ ਹੋਰ ਕਿਹਾ ਕਿ ਅਫਰੀਕਾ ਵਿਚ ਖੇਤੀ ਸੌਖੀ ਨਹੀਂ ਹੋਵੇਗੀ ਕਿਉਂਕਿ ਸੁਰੱਖਿਆ ਦਾ ਮਸਲਾ ਵੀ ਵੱਡੇ ਰੂਪ ਵਿਚ ਸਾਹਮਣੇ ਹੋਵੇਗਾ। ਇਸ ਤੋਂ ਇਲਾਵਾ ਹੋਰ ਸਮੱਸਿਆਵਾਂ ਨਾਲ ਵੀ ਜੂਝਣਾ ਪਵੇ। ਉਨ੍ਹਾਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਮਕਸਦ ਖੇਤੀ ਨੂੰ ਮੁਨਾਫਾ ਬਖਸ਼ ਅਤੇ ਵਾਤਾਵਰਨ ਹਿੱਤੂ ਬਣਾਉਣਾ ਹੈ। ਕਿਸਾਨਾਂ ਨੂੰ ਵਾਤਾਵਰਨ ਹਿੱਤੂ ਖੇਤੀ ਅਪਨਾਉਣ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਸਾਡੇ ਕਿਸਾਨ ਹਰ ਸਾਲ ਝੋਨੇ ਦੀ ਪਰਾਲੀ ਨੂੰ ਸਾੜ ਕੇ 200 ਕਰੋੜ ਰੁਪਏ ਦੇ ਖੁਰਾਕੀ ਤੱਤ ਬਰਬਾਦ ਕਰ ਦਿੰਦੇ ਹਨ। ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ।

## Matrimonials

**ਕੰਨਿਆ ਦੀ ਲੋੜ**

Jat Sikh parents seek suitable match for their US born, handsome, clean shave, 26/6"-1" Engineer son, manager in a top 50 national corporation. Contact: happy202099@yaho.com

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-351-5737, e-mail: Singhb1@yahoo.com

Match for clean shaven, handsome, Saini boy 36, 5'11", US citizen, divorcee , Vetenary doctor. Girl from California will be prefer. Contact at raj@gfbontime.com

Parents seek well educated USA settled family girl for Sikh cleanshaved son, 28, 5'-10", M.S from USA, Settled in Michigan-USA, permanent job , Call: 214-677-6465 or jit.simer@gmail.com.

**ਵਰ ਦੀ ਲੋੜ**

Suitable match for Khatri Sikh pretty girl 28, Canadian born UBC educated l.l.B. honors, currently pursuing at Kingston varsity London. Call 604-261-9555 & email bio data/photo to Dalipmehta @hotmail.com

US citizen vegetarian, professional match for pretty, sincere, honest, obedient and never married girl, 30, 5'-2". Only serious inquiries, cast no bar: Singhb1@yahoo.com

Professional Jatt Sikh match, for beautiful Jatt Sikh girl 28, 5'3" Canadian immigrant, registered Nurse in USA.Call 248-974-1131.Send Bio-data with photo to karamjittsandhu@yahoo.com

Handsome & educated Jatt Sikh match, preferably from California for Jatt Sikh beautiful girl, 24, 5'4", MBA. Call at 408-794-5382. Send Bio-data with pictures to Jatt_Sikh2010@yahoo.com


MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Emirates
Asiana Airlines
KOREAN AIR
SINGAPORE AIRLINES CATHAY PACIFIC Lufthansa CHINA AIRLINES
We Also Offer Notary Service



FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫ਼ਤਰ ਵਲੋਂ ਮਨਜ਼ੂਰੀ ਹੈ।

# ਦਲ ਖਾਲਸਾ ਅਲਾਇੰਸ

## ਵਲੋਂ ਯੂ ਐਨ ਓ 'ਚ ਦਿੱਤਾ ਗਿਆ ਮੈਮੋਰਡਮ

# Memorandum

## Submitted by the Dal Khalsa Alliance & associated organizations

The Hon N. Pillay
High Commissioner
United Nations High Commission for Human Rights,
UN Human Rights Council
Palais des Nations, CH 1211 Geneva 10
SWITZERLAND
21st September, 2010

Your Excellency Mrs Pillay,

Human rights violations and genocide in particular of Sikhs in their holy and historical land, Punjab, and the non-Hindu minorities in general in predominantly Hindu India

We, the Sikhs of Switzerland, European countries and North America, would like to apprise you, your Excellency, of human rights abuses of the Sikhs and other non-Hindu minorities in India which have taken place since 15th August, 1947. This was the day when the British India authorities transferred political power to the 'unelected' Hindu leadership and left the non-Hindu minorities, especially the Sikhs, at the mercy of the majority, the Hindus. Since receiving political power from the British Empire, despite the protest of the Sikhs at large and their leadership for not returning their first sovereign and independent Sikh Raj of South Asia, of their forefathers and monarch, Ranjit Singh (1799-1849). The predominantly Hindu India has exterminated more than 1.4 to 2.3 million Sikhs, more than one million in the decade of 1981-91 (Singh S 1995 The Sikhs in History ISBN 0-96475555-0-5; Dilgeer HS and Sekhon AS 1992 The Sikhs' Struggle for Sovereignty An Historical Perspective (ed) A T Kerr ISBN 0-9695964-1-3 University of Alberta P O, Edmonton, AB T6G 2S5, Canada; Sekhon AS Dilgeer HS 1999 A White Paper On Khalistan (A True Story) The Sikh Nation (ed) AT Kerr ISBN 0-9695964-8-0; Sekhon AS Dilgeer HS 2002 India Kills the Sikhs, 3rd Ed, ISBN 0-9695964-9-9; Sekhon AS 2005 India's Genocides of Sikhs, 1981-1991: History Revisited Int J Sikh Affairs 15(2), 28, 2005 (Chief Guest Editor: AT Kerr) ISSN 1481-5435; Sekhon AS 2010 The Sikhs: Sovereignty To Slavery ISBN 978-0-9811360-8-0). Since the brutal military "Operation Bluestar" of June, 1984, more than 260,000 Sikh infants, children, youth, male and female folks have been slaughtered [Int J Sikh Affairs 10(2): 27-29, 2000 ISSN 1481-5435; Sekhon AS 2000 Proc 8th Sikh Edu. Conf., Toronto, ON, Sept. 23; Walia AS Sudan TS 2001 Genesis of State Terrorism in Punjab. Released by Justice A S Bains, ihrf@yahoogroups.com; July 14, 2001; Kumar RN et al.2003 Reduced To Ashes: The Insurgency and Human Rights in Punjab ISBN 99933-53-57-4 <www.safhr.org <mailto: ihrf@yahoogroups.com; www.safhr.org> ; Sekhon AS 2005 in Authentic Voices of South Asia India's Broken Promises & Suppression of Dalits (ed) U Khalid ISBN 0-9548929-0-9]. Likewise, Hindu India has systematically killed other non-Hindu minorities (more than 500,000 Muslims; over 110,000 Kashmiri Muslims of the Internationally Disputed Areas of Jammu and Kashmir since 1988; more than 312,500 Christians; hundreds of thousands of Dalits, adivaasis (aboriginals or Moolnivasi of India), in numerous genocides, pogroms, massacres and staged encounters (25 Years After 1984 Assault on Durbar Sahib Laying Foundation of Khalistan (ed) Dr Awatar Singh Sekhon, June 2009, ISBN 0-9548929-4-1, a publication of London Institute of South Asia). The most recent examples of state sponsored pogroms are the killings of Sikhs in Chitisinghpora in Kashmir in February, 2000; killings of 6 Sikhs in Kashmir in February, 2001; beheading of a Sikh in Kashmir in March, 2001; destruction of 6 Mosques in Kanpur, U P, and Bhilwara (Asind), Rajasthan (http://www.indianexpress.com<http://www.indianexpress.com/>; 2001; The Hon Edolphus Towns, Member of Congress (MC). Indian Government Found Responsible for Burning Sikh Homes and Temple in Kashmir. The US House of Representatives, June 27, 2001; The Hon Dan Burton, MC and Chairman, US House Government Committee. Indian Duplicity and Hypocrisy Exposed, House of Representatives, 31st July, 2001; The Hon Edolphus Towns, MC Indian Minorities Seeking Their Own States. The US House of Representatives, 107th Congress, July 11, 2001; The Hon Cynthia A McKinney, MC Self-Determination For Sikh Homeland Discussed on Capitol Hill, The US House of Representatives, June 28, 2001); slaughtering of 16 Muslims by the police; burning of the Muslim holy scripture, The Quran Shariff, in New Delhi, Patiala, and Amritsar, Punjab (March 24, 2000 <post #4279 & 4314, <http://www.yahoogroups.com/group/sikhyouth>. Addressing the House of Representatives, Congress of the United States, the Hon Edolphus Towns, Member of Congress, said on 28th March, 2006 "Sikh activists Kanwarpal Singh Dhami and Dr. Jagjit Singh Chohan (now deceased) were arrested by the Indian Government on charges of sedition. Their crime was to speak in support of a sovereign Sikh Nation, Khalistan . Dr. Chohan also flur the Khalistan's flag from his residence. When did free speech become a crime in a democracy? The Sikh homeland of Khalistan declared itself independent from India on October 7, 1987." On 21st March, 2006, in a press release, Dr Gurmit Singh Aulakh, President of the Council of Khalistan, Washington DC, said, "What kind of democracy watches people for demanding freedom? Why don't they watch the Black Cats who have killed thousands of Sikhs under the protection of the Indian government?"

We would like to bring to your notice that the Sikh Nation, Punjab, the 'First Sovereign and Secular' nation of South Asia of monarch Ranjit Singh, 1799 to 14th March, 1849, was 'robbed' by the alleged Indian democracy on 15th August, 1947. The Sikhs' constitutional rights, Sikh religion and Sikh traditions were 'swallowed' in the Indian Constitution 1950, Article 25. The very Constitution 1950 was 'rejected', in the Indian parliament (Lok Sabha), in its draft and final forms, in 1948, 26 November, 1949, 1950 and more recently on 6th September, 1966. The Sikhs' elected representatives who 'rejected' the Constitution, on behalf of their people or constituents of Punjab, were Sardar Hukam Singh, Sardar Bhupinder Singh Maan and Sirdar Kapur Singh, ICS, MP, MLA and the National Professor of Sikhism. Since their 'rejection of the Indian Constitution 1950', none of the Sikhs' elected representatives has accepted/endorsed/signed the Indian Constitution implemented by the deceitful, divisive, devious and apartheid practicing alleged Indian democracy of the 'Brahmins-Hindus'. It must be considered seriously that under what Constitutional rights, the apartheid practicing alleged Indian democracy has been ruling the 'Sikhs of Punjab (including Haryana, Himachal Pradesh and Punjabi-speaking areas of Punjab/Sikh Nation/the Sikh Raj of Ranjit Singh) since 15th August, 1947? The Sikhs of Punjab's story does not end here. Rather it has been continuing, since the Sikh Nation has been under the 'slavery and Tight Control' of the oppressive and suppressive alleged Indian democracy of the 'Brahmins-Hindus', who had been 'subservient' to the Afghans, Mughals, Sikhs, British, Portuguese, etc., for more than 3,500 years.

Additionally, the excesses of the Indian forces can be summarized as follows:

On 5th November, 1978, the Hindu India police of Delhi fired at a Sikh procession and killed four Sikhs, including the president of the Delhi Akali Party [Sekhon AS and Dilgeer HS 1999, 2006 A White Paper On Khalistan (A True Story) The Sikh Nation (ed) A T Kerr ISBN 0-9695964-8-0]. Acting Mukh-Sewadar, or Chief of Akal Takht Sahib, the Supreme Seat of the Sikh Polity, Amritsar, Singh Sahib Bhai Gurdev Singh Kaunke, was abducted on 20th December 1993, tortured, killed and his body dumped in a canal on 3rd January 1994.

On October 27, 1995, the Human Rights activist of the Akali Dal (Badal), Sardar Jaswant Singh Khalra, was killed at the Chhabal police station, Amritsar. His body was thrown into the Harike Canal. A police officer, A. S. Sandhu (supposedly committed suicide), abducted a Sikh religious leader, Charan Singh, tortured him and disposed off his body. Earlier, the same police officer had abducted Charan Singh's brother and his driver. The latter was killed by tying his legs to two jeeps, which were driven off in opposite directions.

A former Punjab administration headed by a corrupt Sikh, Prakash Sinh Badal, attacked the Darbar Sahib Complex (mistakenly known as the Golden Temple Complex) on 7th February, 1998, desecrated its sanctity and deposed, using his state powers, the democratically elected president of the Shiromani Gurdwara Prabhandhak Committee. Shortly thereafter, Badal forcibly removed the Supreme Minister or Custodian of Akal Takht Sahib, the Supreme Seat of the Sikh Polity, Bhai Ranjit Singh. The administration of Prakash Sinh Badal, has spent more than 20 million rupees for legal fees to protect the police officers who participated in the genocide of the Sikhs. Voted, under the Constitution of India, which has been 'rejected by the Sikhs repeatedly', out of the Punjab's administration, for his maneuvering, his collision (Badal and associates') with a Hindu militant and fundamentalist party, the Brahtiya Janata Party (BJP), is back as the Chief of the Punjab administration. Prakash Badal, is an agent of India's Research and Analysis Wing (RAW; Gurtej Singh 2000 Chakarvyuh: Web of Indian Secularism ISBN 81-85815-14-3) and a staunch turbaned Hindu in 'The Sikh Identity'. Prakash Badal has kept his lips 'sealed' when the Punjab Legislative Assembly debated the 'Freedom of Press, news media and the free speech recently (www.rozanaspokesman.com, 8th-13th March, 2008). The freedom of speech and expression, the fundamental human rights in any democracy. This is the clear reflection of the democratic or 'autocratic' nature of Mr Badal.

His administration and police personnel are abusing the Indian Penal Code Article 188, against Dr Sukhpreet Singh Udhoke of Amritsar. These are a few examples of the democracy of the New Delhi administration (NDA) blessed administration of Prakash Badal and his Akalis with the BJP, in the Sikhs' holy and historic Homeland of Sikhs, Punjab.

On February 6, 2000, the death of a Dalit youth in police custody in Morinda, Ludhiana, was horrifying. He was killed in cold blood because he objected to police's drinking session at a public place. This incidence revived memories of the dark period in the history of Punjab when countless innocent young men were killed in false encounters, but police records turned them into ruthless terrorists.

A mother of six sons, Bibi Jaswant Kaur, lost her husband in 1987. Three of her six sons succumbed to tuberculosis. The other three were abducted and killed by Punjab police. One of the three sons, Pragat Singh, 23-yrs-old, was arrested in 1987, kept in captivity for 14 months. After his release police raided his home on 9th September 1988, and shot him dead. The eldest son, Jagir Singh, 25-yrs-old, working as a volunteer in a Taran Taran Gurdwara, was taken by the police and did not return. The youngest son, Mohinder Singh (20-yrs-old) was with the religious man, Baba Charan Singh (see above). He was abducted by the police on 14th June 1991 and died in police custody. Jaswant Kaur has tried all possible avenues to get justice, but has had no luck (jkaurgrewal@yahoo.com; March 20, 2001; post #4181;

http://www.yahoogroups.com/group/sikhyouth<http://www.yahoogroups.com/group/sikhyouth>).

Even outside India, Sikhs are continued to be harassed by the Indian government and its allies, according to the Hon Edolphus Towns, MC (Extensions of Remarks - February 27, 2001). Miscreants stormed a church and ransacked the premises while a spiritual meeting and prayers were in progress in Hyderabad, A P (www.burningpunjab.com; 24th March, 2001).

A group of men killed their rape victim, a mother of seven, in the village of Singana and then gouged out the eyes of two witnesses in India's lawless eastern state of Bihar, the Press Trust of India reported Thursday (February 8, 2001; AFP). The rapists then used the woman's sickle to hack

her to death. They then attacked four labourers who witnessed the crime.

Since 1998, Christian missionaries including one from Australia (Father Graham Stains), his 8- & 10-yr-old sons, and Roman Catholic nuns, have been killed, burnt alive or raped by the Hindu fundamentalists. The burning, destruction and demolishing of the Houses of God of the non-Hindu minorities, the Sikh Gurdwaras, Churches and Mosques, looting and desecrating of the holy and historical places of the non-Hindu minorities are the modus operandi of successive Indian administrations and state-sponsored hoodlums (Hon John T Doolittle, MC India Coalition Partner Threaten To Engulf Country In Violence, House of Representatives, July 27, 2000, The US Congress; Hon Edolphus Towns, MC July 27, 2000. Christian Persecution in India, House of Representatives, The US Congress).

A train carrying Sikh pilgrims and the Sikh Holy scriptures, Guru Granth Sahib, was attacked in June, 2001, by militant Hindu hoodlums in Uttarpara, West Bengal. The Hindu hoodlums stoned the Sikh pilgrims, burned the Holy Scriptures, and tried to set fire to the train (Press Release: Council of Khalistan. Train Attack Is Wake-Up Call for Sikh Nation, June 27, 2001< cok@khalistan.com>) In an affidavit filed on 28th August, 2000, by Mr Sartaj Singh, resident of Kathua, Jammu and Kashmir (under the occupation of Indian administration), Internationally Disputed areas by the United Nations, stated that he was tortured and received painful psychological harassment by the Indian police. The police personnel wanted him to confess for the things which he never did. The police personnel also wanted him to tell the whereabouts of Neeta alias Ranjit Singh, a freedom fighter, Harbhajan Singh, Gian Singh and Joginder Singh, who are at large. The police personnel wanted him to make a false confession that 'we all know one another'.

Miss Manorama of Manipur was gang raped by the men of the Assam Rifles and was thrown out of the headquarters after mutilating her private parts in July, 2004. More recently (9th February, 2005), a 12-year-old girl was allegedly raped by a constable of the force in central Assam's Karbi Anglong district, triggering protests from women's organizations In a blatant violation of human rights, the district police today tortured a Dalit youth to death after he refused to accept his involvement in a theft case (Jalandhar, February 6' tibruneindia.com).

The World Kashmir Diaspora Alliance repors that "since the Indian forces occupation, more than 195,000 innocent Kashmiris have been killed; more than 110,000 have disappeared, and the latter have been killed by the invader's troops or they have been languishing in Indian jails with no information to their families. In the last three months, the death toll the ongoing Kashmiri unrest is 96, as another youth Yasir Rafiq Sheikh, a cousin of Jammu and Kashmir Liberation Front chief, Muhammad Yasin Malik, succumbed to his injuries on late Wednesday night inflicted by the Indian personnel and kept in a New Delhi hospital. Additionally, at least 10 persons were injured by the alleged CRPF firing on protesters in Sopur. For the last six days Kashmir is under curfew round the clock (bangla-vision@yahoogroups.com, 18th September, 2010)."

The above are only a few of the hundreds of thousands of cases we would like to bring to your kind attention, your Excellency. We hereby request you to dispatch a fact finding mission to India to assess in depth the crimes committed against humanity by armed and law-enforcing agencies in 'uniforms' and bring the criminals before the International Court of Justice in the same way as the U N has done to punish the criminals of the Rwanda and Serbia massacres in 2000; S. Milosevic of Serbia in July 2001; the former Serb police chief, Steven Todorovic, who pleaded guilty for torturing, murdering and sexually assaulting Muslims and Croats (National Post, 1st August, 2001, p A11); and Radislav Krstic for the Srebrenica genocide of Muslims in 1995 (National Post, August 3, 2001, p A3). The UN tribunal has taken a landmark decision recently to include "sex torture as a war crime" (National Post, February, 23, 2001). Also, the UN's Secretary-General (former), His Excellency Kofi Annan's interview (Time, 4th September, 2000) will be welcomed by the justice-loving peoples of our civilized world that "those who commit crimes and those who watch as bystanders are equally responsible for the crime taking place." What we have brought to your attention, your Excellency, is just the 'tip of the iceberg' of human rights abuses, religious persecution (s), rapes, humiliation, dehumanization and crimes committed by the state-sanctioned armed personnel of what our civilized world terms as the "largest democracy" in the world, India. A leading magazine has pointed out "India is ruled by rascals." "Many Indians silently witness their country's unlawful events. Several members of the ruling party's youth wing have in the past been charged with rapes and kidnapping. Officials respond that all parties have their thugs. Politicians use thugs to capture polling booths and stuff ballot boxes (The Economist, 15th July, 1995, p. 26)." According to the Hon Dana Rohrabacher, for the Sikhs, Kashmiri Muslims, and other minorities "India might as well be Nazi Germany" (Press Release: Council of Khalistan, Washington DC; June 27, 2001 < khalistan@khalistan.com>). Another Sikh, Devinder Pal Singh Bhullar, is about to be put to death in India for a crime even India admitted he didn't commit (Hon Edolphus Towns, MC. Proc House of Representatives, Washington DC, 18th March, 2003).

Manmohan Singh, the present Chief, Council of Ministers and not an elected 'Member of Parliament' of India, supposed to be an honest and clean person delivered his state address before the "World Conference on Human Rights Delegates in Vienna, Austria, on 24th June (14 to 25th June), 1993. He, then Finance Minister of the PV Rao administration, said that " he being Sikh finds no abuses of Human Rights of Sikhs much less any minorities in India." Another person. Shahabuddin, Manmohan Singh's colleague of the Islamic faith, said the same of Muslims of India. Abuses of Human Rights in the Sikhs' holy and historic Homeland, Punjab, Khalistan (under the Brahmins (elite) autocracy's occupation, have been taking place, since 15th August, 1947). Manmohan Singh's statement was 'refuted' in the strongest possible words by the human rights and peace-loving citizens (delegates) of North America and elsewhere.

Your Excellency, following the execution of "Operation Bluestar" of June, 1984 (An undeclared war on the Sikh Nation, Punjab by the Indian armed forces, according to Sekhon (2009 ISBN 0-9548929-4-1), "Operation Bluestar, June 1984". according to reliable sources, every village of the Sikhs' holy and historic homeland, Punjab, was turned into "Concentration Camp." ' Open air' jails were established outside every village of Punjab. These jails were covered by the barbed wires, in the heat of June – August months, when the usual temperatures in Punjab are 47 C or more, had been under the supervision of the Indian armed personnel, were no less than the concentration camps of Adolf Hitler's times in the Nazi Germany. These 'open air' barbed wire concentration camps/jails were used to prison the Sikhs indiscriminately regardless or gender and age. Sanitary facilities were virtually not-existent. This reflects the treatment of Indira Gandhi and her administration of the Brahmins autocracy to the Sikhs,"

Bibi Manjit Kaur Dakha (1992): Manjit Kaur Dakha and her husband sought political asylum in the United States after being tortured by the Indian armed personnel. Mrs. Dakha, her father, and her 6-mo-old daughter (Bhaghel Kaur) were tortured mercilessly, given repeated death threats, and her child was made to sit on a colony of ants by the Central Reserve Police Force (CRPF). The daughter and father were made to beat each other with clubs.

Sardar Surinder Singh Fauji (a retired army personnel), of Fatehabad, Tehsil: Khadur Sahib of Amritsar district of Punjab, has been physically, mentally and psychologically tortured by Punjab police since May 27, 1986. Valuable household articles stolen by the police personnel from his residence have not been returned. Despite his writing to the Prime Minister (PV Rao), Home Minister of India (SB Chawan), Chief Justice, Supreme Court of India, Chief Justice, Punjab and Haryana High court, and the Senior Session Judge, Amritsar, there was no relief from the police excesses.

More than 35 Sikh youth, including Kanwarpal Singh Bittu and Sarbjit Singh Ghuman of the Dal Khalsa, in police custody. Similarly, Jagtaar Singh Hawara, his wife and other family members are humiliated (by putting cigarettes and tobacco in his mouth), tortured and harassed by the Punjab and Delhi police (www.panthic.org <http://www.panthic.org/> , 17th July, 2005). Another Sikh leader, Daljit Singh Bittu, President, Panch Pradhani, and thousand of Sikh youth are in jails, without trials and crimes.

A human rights lawyer and prominent Sikh nationalist Harpal Singh Cheema, after spending eight years in a California jail, whom Judge Dana Keener determined Singh did not pose a threat to national security. The Hon judge stopped short of granting him full asylum, but forbade the then-INS from deporting the couple. Indeed, she noted that Singh "is widely perceived as a moderate and a voice for reason (Camille T Tairara, Editor, New America Media, News Feature, Aug 07, 2006). To escape atrocities and persecution during custody of the Indian law-enforcing personnel until 1992, Mr Cheema and his wife sought asylum in the United States in1993 (www.news.ncmonline.com/news/views_article.htmal?. Mr Cheema is separated from his wife and son. Both mother and son are too scared to return to India.

In the mid 2007, Sardar Simranjit Singh Mann, President, Shromani Akali Dal (Amritsar), Sardar Daljit Singh Bittu, the then Vice President, SAD-Amritsar, and Dr Sukhpreet Singh Udhoke were arrested, tortured and harassed by the Punjab police personnel and charged for the 'treason against the Indian union' for their peaceful demonstrations and free expression against the heavy handedness of the state personnel. In the alleged Indian democracy, the basic rights of citizens, i. e., free speech, are violated. Dr Udhoke's publication was ceased and he was arrested.

Recently, in the second week of February, 2010, the Punjab police killed 13 youth in Ludhiana district of Punjab, while they were participating in the Birthday celebrations of Shaheed-Bilas Saint-soldier Jarnail Singh Khalsa, Punjab's political and religious leader of the 20th century (www.rozananaspokesman.com).

We also earnestly request that you bring to justice the deceased or living politicians of Indian administrations (Indira Gandhi, Rajiv Gandhi, Chandershekhar, P Chidambaram (now Home Minister of India; one of the members of a 3-men Team in the 'War Room' during an 'undeclared' war on the 'Landless Sikh Nation, Punjab' in June, 1984). V P Sinh, Dev Gowda, P V Rao, A B Vajpayee and their cabinet colleagues, including Narendra Modi and his cabinet colleagues responsible for the Gujarat Massacre of Muslims (February to November, 2002), and/or appointees like HKL Bhagat, Jagdish Tytler, Arun Nehru, SD Sharma, SS Ray, Boota Singh, LK Advani, GL Nanda, Surjit Barnala, Balwant Singh, Beant Singh, PD Singh, JS Chohan (deceased), Surender Nath, Prakash Sinh Badal, GS Tohra, HS Longowal, Lalit Makan, to cite but a few; police officers JF Rebeiro, KPS Gill (the Butcher of Punjab), Sarbjit Singh, Sumedh Saini (Senior Superintendent Police), DR Bhatti for the killings of Professor (Dr) Rajinder Pal Singh Gill (Bulara), Dr Gurnam Singh Buttar, Bhai Gurbhej Singh of the Jalandhar district and others, Swarn Ghotna, Gobind Ram, AS Sandhu (declared deceased by the Indian administration and associates. However, he is living under fake identity in Halifax, NS, Canada, as reported by <http://www.rozanaspokesman.com/> ; published from Chandigarh, Punjab in May 2007), RS Bhullar, Joginder Singh, Raghbir Singh, SS Virk; armed forces personnel like K Sunderji, AS Vaidya, KS Brar, RS Dayal, JS Bhullar, Arjan Singh, JS Jamwal, Tarlok Singh, Shamsher Singh, Gurdial Singh, and their subordinates (Report To The Nation: Oppression in Punjab. Library of Congress Card No. 86-60058, January, 1986; Gurtej Singh 2000 Chakarvyuh: Web of Indian Secularism ISBN 81-85815-14-3; Int J Sikh Affairs Vol 9, No. 1, 1999 ISSN 1481-5435; Sikh Shahadat, June 2005, p. 12-17).

We look forward to hearing from you and hope for your prompt action on all crimes committed against humanity.

With warmest regards and best wishes.

Respectfully submitted,

**Parmjit Singh Sekhon, President**
**Dal Khalsa Alliance**
**510-774-5909**
**pssekhon@gmail.com**

**Sikh Federation Swiss**
**Amarjit Singh Khalsa**
**sikhfederationswiss@yahoo.com**

**Dr. Awatar Singh Sekhon**
**Managing Editor and Acting Editor in Chief**
**International Journal of Sikh Affairs ISSN 1481-5435**
**EDMONTON, AB T5T 2B8 CANADA, assekhon@shaw.ca**
**Advisor (Foreign Affairs), Dal Khalsa Alliance**

**Gaganjit Singh**
**Dal Khalsa of America**
**gensec@dalkhalsausa.org**

**Ram Singh, President**
**American Gurdwara Council**

**Karnail Singh Khalsa, President**
**Gurmat Chetna Lahar**

**Harmindar Singh, President**
**Khalsa Jagriti Lahar**

**Sukhwinder Singh, President**
**Sikh Sahit Sabha**

**Balvinder Singh, President,**
**Sikh Sabhiachar Committee**

**ਜਾਰੀ ਕਰਤਾ: ਬਲਜੀਤ ਸਿੰਘ, ਜਨਰਲ ਸਕੱਤਰ, ਦਲ ਖਾਲਸਾ ਅਲਾਇੰਸ, ਅਮਰੀਕਾ ਯੂਨਿਟ**

# Dal Khalsa Alliance

**Parmjit Singh Sekhon (Dakha), President**
**Ph:510-774-5909, e-mail: pssekhon@gmail.com**
**Suite 303 1700 Schttuck Avenue, Berkeley, CA 94709 USA**

ਪੰਜਾਬ ਟਾਈਮਜ਼

ਸਨਿਚਰਵਾਰ, 2 ਅਕਤੂਬਰ 2010

ਪੱਤਰਕਾਰ ਕਦੇ ਚੁੱਪ ਨਹੀਂ ਰਹਿ ਸਕਦੇ। ਇਹ ਉਨ੍ਹਾਂ ਦਾ ਸਭ ਤੋਂ ਵੱਡਾ ਗੁਣ ਹੈ ਅਤੇ ਔਗੁਣ ਵੀ। -ਹੈਨਰੀ ਐਨਾਟੌਲ ਗਰੱਨਵਾਲਡ

## ਅਯੁੱਧਿਆ ਮਾਮਲੇ 'ਤੇ ਅਦਾਲਤੀ ਫੈਸਲਾ

ਅਯੁੱਧਿਆ ਵਿਚ ਰਾਮ ਜਨਮ ਭੂਮੀ-ਬਾਬਰੀ ਮਸਜਿਦ ਦੀ ਮਾਲਕੀ ਵਾਲੀ ਵਿਵਾਦਤ ਜ਼ਮੀਨ ਨੂੰ ਲੈ ਕੇ ਚੱਲ ਰਹੇ ਲੰਮੇ ਮੁਕੱਦਮੇ ਦਾ ਫੈਸਲਾ ਆਉਣ ਵਿਚ ਅਜੇ ਹੋਰ ਵਕਤ ਲੱਗ ਸਕਦਾ ਹੈ। ਕਿੰਨਾ ਕੁ ਵਕਤ ਲਗ ਸਕਦਾ ਹੈ? ਇਹ ਕਾਨੂੰਨੀ ਘੁੰਡੀਆਂ ਨਾਲੋਂ ਬਾਹਰੀ ਹਾਲਾਤਾਂ 'ਤੇ ਜ਼ਿਆਦਾ ਨਿਰਭਰ ਕਰਦਾ ਹੈ।

ਪਿਛਲੇ 60 ਸਾਲਾਂ ਤੋਂ ਚੱਲ ਰਹੇ ਮੁਕੱਦਮੇ ਦਾ ਫੈਸਲਾ ਸੁਣਾਉਣ ਲਈ ਉਤਰ ਪ੍ਰਦੇਸ਼ ਦੀ ਇਲਾਹਾਬਾਦ ਹਾਈਕੋਰਟ ਵਲੋਂ 24 ਸਤੰਬਰ ਦੀ ਤਾਰੀਖ ਮਿੱਥੀ ਗਈ ਸੀ। ਇਸ ਤੋਂ ਪਹਿਲਾਂ ਮੁਕੱਦਮਾ ਝਗੜ ਰਹੀਆਂ ਧਿਰਾਂ ਦਰਮਿਆਨ ਆਪਸੀ ਸਹਿਮਤੀ ਜਾਂ ਸਮਝੌਤੇ ਦੇ ਸਾਰੇ ਹੀਲੇ-ਵਸੀਲੇ ਅਸਫਲ ਹੋ ਚੁੱਕੇ ਹਨ ਪਰ ਫੈਸਲਾ ਸੁਣਾਉਣ ਦੀ ਨੀਯਤ ਮਿਤੀ ਤੋਂ ਇਕ ਦਿਨ ਪਹਿਲਾਂ ਦੇਸ਼ ਦੀ ਸਰਵਉਚ ਅਦਾਲਤ ਨੇ ਹੇਠਲੀ ਅਦਾਲਤ ਦੇ ਫੈਸਲੇ 'ਤੇ ਰੋਕ ਲਾ ਦਿੱਤੀ ਤੇ ਅਗਲੀ ਸੁਣਵਾਈ 28 ਸਤੰਬਰ ਨੂੰ ਰੱਖੀ ਹੈ। ਪਾਠਕਾਂ ਦੇ ਹੱਥਾਂ ਤੱਕ ਇਹ ਸੰਪਾਦਕੀ ਪਹੁੰਚਣ ਤੋਂ ਪਹਿਲਾਂ ਸ਼ਾਇਦ ਹੋਰ ਅਗਲੀ ਤਾਰੀਖ ਵੀ ਪੈ ਚੁੱਕੀ ਹੋਵੇ ਜਾਂ ਸੁਪਰੀਮ ਕੋਰਟ ਫੈਸਲਾ ਸੁਣਾਉਣ ਲਈ ਅੰਤਿਮ ਦਿਨ ਨਿਰਧਾਰਤ ਕਰ ਦੇਵੇ।

ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਦੇ ਜਸਟਿਸ ਆਰ. ਬੀ. ਰਵਿੰਦਰਨ ਤੇ ਜਸਟਿਸ ਐਚ. ਐਲ. ਗੋਖਲੇ ਦੇ ਬੈਂਚ ਨੇ ਸਾਬਕਾ ਨੌਕਰਸ਼ਾਹ ਰਮੇਸ਼ ਚੰਦ ਤ੍ਰਿਪਾਠੀ ਵਲੋਂ ਦਾਇਰ ਪਟੀਸ਼ਨ 'ਤੇ ਮੁਕੱਦਮੇ ਦੀਆਂ ਵਾਦੀ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਸ੍ਰੀ ਤ੍ਰਿਪਾਠੀ ਵਲੋਂ ਪਹਿਲਾਂ ਅਲਾਹਾਬਾਦ ਹਾਈਕੋਰਟ ਵਿਚ ਵੀ ਫੈਸਲਾ ਕੁਝ ਦੇਰ ਹੋਰ ਟਾਲਣ ਦੀ ਪਟੀਸ਼ਨ ਪਾਈ ਗਈ ਸੀ ਪਰ ਅਲਾਹਾਬਾਦ ਹਾਈਕੋਰਟ ਦੇ ਲਖਨਊ ਬੈਂਚ ਨੇ ਕੋਸ਼ਿਸ਼ ਨੂੰ ਸ਼ਰਾਰਤਪੂਰਨ ਕਰਾਰ ਦਿੰਦੇ ਹੋਏ ਸ੍ਰੀ ਤ੍ਰਿਪਾਠੀ 'ਤੇ 50 ਹਜ਼ਾਰ ਰੁਪਏ ਦਾ ਅਦਾਲਤੀ ਖਰਚਾ ਵੀ ਪਾ ਦਿੱਤਾ ਸੀ। ਉਨ੍ਹਾਂ ਵਲੋਂ ਇਸ ਫੈਸਲੇ ਵਿਰੁਧ ਸੁਪਰੀਮ ਕੋਰਟ ਵਿਚ ਪਟੀਸ਼ਨ ਪਾਈ ਗਈ। ਸ੍ਰੀ ਤ੍ਰਿਪਾਠੀ ਦੇ ਵਕੀਲ ਮੁਕੁਲ ਰੋਹਤਾਗੀ ਨੇ ਕਿਹਾ ਕਿ ਸੁਪਰੀਮ ਕੋਰਟ ਆਖਰੀ ਸਮੇਂ 'ਤੇ ਸਾਲਸੀ ਦੇ ਯਤਨ ਰਾਹੀਂ ਜ਼ਖ਼ਮ ਭਰਨ ਦਾ ਮੌਕਾ ਦੇ ਸਕਦੀ ਹੈ ਤੇ ਸੰਭਾਵਨਾ ਹੈ ਕਿ ਇਸਦੇ ਮੱਦੇਨਜ਼ਰ ਸੰਬੰਧਤ ਧਿਰਾਂ ਮਿਲ-ਬੈਠ ਕੇ ਕੋਈ ਢੁਕਵਾਂ ਹੱਲ ਲੱਭ ਲੈਣ। ਜਦਕਿ ਮੁਕੱਦਮਾ ਝਗੜ ਰਹੀਆਂ ਧਿਰਾਂ ਦੇ ਵਕੀਲਾਂ ਦਾ ਕਹਿਣਾ ਹੈ ਕਿ ਸੁਲ੍ਹਾ ਦੀ ਕੋਈ ਗੁੰਜਾਇਸ਼ ਨਹੀਂ ਹੈ ਤੇ ਅਲਾਹਾਬਾਦ ਹਾਈਕੋਰਟ ਨੂੰ ਆਪਣਾ ਫੈਸਲਾ ਫੌਰੀ ਸੁਣਾਉਣਾ ਚਾਹੀਦਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਬੈਂਚ ਦੇ ਇਕ ਮੈਂਬਰ ਜਸਟਿਸ ਰਵਿੰਦਰਨ ਪਟੀਸ਼ਨ ਰੱਦ ਕਰਨਾ ਚਾਹੁੰਦੇ ਸਨ ਜਦਕਿ ਜਸਟਿਸ ਗੋਖਲੇ ਸਾਲਸੀ ਦਾ ਰਾਹ ਕੱਢਣ ਲਈ ਮੌਕਾ ਦੇਣ ਦੇ ਪੱਖ ਵਿਚ ਸਨ। ਇਸ ਲਈ ਜਸਟਿਸ ਰਵਿੰਦਰਨ ਨੇ ਆਪਣੇ ਇਤਰਾਜ਼ਾਂ ਦੇ ਬਾਵਜੂਦ ਵੀ ਜਸਟਿਸ ਗੋਖਲੇ ਦੀ ਸਲਾਹ ਸਵੀਕਾਰ ਕਰਦੇ ਹੋਏ ਨੋਟਿਸ ਜਾਰੀ ਕਰ ਦਿੱਤਾ। ਜਸਟਿਸ ਗੋਖਲੇ ਦਾ ਕਹਿਣਾ ਸੀ ਕਿ ਜੇ ਸੁਲ੍ਹਾ-ਸਫਾਈ ਲਈ ਇਕ ਫੀਸਦੀ ਵੀ ਸੰਭਾਵਨਾ ਹੈ ਤਾਂ ਵੀ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

ਅਲਾਹਾਬਾਦ ਹਾਈਕੋਰਟ ਵਲੋਂ ਅੰਤਿਮ ਫੈਸਲਾ ਸੁਣਾਏ ਜਾਣ ਦੀਆਂ ਖ਼ਬਰਾਂ ਆਉਣ ਤੋਂ ਬਾਅਦ ਦੇਸ਼ ਭਰ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਲਗਾਤਾਰ ਸਨਸਨੀ ਵਾਲਾ ਮਾਹੌਲ ਬਣਿਆ ਹੋਇਆ ਹੈ। ਦੇਸ਼ ਦੇ ਹਰੇਕ ਅਮਨਪਸੰਦ ਸ਼ਹਿਰੀ ਦੇ ਦਿਲ ਵਿਚ ਇਕ ਅਣਜਾਣੇ ਭੈਅ, ਚਿੰਤਾ ਤੇ ਡਰ ਦੇ ਪਰਛਾਵੇਂ ਹਨ। ਮੁਕੱਦਮਾ ਦੋ ਧਿਰਾਂ ਦਾ ਨਹੀਂ ਸਗੋਂ ਦੋ ਧਰਮਾਂ ਦਾ ਹੈ। ਦੋਵਾਂ ਹੀ ਧਰਮਾਂ ਨੇ ਇਸ ਮੁੱਦੇ ਨੂੰ ਵੱਕਾਰ ਦਾ ਸਵਾਲ ਬਣਾਇਆ ਹੋਇਆ ਹੈ ਤੇ ਇਸ ਵਿਚ ਰਾਜਨੀਤੀ ਦੀ ਵੱਡੀ ਦਖਲਅੰਦਾਜ਼ੀ ਵੀ ਦਰਪੇਸ਼ ਹੈ। ਇਸ ਸਭ ਕੁਝ ਦੇ ਚਲਦਿਆਂ ਫੈਸਲਾ ਭਾਵੇਂ ਕਿਸੇ ਵੀ ਧਿਰ ਦੇ ਪੱਖ ਵਿਚ ਹੋਵੇ, ਇਸ ਦੇ ਸਿੱਟੇ ਵਜੋਂ ਕਿਸੇ ਵੀ ਵੱਡੀ ਤੋਂ ਵੱਡੀ ਦੁਰਘਟਨਾ ਦੇ ਵਾਪਰਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਉਧਰ ਮੁਲਕ ਦੇ ਹਾਲਾਤ ਬੇਹੱਦ ਨਾਜ਼ੁਕ ਮੋੜ 'ਤੇ ਪਹੁੰਚੇ ਹੋਏ ਹਨ। ਕਸ਼ਮੀਰ ਵਿਚ ਪਿਛਲੇ ਕਈ ਮਹੀਨਿਆਂ ਤੋਂ ਸਥਿਤੀ ਬੇਹੱਦ ਮਾੜੀ ਹੈ। ਵਿਰੋਧ ਪ੍ਰਦਰਸ਼ਨਾਂ, ਮੁਜ਼ਾਹਰਿਆਂ ਤੇ ਹੜਤਾਲਾਂ ਦਾ ਦੌਰ ਸਰਗਰਮ ਹੈ। ਵਾਦੀ ਦੇ ਵੱਡੇ ਹਿੱਸੇ ਵਿਚ ਕਰਫਿਊ ਲੱਗਾ ਹੋਇਆ ਹੈ ਅਤੇ ਸਰੱਖਿਆ ਬਲਾਂ ਨਾਲ ਝੜਪਾਂ ਦੌਰਾਨ ਸੈਂਕੜੇ ਤੋਂ ਜ਼ਿਆਦਾ ਲੋਕ ਮਾਰੇ ਜਾ ਚੁੱਕੇ ਹਨ। ਕੇਂਦਰੀ ਮੰਤਰੀ ਮੰਡਲ ਵਿਚ ਵੀ ਕਸ਼ਮੀਰ ਮੁੱਦੇ ਸੰਬੰਧੀ ਕੋਈ ਇਕਜੁਟਤਾ ਨਹੀਂ। ਸਰਬ ਪਾਰਟੀ ਵਫਦ ਵੀ ਘਾਟੀ ਦਾ ਦੌਰਾ ਕਰਕੇ ਡੂੰਘੇ ਮਤਭੇਦਾਂ ਨਾਲ ਪਰਤਿਆ ਹੈ। ਦੂਜੇ ਪਾਸੇ ਦੇਸ਼ ਵਿਚ ਰਾਸ਼ਟਰਮੰਡਲ ਵਰਗੇ ਵੱਡੇ ਅੰਤਰਰਾਸ਼ਟਰੀ ਖੇਡ ਸਮਾਰੋਹ ਦੀਆਂ ਤਿਆਰੀਆਂ ਦਾ ਹਾਲ ਮੰਦਾ ਹੈ। ਭ੍ਰਿਸ਼ਟਾਚਾਰ, ਅਤਿਵਾਦੀ ਹਮਲਿਆਂ ਦੀਆਂ ਸ਼ੰਕਾਵਾਂ ਅਤੇ ਮਾੜੇ ਪ੍ਰਬੰਧਾਂ ਕਾਰਨ ਸਭ ਪਾਸੇ ਹਾਹਾਕਾਰ ਮੱਚੀ ਹੋਈ ਹੈ। ਵੱਡੇ-ਵੱਡੇ ਨਾਮੀ ਖਿਡਾਰੀ ਖੇਡਾਂ ਤੋਂ ਨਾਂ ਵਾਪਸ ਲੈ ਚੁੱਕੇ ਹਨ ਤੇ ਲੈ ਰਹੇ ਹਨ। ਕਈ ਮੁਲਕ ਖੇਡਾਂ ਤੋਂ ਕਿਨਾਰਾ ਕਰਨ ਦੀਆਂ ਸਲਾਹਾਂ ਬਣਾ ਰਹੇ ਹਨ। ਸਾਰੇ ਕੁਝ ਦੇ ਚਲਦਿਆਂ ਪਹਿਲਾਂ ਹੀ ਖੇਡਾਂ ਦੇ ਪਛੜ ਜਾਣ ਜਾਂ ਕਿਸੇ ਹੋਰ ਮੁਲਕ ਵਿਚ ਤਬਦੀਲ ਹੋ ਜਾਣ ਦੀਆਂ ਸੰਭਾਵਨਾਵਾਂ ਵੀ ਨਜ਼ਰ ਆ ਰਹੀਆਂ ਹਨ। ਅਜੇ ਕੁਝ ਦਿਨ ਪਹਿਲਾਂ ਹੀ ਦਿੱਲੀ ਦੀ ਜਾਮਾ ਮਸਜਿਦ ਨੇੜੇ ਅਤਿਵਾਦੀ ਹਮਲਾ ਵੀ ਹੋ ਚੁੱਕਿਆ ਹੈ, ਜਿਸ ਵਿਚ ਦੋ ਤਾਇਵਾਨੀ ਨਾਗਰਿਕਾਂ ਦੇ ਗੋਲੀਆਂ ਲੱਗੀਆਂ ਹਨ। ਅਜਿਹੇ ਮਾਹੌਲ ਦੇ ਚਲਦਿਆਂ ਅਯੁੱਧਿਆ ਮਾਮਲੇ ਸੰਬੰਧੀ ਕੋਈ ਫੈਸਲਾ ਆਉਂਦਾ ਹੈ ਤੇ ਸਿੱਟੇ ਵਜੋਂ ਹਾਲਾਤ ਖਰਾਬ ਹੁੰਦੇ ਹਨ ਜਾਂ ਦੇਸ਼ ਦੇ ਦੋ ਪ੍ਰਮੁਖ ਫਿਰਕਿਆਂ ਵਿਚ ਤਣਾਅ ਵਧਦਾ ਹੈ ਤਾਂ ਸਰਕਾਰ ਦੀ ਸਥਿਤੀ ਬੇਹੱਦ ਪਤਲੀ ਹੋ ਜਾਵੇਗੀ। ਅਜਿਹੇ ਸਮੇਂ ਕਿਸੇ ਵੀ ਕਿਸਮ ਦੀ ਗੜਬੜ ਵਾਲੀ ਸਥਿਤੀ ਰਾਸ਼ਟਰਮੰਡਲ ਖੇਡਾਂ ਨੂੰ ਰੱਦ ਕਰਵਾਉਣ ਦਾ ਬਹਾਨਾ ਬਣ ਸਕਦੀ ਹੈ। ਸੋ, ਸਾਰੀ ਸਥਿਤੀ ਵਾਚਣ ਤੋਂ ਬਾਅਦ ਸਾਡੀ ਰਾਇ ਹੈ ਕਿ ਸੁਪਰੀਮ ਕੋਰਟ ਵਲੋਂ ਇਸ ਮਾਮਲੇ ਸੰਬੰਧੀ ਫੈਸਲਾ ਸੁਣਾਉਣ 'ਤੇ ਰੋਕ ਲਾਏ ਜਾਣ ਵਾਲਾ ਫੈਸਲਾ ਸ਼ਲਾਘਾਯੋਗ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਰੋਵਰ ਵਿਚ ਮੱਛੀਆਂ ਦੀ ਮੌਤ?

ਤ੍ਰੈ-ਕਾਲ ਵੀ ਝੂਠ ਨਹੀਂ ਹੋਣ ਲੱਗੀ, ਆਖੀ ਗੱਲ ਹੋਈ ਰੂਹਾਂ ਸੱਚੀਆਂ ਦੀ।
ਕੂੜ-ਕੁਫਰ ਦੇ ਰਾਜ ਵਿਚ ਕੌਣ ਸੁਣਦੈ, ਵਿਚ ਦਿਲਾਂ ਦੇ ਧੁਖਦੀਆਂ ਮੱਚੀਆਂ ਦੀ।
ਕਬਜ਼ਾ ਕੀਤਾ ਗੁਰਧਾਮਾਂ 'ਤੇ ਮੀਣਿਆਂ ਨੇ, ਆਸ ਰੱਖਣੀ ਖਬਰਾਂ ਕੀ ਅੱਛੀਆਂ ਦੀ।
ਕੌਮੀ-ਫਿਕਰਾਂ ਦੀ ਬਾਤ ਨਾ ਕਦੇ ਕਰਦੇ, ਝੜੀ ਲਾਉਂਦੇ ਨੇ ਥੋਥੀਆਂ ਕੱਚੀਆਂ ਦੀ।
ਕਰਨ ਲੱਗੇ ਸਰੋਵਰ ਨੂੰ ਸਾਫ 'ਮੈਲੇ' ਲਈ ਸਾਰ ਨਾ ਫਿਲਟਰਾਂ-ਪੱਛੀਆਂ ਦੀ।
ਜੱਫੇਮਾਰਾਂ ਦੇ ਦੇਖ ਕੇ ਕਾਰਨਾਮੇ, ਹੋ ਗਈ ਮੌਤ ਵਿਚਾਰੀਆਂ ਮੱਛੀਆਂ ਦੀ!

# ਪੰਜਾਬ ਦੀ ਸਿਆਸਤ ਦੇ ਰੁਝਾਨਾਂ ਦੀ ਪੜਚੋਲ

**ਬੀ. ਐਸ. ਥੌਰ**

ਕਹਿੰਦੇ ਹਨ ਕਿ ਸਿਆਸਤਦਾਨ ਭਵਿੱਖ ਬਾਰੇ, ਰਾਜਸੀ ਖਿਡਾਰੀ ਚੋਣਾਂ ਬਾਰੇ ਅਤੇ ਆਮ ਆਦਮੀ ਆਪਣੀ ਰੋਜ਼ੀ-ਰੋਟੀ ਬਾਰੇ ਸੋਚਦੇ ਰਹਿੰਦੇ ਹਨ। ਇਸ ਅਖਾਉਤ ਦਾ ਬਿੰਬ ਪੰਜਾਬ ਦੀ ਰਾਜਨੀਤੀ 'ਤੇ ਅਗਾਊਂ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿਚ ਸਾਫ ਦਿਖਾਈ ਦੇ ਰਿਹਾ ਹੈ। ਭਾਵੇਂ ਚੋਣਾਂ ਹੋਣ ਵਿਚ ਅਜੇ ਡੇਢ ਸਾਲ ਪਿਆ ਹੈ, ਪਰ ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਨੇ ਆਪਣੇ ਪਰ ਤੋਲਣੇ ਸ਼ੁਰੂ ਕਰ ਦਿੱਤੇ ਹਨ।

ਰਾਜਨੀਤਕ ਪਾਰਟੀਆਂ ਖਾਸਕਰ ਵੱਡੀਆਂ ਪਾਰਟੀਆਂ ਅਕਾਲੀ ਦਲ (ਬਾਦਲ) ਅਤੇ ਕਾਂਗਰਸ ਵਿਚ ਤਾਂ ਤੇਜ਼ੀ ਨਾਲ ਸਰਗਰਮੀਆਂ ਹੀ ਚੋਣਾਂ ਦੇ ਸਨਮੁਖ ਹੋਣ ਲੱਗੀਆਂ ਹਨ। ਅਕਾਲੀ ਦਲ ਤਾਂ ਹੁਣੇ ਹੀ ਪੱਬਾਂ ਭਾਰ ਹੈ। ਚੇਅਰਮੈਨੀਆਂ ਤੇ ਮੈਂਬਰੀਆਂ ਵੰਡੀਆਂ ਜਾ ਰਹੀਆਂ ਹਨ। ਪਿੰਡਾਂ ਵਿਚ ਸੰਗਤ ਦਰਸ਼ਨ ਸਮਾਗਮਾਂ ਵਿਚ ਗਰਾਂਟਾਂ ਦੇ ਗੱਫੇ, ਉਦਘਾਟਨ, ਨਿੱਤ ਨਵੇਂ ਭਰੋਸੇ ਦੇ ਕੇ ਲੋਕਾਂ ਨੂੰ ਨਿਹਾਲ ਕਰਨ ਦੇ ਉਪਰਾਲੇ ਹੋ ਰਹੇ ਹਨ। ਰੌਲਾ-ਰੱਪਾ ਪਾਉਣ ਵਾਲੇ ਛੋਟੇ-ਮੋਟੇ ਆਗੂਆਂ ਦੀ ਅੱਖ ਚੋਭ ਕੇ ਨਾਲ ਲਾਈ ਰੱਖਣ ਦੇ ਹੀਲੇ ਹੋ ਰਹੇ ਹਨ। ਇਸ ਸੰਦਰਭ ਵਿਚ ਸੱਤਾਧਾਰੀ ਅਕਾਲੀ ਦਲ ਪੂਰਨ ਤੱਤਪਰ ਲਗਦਾ ਹੈ। ਵਿਧਾਨ ਸਭਾ ਚੋਣਾਂ ਨੇੜੇ ਆਉਂਦੀਆਂ ਦੇਖ ਕੇ ਜਿਵੇਂ ਹੱਥਾਂ ਪੈਰਾਂ ਦੀ ਪੈ ਗਈ ਹੋਵੇ। ਇਸ ਤੋਂ ਉਲਟ ਸੱਤਾ ਦੀ ਭਾਈਵਾਲ ਭਾਜਪਾ ਦੀ ਚੋਣਾਂ ਸਬੰਧੀ ਕੋਈ ਸਰਗਰਮੀ ਨਹੀਂ ਦਿਖਾਈ ਦਿੰਦੀ ਜਿਵੇਂ ਤਰੇੜ ਪੈ ਗਈ ਹੋਵੇ ਜਾਂ ਭਾਈਵਾਲੀ ਤੋਂ ਅੱਕ ਗਏ ਹੋਣ। ਕੋਈ ਭਾਜਪਾ ਆਗੂ ਜਾਂ ਮੰਤਰੀ ਆਪਣੀ ਸਰਕਾਰ ਦੇ ਲੋਕਾਚਾਰੀ ਲਈ ਵੀ ਗੁਣ ਗਾਉਂਦਾ ਨਹੀਂ ਸੁਣਦਾ। ਸ਼ਾਇਦ ਉਨ੍ਹਾਂ ਨੂੰ ਮਹਿਸੂਸ ਹੋ ਗਿਆ ਹੈ ਕਿ ਅਗਲੀ ਸਰਕਾਰ ਅਕਾਲੀ-ਭਾਜਪਾ ਗੱਠਜੋੜ ਤਾਂ ਬਣਾ ਨਹੀਂ ਸਕੇਗਾ।



ਚੋਣਾਂ ਦੇ ਸੰਦਰਭ ਵਿਚ ਅਜੋਕੇ ਰਾਜਨੀਤਕ ਰੁਝਾਨਾਂ ਬਾਰੇ ਜਾਣ ਲੈਣਾ ਬਹੁਤ ਜ਼ਰੂਰੀ ਹੈ। ਇਕ ਰੁਝਾਨ ਪੰਜਾਬ ਵਿਚ ਲੋਕਾਂ ਵਿਚ ਘਰ ਕਰ ਗਿਆ ਹੈ ਕਿ ਪੰਜਾਬ ਦੀ ਰਵਾਇਤ ਅਨੁਸਾਰ ਸੱਤਾ ਦੀ ਅਗਲੀ ਵਾਰੀ ਕਾਂਗਰਸ ਪਾਰਟੀ ਦੀ ਹੈ ਪਰ ਲੋਕ ਭੁੱਲਦੇ ਹਨ ਕਿ ਰਾਜਨੀਤੀ ਵਿਚ ਸਭ ਕੁਝ ਕਦੇ ਵੀ ਪੱਥਰ 'ਤੇ ਲਕੀਰ ਵਾਂਗ ਨਹੀਂ ਹੁੰਦਾ। ਰਾਤੋ-ਰਾਤ ਪਾਸੇ ਪਲਟ ਜਾਂਦੇ ਹਨ। ਜਿਹੜੇ ਫੁੱਲਾਂ ਦੇ ਹਾਰ ਪੁਆਉਣ ਲਈ ਉਤਾਵਲੇ ਹੁੰਦੇ ਹਨ, ਸ਼ਰਮਸਾਰ ਹੋਏ ਘਰੀਂ ਮੁੜਦੇ ਦੇਖੇ ਜਾਂਦੇ ਹਨ। ਇਸ ਰੁਝਾਨ ਦਾ ਕਾਂਗਰਸ ਨੂੰ ਨੁਕਸਾਨ ਹੋ ਸਕਦਾ ਹੈ ਕਿਉਂਕਿ ਕਾਂਗਰਸ ਵਰਕਰ ਅਵੇਸਲਾ ਹੋ ਜਾਏਗਾ ਕਿ ਸਰਕਾਰ ਤਾਂ ਕਾਂਗਰਸ ਦੀ ਬਣ ਹੀ ਜਾਣੀ ਹੈ। ਉਧਰ ਅਕਾਲੀ ਦਲ ਉਨਾ ਹੀ ਜ਼ਖ਼ਮੀ ਸ਼ੇਰ ਵਾਂਗ ਲੜੇਗਾ ਅਤੇ ਫਾਇਦੇ ਵਿਚ ਰਹੇਗਾ।

ਦੂਜੀ ਸੁਰ ਇਹ ਆ ਰਹੀ ਹੈ ਕਿ ਅਕਾਲੀਆਂ ਨੂੰ ਪੰਜਾਬ ਵਿਚ ਟੱਕਰ ਅਮਰਿੰਦਰ ਸਿੰਘ ਹੀ ਦੇ ਸਕਦਾ ਹੈ ਅਤੇ ਉਹ ਕਾਂਗਰਸ ਕੋਲ ਹੈ। ਦੇਖਣ ਵਾਲੀ ਗੱਲ ਇਹ ਵੀ ਹੈ ਕਿ ਕਾਂਗਰਸ ਵਿਚ ਹੁਣ ਹੋਰ 'ਅਮਰਿੰਦਰ' ਵੀ ਅੱਗੇ ਆ ਗਏ ਹਨ ਜਿਹੜੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਅਤੇ ਮੁੱਖ ਮੰਤਰੀ ਅਹੁਦੇ ਦੇ ਤਕੜੇ ਦਾਅਵੇਦਾਰ ਦਿਸਦੇ ਹਨ। ਜੇ ਬੀਬੀ ਭੱਠਲ ਨੂੰ ਅੱਖੋਂ ਪਰੋਖੇ ਵੀ ਕਰ ਦੇਈਏ ਤਾਂ ਵੀ ਪ੍ਰਤਾਪ ਸਿੰਘ ਬਾਜਵਾ ਅਤੇ ਜਗਮੀਤ ਸਿੰਘ ਬਰਾੜ ਵਰਗੇ ਆਗੂ ਮੂਹਰਲੀ ਕਤਾਰ ਵਿਚ ਹਨ। ਏਥੇ ਇਹ ਦੱਸਣਯੋਗ ਹੈ ਕਿ ਕੇਂਦਰ ਕਾਂਗਰਸ ਬਲਵੰਤ ਸਿੰਘ ਰਾਮੂਵਾਲੀਏ ਨੂੰ ਵੀ ਲਿਆ ਸਕਦੀ ਹੈ।

ਇਕ ਗੱਲ ਹੋਰ ਬੜੇ ਜ਼ੋਰ ਨਾਲ ਚੱਲ ਰਹੀ ਹੈ ਕਿ ਅਕਾਲੀ ਦਲ ਇਸ ਵਾਰੀ ਇਉਂ ਜੁਗਤ ਨਾਲ ਲੜੇਗਾ ਕਿ ਭਾਜਪਾ ਨੂੰ ਨਾਲ ਰਖਦਿਆਂ ਵੀ ਇਕੱਲਾ ਅਕਾਲੀ ਦਲ ਸਰਕਾਰ ਬਣਾ ਲੈਣ ਦੇ ਸਮਰੱਥ ਹੋਵੇ ਜਿਵੇਂ ਸੁਰਜੀਤ ਸਿੰਘ ਬਰਨਾਲਾ ਸਮੇਂ ਹੋਇਆ ਸੀ। ਕਹਿੰਦੇ ਹਨ ਸੁਖਬੀਰ ਸਿੰਘ ਬਾਦਲ ਨੇ ਬੰਗਾਲ ਦੀ ਰਾਜਨੀਤੀ ਵਿਚ ਸੀ.ਪੀ.ਐਮ. ਦੇ ਲੰਮੇ ਸਮੇਂ ਸੱਤਾ ਵਿਚ ਰਹਿਣ ਦੇ ਪੈਂਤੜਿਆਂ ਦਾ ਨੇੜਿਓਂ ਜਾਇਜ਼ਾ ਲਿਆ ਹੈ ਅਤੇ ਉਹ ਆਪਣੇ ਪਾਰਟੀ ਵਰਕਰਾਂ ਨੂੰ ਸੀ.ਪੀ.ਐਮ. ਜਿਹੀਆਂ ਲੀਹਾਂ 'ਤੇ ਪਾਏਗਾ ਜਿਸ ਨਾਲ ਕਾਂਗਰਸੀ ਮੁਕਾਬਲਾ ਨਹੀਂ ਕਰ ਸਕਣਗੇ।

ਪੰਜਾਬ ਦੀ ਰਾਜਨੀਤੀ ਵਿਚ ਇਕ ਨਵੀਂ ਧਿਰ ਤਕੜੇ ਪ੍ਰਭਾਵੀ ਢੰਗ ਨਾਲ ਉਦੇਮਾਨ ਹੋ ਰਹੀ ਹੈ। ਉਹ ਹੈ ਅਕਾਲੀ ਦਲ (ਲੌਂਗੋਵਾਲ) ਜਿਸ ਦੀ ਸਰਬਰਾਹ ਬੀਬੀ ਸੁਰਜੀਤ ਕੌਰ (ਧਰਮ ਪਤਨੀ ਸੁਰਜੀਤ ਸਿੰਘ ਬਰਨਾਲਾ, ਹਾਲੀਆ ਗਵਰਨਰ ਤਾਮਿਲਨਾਡੂ) ਹਨ। ਲੌਂਗੋਵਾਲ ਦਲ ਦੀ ਪੁਸ਼ਤ ਪਨਾਹੀ ਅਸਲ ਵਿਚ ਸ. ਬਰਨਾਲਾ ਦੇ ਨਾਂ ਹੀ ਹੈ ਅਤੇ ਮਾਲਵੇ ਵਿਚ ਉਨ੍ਹਾਂ ਦੀ ਤਕੜੀ ਸਾਖ ਹੈ। ਜੇ ਸ. ਬਰਨਾਲਾ ਆਪ ਚੋਣ ਮੈਦਾਨ ਵਿਚ ਆਉਂਦੇ ਹਨ ਤਾਂ ਉਹ ਅਵੱਸ਼ ਹੀ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਹੋਣਗੇ ਪਰ ਬਰਨਾਲਾ ਦਲ ਆਪਣੇ ਬਲਬੂਤੇ ਤਾਂ ਸੱਤਾ ਵਿਚ ਆ ਨਹੀਂ ਸਕਦਾ, ਬਾਦਲ ਦਲ ਨਾਲ ਸਮਝੌਤਾ ਹੋਣਾ ਤਾਂ ਅਸੰਭਵ ਹੈ। ਇਸ ਲਈ ਕਾਂਗਰਸ ਨਾਲ ਸੀਟ ਸਮਝੌਤਾ ਹੋ ਸਕਦਾ ਹੈ, ਜਿਸ ਦੀ ਸੰਭਾਵਨਾ ਦੀ ਗੱਲ ਵੀ ਸੁਣਨ ਵਿਚ ਆਉਂਦੀ ਹੈ। ਉਡਦੀ ਚਿੜੀ ਇਹ ਵੀ ਕਹਿੰਦੀ ਹੈ ਸ. ਬਰਨਾਲਾ ਦੀ ਨਜ਼ਰ ਉਪ ਰਾਸ਼ਟਰਪਤੀ ਦੀ ਕੁਰਸੀ 'ਤੇ ਵੀ ਹੈ, ਜਿਸ ਲਈ ਤਾਮਿਲਨਾਡੂ ਦਾ ਮੁੱਖ ਮੰਤਰੀ, ਜਿਸ ਦੀ ਪਾਰਟੀ ਕੇਂਦਰ ਸਰਕਾਰ ਦੀ ਭਾਈਵਾਲ ਵੀ ਹੈ, ਸ. ਬਰਨਾਲਾ ਦੀ ਮਦਦ ਦੀ ਖੇਡ ਖੇਡ ਸਕਦਾ ਹੈ। ਪਰ ਹੁਣ ਜਦੋਂ ਰਾਸ਼ਟਰਪਤੀ ਲਈ ਮਨਮੋਹਨ ਸਿੰਘ ਦਾ ਨਾਂ ਚੱਲਣ ਲੱਗ ਪਿਆ ਹੈ ਤਾਂ ਸ. ਬਰਨਾਲਾ ਨੂੰ ਉਪ ਰਾਸ਼ਟਰਪਤੀ ਬਣਾਉਣਾ, ਰਾਜਨੀਤਕ ਤੌਰ 'ਤੇ ਸੰਭਵ ਨਹੀਂ ਹੋਏਗਾ। ਇਸ ਲਈ ਸ. ਬਰਨਾਲਾ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਲਈ ਜ਼ੋਰ-ਅਜ਼ਮਾਈ ਕਰਦੇ ਦਿਸਣਗੇ। ਗੱਲ ਪੰਜਾਬ ਵਿਚ ਤੀਜਾ ਬਦਲ ਬਣਾਉਣ ਦੀ ਵੀ ਚੱਲ ਰਹੀ ਹੈ। ਲੋਕੀਂ ਕਾਂਗਰਸ ਅਤੇ ਅਕਾਲੀ ਦਲ-ਭਾਜਪਾ ਤੋਂ ਅੱਕ ਗਏ ਹਨ। ਇਹ ਲਾਰੇ ਲਾਉਂਦੇ ਅਤੇ ਨਵੀਆਂ ਸਕੀਮਾਂ ਦੇ ਸਬਜ਼ਬਾਗ ਦਿਖਾਉਂਦੇ ਹੀ ਪੰਜ ਸਾਲ ਐਸ਼ ਕਰਕੇ ਤੁਰਦੇ ਬਣਦੇ ਹਨ। ਆਮ ਆਦਮੀ ਲਈ ਦੋਵੇਂ ਡੱਕਾ ਵੀ ਨਹੀਂ ਤੋੜਦੇ। ਅਕਾਲੀ ਦਲ (ਲੌਂਗੋਵਾਲ), ਰਾਮੂਵਾਲੀਆ ਦੀ ਲੋਕ ਭਲਾਈ ਪਾਰਟੀ, ਵੱਖ-ਵੱਖ ਛੋਟੇ ਅਕਾਲੀ ਗੁੱਟ, ਬੀ.ਐਸ.ਪੀ. ਤੋਂ ਵੱਖ ਹੋਏ ਧੜੇ ਅਤੇ ਸੀ.ਪੀ.ਐਮ. ਅਤੇ ਸੀ.ਪੀ.ਆਈ. ਦੇ ਸੰਘਰਸ਼ਸ਼ੀਲ ਤੇ ਤਕੜੇ ਸਹਿਯੋਗ ਨਾਲ ਤੀਜਾ ਬਦਲ ਉਸਰ ਸਕਦਾ ਹੈ, ਜਿਸ ਦੀ ਸੂਬੇ ਨੂੰ ਲੋੜ ਵੀ ਹੈ। ਇਉਂ ਕਾਂਗਰਸ ਤੇ ਅਕਾਲੀ ਦਲ ਕਮਜ਼ੋਰ ਪੈ ਜਾਣਗੇ ਅਤੇ ਤੀਜੇ ਬਦਲ ਤੋਂ ਬਿਨਾਂ ਸਰਕਾਰ ਨਹੀਂ ਬਣਾ ਸਕਣਗੇ।

ਇਕ ਹੋਰ ਗੱਲ ਬੜੇ ਜ਼ੋਰ ਨਾਲ ਚੱਲ ਰਹੀ ਹੈ ਕਿ ਅਕਾਲੀ ਦਲ, ਮਾਇਆਵਤੀ ਨਾਲ ਸਮਝੌਤਾ ਕਰਕੇ ਵਿਧਾਨ ਸਭਾ ਚੋਣਾਂ ਲੜੇਗਾ ਤਾਂ ਕਿ ਦਲਿਤ ਵੋਟ ਅਕਾਲੀਆਂ ਨੂੰ ਮਿਲਣੀ ਯਕੀਨੀ ਹੋ ਜਾਵੇ ਤੇ ਕਾਂਗਰਸ ਦੀ ਰੀੜ੍ਹ ਦੀ ਹੱਡੀ ਦਲਿਤ ਵੋਟ ਟੁੱਟ ਜਾਵੇ। ਇਉਂ ਕਾਂਗਰਸ ਦਾ ਸੱਤਾ 'ਚ ਆਉਣਾ ਮੁਸ਼ਕਲ ਹੋ ਜਾਵੇ। ਮਾਇਆਵਤੀ ਪੰਜਾਬ 'ਚ ਦਲਿਤ ਵੋਟ 'ਤੇ ਕਿੰਨਾ ਕੁ ਅਸਰਅੰਦਾਜ਼ ਹੋਵੇਗੀ, ਇਸ ਬਾਰੇ ਕੋਈ ਨਹੀਂ ਕਹਿ ਸਕਦਾ। ਬਸਪਾ ਇਕੱਲਿਆਂ ਕੋਈ ਸੀਟ ਜਿੱਤਣ ਦੇ ਸਮਰੱਥ ਨਹੀਂ ਹੈ, ਹਾਂ ਜੇ ਅਕਾਲੀ ਦਲ ਨਾਲ ਸਮਝੌਤਾ ਹੋ ਜਾਂਦਾ ਹੈ ਅਤੇ ਸੱਤਾ 'ਚ ਭਾਗੀਦਾਰੀ ਮਿਲਦੀ ਹੈ ਤਾਂ ਦੋਵਾਂ-ਬਸਪਾ ਅਤੇ ਅਕਾਲੀ ਦਲ ਨੂੰ ਫਾਇਦਾ ਹੋ ਸਕਦਾ ਹੈ।

1947 ਤੋਂ ਬਾਅਦ ਪੰਜਾਬ ਵਿਚ ਦੋ ਹੀ ਪਾਰਟੀਆਂ ਰਾਜ ਕਰਦੀਆਂ ਆ ਰਹੀਆਂ ਹਨ ਕਾਂਗਰਸ ਅਤੇ ਅਕਾਲੀ ਦਲ ਗੱਠਜੋੜ। 14 ਵਾਰ ਕਾਂਗਰਸ ਅਤੇ 8 ਵਾਰ ਅਕਾਲੀ ਸੱਤਾ 'ਤੇ ਕਾਬਜ਼ ਰਹੇ। ਪਹਿਲੇ 20 ਸਾਲ, 1947 ਤੋਂ 1967 ਤੱਕ ਤਾਂ ਨਿਰੰਤਰ ਕਾਂਗਰਸ ਹੀ ਸੱਤਾ 'ਚ ਰਹੀ। ਰਾਜਸੀ ਹਲਕੇ ਇਹ ਤੱਥ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਾਂਗਰਸ ਹਿੰਦੂ ਅਤੇ ਦਲਿਤ ਵੋਟ ਦੇ ਸਹਾਰੇ ਸੱਤਾ ਪ੍ਰਾਪਤ ਕਰਦੀ ਰਹੀ ਹੈ। ਪੰਜਾਬ ਦੀ ਵਸੋਂ ਦਾ ਜੇ ਰਾਜਨੀਤਕ ਸੰਦਰਭ 'ਚ ਲੇਖਾ-ਜੋਖਾ ਕਰੀਏ ਤਾਂ ਲੋਕਾਂ ਦੇ ਅੱਜ ਦੇ ਸਿਆਸੀ ਰੁਝਾਨ ਦਾ ਅਨੁਮਾਨ ਸੌਖਿਆਂ ਹੀ ਲੱਗ ਜਾਏਗਾ। ਪੰਜਾਬ 'ਚ ਵੋਟਰਾਂ ਦੇ ਤਿੰਨ ਵੱਡੇ ਮਹੱਤਵਪੂਰਨ ਵਰਗ ਹਨ। ਜੱਟ ਸਿੱਖ 35 ਫੀਸਦੀ, ਦਲਿਤ 28 ਫੀਸਦੀ, ਉਚ ਜਾਤ ਹਿੰਦੂ (ਬ੍ਰਾਹਮਣ, ਬਾਣੀਏ, ਰਾਜਪੂਤ, ਖੱਤਰੀ ਅਰੋੜਾ ਆਦਿ) 23 ਫੀਸਦੀ, ਬਾਕੀ 14 ਫੀਸਦੀ 'ਚ ਰਾਮਗੜ੍ਹੀਏ, ਆਹਲੂਵਾਲੀਏ, ਲੁਬਾਣੇ, ਕੰਬੋਜ, ਸੈਣੀ ਆਦਿ ਹਨ। ਜੱਟ ਮੁੱਢ ਤੋਂ ਹੀ, ਜ਼ਿਹਨੀ ਤੌਰ 'ਤੇ, ਕਾਂਗਰਸ ਵਿਰੋਧੀ ਵਧੇਰੇ ਹੈ ਅਤੇ ਐਲਾਨੀਆ ਅਕਾਲੀ ਦਲ ਨੂੰ ਵੋਟ ਪਾਉਂਦਾ ਹੈ। ਦਲਿਤ ਰਵਾਇਤੀ ਤੌਰ 'ਤੇ ਕਾਂਗਰਸ ਦਾ ਵੋਟ ਬੈਂਕ ਹੈ। ਹਿੰਦੂ ਵੀ ਕਾਂਗਰਸ ਦਾ ਹੀ ਵੋਟਰ ਰਿਹਾ ਹੈ ਅਤੇ ਹੁਣ ਵੀ ਇਹੀ ਸਮਝਿਆ ਜਾਂਦਾ ਹੈ, ਪਰ ਹੁਣ ਸਥਿਤੀ ਬਦਲ ਗਈ ਹੈ। ਦਲਿਤ ਅਤੇ ਹਿੰਦੂ ਦੀ ਮਨੋਬਿਰਤੀ ਹੋਰ ਹੋ ਗਈ ਹੈ।

ਜਦੋਂ ਦੀ ਬਹੁਜਨ ਸਮਾਜ ਪਾਰਟੀ (ਬਸਪਾ) ਬਣੀ ਹੈ, ਖਾਸਕਰ ਜਦੋਂ ਤੋਂ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ 'ਚ ਬਸਪਾ ਵਲੋਂ ਇਕੱਲਿਆਂ ਹੀ ਸੱਤਾ 'ਤੇ ਕਬਜ਼ਾ ਕੀਤਾ ਹੈ, ਦਲਿਤ ਵੋਟਰ ਨੂੰ ਘੱਟੋ-ਘੱਟ ਸਵੈਮਾਨ ਦਾ ਅਹਿਸਾਸ ਵਧਿਆ ਹੈ। ਉਹ ਪਹਿਲਾਂ ਵਾਂਗ ਆਪਣੇ-ਆਪ ਨੂੰ ਬੇਸਹਾਰਾ ਨਹੀਂ ਸਮਝਦਾ, ਬਰਾਬਰ ਦਾ ਆਢਾ ਲੈਂਦਾ ਹੈ। ਪਿੰਡਾਂ 'ਚ ਵੀ ਦੁਬੇਲ ਬਣ ਕੇ ਨਹੀਂ ਵਸਦਾ। ਇਸੇ ਤਰ੍ਹਾਂ ਜਦੋਂ ਤੋਂ ਕੇਂਦਰ ਵਿਚ ਭਾਜਪਾ ਅਗਵਾਈ ਵਾਲੀ ਸਰਕਾਰ ਪੰਜ ਸਾਲ ਰਾਜ ਕਰ ਗਈ ਹੈ ਅਤੇ ਇਕ ਸਮੇਂ ਦੇਸ਼ ਦੇ ਬਹੁਤੇ ਸੂਬਿਆਂ 'ਚ ਭਾਜਪਾ ਜਾਂ ਭਾਜਪਾ ਭਾਈਵਾਲ ਸਰਕਾਰਾਂ ਰਹੀਆਂ ਹਨ, ਹਿੰਦੂ ਵੋਟਰ ਦੀ ਕਾਂਗਰਸ ਨੂੰ ਵੋਟ ਪਾਉਣ ਦੀ ਮਨੋਬਿਰਤੀ ਬਦਲ ਗਈ ਹੈ। ਇਕ ਗੱਲ ਇਹ ਵੀ ਚੱਲ ਰਹੀ ਹੈ ਕਿ ਕੇਂਦਰੀ ਕਾਂਗਰਸ ਹਾਈ ਕਮਾਨ ਹਿੰਦੂ ਦਾ ਮਨ ਜਿੱਤਣ ਲਈ ਪੰਜਾਬ ਕਾਂਗਰਸ ਦਾ ਪ੍ਰਧਾਨ ਕਿਸੇ ਹਿੰਦੂ ਨੂੰ ਬਣਾ ਦੇਵੇ। ਜੇ ਕਾਂਗਰਸ ਨੇ ਮੁੱਖ ਮੰਤਰੀ ਜੱਟ ਨੂੰ ਹੀ ਅਕਾਲੀ ਟੱਕਰ ਲਈ ਬਣਾਉਣਾ ਹੈ ਤਾਂ ਰਾਜਨੀਤੀ ਇਹ ਕਹਿੰਦੀ ਹੈ ਕਿ ਕਾਂਗਰਸ ਪ੍ਰਧਾਨ ਹਿੰਦੂ ਬਣਾਇਆ ਜਾਵੇ ਅਤੇ ਦਲਿਤਾਂ ਦਾ ਦਿਲ ਜਿੱਤਣ ਲਈ ਉਪ ਮੁੱਖ ਮੰਤਰੀ ਇਕ ਦਲਿਤ ਨੂੰ। ਉਪਰੋਕਤ ਸਿਆਸੀ ਰੁਝਾਨਾਂ ਨੂੰ ਵਾਚਣ ਦੀ ਲੋੜ ਹੋਏਗੀ ਅਤੇ ਇਹ ਅਨੁਮਾਨ ਲਾਉਣਾ ਮੁਸ਼ਕਲ ਨਹੀਂ ਹੋਵੇਗਾ ਕਿ ਊਠ ਕਿਸ ਕਰਵਟ ਬੈਠਦਾ ਹੈ। ਜਿਹੜਾ ਰੁਝਾਨ ਹਾਵੀ ਹੋ ਜਾਵੇਗਾ, ਸੱਤਾ ਦੀ ਦੇਵੀ ਉਸੇ ਦੇ ਪਾਤਰਾਂ 'ਤੇ ਮਿਹਰ ਕਰੇਗੀ।

## ਰਹਿਣ ਪੱਖੋਂ ਫਰਾਂਸ ਵਧੀਆ ਪਰ ਬਰਤਾਨੀਆ ਮਾੜਾ

ਯੂਰਪ ਵਿਚ ਰਹਿਣ ਲਈ ਬਰਤਾਨੀਆ ਸਭ ਤੋਂ ਖਰਾਬ ਅਤੇ ਫਰਾਂਸ ਸਭ ਤੋਂ ਵਧੀਆ ਜਗ੍ਹਾ ਹੈ। ਜ਼ਿੰਦਗੀ ਦੀ ਗੁਣਵੱਤਾ ਨੂੰ ਲੈ ਕੇ ਕਰਵਾਏ ਗਏ ਇਕ ਨਵੇਂ ਸਰਵੇਖਣ ਵਿਚ ਬਰਤਾਨੀਆ ਨੂੰ ਯੂਰਪ ਦੇ 10 ਦੇਸ਼ਾਂ ਵਿਚ 9ਵਾਂ ਥਾਂ ਮਿਲਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਉਥੇ ਸਿਹਤ ਅਤੇ ਸਿੱਖਿਆ 'ਤੇ ਸਰਕਾਰ ਔਸਤ ਤੋਂ ਵੀ ਘੱਟ ਖਰਚ ਕਰਦੀ ਹੈ। ਛੁੱਟੀਆਂ ਦੇ ਦਿਨ ਵੀ ਘੱਟ ਹਨ ਅਤੇ ਸੇਵਾ ਮੁਕਤੀ ਵੀ ਦੇਰ ਨਾਲ ਹੁੰਦੀ ਹੈ। ਜ਼ਿੰਦਗੀ ਦੀ ਗੁਣਵੱਤਾ ਦੇ ਮਾਮਲੇ ਵਿਚ ਫਰਾਂਸ ਨੂੰ ਇਸ ਸੂਚਕ ਅੰਕ ਵਿਚ ਦੂਜੀ ਵਾਰ ਸਭ ਤੋਂ ਉਚਾ ਥਾਂ ਮਿਲਿਆ ਹੈ। ਇਸ ਦੇ ਬਾਅਦ ਸਪੇਨ ਤੇ ਡੈਨਮਾਰਕ ਦਾ ਨੰਬਰ ਆਇਆ।

ਅਸਲ ਵਿਚ ਲੋਕ ਬਰਤਾਨੀਆ ਵਿਚ ਖਾਣੇ ਅਤੇ ਡੀਜ਼ਲ ਦੀਆਂ ਸਭ ਤੋਂ ਅਧਿਕ ਕੀਮਤਾਂ ਦਿੰਦੇ ਹਨ। ਫਿਰ ਵੀ ਸਰਕਾਰ ਸਿਹਤ ਅਤੇ ਸਿੱਖਿਆ 'ਤੇ ਯੂਰਪੀ ਪੱਧਰ ਤੋਂ ਘੱਟ ਖਰਚ ਕਰਦੀ ਹੈ। ਇਸ ਤੋਂ ਇਲਾਵਾ ਹੋਰ ਯੂਰਪੀਅਨ ਕਰਮਚਾਰੀਆਂ ਦੀ ਤੁਲਨਾ ਵਿਚ ਬਰਤਾਨੀਆ ਵਿਚ ਕਰਮਚਾਰੀ ਜ਼ਿਆਦਾ ਘੰਟੇ ਕੰਮ ਕਰਦੇ ਹਨ ਅਤੇ ਸੇਵਾ ਮੁਕਤੀ ਵੀ ਦੇਰ ਨਾਲ ਹੁੰਦੀ ਹੈ ਅਤੇ ਧੁੱਪ ਵੀ ਘੱਟ ਨਸੀਬ ਹੁੰਦੀ ਹੈ। ਇਸ ਦੇ ਇਲਾਵਾ ਉਨ੍ਹਾਂ ਦੀ ਔਸਤ ਉਮਰ ਵੀ ਯੂਰਪੀਅਨ ਔਸਤ 79.3 ਸਾਲ ਤੋਂ ਘੱਟ ਹੈ।

ਫਰਾਂਸ 'ਚ ਕਰਮਚਾਰੀਆਂ ਨੂੰ ਜਲਦੀ ਸੇਵਾਮੁਕਤ ਕਰ ਦਿੱਤਾ ਜਾਂਦਾ ਹੈ। ਸਰਕਾਰ ਸਿਹਤ 'ਤੇ ਸਭ ਤੋਂ ਜ਼ਿਆਦਾ ਖਰਚ ਕਰਦੀ ਹੈ ਅਤੇ ਅੰਦਾਜ਼ਨ ਉਮਰ ਵੀ ਲੰਬੀ ਹੈ। ਬਰਤਾਨੀਆ ਦੇ ਮੁਕਾਬਲੇ ਫਰਾਂਸ 'ਚ ਕਰਮਚਾਰੀਆਂ ਨੂੰ ਸਾਲ 'ਚ 36 ਛੁੱਟੀਆਂ ਮਿਲਦੀਆਂ ਹਨ।

# ਜਾਤਾਂ-ਗੋਤਾਂ ਦੀ ਗਿਣਤੀ-ਮਿਣਤੀ 'ਤੇ ਟਿਕੀ ਬਿਹਾਰ ਦੀ ਰਾਜਨੀਤੀ

**ਗੁਰਲਾਭ ਸਿੰਘ ਬਠਿੰਡਾ**

ਬਿਹਾਰ ਵਿਚ, ਜਿਥੋਂ ਦੇ ਨੇਤਾਵਾਂ ਦੀ ਦੇਸ਼ ਦੀ ਕੌਮੀ ਰਾਜਨੀਤੀ ਵਿਚ ਅਹਿਮ ਭੂਮਿਕਾ ਰਹੀ ਹੈ, ਚੋਣਾਂ ਦੀ ਤਿਆਰੀ ਸ਼ੁਰੂ ਹੋ ਚੁੱਕੀ ਹੈ। ਸਿਆਸੀ ਦਲਾਂ ਦੇ ਨੇਤਾਵਾਂ ਨੇ ਜੋੜਾਂ-ਤੋੜਾਂ ਦੀ ਖੇਡ ਸ਼ੁਰੂ ਕਰ ਦਿੱਤੀ ਹੈ। ਸੂਬੇ ਵਿਚ ਰਾਸ਼ਟਰੀ ਜਨਤਾ ਦਲ ਤੇ ਲੋਜਪਾ ਨੇ ਸੀਟਾਂ ਦੀ ਹਿੱਸੇਦਾਰੀ ਦਾ ਐਲਾਨ ਕਰ ਦਿੱਤਾ ਹੈ। ਐਨ. ਡੀ. ਏ. ਨੇ ਵੀ ਕਮਰ ਕੱਸ ਲਈ ਹੈ। ਹੁਣ ਤੱਕ ਦੀਆਂ ਖਬਰਾਂ ਮੁਤਾਬਕ ਉਨ੍ਹਾਂ ਦਾ ਹਿਸਾਬ-ਕਿਤਾਬ ਪੁਰਾਣਾ ਹੀ ਰਹੇਗਾ, ਭਾਵ 141 ਸੀਟਾਂ 'ਤੇ ਜਨਤਾ ਦਲ (ਯੂ) ਤੇ 102 ਸੀਟਾਂ 'ਤੇ ਭਾਜਪਾ ਚੋਣ ਲੜੇਗੀ। ਦੂਜੇ ਪਾਸੇ ਕਾਂਗਰਸ ਇਸ ਦੰਗਲ ਵਿਚ ਇਕੱਲਿਆਂ ਹੀ ਚੋਣਾਂ ਲੜੇਗੀ। ਬਸਪਾ ਵੀ ਸਾਰੀਆਂ 243 ਸੀਟਾਂ 'ਤੇ ਆਪਣਾ ਹਾਥੀ ਦੌੜਾਏਗੀ। ਖੱਬੇ-ਪੱਖੀ ਆਪਸੀ ਤਾਲਮੇਲ ਰਾਹੀਂ ਚੋਣ ਜੰਗ ਵਿਚ ਉਤਰਨ ਦਾ ਮਨ ਬਣਾ ਰਹੇ ਹਨ। ਲੋਕ ਮੋਰਚਾ ਤੇ ਦੱਦਨ ਪਹਿਲਵਾਨ ਦਾ ਤੀਜਾ ਫਰੰਟ ਵੀ ਆਪਣੇ ਦਮ-ਖਮ ਨਾਲ ਚੋਣਾਂ ਵਿਚ ਕੁੱਦਣ ਲਈ ਤਿਆਰ ਹੈ। ਅਜਿਹੀ ਹਾਲਤ ਵਿਚ ਸਿਆਸੀ ਤਸਵੀਰ ਕਿਹੋ ਜਿਹੀ ਰਹੇਗੀ, ਕਿਹੜੀ ਬਰਾਦਰੀ ਕਿਸ ਨੂੰ ਵੋਟ ਦੇਵੇਗੀ, ਵੱਖ-ਵੱਖ ਪਾਰਟੀਆਂ ਦੀ ਸੋਸ਼ਲ ਇੰਜੀਨੀਅਰਿੰਗ ਕਿਹੋ ਜਿਹੀ ਹੈ, ਅਸੀਂ ਇਨ੍ਹਾਂ ਸਾਰੇ ਤੱਥਾਂ ਦਾ ਵਿਸ਼ਲੇਸ਼ਣਾਤਮਕ ਵਰਨਣ ਕਰਨ ਦੀ ਕੋਸ਼ਿਸ਼ ਕੀਤੀ ਹੈ।


ਇਸ ਵਕਤ ਜਨਤਾ ਦਲ (ਯੂ) ਕੋਲ 79, ਭਾਜਪਾ ਕੋਲ 54, ਰਾਜਦ ਕੋਲ 56, ਕਾਂਗਰਸ ਕੋਲ 12 ਤੇ ਲੋਕ ਜਨਸ਼ਕਤੀ ਪਾਰਟੀ ਕੋਲ 12 ਸੀਟਾਂ ਹਨ। ਲਾਲੂ ਯਾਦਵ, ਨਿਤੀਸ਼ ਕੁਮਾਰ ਤੇ ਰਾਮ ਵਿਲਾਸ ਪਾਸਵਾਨ ਸੂਬੇ ਦੀ ਸਿਆਸਤ ਦੇ ਤਿੰਨ ਮਹਾਂ-ਧੁਰੰਧਰ ਹਨ। ਸਾਢੇ ਚਾਰ ਸਾਲਾਂ ਤੱਕ ਤਿੰਨੇ ਹਰ ਜਗ੍ਹਾ ਗਲਾ ਪਾੜ-ਪਾੜ ਕੇ ਭਾਸ਼ਣਬਾਜ਼ੀ ਕਰਦੇ ਰਹੇ ਕਿ ਜਾਤ ਤੇ ਸੰਪਰਦਾਏ ਦੀ ਰਾਜਨੀਤੀ ਨਾਲ ਉਨ੍ਹਾਂ ਦਾ ਦੂਰ ਦਾ ਵੀ ਰਿਸ਼ਤਾ ਨਹੀਂ ਹੈ, ਕੋਈ ਲੈਣ-ਦੇਣ ਨਹੀਂ। ਪਰ ਟਿੱਕ-ਟਿੱਕ ਕਰਦੀ ਘੜੀ ਜਿਵੇਂ-ਜਿਵੇਂ ਚੋਣਾਂ ਦੇ ਸਮੇਂ ਨੂੰ ਨੇੜੇ ਖਿੱਚ ਰਹੀ ਹੈ, ਤਿਵੇਂ-ਤਿਵੇਂ ਇਹ ਤਿੱਕੜੀ ਖੁਲ੍ਹ ਕੇ ਵਰਣਵਾਦ ਤੇ ਗੋਤਵਾਦ ਦੀ ਗੋਦੀ ਚੜ੍ਹ ਕੇ ਵਿਧਾਨ ਸਭਾ ਵਿਚ ਪਹੁੰਚਣ ਤੋਂ ਉਕਾ ਹੀ ਪਰਹੇਜ਼ ਨਹੀਂ ਕਰ ਰਹੀ। ਲਾਲੂ, ਨਿਤੀਸ਼ ਤੇ ਪਾਸਵਾਨ ਤਿੰਨੇ ਹੀ ਇਸ ਦੀ ਤਾਜ਼ਾ ਮਿਸਾਲ ਹਨ। ਲਾਲੂ ਯਾਦਵ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੇ ਗਠਬੰਧਨ ਨੂੰ ਬਹੁਮਤ ਮਿਲਣ ਦੀ ਸਥਿਤੀ ਵਿਚ ਉਹ ਖੁਦ ਸੂਬੇ ਦੀ ਕਮਾਨ ਸੰਭਾਲਣਗੇ।

ਅਗਸਤ ਮਹੀਨੇ ਦੀ 18 ਤਰੀਕ ਨੂੰ ਨਿਤੀਸ਼ ਕੁਮਾਰ ਦੀ ਅਗਵਾਈ ਵਿਚ ਨਾਲੰਦਾ ਜ਼ਿਲ੍ਹੇ ਦੇ ਰਾਜਗੀਰ ਸ਼ਹਿਰ ਵਿਖੇ ਜਨਤਾ ਦਲ (ਯੂ) ਦਾ ਸੂਬਾ ਪੱਧਰੀ ਸੰਮੇਲਨ ਦੋ ਦਿਨਾਂ ਤੱਕ ਚੱਲਿਆ। ਉਸ ਵਿਚ ਜਨਤਾ ਦਲ (ਯੂ) ਦੇ ਕੌਮੀ ਪ੍ਰਧਾਨ ਸ਼ਰਦ ਯਾਦਵ, ਪ੍ਰਦੇਸ਼ ਪ੍ਰਧਾਨ ਵਿਜੈ ਚੌਧਰੀ ਤੇ ਨਿਤੀਸ਼ ਕੁਮਾਰ ਆਦਿ ਨੇ ਹਿੱਸਾ ਲਿਆ। ਚੋਣਾਂ ਦੀ ਜੰਗ ਦਾ ਬਿਗਲ ਵੀ ਜਨਤਾ ਦਲ (ਯੂ) ਨੇ ਇਥੇ ਹੀ ਵਜਾਇਆ। ਲਾਲੂ ਯਾਦਵ ਵਲੋਂ ਖੁਦ ਨੂੰ ਰਾਜਦ-ਲੋਜਪਾ ਗਠਬੰਧਨ ਦਾ ਮੁੱਖ ਮੰਤਰੀ ਐਲਾਨਣ ਪਿੱਛੇ ਯਾਦਵਾਂ ਦੀਆਂ ਵੋਟਾਂ ਨੂੰ ਪੂਰੀ ਤਰ੍ਹਾਂ ਲਾਮਬੰਦ ਕਰਨ ਦਾ ਮੰਤਵ ਸਪੱਸ਼ਟ ਹੈ। ਇਹ ਗੱਲ ਕਾਬਲੇ ਜ਼ਿਕਰ ਹੈ ਕਿ ਰਾਜ ਵਿਚ ਯਾਦਵਾਂ ਦੇ ਵੋਟ 13-14 ਫੀਸਦੀ ਦੇ ਲਗਭਗ ਹਨ। ਮਾਰਚ 1990 ਤੋਂ ਲੈ ਕੇ 2004 ਦੀਆਂ ਪਾਰਲੀਮਾਨੀ ਚੋਣਾਂ ਤੱਕ ਯਾਦਵਾਂ ਨੇ ਲਾਲੂ ਯਾਦਵ ਦਾ ਪੂਰਾ-ਪੂਰਾ ਸਾਥ ਦਿੱਤਾ, ਪਰ ਫਰਵਰੀ 2005 ਤੇ ਅਕਤੂਬਰ-ਨਵੰਬਰ 2005 ਦੀਆਂ ਵਿਧਾਨ ਸਭਾਵਾਂ ਚੋਣਾਂ ਦੌਰਾਨ ਯਾਦਵਾਂ 'ਤੇ ਲਾਲੂ ਦਾ ਜਾਦੂ ਚੱਲ ਨਹੀਂ ਸਕਿਆ। ਲਾਲੂ ਦਾ ਰਾਸ਼ਟਰੀ ਜਨਤਾ ਦਲ ਉਸ ਵੇਲੇ ਚਾਰ ਸੀਟਾਂ ਤੱਕ ਹੀ ਸਿਮਟ ਕੇ ਰਹਿ ਗਿਆ ਸੀ। ਇਹ ਸਥਿਤੀ 2009 ਦੀਆਂ ਚੋਣਾਂ ਦੀ ਹੈ।

ਇਸ ਤਰ੍ਹਾਂ 2005 ਤੋਂ ਬਾਅਦ ਸੱਤਾ ਖਿਸਕਦੀ-ਖਿਸਕਦੀ ਲਾਲੂ ਦੇ ਹੱਥਾਂ 'ਚੋਂ ਨਿਕਲ ਗਈ। ਸੰਨ 2009 ਵਿਚ ਲਾਲੂ ਦਾ ਚੋਣ ਸਮਝੌਤਾ ਪਾਸਵਾਨ ਨਾਲ ਸੀ। ਉਸ ਸਮੇਂ ਅਜੀਬ ਰੁਝਾਨ ਲੋਕ ਸਭਾ ਚੋਣਾਂ ਵਿਚ ਵੇਖਣ ਨੂੰ ਇਹ ਮਿਲਿਆ ਕਿ ਦੁਸਾਧਾਂ ਨੇ ਪਾਸਵਾਨ ਦੇ ਆਦੇਸ਼ਾਂ ਤਹਿਤ ਵੋਟ ਲਾਲੂ ਦੇ ਜਨਤਾ ਦਲ ਨੂੰ ਪਾਏ, ਪਰ ਯਾਦਵਾਂ ਨੇ ਲਾਲੂ ਦੇ ਆਖੇ ਲੱਗ ਕੇ ਪਾਸਵਾਨ ਦੇ ਹੱਕ 'ਚ ਵੋਟ ਨਾ ਪਾਏ। ਨਤੀਜਾ ਇਹ ਹੋਇਆ ਕਿ ਹਾਜੀਪੁਰ ਤੋਂ ਪਾਸਵਾਨ ਬੁਰੀ ਤਰ੍ਹਾਂ ਹਾਰ ਗਏ। ਸੂਬੇ ਵਿਚ 3-4 ਫੀਸਦੀ ਵੋਟ ਦੁਸਾਧਾਂ ਦੇ ਹਨ। ਦੁਸਾਧ ਤਾਂ ਧਨ, ਮਨ ਤੇ ਤਨ ਨਾਲ ਪਾਸਵਾਨ ਨਾਲ ਜੁੜੇ ਹੋਏ ਹਨ, ਪਰ ਯਾਦਵਾਂ ਦਾ ਰੁਖ ਅਜੇ ਵੀ ਸਪੱਸ਼ਟ ਨਹੀਂ।

ਜਨਤਾ ਦਲ (ਯੂ) ਦੇ ਸੰਸਦ ਮੈਂਬਰ ਡਾ. ਰੰਜਨ ਯਾਦਵ, ਸਿਹਤ ਮੰਤਰੀ ਨੰਦ ਕਿਸ਼ੋਰ ਯਾਦਵ, ਜਲ ਸਰੋਤ ਮੰਤਰੀ ਵਿਜੇਂਦਰ ਯਾਦਵ, ਮਾਲ ਮੰਤਰੀ ਨਰਿੰਦਰ ਯਾਦਵ, ਸੀਤਾ ਮੜ੍ਹੀ ਤੋਂ ਐਮ.ਪੀ. ਅਰਜਨ ਯਾਦਵ, ਮਧੇਪੁਰਾ ਤੋਂ ਲੋਕ ਸਭਾ ਮੈਂਬਰ ਸ੍ਰੀ ਸ਼ਰਦ ਯਾਦਵ, ਖਗੜੀਆਂ ਤੋਂ ਸੰਸਦ ਮੈਂਬਰ ਦਿਨੇਸ਼ ਚੰਦਰ ਯਾਦਵ ਵਰਗਿਆਂ ਦੀ ਪਲਟਨ ਨਿਤੀਸ਼ ਨੇ ਇਸ ਲਈ ਤਿਆਰ ਕਰ ਰੱਖੀ ਹੈ ਤਾਂ ਕਿ ਲਾਲੂ ਦੇ ਵੋਟ ਬੈਂਕ ਨੂੰ ਸੰਨ੍ਹ ਲਾਈ ਜਾ ਸਕੇ। ਇਸ ਬਾਰੇ ਲਾਲੂ ਦੇ ਇਕ ਖਾਸ ਵਿਧਾਇਕ ਨੇ ਪ੍ਰੈਸ ਸਾਹਮਣੇ ਇੰਕਸ਼ਾਫ ਕਰਦਿਆਂ ਕਿਹਾ ਕਿ ਲਾਲੂ ਦਾ ਕ੍ਰਿਸ਼ਮਾ ਆਪਣੇ ਵਰਗ ਵਿਸ਼ੇਸ਼ ਯਾਦਵਾਂ ਵਿਚੋਂ ਬਹੁਤ ਹੱਦ ਤੱਕ ਖਤਮ ਹੋ ਚੁੱਕਿਆ ਹੈ। ਕਾਰਨ ਇਹ ਹੈ ਕਿ ਉਨ੍ਹਾਂ ਦੇ 15 ਸਾਲ ਦੇ ਸ਼ਾਸਨ ਵਿਚ ਸਿਰਫ ਉਨ੍ਹਾਂ ਦੇ ਦੋ ਸਾਲਿਆਂ-ਸਾਧੂ ਤੇ ਸੁਭਾਸ਼ ਨੇ ਹੀ ਆਪਣੇ ਖਜ਼ਾਨੇ ਭਰੇ ਤੇ ਗੁੰਡਾਗਰਦੀ ਕਰਵਾਈ। ਇਸ ਨਾਲ ਯਾਦਵਾਂ ਨੂੰ ਭਾਰੀ ਫਜ਼ੀਹਤ ਝੱਲਣੀ ਪਈ। ਹੁਣ ਯਾਦਵਾਂ ਨੂੰ ਦੂਜੀਆਂ ਬਰਾਦਰੀਆਂ ਦੇ ਲੋਕ ਹਿਕਾਰਤ ਭਰੀਆਂ ਨਜ਼ਰਾਂ ਨਾਲ ਵੇਖਦੇ ਹਨ।

ਦੂਜੇ ਪਾਸੇ ਸਾਰੇ ਦੁਸਾਧ ਪਾਸਵਾਨ ਦੇ ਪੱਖ ਵਿਚ ਹਨ, ਕਿਉਂਕਿ ਸਾਰੀਆਂ ਹਕੂਮਤਾਂ ਦੌਰਾਨ ਹੀ ਦੁਸਾਧਾਂ, ਭਾਵ ਦਲਿਤਾਂ 'ਤੇ ਅੱਤਿਆਚਾਰ ਹੋਏ ਹਨ ਤੇ ਪਾਸਵਾਨ ਨੇ ਉਨ੍ਹਾਂ ਦੇ ਹੰਝੂ ਪੂੰਝਣ ਲਈ ਲੋਕ ਸਭਾ ਤੇ ਰਾਜ ਸਭਾ ਵਿਚ ਉਨ੍ਹਾਂ ਦੇ ਮਸਲਿਆਂ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਹੈ। ਹੁਣ ਲਾਲੂ ਯਾਦਵ ਵਲੋਂ ਲਾਗੂ ਕੀਤੇ ਢੰਗ ਨਾਲ ਹੀ ਨਿਤੀਸ਼ ਨੇ ਕੁਰਮੀਆਂ ਨੂੰ ਆਪਣੇ ਨਾਲ ਬੰਨ੍ਹੀ ਰੱਖਣ ਲਈ ਨਾਲੰਦਾ ਜ਼ਿਲ੍ਹੇ ਦੇ ਰਾਜਗੀਰ ਵਿਖੇ ਬਿਲਕੁਲ ਚੋਣਾਂ ਤੋਂ ਪਹਿਲਾਂ ਜਨਤਾ ਦਲ (ਯੂ) ਦਾ ਕੈਂਪ ਲਵਾਇਆ ਹੈ। ਨਾਲੰਦਾ, ਕੁਰਮੀ ਜਾਤ ਦਾ ਅਜਿਹਾ ਗੜ੍ਹ ਹੈ ਕਿ ਉਸ ਦਾ ਨਾਂ ਹੀ ਕੁਰਮਸਤਾਨ ਵੱਜਣ ਲੱਗ ਪਿਆ ਹੈ। ਇਥੇ ਨਿਤੀਸ਼ ਦਾ ਦਬਦਬਾ ਐਨਾ ਜ਼ਿਆਦਾ ਹੈ ਕਿ ਐਨ ਡੀ ਏ ਨੇ ਨਵੰਬਰ 2005 ਦੇ ਮਹਾਂ-ਸੰਗਰਾਮ ਦੌਰਾਨ ਸਾਰੇ ਦੇ ਸਾਰੇ 8 ਵਿਧਾਨ ਸਭਾ ਹਲਕਿਆਂ ਵਿਚ ਆਪਣਾ ਝੰਡਾ ਗੱਡ ਦਿੱਤਾ ਸੀ। ਨਿਤੀਸ਼ ਹੁਣ ਉਸੇ ਇਤਿਹਾਸ ਨੂੰ ਦੁਬਾਰਾ ਦੁਹਰਾਉਣ ਦੀ ਕੋਸ਼ਿਸ਼ ਵਿਚ ਹਨ। ਇਹ ਵੱਖਰੀ ਗੱਲ ਹੈ ਕਿ ਹਲਕਿਆਂ ਦੀ ਮੁੜ ਵੰਡ ਕਰਦੇ ਸਮੇਂ ਨਾਲੰਦਾ ਵਿਚ 8 ਦੀ ਬਜਾਏ ਸੱਤ ਸੀਟਾਂ ਹੀ ਬਚੀਆਂ ਹਨ। ਨਿਤੀਸ਼ ਨੇ ਬਹੁਤ ਬਾਰੀਕੀ ਅਤੇ ਚਲਾਕੀ ਨਾਲ ਕੁਰਮੀ ਭਾਈਚਾਰੇ ਦੇ ਦਿਲਾਂ ਵਿਚ ਵਸਣ ਦਾ ਕੰਮ ਕੀਤਾ ਹੈ। ਜਿਵੇਂ ਉਸ ਨੇ ਆਪਣੀ ਵਿਕਾਸ ਯਾਤਰਾ ਦੌਰਾਨ ਬੇਗੂਸਰਾਏ ਦੇ ਬਰਬਿੱਗੀ ਪਿੰਡ ਵਿਚ ਆਪਣੀ ਕੈਬਨਿਟ ਦੀ ਇਕ ਮੀਟਿੰਗ ਵੀ ਕੀਤੀ ਸੀ। ਬਰਬਿੱਗੀ ਕੁਰਮੀ ਬਹੁ-ਗਿਣਤੀ ਵਾਲੀ ਬਸਤੀ ਹੈ। ਤਿੰਨ-ਚਾਰ ਮੁੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ, ਜੋ ਕਿ ਬਿਹਾਰ ਕਾਡਰ ਦੇ ਹਨ, ਨੂੰ ਇਥੇ ਇਸ ਲਈ ਤਾਇਨਾਤ ਕਰ ਰੱਖਿਆ ਹੈ ਕਿ ਉਹ ਉਸ ਦੀ ਜਾਤੀ ਨਾਲ ਸੰਬੰਧਤ ਹਨ। ਮਾਰੀਸ਼ਸ ਦੇ ਪ੍ਰਧਾਨ ਮੰਤਰੀ ਨਵੀਨ ਚੰਦਰ ਰਾਮ ਗੁਲਾਮ ਨੂੰ ਵੀ ਉਨ੍ਹਾਂ ਨੇ ਸਾਬਤ ਕਰ ਛੱਡਿਆ ਕਿ ਉਹ ਵੀ ਕੁਰਮੀ ਹਨ। ਨਵੀਨ ਦੇ ਪਿਤਾ ਦੀ ਆਦਮ-ਕੱਦ ਮੂਰਤੀ, ਨਿਤੀਸ਼ ਦੀ ਵਜ੍ਹਾ ਨਾਲ ਹੀ ਪਟਨਾ ਸਥਿਤ ਰਿਜ਼ਰਵ ਬੈਂਕ ਦੇ ਬਿਲਕੁੱਲ ਨਾਲ ਸਥਾਪਤ ਕੀਤੀ ਗਈ ਹੈ। ਹੁਣੇ-ਹੁਣੇ ਉਨ੍ਹਾਂ ਨੇ ਆਪਣੇ ਪ੍ਰਿੰਸੀਪਲ ਸਕੱਤਰ ਆਰ ਸੀ ਪੀ ਸਿੰਘ ਨੂੰ ਆਈ.ਏ.ਐਸ. ਦੀ ਨੌਕਰੀ ਤੋਂ ਅਸਤੀਫਾ ਦਿਵਾ ਕੇ ਰਾਜ ਸਭਾ ਦਾ ਮੈਂਬਰ ਬਣਵਾ ਦਿੱਤਾ ਹੈ। ਆਰ ਸੀ ਪੀ ਸਿੰਘ ਦੀ ਗਿਣਤੀ ਰਾਜ ਵਿਚ ਕੁਰਮੀ ਨੰਬਰ ਦੋ ਵਜੋਂ ਕੀਤੀ ਜਾਂਦੀ ਹੈ। ਨਿਤੀਸ਼ ਖੁਦ ਕੁਰਮੀ ਨੰਬਰ ਇਕ ਹਨ। ਜਨਤਾ ਦਲ (ਯੂ) ਦੇ ਚੀਫ ਵ੍ਹਿਪ ਸਰਵਣ ਕੁਮਾਰ ਨਾ ਕੇਵਲ ਉਨ੍ਹਾਂ ਦੀ ਜਾਤ ਦੇ ਹਨ, ਬਲਕਿ ਨਿਤੀਸ਼ ਦੇ ਘਰੇਲੂ ਜ਼ਿਲ੍ਹੇ ਨਾਲੰਦਾ ਦੇ ਵਸਨੀਕ ਵੀ ਹਨ।



**ਸੂਬੇ ਵਿਚ 4-5 ਫੀਸਦੀ ਕੁਰਮੀ ਹਨ। ਕੁਰਮੀ ਇਕੱਲੇ ਆਬਾਦੀ ਦੇ ਲਿਹਾਜ਼ ਨਾਲ ਯਾਦਵਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਸੇ ਨੂੰ ਧਿਆਨ ਵਿਚ ਰੱਖਦੇ ਹੋਏ ਨਿਤੀਸ਼ ਨੇ ਕੋਯਰੀ ਭਾਈਚਾਰੇ ਨਾਲ ਸਮੀਕਰਨ ਬਣਾਉਣ ਦੀ ਨੀਂਹ ਕਈ ਸਾਲ ਪਹਿਲਾਂ ਹੀ ਰੱਖ ਦਿੱਤੀ ਸੀ, ਜੋ ਆਏ ਦਿਨ ਮਜ਼ਬੂਤ ਹੁੰਦੀ ਚਲੀ ਗਈ। ਕੋਯਰੀ ਵੋਟਰ ਕਰੀਬ 7-8 ਪ੍ਰਤੀਸ਼ਤ ਹਨ। ਨਾਰਾਜ਼ ਹੋਏ ਉਪੇਂਦਰ ਕੁਸ਼ਵਾਹਾ ਨੂੰ ਮਨਾ ਕੇ ਫੌਰਨ ਰਾਜ ਸਭਾ ਵਿਚ ਭੇਜਣਾ ਕੋਯਰੀਆਂ ਨੂੰ ਖੁਸ਼ ਕਰਨ ਦੀ ਨਿਤੀਸ਼ ਦੀ ਰਾਜਨੀਤੀ ਦਾ ਹੀ ਹਿੱਸਾ ਹੈ। ਨਿਤੀਸ਼ ਨੇ ਸ਼ਾਂਤੀ ਪੂਰਵਕ ਆਪਣੇ ਦੁਆਲੇ ਜਾਤੀ ਗਠਬੰਧਨਾਂ ਨੂੰ ਜੋੜਿਆ ਹੈ, ਜਦੋਂਕਿ ਲਾਲੂ ਨੇ ਯਾਦਵਵਾਦ ਦਾ ਸੜਕਾਂ 'ਤੇ ਨੰਗਾ ਨਾਚ ਕਰਵਾਇਆ ਸੀ।**

ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਸੂਬੇ ਵਿਚ 4-5 ਫੀਸਦੀ ਕੁਰਮੀ ਹਨ। ਕੁਰਮੀ ਇਕੱਲੇ ਆਬਾਦੀ ਦੇ ਲਿਹਾਜ਼ ਨਾਲ ਯਾਦਵਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਸੇ ਨੂੰ ਧਿਆਨ ਵਿਚ ਰੱਖਦੇ ਹੋਏ ਨਿਤੀਸ਼ ਨੇ ਕੋਯਰੀ ਭਾਈਚਾਰੇ ਨਾਲ ਸਮੀਕਰਨ ਬਣਾਉਣ ਦੀ ਨੀਂਹ ਕਈ ਸਾਲ ਪਹਿਲਾਂ ਹੀ ਰੱਖ ਦਿੱਤੀ ਸੀ, ਜੋ ਆਏ ਦਿਨ ਮਜ਼ਬੂਤ ਹੁੰਦੀ ਚਲੀ ਗਈ। ਕੋਯਰੀ ਵੋਟਰ ਕਰੀਬ 7-8 ਪ੍ਰਤੀਸ਼ਤ ਹਨ। ਨਾਰਾਜ਼ ਹੋਏ ਉਪੇਂਦਰ ਕੁਸ਼ਵਾਹਾ ਨੂੰ ਮਨਾ ਕੇ, ਜਨਤਾ ਦਲ (ਯੂ) 'ਚ ਲਿਆ ਕੇ, ਫੌਰਨ ਰਾਜ ਸਭਾ ਵਿਚ ਭੇਜਣਾ ਕੋਯਰੀਆਂ ਨੂੰ ਖੁਸ਼ ਕਰਨ ਦੀ ਨਿਤੀਸ਼ ਦੀ ਰਾਜਨੀਤੀ ਦਾ ਹੀ ਹਿੱਸਾ ਹੈ। ਕੁਸ਼ਵਾਹਾ ਜ਼ਮੀਨ ਨਾਲ ਜੁੜੇ ਨੇਤਾ ਹਨ। ਇਹ ਇਹੋ ਸਾਬਤ ਕਰਦਾ ਹੈ ਕਿ ਨਿਤੀਸ਼ ਨੇ ਸ਼ਾਂਤੀ ਪੂਰਵਕ ਆਪਣੇ ਦੁਆਲੇ ਜਾਤੀ ਗਠਬੰਧਨਾਂ ਨੂੰ ਜੋੜਿਆ ਹੈ, ਜਦੋਂਕਿ ਲਾਲੂ ਨੇ ਯਾਦਵਵਾਦ ਦਾ ਸੜਕਾਂ 'ਤੇ ਨੰਗਾ ਨਾਚ ਕਰਵਾਇਆ ਸੀ। ਪਿਛਲੇ ਦਿਨੀਂ ਮੁੱਖ ਚੋਣ ਕਮਿਸ਼ਨਰ ਵਾਈ ਐਸ ਕੁਰੈਸ਼ੀ ਹਾਲਾਤ ਦਾ ਜਾਇਜ਼ਾ ਲੈਣ ਲਈ ਨਾਲੰਦਾ ਪਹੁੰਚੇ ਤਾਂ ਨਿਤੀਸ਼ ਖਿਲਾਫ ਰਾਸ਼ਟਰੀ ਜਨਤਾ ਦਲ ਨੇ ਉਨ੍ਹਾਂ ਨੂੰ ਇਕ ਸੂਚੀ ਪੇਸ਼ ਕੀਤੀ, ਜਿਸ ਵਿਚ 46 ਕੁਰਮੀ ਅਧਿਕਾਰੀਆਂ ਦੇ ਨਾਂ ਸਨ, ਜੋ ਕਿ ਪ੍ਰਸ਼ਾਸਨਕ ਅਹੁਦਿਆਂ 'ਤੇ ਬਿਰਾਜਮਾਨ ਹਨ। ਕੁਰਮੀ ਠੇਕੇਦਾਰਾਂ ਨੂੰ ਨਿਤੀਸ਼ ਨੇ ਕਰੋੜਾਂ ਦੇ ਠੇਕੇ ਦਿਵਾਏ ਹਨ।

ਚੋਣਾਂ ਦੀ ਫਿਜ਼ਾ ਦੀ ਕਹਾਣੀ ਇਥੇ ਹੀ ਖਤਮ ਨਹੀਂ ਹੁੰਦੀ। ਮੁਸਲਿਮ ਫੈਕਟਰ ਵੱਖਰੇ ਤੌਰ 'ਤੇ ਆਪਣੀ ਭੂਮਿਕਾ ਨਿਭਾਏਗਾ। ਘੱਟ-ਗਿਣਤੀਆਂ ਦੇ ਵੋਟ ਕਿਸ ਨੂੰ ਮਿਲਣਗੇ, ਇਹ ਵੀ ਮਹੱਤਵਪੂਰਨ ਸਵਾਲ ਹੈ। ਇਸ ਬਾਰੇ ਕੌਮੀ ਪ੍ਰੈਸ ਦੀ ਛਾਣਬੀਣ ਮੁਤਾਬਕ ਮੁਸਲਮਾਨ ਵੱਖ-ਵੱਖ ਜ਼ਿਲ੍ਹਿਆਂ ਵਿਚ ਵੱਖ-ਵੱਖ ਪਾਲਿਆਂ ਵਿਚ ਹਨ। ਉਦਾਹਰਣ ਦੇ ਤੌਰ 'ਤੇ ਸੀਵਾਨ ਜ਼ਿਲ੍ਹੇ ਦੇ ਮੁਸਲਮਾਨਾਂ 'ਤੇ ਜੇਲ੍ਹ ਵਿਚ ਬੰਦ ਸ਼ਹਾਬੂਦੀਨ ਦੀ 100 ਫੀਸਦੀ ਪਕੜ ਹੈ। ਯਾਦਵਾਂ ਨੇ 2009 ਦੀਆਂ ਲੋਕ ਸਭਾ ਚੋਣਾਂ ਵਿਚ ਸ਼ਹਾਬੂਦੀਨ ਦੀ ਬੇਗਮ ਹਿਨਾ ਸ਼ਹਾਬ ਵਾਸਤੇ ਵੋਟ ਨਹੀਂ ਸਨ ਦਿੱਤੇ। ਇਸ ਦਾ ਗੁੱਸਾ ਮੁਸਲਮਾਨਾਂ ਵਿਚ ਬਰਕਰਾਰ ਹੈ। ਇਸੇ ਤਰ੍ਹਾਂ ਸਰਹੱਦੀ ਖੇਤਰਾਂ ਵਿਚ ਤਸਲੀਮ-ਉਦ-ਦੀਨ ਦੇ ਜਨਤਾ ਦਲ (ਯੂ) ਵਿਚ ਆਉਣ ਨਾਲ ਰਾਜਨੀਤਕ ਦ੍ਰਿਸ਼ ਬਦਲ ਚੁੱਕਿਆ ਹੈ। ਤਸਲੀਮ-ਉਦ-ਦੀਨ ਸਰਹੱਦੀ ਜ਼ਿਲ੍ਹਿਆਂ (ਕਟਿਹਾਰ, ਪੂਰਨੀਆਂ, ਆਰਾ, ਰਿਆ, ਕਿਸ਼ਨਗੰਜ, ਸੁਪੌਲ, ਮਧੇਪੁਰਾ ਤੇ ਸਹਰਸਾ) 'ਚ ਰਾਜਦ ਨੂੰ ਸਬਕ ਸਿਖਾਉਣ 'ਤੇ ਤੁਲੇ ਹੋਏ ਹਨ। ਸਰਹੱਦੀ ਖੇਤਰਾਂ ਵਿਚ 40 ਪ੍ਰਤੀਸ਼ਤ ਵੱਸੋਂ ਘੱਟ-ਗਿਣਤੀਆਂ ਦੀ ਹੈ। ਇਸ ਤੋਂ ਇਲਾਵਾ ਨਿਤੀਸ਼ ਨੇ ਲਾਲੂ ਯਾਦਵ ਦੀ ਤੁਲਨਾ ਵਿਚ ਮੁਸਲਮਾਨਾਂ ਦੀਆਂ ਕਬਰਗਾਹਾਂ ਦੀਆਂ ਚਾਰ-ਦੀਵਾਰੀਆਂ ਬਹੁਤ ਜ਼ਿਆਦਾ ਕਰਵਾਈਆਂ ਹਨ। 'ਹੁਨਰ ਤੇ ਸੰਦ' ਪ੍ਰੋਗਰਾਮ ਦੁਆਰਾ ਮੁਸਲਮਾਨ ਔਰਤਾਂ ਨੂੰ ਆਪਣੇ ਪੈਰਾਂ 'ਤੇ ਖੜੇ ਹੋਣ ਦਾ ਮੌਕਾ ਪ੍ਰਦਾਨ ਕੀਤਾ ਹੈ। ਉਨ੍ਹਾਂ ਲਈ ਸਥਾਪਤ ਸਰਕਾਰੀ ਕਮਿਸ਼ਨ ਲਈ ਫੰਡ ਮੁਹੱਈਆ ਕੀਤੇ ਹਨ। ਲਾਲੂ ਤੇ ਪਾਸਵਾਨ ਇਸ ਦੀ ਕਾਟ ਕਰਨ ਲਈ ਸੱਚਰ ਕਮਿਸ਼ਨ ਅਤੇ ਰੰਗਨਾਥ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਵਾਉਣ ਦਾ ਰਾਗ ਅਲਾਪ ਰਹੇ ਹਨ। ਇਥੇ ਮਹੱਤਵਪੂਰਨ ਸਵਾਲ ਇਹ ਹੈ ਕਿ ਜਦੋਂ ਦੋਵੇਂ ਯੂ ਪੀ ਏ ਸਰਕਾਰ ਵਿਚ ਅਹਿਮ ਮੰਤਰੀ ਸਨ ਤਾਂ ਉਨ੍ਹਾਂ ਨੇ ਕਿਉਂ ਨਾ ਇਹ ਸਿਫਾਰਸ਼ਾਂ ਲਾਗੂ ਕਰਵਾਈਆਂ?

ਪਲ-ਪਲ ਬਦਲਦੇ ਸਮੀਕਰਨਾਂ ਨੇ ਰਾਜਦ ਦੀ ਹਾਲਤ ਪਤਲੀ ਕਰ ਛੱਡੀ ਹੈ। ਸਾਰਣ ਸਬ-ਡਿਵੀਜ਼ਨ (ਸੀਵਾਨ, ਛਪਰਾ, ਗੋਪਾਲਗੰਜ) ਵਿਚ ਪ੍ਰਭੂਨਾਥ ਸਿੰਘ ਦੀ ਰਾਜਦ ਵਿਚ ਆਮਦ ਨਾਲ ਰਾਜਪੂਤਾਂ ਦੇ ਇਕ ਵੱਡੇ ਗੁੱਟ ਤੋਂ ਇਲਾਵਾ ਯਾਦਵਾਂ, ਭੂਮੀਹਾਰਾਂ ਤੇ ਮੁਸਲਮਾਨਾਂ ਵਿਚ ਵੀ ਬੇਚੈਨੀ ਹੈ। ਦਰਅਸਲ ਪ੍ਰਭੂਨਾਥ ਨੇ ਕਈ ਯਾਦਵਾਂ ਤੇ ਰਾਜਪੂਤਾਂ ਨੂੰ ਮੌਤ ਦੇ ਘਾਟ ਉਤਾਰਿਆ ਹੈ, ਜਦੋਂਕਿ ਬਹੁਤ ਸਾਰੇ ਭੂਮੀਹਾਰਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦੀ ਸਾਜ਼ਿਸ਼ ਉਸ ਨੇ ਹੀ ਰਚੀ ਸੀ। ਕਤਲ ਦੇ ਕਈ ਕੇਸ ਪ੍ਰਭੂਨਾਥ 'ਤੇ ਚੱਲ ਰਹੇ ਹਨ। ਘੱਟ-ਗਿਣਤੀਆਂ ਦੀ ਨਾਰਾਜ਼ਗੀ ਦਾ ਕਾਰਨ ਪ੍ਰਭੂਨਾਥ ਦਾ ਸ਼ਹਾਬੂਦੀਨ ਨਾਲ ਛੱਤੀ ਦਾ ਰਿਸ਼ਤਾ ਹੋਣਾ ਹੈ। ਰਾਜਦ ਦੇ ਸੰਸਦ ਮੈਂਬਰ ਤਸਾਂ ਸ਼ੰਕਰ ਵੀ ਪ੍ਰਭੂਨਾਥ ਦੇ ਕੱਟੜ ਵਿਰੋਧੀ ਹਨ, ਪਰ ਤੇਜ਼-ਤਰਾਰ ਪ੍ਰਭੂਨਾਥ ਭੂਮੀਹਾਰਾਂ ਨੂੰ ਖੁਸ਼ ਕਰਨ ਲਈ ਡਾ. ਅਖਿਲੇਸ਼ ਨੂੰ ਨਾਲ ਲੈ ਕੇ ਘੁੰਮ ਰਹੇ ਹਨ।

ਨਿਤੀਸ਼ ਦੇ ਨਾਲ ਔਰਤ ਵੋਟਰਾਂ ਦਾ ਵੀ ਇਕ ਵੱਡਾ ਹਿੱਸਾ ਜੁੜ ਗਿਆ ਹੈ। ਪੰਚਾਇਤ ਚੋਣਾਂ ਵਿਚ 50 ਫੀਸਦੀ ਸੀਟਾਂ ਰਿਜ਼ਰਵ ਕਰਨ ਦਾ ਅਸਾਧਾਰਨ ਲਾਭ ਉਸ ਨੂੰ ਮਿਲਣ ਵਾਲਾ ਹੈ। ਬ੍ਰਾਹਮਣ ਉਂਜ ਸ਼ੁਰੂ ਤੋਂ ਹੀ ਕਾਂਗਰਸ ਨਾਲ ਰਹੇ ਹਨ। ਲਾਲੂ-ਰਾਬੜੀ ਸ਼ਾਸਨ ਦੌਰਾਨ ਉਹ ਕਾਂਗਰਸ ਨਾਲੋਂ ਟੁੱਟ ਗਏ ਸਨ। ਖੱਬੇ-ਪੱਖੀ ਮਿਲ ਕੇ ਲੜਾਈ ਲੜਨਾ ਚਾਹੁੰਦੇ ਹਨ। ਉਨ੍ਹਾਂ ਵਿਚਕਾਰ ਇਸ ਮੁੱਦੇ 'ਤੇ ਗੰਭੀਰ ਵਿਚਾਰ-ਚਰਚਾ ਚੱਲ ਰਹੀ ਹੈ। ਇਨ੍ਹਾਂ ਸਭ ਤੋਂ ਬਿਨਾਂ ਕਾਂਗਰਸ ਦਾ ਦਾਅਵਾ ਹੈ ਕਿ ਇਸ ਵਾਰ ਉਸ ਦਾ ਗ੍ਰਾਫ ਕਾਫੀ ਉਚਾ ਚਲਾ ਜਾਵੇਗਾ। ਉਚੀਆਂ ਜਾਤਾਂ ਸਮੇਤ ਮੁਸਲਮਾਨਾਂ ਤੇ ਦਲਿਤਾਂ ਦੇ ਵੋਟਾਂ 'ਤੇ ਉਸ ਨੂੰ ਪੂਰਨ ਭਰੋਸਾ ਹੈ। ਫੇਰ ਵੀ ਇਮਤਿਹਾਨ ਦੇ ਵਕਤ ਤੇਜ਼ ਤੋਂ ਤੇਜ਼ ਵਿਦਿਆਰਥੀ ਵੀ ਡਰਦੇ ਹਨ। ਪ੍ਰਦੇਸ਼ ਦੇ ਸਾਰੇ ਛੋਟੇ-ਛੋਟੇ ਦਲਾਂ ਦੀ ਅੱਜ ਇਹੋ ਸਥਿਤੀ ਹੈ।

# ਅਹਿਮ ਮੁੱਦਿਆਂ ਸੰਬੰਧੀ ਆਮ ਭਾਰਤੀ ਦੀ ਪਹੁੰਚ

**ਸਮੀਰਾ ਦੀਵਾਨ ਸੂਰੀ**

ਮੈਂ ਹਮੇਸ਼ਾ ਵਾਂਗ ਸਮਾਜ ਦੇ ਵੱਖ-ਵੱਖ ਵਰਗਾਂ, ਕਿੱਤਿਆਂ ਤੇ ਉਮਰ ਦੇ ਮਰਦਾਂ, ਔਰਤਾਂ, ਵਿਦਿਆਰਥੀਆਂ, ਸੁਆਣੀਆਂ ਅਤੇ ਘਰੇਲੂ ਨੌਕਰਾਂ ਆਦਿ ਪੰਝੀ ਵਿਅਕਤੀਆਂ ਕੋਲੋਂ ਉਨ੍ਹਾਂ ਮਹੱਤਵਪੂਰਨ ਮੁੱਦਿਆਂ ਬਾਰੇ ਸੁਆਲ ਪੁੱਛੇ, ਜਿਨ੍ਹਾਂ ਦੀ ਚਰਚਾ ਅਖ਼ਬਾਰਾਂ ਅਤੇ ਟੀ ਵੀ ਚੈਨਲਾਂ 'ਤੇ ਲਗਾਤਾਰ ਹੋ ਰਹੀ ਹੈ। ਇਨ੍ਹਾਂ ਮੁੱਦਿਆਂ ਵਿਚ ਸੰਸਦ ਮੈਂਬਰਾਂ ਦੀਆਂ ਤਨਖਾਹਾਂ ਵਧਣ, ਕਾਮਨਵੈਲਥ ਖੇਡਾਂ 'ਤੇ ਕਰੋੜਾਂ ਰੁਪਈਆਂ ਦਾ ਖਰਚ, ਕਸ਼ਮੀਰ ਸਮੱਸਿਆ ਦਾ ਹੱਲ ਅਤੇ ਮਾਓਵਾਦੀ ਚੁਣੌਤੀ ਸ਼ਾਮਲ ਸਨ। ਤੁਹਾਨੂੰ ਇਹ ਜਾਣ ਕੇ ਲਾਜ਼ਮੀ ਹੀ ਹੈਰਾਨੀ ਹੋਵੇਗੀ ਕਿ ਸਾਰੇ ਪੰਝੀ ਵਿਅਕਤੀਆਂ ਦੀ ਰਾਏ ਇੱਕੋ ਸੀ। ਸਾਰੇ ਆਪਣੇ ਸੰਸਦ ਮੈਂਬਰਾਂ ਦੀ ਜਮਹੂਰੀ ਸੌਦੇਬਾਜ਼ੀ ਅਤੇ ਅਨੈਤਿਕਤਾ ਦੇ ਆਲੋਚਕ ਸਨ, ਜੋ ਉਨ੍ਹਾਂ ਨੇ ਆਪਣੀਆਂ ਤਨਖਾਹਾਂ ਅਤੇ ਭੱਤੇ ਵਧਵਾਉਣ ਲਈ ਹੰਗਾਮਾ ਕਰ ਕੇ ਦਿਖਾਈ ਸੀ। ਇਨ੍ਹਾਂ ਸਾਰਿਆਂ ਦਾ ਇਹ ਕਹਿਣਾ ਸੀ ਕਿ ਉਹ ਚਾਹੁਣਗੇ ਕਿ ਭਾਰਤੀ ਸੰਸਦ ਮੈਂਬਰਾਂ ਨੂੰ ਚੰਗੀ ਤਨਖਾਹ ਮਿਲੇ, ਪਰ ਇਸ ਦੇ ਨਾਲ ਉਹ ਇਹ ਵੀ ਮੰਗ ਕਰਦੇ ਹਨ ਕਿ ਖੁਦ ਨੂੰ ਭਾਰਤ ਦੀ ਗਰੀਬ ਜਨਤਾ ਦੇ ਸੇਵਕ ਕਹਿਣ ਵਾਲੇ ਇਹ ਲੋਕ ਕੁਝ ਕੰਮ ਵੀ ਕਰਨ।

ਪੜ੍ਹੇ-ਲਿਖੇ ਲੋਕਾਂ ਨੇ ਕਿਹਾ ਕਿ ਸੰਸਦ ਦੀ ਕਾਰਵਾਈ ਦਾ ਰਿਕਾਰਡ ਦੱਸਦਾ ਹੈ ਕਿ ਸਾਡੇ ਸੰਸਦ ਮੈਂਬਰ ਕਿੰਨਾ ਘੱਟ ਕੰਮ ਕਰਦੇ ਹਨ ਅਤੇ ਹੰਗਾਮਾ ਕਰ ਕੇ ਸੰਸਦ ਦਾ ਕੀਮਤੀ ਸਮਾਂ ਬਰਬਾਦ ਕਰਦੇ ਹਨ। ਇਹ ਸੰਸਦ ਦੀ ਕਾਰਵਾਈ ਵਿਚ ਹਿੱਸਾ ਹੀ ਨਹੀਂ ਲੈਂਦੇ। ਸਦਨ ਖਾਲੀ ਰਹਿੰਦਾ ਹੈ। ਗਰੀਬ ਜਨਤਾ ਦੇ ਇਹ ਸੇਵਕ ਆਪਣੇ ਚੋਣ ਹਲਕਿਆਂ ਦੀ ਬਿਹਤਰੀ ਲਈ ਵੀ ਕੋਈ ਕੰਮ ਨਹੀਂ ਕਰਦੇ। ਲੋਕਾਂ ਨੂੰ ਇਹੋ ਸ਼ਿਕਾਇਤ ਰਹਿੰਦੀ ਹੈ ਕਿ ਉਹ ਕਦੇ ਉਨ੍ਹਾਂ ਨੂੰ ਨਹੀਂ ਮਿਲਦੇ। ਸਭ ਦਾ ਕਹਿਣਾ ਸੀ ਕਿ ਜੇ ਸੰਸਦ ਮੈਂਬਰ ਕੰਮ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਤਨਖਾਹ ਤੇ ਭੱਤੇ ਮਿਲਣੇ ਹੀ ਨਹੀਂ ਚਾਹੀਦੇ, ਉਨ੍ਹਾਂ ਨੂੰ ਵਧਾਉਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਸਾਰਿਆਂ ਨੇ ਮੇਰੇ ਕੋਲੋਂ ਇਹ ਸੁਆਲ ਪੁੱਛਿਆ ਕਿ ਕੀ ਕਾਨੂੰਨ ਬਣਾਉਣ ਵਾਲੇ ਕਾਨੂੰਨ ਤੋਂ ਉਪਰ ਹਨ? ਉਨ੍ਹਾਂ 'ਤੇ ਵੀ ਇਹ ਨੇਮ ਲਾਗੂ ਹੋਣਾ ਚਾਹੀਦਾ ਹੈ; 'ਕੰਮ ਕਰੋ, ਤਨਖਾਹ ਲਓ'। ਉਹ ਅਪਰਾਧ ਕਮਾਉਂਦੇ ਹਨ ਅਤੇ ਨਾਲ ਹੀ ਆਪਣੀਆਂ ਤਨਖਾਹਾਂ ਤੇ ਭੱਤੇ ਵਧਾਉਣ ਦੀ ਮੰਗ ਕਰਦੇ ਹਨ।

ਬੁੱਧੀਜੀਵੀਆਂ ਅਤੇ ਦੂਜੇ ਪੜ੍ਹੇ-ਲਿਖੇ ਲੋਕਾਂ ਨੇ ਕਿਹਾ ਕਿ ਜਿਸ ਤਰ੍ਹਾਂ ਆਪਣੀ ਤਨਖਾਹ ਵਧਾਉਣ ਲਈ ਖੁਦ ਨੂੰ ਸਮਾਜਵਾਦੀ ਕਹਿਣ ਵਾਲੇ ਲਾਲੂ ਪ੍ਰਸਾਦ ਯਾਦਵ ਅਤੇ ਮੁਲਾਇਮ ਸਿੰਘ ਯਾਦਵ ਵਰਗੇ ਨੇਤਾਵਾਂ ਨੇ ਹੰਗਾਮਾ ਕੀਤਾ, ਉਹ ਸ਼ਰਮਨਾਕ ਸੀ। ਸਭ ਦਾ ਮੰਨਣਾ ਸੀ ਕਿ ਸੰਸਦ ਮੈਂਬਰਾਂ ਨੇ ਆਪਣੀ ਗੁੰਡਾਗਰਦੀ ਨਾਲ ਸਰਕਾਰ ਨੂੰ ਬਲੈਕਮੇਲ ਕਰ ਕੇ ਆਪਣੀ ਤਨਖਾਹ ਵਧਾ ਲਈ ਹੈ, ਜਿਸ ਦਾ ਭਾਰਤ ਦੀ ਜਨਤਾ ਸਮਰਥਨ ਨਹੀਂ ਕਰ ਸਕਦੀ। ਇਹ ਸੁਝਾਅ ਵੀ ਦਿੱਤਾ ਗਿਆ ਸੀ ਕਿ ਸੰਸਦ ਮੈਂਬਰਾਂ ਦੀਆਂ ਤਨਖਾਹਾਂ 'ਚ ਵਾਧੇ ਦੇ ਸੁਆਲ 'ਤੇ ਲੋਕਾਂ ਦੀ ਰਾਏ ਲਈ ਜਾਣੀ ਜ਼ਰੂਰੀ ਸੀ। ਕੁਝ ਲੋਕਾਂ ਨੇ ਇਹ ਵੀ ਕਿਹਾ ਕਿ ਸੰਸਦ ਮੈਂਬਰਾਂ ਨੂੰ ਸਰਕਾਰੀ ਮਕਾਨ ਨਹੀਂ ਦਿੱਤੇ ਜਾਣੇ ਚਾਹੀਦੇ, ਕਿਉਂਕਿ ਇਨ੍ਹਾਂ ਦੀ ਉਹ ਦੁਰਵਰਤੋਂ ਕਰ ਰਹੇ ਹਨ। ਲਗਭਗ ਹਰ ਸੰਸਦ ਮੈਂਬਰ ਦੇ ਫਲੈਟ ਜਾਂ ਕੋਠੀ ਵਿਚ ਕਿਰਾਏਦਾਰ ਰਹਿੰਦੇ ਹਨ। ਉਨ੍ਹਾਂ ਦੇ ਬਿਜਲੀ-ਪਾਣੀ ਦੇ ਖਰਚੇ ਦਾ ਭਾਰ ਭਾਰਤ ਦੀ ਜਨਤਾ ਨੂੰ ਸਹਿਣ ਕਰਨਾ ਪੈਂਦਾ ਹੈ। ਟੈਲੀਫੋਨਾਂ ਦੀ ਗਲਤ ਵਰਤੋਂ ਹੁੰਦੀ ਹੈ।

ਅਕਤੂਬਰ ਵਿਚ ਹੋਣ ਵਾਲੀਆਂ ਕਾਮਨਵੈਲਥ ਖੇਡਾਂ, ਜੋ ਭ੍ਰਿਸ਼ਟਾਚਾਰ ਦਾ ਕੇਂਦਰ ਬਣ ਚੁੱਕੀਆਂ ਹਨ, 'ਤੇ ਅਠਾਈ ਹਜ਼ਾਰ ਕਰੋੜ ਰੁਪਏ ਖਰਚੇ ਜਾਣ ਦੀ ਵੀ ਇਨ੍ਹਾਂ ਪੰਝੀ ਵਿਅਕਤੀਆਂ ਨੇ ਸਖਤ ਆਲੋਚਨਾ ਕੀਤੀ। ਸਭ ਦਾ ਕਹਿਣਾ ਸੀ ਕਿ ਇਨ੍ਹਾਂ ਖੇਡਾਂ 'ਤੇ ਹੋਣ ਵਾਲਾ ਇਹ ਖਰਚ ਭਾਰਤ ਦੀਆਂ ਗਲਤ ਤਰਜੀਹਾਂ ਵਿਚੋਂ ਇਕ ਹੈ। ਇਨ੍ਹਾਂ ਖੇਡਾਂ ਨੂੰ ਰਾਸ਼ਟਰੀ ਸਨਮਾਨ ਦਾ ਨਾਂ ਦੇਣਾ ਵਾਜਬ ਨਹੀਂ। ਰਾਸ਼ਟਰੀ ਸਨਮਾਨ ਜਨਤਾ ਦੀ ਬਿਹਤਰੀ ਵਿਚ ਹੈ। ਇਨ੍ਹਾਂ ਸਾਰਿਆਂ ਨੇ ਇਹ ਕਿਹਾ ਕਿ ਇਨ੍ਹਾਂ ਅਠਾਈ ਹਜ਼ਾਰ ਕਰੋੜ ਰੁਪਈਆਂ ਨਾਲ ਤਾਂ ਦਿੱਲੀ ਦੀਆਂ ਗੰਦੀਆਂ ਬਸਤੀਆਂ ਦੀ ਹਾਲਤ ਸੁਧਰ ਸਕਦੀ ਸੀ। ਇਸ ਨਾਲ ਹਸਪਤਾਲ, ਡਿਸਪੈਂਸਰੀਆਂ ਅਤੇ ਪ੍ਰਾਇਮਰੀ ਸਕੂਲ ਖੁੱਲ੍ਹ ਸਕਦੇ ਸਨ। ਇਸ ਪੈਸੇ ਨਾਲ ਲੱਖਾਂ ਭੁੱਖੇ ਬੱਚਿਆਂ ਦੇ ਪੇਟ ਭਰੇ ਜਾ ਸਕਦੇ ਸਨ। ਇਨ੍ਹਾਂ ਸਭ ਨੇ ਸੁਝਾਅ ਦਿੱਤਾ ਕਿ ਕਾਮਨਵੈਲਥ ਖੇਡਾਂ ਵਿਚ ਭ੍ਰਿਸ਼ਟਾਚਾਰ ਕਰਨ ਵਾਲੇ ਅਪਰਾਧੀਆਂ ਨੂੰ ਖੇਡਾਂ ਤੋਂ ਬਾਅਦ ਸਜ਼ਾ ਦੇਣ ਦਾ ਫੈਸਲਾ ਗਲਤ ਹੈ। ਉਨ੍ਹਾਂ ਨੂੰ ਹੁਣੇ ਹੀ ਸਜ਼ਾ ਮਿਲਣੀ ਚਾਹੀਦੀ ਹੈ, ਕਿਉਂਕਿ ਭਾਰਤ ਵਿਚ ਅਪਰਾਧੀਆਂ ਨੂੰ ਸਜ਼ਾ ਦੇਣ ਦੀ ਕਾਰਵਾਈ ਬਹੁਤ ਲੰਮਾ ਸਮਾਂ ਲੈਂਦੀ ਹੈ।

ਨਕਸਲਵਾਦੀਆਂ ਦੀਆਂ ਹਿੰਸਕ ਕਾਰਵਾਈਆਂ ਅਤੇ ਕਸ਼ਮੀਰ ਸਮੱਸਿਆ ਦੇ ਹੱਲ ਬਾਰੇ ਇਨ੍ਹਾਂ ਪੰਝੀ ਵਿਅਕਤੀਆਂ ਨੇ ਜੋ ਵਿਚਾਰ ਪ੍ਰਗਟਾਏ, ਉਨ੍ਹਾਂ ਦੇ ਸੰਬੰਧ ਵਿਚ ਮੈਂ ਸੰਖੇਪ ਵਿਚ ਹੀ ਲਿਖਾਂਗੀ। ਮੈਂ ਤੁਹਾਨੂੰ ਦੱਸਣਾ ਚਾਹਾਂਗੀ ਕਿ ਲਗਭਗ ਸਾਰੇ ਵਿਅਕਤੀਆਂ ਦਾ ਇਹ ਮੰਨਣਾ ਸੀ ਕਿ ਜੇ ਪ੍ਰਧਾਨ ਮੰਤਰੀ ਵੀ ਵਾਰ-ਵਾਰ ਇਹ ਕਹਿੰਦੇ ਹਨ ਕਿ ਸਮਾਜਕ ਨਾ-ਬਰਾਬਰੀ ਅਤੇ ਆਦਿਵਾਸੀਆਂ ਤੇ ਹੋਰਨਾਂ ਪਛੜੀਆਂ ਜਾਤਾਂ ਦਾ ਆਰਥਿਕ ਵਿਕਾਸ ਨਾ ਹੋਣ ਕਾਰਨ ਹੀ ਲੋਕਾਂ ਵਿਚ ਨਾਰਾਜ਼ਗੀ ਫੈਲੀ ਹੈ ਤਾਂ ਇਸ ਸਮੱਸਿਆ ਦਾ ਹੱਲ ਪਹਿਲ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ। ਅਸੰਤੁਸ਼ਟ ਲੋਕਾਂ ਦੇ ਅੱਤਿਵਾਦ ਦਾ ਮੁਕਾਬਲਾ ਕੇਵਲ ਗੋਲੀਆਂ ਨਾਲ ਨਹੀਂ ਕੀਤਾ ਜਾ ਸਕਦਾ।

ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਜਿਨ੍ਹਾਂ ਪੰਝੀ ਵਿਅਕਤੀਆਂ ਨਾਲ ਮੈਂ ਗੱਲ ਕੀਤੀ, ਉਨ੍ਹਾਂ ਦੀ ਇਹ ਧਾਰਨਾ ਸੀ ਕਿ ਕਸ਼ਮੀਰ ਸਮੱਸਿਆ ਨੂੰ ਹੱਲ ਕਰਨ ਲਈ ਉਥੋਂ ਦੇ ਨੌਜੁਆਨਾਂ ਦਾ ਵਿਸ਼ਵਾਸ ਹਾਸਿਲ ਕਰਨਾ ਲਾਜ਼ਮੀ ਹੈ। ਇਹ ਕੰਮ ਚੁਣੌਤੀ ਭਰਿਆ ਹੈ, ਪਰ ਅਸੰਭਵ ਨਹੀਂ।

# ਸਿਰ ਝੁਕਦਾ ਹੈ ਬੋਹੜ-ਬਰੋਟਿਆਂ ਜਿਹੇ ਬਾਬਿਆਂ ਅੱਗੇ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਵਿਦੇਸ਼ ਵਿਚ ਰਹਿੰਦੇ ਆਪਣੇ ਧੀਆਂ-ਪੁੱਤਾਂ ਵਲੋਂ ਬੁਲਾਏ ਹੋਏ ਬਜ਼ੁਰਗਾਂ ਦੀ ਮਹਿਫਿਲ ਵਿਚ ਕੁਝ ਪਲ ਗੁਜ਼ਾਰਨ ਦਾ ਮੌਕਾ ਮਿਲਿਆ। ਉਮਰ ਦਾ ਵੱਡਾ ਹਿੱਸਾ ਆਪਣੀ ਜੰਮਣ-ਭੁਇੰ ਅਤੇ ਪਿਤਾ-ਪੁਰਖੀ ਸੱਭਿਆਚਾਰ ਵਿਚ ਬਤੀਤ ਕਰ ਆਏ ਇਨ੍ਹਾਂ ਬਾਬਿਆਂ ਵਿਚ ਇਕ ਬਾਪੂ ਬੜੇ ਜੋਸ਼ੀਲੇ ਢੰਗ ਨਾਲ ਵਿਦੇਸ਼ ਦੇ ਨਿਸ਼ੰਗਪੁਣੇ ਨੂੰ ਪਾਣੀ ਪੀ-ਪੀ ਕੋਸ ਰਿਹਾ ਸੀ। ਹੱਥ ਵਿਚ ਫੜੀ ਡੰਗੋਰੀ ਕਦੇ-ਕਦੇ ਉਤਾਂਹ ਨੂੰ ਉਲਾਰ ਕੇ ਉਹ ਪਰਦੇਸ 'ਚ ਆਈਆਂ ਦੇਸੀ ਬੀਬੀਆਂ ਦੇ ਬਦਲੇ ਹੋਏ ਪਹਿਰਾਵੇ ਅਤੇ ਇਥੋਂ ਦੇ ਮੁੰਡੇ-ਕੁੜੀਆਂ ਦੀਆਂ ਮਨ-ਮਰਜ਼ੀਆਂ ਦੀ ਖੂਬ ਭੰਡੀ ਕਰ ਰਿਹਾ ਸੀ। ਖਾਸ ਕਰਕੇ ਘਰਾਂ ਵਿਚ ਚੱਤੋ ਪਹਿਰ ਚਲਦੇ ਟੀ. ਵੀ. ਵਿਰੁਧ ਉਹ ਇੰਜ ਚਿੱਥ-ਚਿੱਥ ਕੇ ਬੋਲ ਰਿਹਾ ਸੀ ਜਿਵੇਂ ਉਹ ਸਾਰੇ ਟੀ. ਵੀ. ਸੈਟਾਂ ਨੂੰ ਆਪਣੀ ਸੋਟੀ ਨਾਲ ਹੁਣੇ ਭੰਨ ਸੁੱਟਣਾ ਚਾਹੁੰਦਾ ਹੋਵੇ। ਉਹਦੀ ਜਾਚੇ ਦੇਸੀ ਪਰਿਵਾਰਾਂ ਨੂੰ ਬਦਰੰਗ ਕਰਨ ਦੀ 'ਕਰਤੂਤ' ਇਸ ਨਿਖਸਮੇ ਟੀ. ਵੀ. ਦੀ ਹੀ ਸੀ। ਉਸਦੇ ਬੋਲਣ-ਚੱਲਣ ਦੇ ਅੰਦਾਜ਼, ਕੱਦ-ਕਾਠ ਅਤੇ ਆਪਣੇ ਪੁੱਤਾਂ-ਨੂੰਹਾਂ, ਪੋਤੇ-ਪੋਤੀਆਂ ਵਿਰੁਧ ਕੱਢੀ ਭੜਾਸ ਨੇ ਮੇਰੇ ਚੇਤਿਆਂ ਵਿਚ ਸੁੱਤੇ ਪਏ ਉਹਦੇ ਵਰਗੇ ਹੀ ਇਕ ਬਜ਼ੁਰਗ ਨੂੰ ਉਠਾਲ ਲਿਆਂਦਾ।

ਇਸ ਬਾਪੂ ਦਾ ਮੇਰੇ ਚੇਤਿਆਂ ਵਿਚ ਵਸੇ ਬਜ਼ੁਰਗ ਨਾਲੋਂ ਫਰਕ ਸਿਰਫ ਇਹੀ ਸੀ ਕਿ ਇਹ ਪਰਦੇਸ 'ਚ ਆ ਕੇ ਵਿਦੇਸ਼ੀ ਕਲਚਰ ਅਤੇ ਟੀ. ਵੀ. ਨੂੰ ਦੇਸੀਆਂ ਲਈ ਜ਼ਹਿਰ ਦੀ ਪੁੜੀ ਦੱਸ ਰਿਹਾ ਸੀ ਜਦਕਿ ਉਹ ਬਾਬਾ ਆਪਣੇ ਸਮਿਆਂ 'ਚ ਦੇਸ ਬੈਠਾ ਹੀ ਰੇਡੀਓ ਦਾ ਜਾਨੀ ਦੁਸ਼ਮਣ ਬਣਿਆ ਹੋਇਆ ਸੀ। ਅਜੋਕੀ ਪਰਿਵਾਰਕ ਟੁੱਟ-ਭੱਜ ਅਤੇ ਹੋਰ ਕਈ ਵਿਗਾੜਾਂ ਲਈ ਵਿਦੇਸ਼ ਆਇਆ ਬਾਪੂ ਟੀ. ਵੀ. ਨੂੰ ਹੀ ਪੁਆੜੇ ਦੀ ਜੜ੍ਹ ਮੰਨੀ ਬੈਠਾ ਸੀ। ਇਵੇਂ ਹੀ ਉਹ ਬਾਬਾ ਕਿਹਾ ਕਰਦਾ ਸੀ ਕਿ ਜਿਸ ਘਰ ਰੇਡੀਓ ਆ ਵੜਿਆ, ਸਮਝੋ ਉਸ ਟੱਬਰ ਵਿਚ 'ਨ੍ਹੇਰੀ ਝੁੱਲੀ ਕਿ ਝੁੱਲੀ।' ਉਹਦੇ ਭਾਅ ਦਾ ਰੇਡੀਓ ਘਰੇ ਲਿਆਉਣਾ ਆਫ਼ਤ ਖਰੀਦਣ ਬਰਾਬਰ ਸੀ।

ਬਹੁਤ ਨੇੜਲੇ ਪਰਿਵਾਰ ਵਿਚੋਂ ਹੋਣ ਕਰਕੇ ਸਾਨੂੰ ਇਸ ਬਾਪੂ ਦੀਆਂ ਸਾਰੀਆਂ ਅੱਲੋਕਾਰੀਆਂ ਗੱਲਾਂ ਦੀ ਜਾਣਕਾਰੀ ਬਰਾਬਰ ਮਿਲਦੀ ਰਹਿੰਦੀ ਸੀ। ਲੰਮੀ ਉਮਰ, ਚੰਗੀ ਸਿਹਤ ਅਤੇ ਰੋਅਬ-ਦਾਬ ਵਾਲੀ ਦਰਸ਼ਨੀ ਸ਼ਖਸੀਅਤ ਵਾਲਾ ਇਹ ਬਾਬਾ ਗਾਲੜੀ ਵੀ ਸਿਰੇ ਦਾ ਸੀ।

ਪੁਰਾਤਨ ਗੁਰਸਿੱਖਾਂ ਵਾਂਗ ਇਹ ਹਮੇਸ਼ਾ ਚਿੱਟੀ ਕਮੀਜ਼, ਅੰਮ੍ਰਿਤਸਰੀ ਚਿੱਟਾ ਪਜਾਮਾ, ਗੂੜ੍ਹੀ ਨੀਲੀ ਫੱਬਵੀਂ ਦਸਤਾਰ ਅਤੇ ਗਲ ਵਿਚ ਸਾਫਾ ਪਾ ਕੇ ਰੱਖਦਾ। ਪੁੱਤਰਾਂ-ਨੂੰਹਾਂ, ਪੋਤਰੇ ਤੇ ਪੋਤ-ਨੂੰਹਾਂ ਅਤੇ ਪੜਪੋਤਰਿਆਂ ਦੇ ਭਰੇ-ਭੁਕੰਨੇ ਪਰਿਵਾਰ ਵਿਚ ਇਹ ਬੜੇ ਠਾਠ ਨਾਲ ਬੁਢਾਪੇ ਦੇ ਦਿਨ ਗੁਜ਼ਾਰ ਰਿਹਾ ਸੀ। ਘਰ ਦੇ ਇੱਕੋ-ਇਕ ਮੁੱਖ ਦਰਵਾਜ਼ੇ ਮੋਹਰੇ ਵਗਦੀ ਗਲੀ ਦੀ ਨੁੱਕਰ ਨਾਲ ਬਣੀ ਹੋਈ ਹਵੇਲੀ, ਇਸ ਦਾ ਬੈਡ ਰੂਮ-ਕਮ-ਡਰਾਇੰਗ ਰੂਮ ਸੀ। ਇਨ੍ਹਾਂ ਦੇ ਘਰ ਆਉਣ-ਜਾਣ ਵਾਲਿਆਂ ਅਤੇ ਗਲੀ ਵਿਚੋਂ ਲੰਘਣ ਵਾਲੇ ਹਰੇਕ ਵੱਡੇ-ਛੋਟੇ ਨੂੰ ਹਵੇਲੀ 'ਚ ਬੈਠੇ ਇਸ ਬਜ਼ੁਰਗ ਦੀ ਸਕਿਓਰਿਟੀ ਚੈਕ ਦਾ ਸਾਹਮਣਾ ਜ਼ਰੂਰ ਕਰਨਾ ਪੈਂਦਾ। ਕੌਣ ਐਂ ਤੂੰ? ਕਿਥੇ, ਕੀ ਕਰਨ ਚੱਲਿਆਂ? ਵਰਗੇ ਸਵਾਲਾਂ ਦੇ ਨਾਲ-ਨਾਲ ਲੋਕਾਂ ਕੋਲੋਂ ਕਦੀ-ਕਦੀ ਇਹ ਬੇਲੋੜੀਆਂ 'ਨਿਜੀ ਗੱਲਾਂ' ਵੀ ਪੁੱਛਣ ਲੱਗ ਪੈਂਦਾ। ਆਏ-ਗਏ ਕਈ ਜਣੇ ਇਹਦਾ ਖੰਘੂਰਾ ਸੁਣ ਕੇ ਹੀ 'ਆਤਮ ਸਮਰਪਣ' ਕਰ ਦਿੰਦੇ।

'ਤੂੰ ਕੌਣ? ਮੈਂ ਖਾਹ-ਮਖਾਹ' ਵਾਲੇ ਅਖਾਣ ਨੂੰ ਰੂਪਮਾਨ ਕਰਨ ਵਾਲੀ ਇਸ ਬਾਪੂ ਦੀ ਆਪ ਬੀਤੀ ਸੁਣ ਲਓ। ਕਿਤੇ ਦਿਨ ਢਲੇ ਇਹ ਖੇਤ ਬੰਨੇ ਗੇੜਾ ਮਾਰ ਕੇ ਘਰ ਨੂੰ ਵਾਪਸ ਤੁਰਿਆ ਆ ਰਿਹਾ ਸੀ। ਸਰਕਾਰੀ ਸਕੂਲ ਤੋਂ ਛੁੱਟੀ ਹੋਣ ਉਪਰੰਤ ਇਕ ਨੌਜਵਾਨ ਟੀਚਰ ਲੇਡੀ-ਸਾਈਕਲ ਲੈ ਕੇ ਬਾਪੂ ਦੇ ਕੋਲੋਂ ਲੰਘਣ ਲੱਗੀ। ਰਸਤਾ ਕੱਚਾ ਅਤੇ ਰੇਤਲਾ ਹੋਣ ਕਾਰਨ ਉਹ ਸਾਈਕਲ ਤੋਂ ਉਤਰ ਕੇ ਇਹਦੇ ਨਾਲ-ਨਾਲ ਤੁਰ ਪਈ। ਕਿੱਲਾ, ਦੋ ਕਿੱਲੇ ਦੀ ਵਾਟ ਤੁਰਦਿਆਂ ਇਸ ਨੇ ਟੀਚਰ ਕੋਲੋਂ ਉਸਦਾ ਸਾਰਾ 'ਕੁਰਸੀਨਾਮਾ' ਪੁੱਛ ਲਿਆ। ਦੂਰ-ਦਰਾਜ ਇਲਾਕੇ ਦੀ ਕੁਆਰੀ ਕੁੜੀ, ਕੱਲੀ-ਕਾਰੀ ਕਿਸੇ ਓਪਰੇ ਪਿੰਡ 'ਚ ਰਿਹਾਇਸ਼, ਮੱਕੀਆਂ-ਚਰ੍ਹੀਆਂ ਵਿਚੋਂ ਸਾਈਕਲ 'ਤੇ ਰੋਜ਼ ਸਕੂਲੇ 'ਕੱਲੀ ਜਾਂਦੀ....' ਇਹ ਅਨੋਖੀ ਜਾਣਕਾਰੀ ਲੈ ਕੇ ਹੱਕਾ-ਬੱਕਾ ਹੋਇਆ ਬਜ਼ੁਰਗ ਉਸਨੂੰ ਹੈਰਤ ਨਾਲ ਪੁੱਛਣ ਲੱਗਾ, "ਕੁੜੇ ਮੱਲਾ, ਤੇਰੇ ਮਾਂ-ਪਿਓ, ਭਰਾ ਹੈਗੇ ਆ?" ਕੁੜੀ ਮੂਹੋਂ 'ਹਾਂ ਬਾਬਾ ਜੀ ਹੈਗੇ ਨੇ' ਸੁਣ ਕੇ ਬਾਪੂ ਨਫਰਤ ਨਾਲ ਥੁੱਕ ਕੇ ਬੋਲਿਆ, "ਹੂੰ! ਅਖੇ ਹੈਗੇ ਆ...ਮਰਿਓ ਕਹੁ ਸਹੁਰਿਆਂ ਨੂੰ। ਜਿਹੜੇ ਵਰੁ-ਪ੍ਰਾਪਤ ਧੀ ਨੂੰ ਅੱਖਾਂ ਤੋਂ ਪਰ੍ਹੇ ਕਰੀ ਬੈਠੇ ਐ।"

ਰੇਡੀਓ ਖਿਲਾਫ਼ ਵਿੱਢੇ ਹੋਏ ਪ੍ਰਾਪੇਗੰਡੇ ਦੀਆਂ ਅਜੀਬੋ-ਗਰੀਬ ਮਿਸਾਲਾਂ ਪੜ੍ਹਨ ਤੋਂ ਪਹਿਲਾਂ ਇਸ ਬਾਪੂ ਦੇ ਅੱਖੜ ਸੁਭਾਅ ਦੀਆਂ ਕੁਝ ਹੋਰ ਵੰਨਗੀਆਂ ਦੇਖੋ। ਗਲੀ ਵਿਚ ਆਏ ਇਕ ਫੇਰੀ ਵਾਲੇ ਨੇ ਹੋਕਾ ਦਿੱਤਾ, 'ਟੁੱਟਿਆ ਕੱਚ, ਬੋਤਲਾਂ, ਪੁਰਾਣਾ ਲੋਹਾ, ਟੁੱਟੇ ਛਿੱਤਰ, ਕੰਡਮ ਟੈਰ-ਟਿਊਬਾਂ ਵੇਚ ਲਓ ਜੀ।" ਇਸ ਫੇਰੀ ਵਾਲੇ ਨੂੰ ਕੋਲ ਸੱਦ ਕੇ ਬਾਪੂ ਕਹਿੰਦਾ, "ਓਏ ਮੁੰਡਿਆ, ਤੁਹਾਨੂੰ ਸ਼ਰਮ ਹੈ ਈ ਨੀ ਭੋਰਾ ਭਰ? ਸਹੁਰਿਆ, ਕੈਂਹਾਂ, ਗਹਿਣੇ-ਗੱਟੇ ਜਾਂ ਪਿੱਤਲ-ਤਾਂਬੇ ਦੀ ਖਰੀਦੋ-ਫਰੋਖਤ ਕਰ ਲੈ। ਆਹ ਗੰਦਖਾਨਾ 'ਕੱਠਾ ਕਰਕੇ ਸਿਰ 'ਚ ਮਾਰਨਾ ਤੈਂ?" ਬਾਪੂ ਦੇ ਇਕ ਪੋਤਰੇ ਨੇ ਘਰ ਵਿਚ ਹੀ ਕਰਿਆਨੇ ਦੀ ਦੁਕਾਨ ਪਾ ਲਈ। ਕੁਝ ਦਿਨਾਂ ਬਾਅਦ ਕੋਈ ਫੇਰੇ ਵਾਲਾ ਗਲੀ-ਗਲੀ ਹੋਕਾ ਦਿੰਦਾ ਹੋਇਆ ਇਨ੍ਹਾਂ ਦੇ ਦਰਾਂ ਮੋਹਰਿਓਂ ਲੰਘਣ ਲੱਗਾ। ਜਦ ਉਸਨੇ 'ਚਾਹ-ਪੱਤੀ, ਖੰਡ, ਹਲਦੀ, ਧਨੀਆ, ਮਸਾਲਾ, ਸਾਬਣ-ਸੋਢਾ ਲੈ ਲਓ' ਦਾ ਹੋਕਾ ਦਿੱਤਾ ਤਾਂ ਬਾਪੂ ਨੂੰ ਗੁੱਸਾ ਚੜ੍ਹ ਗਿਆ। ਉਹਦੀ ਨਕਲ ਲਾਉਂਦਿਆਂ ਖਿਝ ਕੇ ਕਹਿੰਦਾ, "ਉਹ ਭਾਈ, ਤੂੰ ਜੁ ਤੌਲੇ ਵਰਗਾ ਸਿਰ ਕੱਢ ਕੇ ਪਿੰਡਾਂ 'ਚ ਹਲਦੀ-ਮਸਾਲੇ ਵੇਚਣ ਤੁਰ ਪਿਐਂ?...ਆਹ ਜਿਹੜੇ ਪਿੰਡਾਂ ਵਿਚ ਹੱਟੀਆਂ ਪਾ ਕੇ ਤੇਰੇ ਪਿਓ ਬੈਠੇ ਐ... ਇਹ ਤੇਰੀ ਮਾਂ ਦਾ ਸਿਰ ਵੇਚ ਕੇ ਰੋਟੀ ਖਾਣਗੇ?"

ਫੱਟੀ-ਬਸਤੇ ਚੁੱਕੀ ਸਕੂਲਾਂ ਨੂੰ ਪੜ੍ਹਨ ਜਾਂਦੇ ਨਿਆਣਿਆਂ ਨਾਲ ਬਾਪੂ ਨੂੰ ਬਹੁਤ ਚਿੜ੍ਹ ਸੀ। ਇਹ ਕਹਿੰਦਾ ਹੁੰਦਾ ਸੀ ਕਿ ਸਕੂਲੇ ਜਾਣ ਨਾਲੋਂ ਨਿਆਣਿਆਂ ਨੂੰ ਪਿੰਡ ਦੇ ਭਾਈ ਕੋਲੋਂ 'ਬਾਲ ਉਪਦੇਸ਼' ਪੜ੍ਹ ਕੇ 'ਪੰਜ ਗ੍ਰੰਥੀ' ਦੀ ਸੰਥਿਆ ਲੈਣੀ ਚਾਹੀਦੀ ਹੈ, ਬੱਸ। ਉਨ੍ਹਾਂ ਨੂੰ ਟਿੱਚਰਾਂ ਕਰਦਿਆਂ ਬਾਪੂ ਕਹਿੰਦਾ, "ਇਨ੍ਹਾਂ ਦੇ ਜਣਦਿਆਂ ਨੇ ਕਦੇ ਕਾਣੀ ਕੌਡੀ ਨਹੀਂ ਦੇਖੀ ਹੋਣੀ। ਜੁਆਕ ਸਕੂਲਾਂ 'ਚ ਬੈਠੇ ਕਿੱਲ੍ਹ-ਕਿੱਲ੍ਹ ਕੇ ਕਹੀ ਜਾਂਦੇ ਐ, ਅੱਠ ਹਜ਼ਾਰ ਵਿਚੋਂ ਪੰਜ ਹਜ਼ਾਰ ਘਟਾਓ।" ਸਾਂਗ ਲਾ ਕੇ ਬਾਪੂ ਨੇ ਖਿੜਖਿੜਾ ਕੇ ਹੱਸਦਿਆਂ ਮਖੌਲ ਕਰਨਾ, "ਪਤੰਦਰਾਂ ਦੇ ਪੱਲੇ ਹੈ ਨੀ ਧੇਲਾ ਵੀ।"

ਉਨ੍ਹਾਂ ਸਮਿਆਂ ਵਿਚ ਰੇਡੀਓ ਕਿਸੇ ਵਿਰਲੇ-ਟਾਵੇਂ ਘਰ ਹੀ ਹੁੰਦਾ ਸੀ। ਪੇਂਡੂ ਲੋਕਾਂ ਵਿਚ ਰੇਡੀਓ ਨੂੰ ਫਜ਼ੂਲ-ਖਰਚੀ ਦੇ ਨਾਲ-ਨਾਲ ਫੈਸ਼ਨਪ੍ਰਸਤੀ ਅਤੇ ਨਿਆਣਿਆਂ ਨੂੰ ਵਿਗਾੜਨ ਵਾਲਾ 'ਸੰਦ' ਹੀ ਸਮਝਿਆ ਜਾਂਦਾ ਸੀ ਕਿਉਂਕਿ ਉਦੋਂ ਇਸਦਾ ਸਾਲਾਨਾ ਲਾਇਸੰਸ ਭਰਨ ਤੋਂ ਇਲਾਵਾ ਚੜ੍ਹੇ ਮਹੀਨੇ ਸੈਲ ਵੀ ਖਰੀਦਣੇ ਪੈਂਦੇ ਸਨ। ਦੁਕਾਨ ਦੇ ਗਾਹਕਾਂ ਬਹਾਨੇ ਬਾਪੂ ਦੇ ਪੋਤਰੇ ਨੇ ਰੇਡੀਓ ਲੈ ਆਂਦਾ। ਜਿਵੇਂ ਕਿਵੇਂ ਕਹਿ-ਕਹਾ ਕੇ ਬਾਪੂ ਦਾ ਗੁੱਸਾ ਤਾਂ ਠੰਢਾ ਕਰ ਲਿਆ, ਪਰ ਉਸ ਨੇ ਰੇਡੀਓ ਨਾਲ ਆਢਾ ਲਾ ਲਿਆ। ਪਿੰਡਾਂ 'ਚ ਆਮ ਤੌਰ 'ਤੇ ਜਲੰਧਰ ਰੇਡੀਓ ਸਟੇਸ਼ਨ ਦੇ ਪ੍ਰੋਗਰਾਮ ਹੀ ਜ਼ਿਆਦਾਤਰ ਸੁਣੇ ਜਾਂਦੇ ਸਨ। ਰੇਡੀਓ ਕਲਾਕਾਰ ਹਰਬੰਸ ਸਿੰਘ ਖੁਰਾਣਾ ਅਤੇ ਉਸਦੀ ਸਾਥਣ ਰਸ਼ਮੀ ਖੁਰਾਣਾ ਵਲੋਂ ਵੱਖ-ਵੱਖ ਸਮਾਜਿਕ ਵਿਸ਼ਿਆਂ 'ਤੇ ਹਰ ਹਫਤੇ ਝਲਕੀ-ਨੁਮਾ ਨਾਟਕ ਪੇਸ਼ ਕੀਤਾ ਜਾਂਦਾ। ਇਸ ਵਿਚ ਸ. ਖੁਰਾਣਾ ਦੀ ਪਤਨੀ ਦਾ ਰੋਲ ਕਰ ਰਹੀ ਰਸ਼ਮੀ ਨੇ ਜਦੋਂ ਤਿੱਖੇਪਣ ਵਿਚ ਘਰ ਵਾਲੇ ਨੂੰ 'ਕਾਕੇ ਦੇ ਬਾਊ ਜੀ, ਕੰਨ ਖੋਲ੍ਹ ਕੇ ਸੁਣ ਲਓ।' ਆਖਣਾ ਤਾਂ ਬਾਪੂ ਦਾ ਪਾਰਾ ਹਾਈ ਹੋ ਜਾਣਾ, "ਦੇਖ ਕਿੱਦਾਂ ਕੈਂਚੀ ਵਾਂਗ ਲੁਤਰੋ (ਜੀਭ) ਚਲਦੀ ਐ... ਚੂੰਡੀ 'ਤੇ ਫੜਕੇ, ਤੜਕੇ ਦੀ ਚੱਕੀ ਪੀਹਣ ਲਾਈ ਹੋਵੇ... ਦਿਨ ਚੜ੍ਹੇ ਪਸ਼ੂਆਂ ਦਾ ਗੋਹਾ-ਕੂੜਾ ਚੁੱਕ ਕੇ, ਖੇਤਾਂ ਨੂੰ ਰੋਟੀ ਲੈ ਕੇ ਜਾਣਾ ਪਵੇ, ਫੇਰ ਆਵੇ ਅਕਲ ਟਿਕਾਣੇ।"

ਅੱਗਿਓਂ ਜਦੋਂ ਹਰਬੰਸ ਸਿੰਘ ਖੁਰਾਣੇ ਨੇ ਪਿਆਰ ਨਾਲ 'ਬੇਗਮ ਸਾਹਬਾ-ਬੇਗਮ ਸਾਹਬਾ' ਆਖਣਾ ਤਾਂ ਬਾਪੂ ਨੇ ਢਾਂਗੂ ਧਰਤੀ 'ਤੇ ਮਾਰਦਿਆਂ ਖਫਾ ਹੋਣਾ। "ਮੁਜ਼੍ਹ... ਸਾਲਾ ਰੰਨ ਮਰੀਦ! ਗੁਤਨੀ ਫੜ੍ਹ ਕੇ ਬੁਥਾੜ ਨੀ ਭੰਨਦਾ ਮੋਹਰੇ ਟੌਂਕਰਦੀ ਦਾ।" ਸਤੇ ਹੋਏ ਨੇ ਟੱਬਰ ਦੇ ਜੀਆਂ ਨੂੰ ਝਿੜਕਾਂ ਮਾਰਦਿਆਂ ਆਖਣਾ, "ਓਏ ਐਸ ਸੁਗਾਤ (ਰੇਡੀਓ ਸੈਟ) ਨੂੰ ਢੇਰਾਂ 'ਚ ਸੁੱਟ ਆਓ, ਨਹੀਂ ਤਾਂ ਏਹੀ ਕੁਝ ਸਾਡੇ ਘਰ ਵੀ ਹੋਣ ਲੱਗ ਪੈਣਾ ਐ।" ਸਵੇਰੇ ਸਵਾ ਨੌਂ ਕੁ ਵਜੇ ਜਦੋਂ ਰੇਡੀਓ ਤੋਂ ਕਲਾਸੀਕਲ ਸੰਗੀਤ ਚੱਲ ਪੈਣਾ ਤਾਂ ਨਿਆਣੇ ਰੇਡੀਓ ਬੰਦ ਕਰ ਦਿੰਦੇ। ਬਾਪੂ ਨੇ ਝਈਆਂ ਲੈ-ਲੈ ਪੈਣਾ, "ਊਟ-ਪਟਾਂਗ, ਖੇਹ-ਸੁਆਹ ਸਾਰਾ ਦਿਨ ਬਥੇਰਾ ਸੁਣੀ ਜਾਂਦੇ ਐ, ਜਦ 'ਸੁਣਨ ਵਾਲੀ ਚੀਜ਼' ਆਉਂਦੀ ਐ ਤਾਂ ਰੇਡੂਏ ਦਾ ਗਲ ਘੁੱਟ ਦਿੰਦੇ ਐ ਪਤੰਦਰ।"

ਡਾਕਖਾਨੇ ਦਾ ਕੋਈ ਅਧਿਕਾਰੀ ਰੇਡੀਓ ਲਾਇਸੈਂਸ ਚੈਕ ਕਰਨ ਵਾਸਤੇ ਇਨ੍ਹਾਂ ਦੇ ਘਰੇ ਆ ਗਿਆ। ਹਵੇਲੀ ਬੈਠੇ ਬਾਪੂ ਨੂੰ ਉਸਨੇ ਲਾਇਸੈਂਸ ਬਾਰੇ ਪੁੱਛ ਲਿਆ। ਬਾਪੂ ਨੇ ਚੁੱਕ ਲਿਆ ਢਾਂਗੂ, "ਓਏ ਤੂੰ ਉਹੀ ਐਂ, ਜਿਹੜਾ ਤੀਵੀਆਂ ਨੂੰ ਭੂਹੇ ਚੜ੍ਹਾਉਨੈਂ?" ਕਦੇ ਉਸਨੂੰ ਪੁੱਛੇ ਕਿ ਤੂੰ ਠੰਢੂ ਰਾਮ ਐਂ ਕਿ ਭਾਈਆ ਜੀ? ਹੱਥ ਜੋੜਦਿਆਂ ਜਦ ਉਸ ਅਧਿਕਾਰੀ ਨੇ ਦੱਸਿਆ ਕਿ ਬਾਬਾ ਜੀ ਮੈਂ ਤਾਂ ਡਾਕਖਾਨਿਓਂ ਆਇਆ ਹਾਂ ਤਾਂ ਬਜ਼ੁਰਗ ਦੂਜੇ ਰੁਖ ਹੋ ਗਿਆ, "ਫੇਰ ਤੂੰ ਮਾਮਾ ਲੱਗਦੈਂ ਸਾਡੇ ਰੇਡੂਏ ਦਾ? ਤੈਨੂੰ ਚੰਦਾ ਕੇਹਾ ਦੇਈਏ ਅਸੀਂ?... ਲੁਟੇਰੇ ਕਿਸੇ ਥਾਂ ਦੇ।"

ਦੁਕਾਨ ਦੇ ਬਾਹਰਵਾਰ ਕੰਧ 'ਤੇ ਗੱਡੀ ਹੋਈ ਕੀਲੀ ਨਾਲ ਲਟਕਦਾ ਰੇਡੀਓ ਸਾਰਾ ਦਿਨ ਵੱਜਦਾ ਰਹਿੰਦਾ। ਦੁਪਹਿਰੇ ਸਾਢੇ ਬਾਰਾਂ ਵਜੇ ਬੀਬੀਆਂ ਦੇ ਪ੍ਰੋਗਰਾਮ 'ਤ੍ਰਿੰਞਣ' ਵਿਚ ਜਦੋਂ ਭੈਣਾਂ ਨੇ ਇਕ ਦੂਜੀ ਨਾਲ ਹਾਸਾ-ਮਸ਼ਕੂਲਾ ਕਰਨਾ ਤਾਂ ਬਾਪੂ ਝੱਟ ਲੋਹਾ-ਲਾਖਾ ਹੋ ਜਾਂਦਾ, "ਤਾਂ ਹੀ ਸਿਆਣਿਆਂ ਨੇ ਗੁੱਤ ਪਿੱਛੇ ਮੱਤ ਲਿਖੀ ਹੋਈ ਐ... ਆਹੀ ਕੁਝ ਸਿਖਾਲਣਾ ਨੂੰਹਾਂ-ਧੀਆਂ ਨੂੰ, ਇਨ੍ਹਾਂ ਪ੍ਰਧਾਨਾਂ ਨੇ।" ਸ਼ਾਮ ਦੇ ਦਿਹਾਤੀ ਪ੍ਰੋਗਰਾਮ ਵਿਚ ਜਦੋਂ ਠੰਢੂ ਰਾਮ ਹੋਰਾਂ ਜਾਣ ਲੱਗਿਆਂ 'ਮੌਸਮ ਦਾ ਹਾਲ' ਸੁਣਾਉਣਾ, ਇਧਰ ਬਾਪੂ ਦੀ ਬੁੜ ਬੁੜ ਸ਼ੁਰੂ ਹੋ ਜਾਣੀ, "ਹੂੰ! ਦੇਖ ਕਿੱਦਾਂ ਕੁਫਰ ਤੋਲਣ ਡਹੇ ਐ।... ਜਿੱਦਾਂ ਕਿਤੇ ਇੰਦਰ ਦੇਵਤੇ ਦੇ ਸਲਾਹੂ ਲਗੇ ਹੋਣ।"

ਆਪਣੀਆਂ ਰਵਾਇਤਾਂ, ਆਪਣੇ ਵਿਰਸੇ ਲਈ ਰੇਡੀਓ ਨੂੰ ਖਤਰਾ ਸਮਝਣ ਵਾਲਾ ਇਹ ਬਜ਼ੁਰਗ, ਇਸੇ ਚਿੰਤਾ ਵਿਚ ਫਾਨੀ ਸੰਸਾਰ ਤੋਂ ਕੂਚ ਕਰ ਗਿਆ ਕਿ ਰੇਡੀਓ ਨੇ ਸਾਡੇ ਟੱਬਰਾਂ ਨੂੰ ਪੁੱਠੀਆਂ ਪੱਟੀਆਂ ਪੜ੍ਹਾ ਦਿੱਤੀਆਂ। ਇਕ ਤਾਂ ਉਹ ਹੁੰਦੇ ਹਨ, 'ਜੋ ਬਦਲ ਜਾਤੇ ਹੈਂ ਜ਼ਮਾਨੇ ਕੇ ਸਾਥ' ਲੇਕਿਨ ਬਹੁਤੇ ਉਤਲੇ ਬਜ਼ੁਰਗ ਦੀ ਨਿਆਈਂ, ਹਾਲਾਤ ਨਾਲ ਸਮਝੌਤਾ ਕਰਨਾ ਹੀ ਨਹੀਂ ਚਾਹੁੰਦੇ। ਅਜਿਹੇ ਬਾਬਿਆਂ 'ਤੇ ਇਹ ਤੁਕਾਂ ਖੂਬ ਢੁਕਦੀਆਂ ਨੇ:

'ਜੱਗ ਹੀ ਬਦਲ-ਬਦਲ ਫਿਰ ਬਦਲੇ,
ਸਰਮੱਦ ਨਾ ਸੁਕਰਾਤ ਬਦਲਦੇ।'

ਮੂੰਹ ਜ਼ੋਰ ਸਮਿਆਂ ਦੇ ਨਿਤ ਬਦਲਦੇ ਰੰਗ-ਢੰਗ ਦੇਖ ਕੇ ਅਡੋਲ ਖੜ੍ਹੇ ਪਿੱਪਲਾਂ, ਬੋਹੜ ਬਰੋਟਿਆਂ ਵਰਗੇ ਇਨ੍ਹਾਂ ਬਾਬਿਆਂ ਦੇ ਸਿਰੜ ਅੱਗੇ ਸਿਰ ਝੁਕਦਾ ਹੈ।




SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.



For Emergency Call anytime at 847-673-3825

EARLY BIRD SALE!!!!

India $545
London $250



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440




TAJ

INSURANCE SERVICES

*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Note:Also Income Tax filing Available



Gurdawar S. Mann

Lic#0F34231

# ਜਰਨੈਲ ਸਿੰਘ ਮੰਡੇਰ ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਨਵੇਂ ਚੇਅਰਮੈਨ

**ਸੈਕਰਾਮੈਂਟੋ:** ਸ੍ਰੀ ਜਰਨੈਲ ਸਿੰਘ ਮੰਡੇਰ ਨੂੰ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਦਾ ਚੇਅਰਮੈਨ ਅਤੇ ਸ੍ਰੀ ਸੁਰਜੀਤ ਸਿੰਘ ਅਟਵਾਲ ਨੂੰ ਮੀਤ ਪ੍ਰਧਾਨ ਬਣਾਇਆ ਗਿਆ ਹੈ। ਬਾਕੀ ਅਹੁਦੇਦਾਰ ਪਹਿਲਾਂ ਵਾਂਗ ਹੀ ਆਪਣੇ ਅਹੁਦਿਆਂ 'ਤੇ ਬਣੇ ਰਹਿਣਗੇ। ਇਸ ਸਬੰਧੀ ਫੈਸਲਾ ਸੰਸਥਾ ਦੀ ਇਥੇ ਵਾਈਸ ਚੇਅਰਮੈਨ ਕੁਲਦੀਪ ਸਿੰਘ ਅਟਵਾਲ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਸਰਬਸੰਮਤੀ ਨਾਲ ਲਿਆ ਗਿਆ।

ਇਹ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਜਨਰਲ ਸਕੱਤਰ ਸਰਪੰਚ ਜਗਜੀਤ ਸਿੰਘ ਕੰਦੋਲਾ ਨੇ ਦੱਸਿਆ ਕਿ ਇਹ ਜਥੇਬੰਦਕ ਤਬਦੀਲੀਆਂ ਫਾਊਂਡੇਸ਼ਨ ਨੂੰ ਸੁਚੱਜੇ ਢੰਗ ਨਾਲ ਚਲਾਉਣ ਦੇ ਮਨੋਰਥ ਨਾਲ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਵਿਚ ਫਾਊਂਡੇਸ਼ਨ ਵਲੋਂ ਲੰਘੀ 10 ਅਗਸਤ ਨੂੰ ਕਰਵਾਈ ਗਈ ਗਦਰ ਮੈਮੋਰੀਅਲ ਕਾਨਫਰੰਸ ਦਾ ਜਾਇਜ਼ਾ ਵੀ ਲਿਆ ਗਿਆ। ਇਸ ਗੱਲ ਉਤੇ ਤਸੱਲੀ ਪ੍ਰਗਟਾਈ ਗਈ ਕਿ ਇਹ ਕਾਨਫਰੰਸ ਆਜ਼ਾਦੀ ਦੇ ਪਰਵਾਨੇ ਗਦਰੀ ਬਾਬਿਆਂ ਨੂੰ ਸੱਚੀ ਸ਼ਰਧਾਂਜਲੀ ਵਜੋਂ ਉਨ੍ਹਾਂ ਦੇ ਵਿਚਾਰਾਂ ਦੀ ਲੋਅ ਵਿਚ ਇਕ ਸੁਚੱਜਾ ਭਾਰਤੀ ਸਮਾਜ ਸਿਰਜਣ ਦੀ ਦਿਸ਼ਾ ਵੱਲ ਸਾਰਥਕ ਕਦਮ ਸੀ। ਗਦਰੀ ਬਾਬਿਆਂ ਨੂੰ ਸੱਚੀ ਸ਼ਰਧਾਂਜਲੀ ਉਨ੍ਹਾਂ ਦੇ ਵਿਚਾਰਾਂ ਨੂੰ ਵਿਹਾਰਕ ਰੂਪ ਦੇਣ ਵਿਚ ਹੀ ਹੈ।

ਇਸ ਗੱਲ 'ਤੇ ਵੀ ਤਸੱਲੀ ਪ੍ਰਗਟ ਕੀਤੀ ਗਈ ਕਿ ਜਥੇਬੰਦੀ ਦੇ ਮੈਂਬਰਾਂ ਨੇ ਬੜੀ ਮਿਹਨਤ ਅਤੇ ਲਗਨ ਨਾਲ ਭਾਰਤੀ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ, ਆਰਥਕ ਵਿਦਵਾਨਾਂ, ਸਿਆਸੀ ਵਿਚਾਰਵਾਨਾਂ ਅਤੇ ਅਮਰੀਕਾ ਦੇ ਸਾਇੰਸਦਾਨਾਂ ਨੂੰ ਇਕ ਮੰਚ ਉਤੇ ਇਕੱਠੇ ਕਰਕੇ ਚੰਗੀ ਸੋਚ ਅਤੇ ਨਿੱਗਰ ਵਿਚਾਰਾਂ ਦਾ ਵਟਾਂਦਰਾ ਕਰਨ ਦਾ ਮੌਕਾ ਮੁਹੱਈਆ ਕਰਕੇ ਚੰਗੀ ਗੱਲ ਕੀਤੀ ਹੈ। ਇਸ ਨੂੰ ਇਸ ਪਾਸੇ ਸ਼ੁਭ ਸ਼ਗਨ ਮੰਨਿਆ ਜਾਣਾ ਚਾਹੀਦਾ ਹੈ। ਮੈਂਬਰਾਂ ਦਾ ਇਹ ਵੀ ਵਿਚਾਰ ਸੀ ਕਿ ਜੇ ਇਸ ਪਾਸੇ ਨਿੱਗਰ ਕਦਮਾਂ ਨਾਲ ਤੁਰਿਆ ਜਾਵੇ ਤਾਂ ਗਦਰੀ ਬਾਬਿਆਂ ਦੇ ਚੰਗੇ ਵਿਚਾਰਾਂ ਨੂੰ ਕਦੀ ਵੀ ਬੂਰ ਪੈ ਸਕਦਾ ਹੈ। ਸੰਸਥਾ ਨੇ ਸੰਨ 2011 ਦੀ ਗਦਰ ਮੈਮੋਰੀਅਲ ਕਾਨਫਰੰਸ ਲਈ ਹੁਣੇ ਤੋਂ ਤਿਆਰੀਆਂ ਕਰਨ ਦਾ ਵੀ ਪ੍ਰਣ ਲਿਆ।

# ਯੂਬਾ ਸਿਟੀ ਦੇ ਨਗਰ ਕੀਰਤਨ ਲਈ ਤਿਆਰੀ ਜ਼ੋਰਾਂ 'ਤੇ

**ਯੂਬਾ ਸਿਟੀ:** ਇਥੇ ਹਰ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਸਜਾਏ ਜਾਂਦੇ ਮਹਾਨ ਨਗਰ ਕੀਰਤਨ ਸਬੰਧੀ ਸਿੱਖ ਟੈਂਪਲ, ਟਾਇਰਾ ਬਿਊਨਾ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਤਿਆਰੀਆਂ ਅਰੰਭ ਕਰ ਦਿੱਤੀਆਂ ਗਈਆਂ ਹਨ। ਇਹ ਨਗਰ ਕੀਰਤਨ ਆਉਂਦੀ 7 ਨਵੰਬਰ ਨੂੰ ਹੋਵੇਗਾ। ਪ੍ਰਬੰਧਕ ਕਮੇਟੀ ਅਨੁਸਾਰ ਇਸ ਸਬੰਧੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠਾਂ ਦੀ ਲੜੀ 2 ਸਤੰਬਰ ਤੋਂ ਅਰੰਭ ਹੋ ਚੁਕੀ ਹੈ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਵਲੋਂ ਅਖੰਡ ਪਾਠ ਬੁੱਕ ਕਰਵਾਏ ਗਏ ਹਨ।




ਜ਼ਿਕਰਯੋਗ ਹੈ ਕਿ ਇਸ ਨਗਰ ਕੀਰਤਨ ਵਿਚ ਕੈਲੀਫੋਰਨੀਆ ਤੋਂ ਇਲਾਵਾ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰੀ ਭਰਨ ਲਈ ਪਹੁੰਚਦੀਆਂ ਹਨ ਅਤੇ ਅਮਰੀਕਾ ਵਿਚ ਇਹ ਸਭ ਤੋਂ ਵੱਡਾ ਨਗਰ ਕੀਰਤਨ ਖਿਆਲ ਕੀਤਾ ਜਾਂਦਾ ਹੈ ਜੋ ਕਿ ਪਿਛਲੇ ਤੀਹ ਸਾਲ ਤੋਂ ਹਰ ਸਾਲ ਹੁੰਦਾ ਹੈ।

ਪ੍ਰਬੰਧਕ ਕਮੇਟੀ ਅਨੁਸਾਰ ਗੁਰੂ ਘਰ ਦੀ ਇਮਾਰਤ ਨੂੰ ਨਵੀਂ ਦਿਖ ਦਿਤੀ ਜਾ ਰਹੀ ਹੈ। ਦਸ਼ਮੇਸ਼ ਹਾਲ ਨੂੰ ਨਵਾਂ ਰੰਗ ਰੋਗਨ ਕਰਵਾਇਆ ਜਾ ਰਿਹਾ ਹੈ। ਲੰਗਰ ਹਾਲ ਅਤੇ ਕਿਚਨ ਦੀ ਸਫਾਈ ਲਈ ਵੀ ਮੁਹਿੰਮ ਵਿੱਢੀ ਗਈ ਹੈ। ਲੰਗਰ ਦੇ ਸਟਾਲਾਂ ਨੂੰ ਤਰਤੀਬ ਦਿੱਤੀ ਗਈ ਹੈ। ਹਰ ਸਾਲ ਵਾਂਗ ਇਸ ਸਾਲ ਵੀ ਪੰਥ ਪ੍ਰਸਿਧ ਕੀਰਤਨੀਆਂ, ਰਾਗੀ ਤੇ ਢਾਡੀ ਜਥਿਆਂ, ਕਥਾਕਾਰਾਂ ਦੇ ਇਸ ਨਗਰ ਕੀਰਤਨ ਵਿਚ ਹਾਜ਼ਰੀਆਂ ਭਰਨ ਲਈ ਪਹੁੰਚਣ ਦੀ ਉਮੀਦ ਹੈ।

## 3 ਖਾੜਕੂਆਂ 'ਤੇ ਰਾਸ਼ਟਰੀ ਸੁਰੱਖਿਆ ਕਾਨੂੰਨ

**ਜੰਮੂ:** ਜੰਮੂ ਜ਼ਿਲ੍ਹਾ ਪ੍ਰਸ਼ਾਸਨ ਨੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਤਿੰਨ ਸ਼ੱਕੀ ਖਾੜਕੂਆਂ 'ਤੇ ਸਰਹੱਦ ਦੇ ਆਰ-ਪਾਰ ਸਮੱਗਲਿੰਗ ਕਰਨ ਦੇ ਦੋਸ਼ ਹੇਠ ਰਾਸ਼ਟਰੀ ਸੁਰੱਖਿਆ ਕਾਨੂੰਨ (ਰਾਸੁਕਾ) ਲਾਇਆ ਹੈ। ਪੁਲਿਸ ਅਨੁਸਾਰ ਦਰਸ਼ਨ ਸਿੰਘ, ਸਤਨਾਮ ਸਿੰਘ ਅਤੇ ਪ੍ਰਵੇਜ਼ ਕੁਮਾਰ ਵਿਰੁਧ ਸਮੱਗਲਿੰਗ, ਫਿਰੌਤੀ ਤੇ ਕਤਲ ਦੇ ਯਤਨ ਸਮੇਤ ਕਈ ਕੇਸ ਦਰਜ ਹਨ।










# ਹੇਵਰਡ ਕਬੱਡੀ ਕੱਪ ਬੇ-ਏਰੀਆ ਕਲੱਬ ਨੇ ਜਿਤਿਆ

*(ਸਫਾ ਇਕ ਦੀ ਬਾਕੀ)*

ਬੇਅ ਏਰੀਆ ਕਲੱਬ ਦੀ ਸਰਦਾਰੀ ਰਹੀ। ਕਬੱਡੀ ਓਪਨ ਵਿਚ ਬੇਅ ਏਰੀਆ ਕਲੱਬ ਦੀ ਸ਼ਾਇਦ ਇਸ ਵਰ੍ਹੇ ਇਹ 7ਵੀਂ ਵਡੀ ਜਿੱਤ ਸੀ।



ਮੇਲੇ ਦੇ ਮੁਖ ਮਹਿਮਾਨ ਸਰਵਣ ਸਿੰਘ ਬੱਲ ਸਨ।

ਅਰਦਾਸ ਪਿਛੋਂ ਕਬੱਡੀ ਦੇ ਮੈਚ ਲਈ ਟੀਮਾਂ ਨੂੰ ਸੱਦਾ ਦਿੱਤਾ ਗਿਆ। ਅੱਸੀ ਪੰਜਾਸੀ ਡਿਗਰੀ ਦੀ ਗਰਮੀ ਵਿਚ ਗਭਰੂ ਮੈਦਾਨ 'ਚ ਉਤਰੇ ਤਾਂ ਕੁਮੈਂਟੇਟਰ ਮੱਖਣ ਸਿੰਘ ਨੇ ਬੋਲ ਉਚਰੇ-'ਧੌਂਸਾ ਵੱਜਿਆ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ, ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ, ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ...।' ਫਿਰ ਉਸ ਨੇ ਗਭਰੂਆਂ ਦੀ ਸਿਫ਼ਤ ਵਿਚ ਜੋੜਿਆ ਬੰਦ ਸਭ ਨਾਲ ਸਾਂਝਾ ਕੀਤਾ:

ਸਰੀਰ ਗੁੰਦਵੇਂ ਨਰੋਏ ਫੌਲਾਦ ਵਰਗੇ,
ਪੀ ਪੀ 'ਧਰ੍ਹਿੜਕੇ ਜੁੱਸੇ ਗਰਮਾਉਣ ਗਭਰੂ।
ਡੌਲੇ ਮੂੰਗਲੀਆਂ ਜੁੱਸੇ ਲਟੈਣ ਵਰਗੇ,
ਪੱਟ ਗੇਲੀਆਂ 'ਤੇ ਥਾਪੀ ਲਾਉਣ ਗਭਰੂ।
ਕੱਦ ਸਰੂ ਜਹੇ ਛਾਤੀਆਂ ਪੁੜਾਂ ਜਹੀਆਂ,
ਖੇਡ ਮੈਦਾਨ 'ਚ ਜ਼ੋਰ ਅਜ਼ਮਾਉਣ ਗਭਰੂ।
ਪਿੰਡੇ ਲਿਸ਼ਕਦੇ ਬਿਜਲੀ ਦੀ ਚਮਕ ਵਾਂਗੂੰ,
ਪੁੱਤ ਪੰਜਾਬ ਦੇ ਸੋਹਣੇ ਕਹਾਉਣ ਗਭਰੂ।

ਕਬੱਡੀ ਦਾ ਪਹਿਲਾ ਮੈਚ ਯੂਨਾਈਟਿਡ ਸਪੋਰਟਸ ਕਲੱਬ ਤੇ ਫਤਿਹ ਸਪੋਰਟਸ ਕਲੱਬ ਟਰਲਕ ਦੀਆਂ ਟੀਮਾਂ ਵਿਚਕਾਰ ਹੋਇਆ ਜੋ ਟਰਲੱਕ ਦੇ ਕਲੱਬ ਨੇ ਜਿੱਤ ਲਿਆ। ਦੂਜੇ ਮੈਚ 'ਚ ਸੈਨ ਹੋਜ਼ੇ ਦੀ ਟੀਮ ਮੈਦਾਨ ਵਿਚ ਹੀ ਨਹੀਂ ਆਈ ਜਿਸ ਕਰਕੇ ਬੇਅ ਏਰੀਆ ਸਪੋਟਰਸ



ਕਲੱਬ ਨੂੰ ਵਾਕ ਓਵਰ ਦੇ ਦਿੱਤਾ ਗਿਆ। ਤੀਜੇ ਮੈਚ ਵਿਚ ਲੋਡਾਈ ਦੀ ਟੀਮ ਵੀ ਨਹੀਂ ਨਿਕਲੀ ਤੇ ਬੇਅ ਏਰੀਆ ਕਲੱਬ ਨੂੰ ਦੂਜਾ ਵਾਕ ਓਵਰ ਮਿਲ ਗਿਆ।

ਮਾਈਕ 'ਤੋਂ ਬੀਬੀ ਆਸ਼ਾ ਸ਼ਰਮਾ ਖੇਡ ਮੇਲੇ ਲਈ ਮਾਇਆ ਦੇਣ ਵਾਲੇ ਸਪਾਂਸਰਾਂ ਦਾ ਧੰਨਵਾਦ ਕਰਦਿਆਂ ਕਹਿ ਰਹੀ ਸੀ ਕਿ 'ਮੇਲੇ ਲੱਗਦੇ ਰਹਿਣ, ਧੀਆਂ ਜੰਮਦੀਆਂ ਰਹਿਣ, ਧੁੱਪਾਂ ਨਿਘੀਆਂ ਰਹਿਣ ਤੇ ਛਾਵਾਂ ਠੰਢੀਆਂ ਰਹਿਣ।' ਉਸ ਦੀ ਸ਼ੇਅਰੋ ਸ਼ਾਇਰੀ ਕਬੱਡੀ ਕੱਪ ਵਿਚ ਆਪਣਾ ਰੰਗ ਭਰ ਰਹੀ ਸੀ। ਮੈਂ ਕਹਿ ਰਿਹਾ ਸਾਂ- 'ਖੇਡਣ ਦੇ ਦਿਨ ਚਾਰ ਜੁਆਨੋ ਖੇਡਣ ਦੇ ਦਿਨ ਚਾਰ, ਵਿਚ ਮੈਦਾਨੇ ਜੋ ਨਾ ਨਿੱਤਰੇ ਉਹ ਧਰਤੀ 'ਤੇ ਭਾਰ, ਜੁਆਨੋ ਉਹ ਧਰਤੀ 'ਤੇ ਭਾਰ।'

ਕਬੱਡੀ ਓਪਨ ਦਾ ਪਹਿਲਾ ਮੈਚ ਕੈਨੇਡਾ ਈਸਟ ਤੇ ਕੈਨੇਡਾ ਵੈੱਸਟ ਦੀਆਂ ਟੀਮਾਂ ਵਿਚਕਾਰ ਹੋਇਆ। ਕੈਨੇਡਾ ਈਸਟ ਦੇ ਖਿਡਾਰੀ ਕੀਪਾ ਬੱਧਨੀ, ਕਿੰਦਾ ਬਿਹਾਰੀਪੁਰੀਆ, ਸੰਦੀਪ, ਪਿੰਦਾ ਭਿੰਡਰ, ਰਵੀ ਸਰਾਏ, ਮਿੰਟੂ ਤੇ ਸੋਨੀ ਸੁਨੇਤ ਹੋਰੀਂ ਸਨ। ਕੈਨੇਡਾ ਵੈਸਟ ਦੀ ਟੀਮ 'ਚ ਕੁਲਜੀਤਾ



*ਗੁਰਦਾਵਰ ਸਿੰਘ ਮੇਹੜੂ ਅਤੇ ਅਮੋਲਕ ਸਿੰਘ ਗਾਖਲ*

ਮਲਸੀਹਾਂ, ਜੀਤਾ, ਜੋਗਾ, ਸੇਠੀ, ਤਾਊ, ਭੂਰਾ ਤੇ ਵਰਿੰਦਰ ਹੋਰੀਂ ਖੇਡ ਰਹੇ ਸਨ। ਇਹ ਮੈਚ ਕੈਨੇਡਾ ਵੈਸਟ ਦੀ ਟੀਮ ਜਿੱਤ ਗਈ। ਅਗਲਾ ਮੈਚ ਬੇਅ ਏਰੀਆ ਸਪੋਰਟਸ ਕਲੱਬ ਤੇ ਸ਼ਹੀਦ ਭਗਤ ਸਿੰਘ ਕਲੱਬ ਫਰਿਜ਼ਨੋ ਦੀਆਂ ਟੀਮਾਂ ਵਿਚਾਲੇ ਖੇਡਿਆ ਗਿਆ।

ਬੇਅ ਏਰੀਏ ਵਿਚ ਜੌਨ੍ਹੀ ਗਿੱਲ, ਜੋਗੀ ਦੇਧਨਾ, ਕਿੰਦਾ ਇੰਗਲੈਂਡੀਆ, ਗੁਰਪ੍ਰੀਤ, ਬਲਜੀਤ, ਅੰਮ੍ਰਿਤਪਾਲ, ਜੀਤਾ, ਸੰਦੀਪ ਨੰਗਲ ਅੰਬੀਆਂ ਤੇ ਤੀਰਥ ਗਾਖਲ ਹੋਰੀ ਖੇਡ ਰਹੇ ਸਨ। ਫਰਿਜ਼ਨੋ ਦੀ ਟੀਮ ਵਿਚ ਦੂਲਾ, ਮੌਲਾ, ਬੱਲੀ, ਸੰਨੀ ਕੰਦੋਲਾ, ਲੈਰੀ, ਇੰਦਰ, ਰਾਣਾ ਭੰਡਾਲ, ਅਰਸ਼ੀ, ਜਿੰਦਰ, ਸੀਪੂ ਤੇ ਲਾਲੀ ਹੋਰੀਂ ਸਨ। ਇਹ ਮੈਚ ਏਨਾ ਕਾਂਟੇਦਾਰ ਹੋਇਆ ਕਿ ਅੱਧੇ ਸਮੇਂ ਤਕ 22-18 ਅੰਕ ਬਣੇ। ਦੂਜੇ ਅੱਧ ਵਿਚ ਖੇਡ ਹੋਰ ਤੇਜ਼ ਹੋ ਗਈ ਤੇ ਬੇਅ ਏਰੀਆ ਕਲੱਬ 46-36 ਅੰਕਾਂ ਉਤੇ ਮੈਚ ਜਿੱਤ ਗਿਆ।

ਵਿਚੇ ਕਬੱਡੀ ਦੇ ਮੈਚ ਚਲਦੇ ਰਹੇ, ਵਿਚੇ ਸਾਬਕਾ ਖਿਡਾਰੀਆਂ ਤੇ ਦਾਨੀਆਂ ਦਾ ਮਾਣ ਸਨਮਾਨ ਹੋਈ ਗਿਆ। ਕਲੱਬ ਦਾ ਸਕੱਤਰ ਮੰਚ ਸੰਚਾਲਨ ਕਰਦਿਆਂ ਵਾਰੀ ਵਾਰੀ ਪਤਵੰਤੇ ਸੱਜਣਾਂ ਤੇ ਸਪਾਂਸਰਾਂ ਦਾ ਨਾਂ ਲਈ ਜਾਂਦਾ। ਵਿਚੇ ਕੁਮੈਂਟੇਟਰ ਰਾਜਵਿੰਦਰ ਰੰਡਿਆਲਾ ਸੁਰਲੀਆਂ ਛੱਡੀ ਗਿਆ, ਅਖੇ ਇਹ ਨੀ ਕਿਸੇ ਤੋਂ ਫੜਿਆ ਰਹਿੰਦਾ, ਇਹ ਤਾਂ ਕਦੇ ਸਹੁਰੀਂ ਨੀ ਰਿਹਾ। ਆਹ ਤਾਂ ਐਂ ਫਸੇ ਪਏ ਆ ਜਿਵੇਂ ਲਹਿਰੇਗਾਗੇ ਬੀਬੀ ਭੱਠਲ ਤੇ ਚੰਦੂਮਾਜਰੇ ਦੇ ਸਿੰਗ ਫਸੇ ਸੀ। ਔਹ ਭਾਈ ਅਏਂ ਬੈਠੇ ਆ ਜਿਵੇਂ ਜੱਟਾਂ ਨੇ ਰੇਲ ਦੀ ਲਾਈਨ 'ਤੇ ਧਰਨਾ ਦਿੱਤਾ ਹੋਵੇ। ਮੁੰਡੇ ਦੇ ਪਿੰਡੇ 'ਤੇ ਟੈਟੂ ਅਏਂ ਖੁਣੇ ਆਂ ਜਿਵੇਂ ਵਹੀ 'ਤੇ ਨਿਓਂਦਾ ਲਿਖਿਆ ਹੁੰਦੈ। ਸੰਦੀਪ ਨੇ ਮੌਲੇ ਦੀ ਅਏਂ ਗੋਡੀ ਲੁਆਤੀ ਜਿਵੇਂ ਓਬਾਮੇ ਨੇ ਬੁਸ਼ ਦੀ ਲੁਆਈ ਸੀ।

ਕਬੱਡੀ ਦੀ ਕੁਮੈਂਟਰੀ ਕਰਦਿਆਂ ਕੁਮੈਂਟੇਟਰ ਜ਼ਮੀਨ ਅਸਮਾਨ ਦੇ ਕੁੰਡੇ ਮੇਲ ਧਰਦੇ ਹਨ। ਕੁਝ ਸਮਾਂ ਸੁਖਵਿੰਦਰ ਸੰਘੇੜੇ ਨੇ ਵੀ ਕੁਮੈਂਟਰੀ ਕੀਤੀ ਅਤੇ ਦਰਸ਼ਕਾਂ ਲਈ ਕਬੱਡੀ ਦੇਖਣ ਦਾ ਸੁਆਦ ਵਧਾਇਆ। ਕੁਮੈਂਟਰੀ ਹੁਣ ਕਬੱਡੀ ਦੀ ਖੇਡ ਨਾਲ ਗੀਤ ਤੇ ਸਾਜ਼ ਵਾਂਗ ਜੁੜ ਗਈ ਹੈ।

ਇਕ ਸੈਮੀ ਫਾਈਨਲ ਮੈਚ ਵਿਚ ਬੇਅ ਏਰੀਆ ਸਪੋਰਟਸ ਕਲੱਬ ਦੀ ਜਿੱਤ ਹੋਈ ਤੇ ਦੂਜੇ ਸੈਮੀ ਫਾਈਨਲ ਵਿਚ ਕੈਨੇਡਾ ਵੈਸਟ ਦੀ ਟੀਮ ਨੇ ਫਰਿਜ਼ਨੋ ਦੀ ਟੀਮ ਨੂੰ 41-37 ਅੰਕਾਂ ਉਤੇ ਹਰਾ ਦਿੱਤਾ। ਇੱਕੀ ਸਾਲ ਤੋਂ ਘੱਟ ਉਮਰ ਦੇ ਖਿਡਾਰੀਆਂ ਦਾ ਫਾਈਨਲ ਮੈਚ ਬੇਅ ਏਰੀਆ ਸਪੋਰਟਸ ਕਲੱਬ ਦੀ ਟੀਮ ਨੇ ਜਿੱਤਿਆ।

ਕਬੱਡੀ ਓਪਨ ਦੇ ਫਾਈਨਲ ਮੈਚ ਵਿਚ ਬੇਅ-ਏਰੀਆ ਸਪੋਰਟਸ ਕਲੱਬ ਅਤੇ ਕੈਨੇਡਾ ਵੈਸਟ ਦੀਆਂ ਟੀਮਾਂ ਦਾ ਭੇੜ ਹੋਇਆ। ਕੁਲਜੀਤਾ ਰੇਡ ਪਾਉਣ ਗਿਆ ਤਾਂ ਪਹਿਲੀ ਰੇਡ ਹੀ ਉਸ ਨੂੰ ਸੰਦੀਪ ਨੰਗਲ ਅੰਬੀਆਂ ਨੇ ਢਾਹ ਲਿਆ। ਦੂਜੇ ਪਾਸੇ ਜੌਨ੍ਹੀ ਨੂੰ ਤਾਊ ਨੇ ਜਿੰਦਰਾ ਲਾ ਦਿੱਤਾ। ਇਕ-ਇਕ ਕਬੱਡੀ ਜਿਵੇਂ ਕਹਿੰਦੇ ਹਨ ਲੱਖ-ਲੱਖ ਦੀ ਪੈਣ ਲੱਗੀ ਤੇ ਇਕ-ਇਕ ਜੱਫੇ 'ਤੇ ਤਿੰਨ-ਤਿੰਨ ਸੌ ਡਾਲਰ ਦੇ ਇਨਾਮ ਮਿਲਣ ਲੱਗੇ। ਰਾਜਾ ਸਵੀਟਸ ਵਾਲੇ ਮੱਖਣ ਸਿੰਘ ਬੈਂਸ ਨੇ ਕੁਲਜੀਤ ਦੀ ਰੇਡ ਦਾ ਮੁੱਲ 500 ਡਾਲਰ ਰਖ ਦਿਤਾ। ਕੁਲਜੀਤ ਨੇ ਵੀ ਇਸ ਇਨਾਮ ਦੀ ਰਖ ਵਖਾਈ ਅਤੇ ਇਸ ਦਾ ਹੱਕਦਾਰ ਵੀ ਬਣਿਆ। ਗਾਖਲ ਭਰਾ ਇਕਬਾਲ ਅਤੇ ਪਲਵਿੰਦਰ ਗਾਖਲ, ਫਰਿਜ਼ਨੋ ਤੋਂ ਆਏ ਕੁਲਵੰਤ ਨਿੱਜਰ, ਧੀਰਾ ਨਿੱਜਰ, ਹੈਪੀ ਵਰਿਆਣਾ ਅਤੇ ਹੋਰ ਅਨੇਕਾਂ ਕਬੱਡੀ ਪ੍ਰੇਮੀ ਇਕੱਲੀ ਇਕੱਲੀ ਰੇਡ ਅਤੇ ਇਕੱਲੇ ਇਕੱਲੇ ਸਟਾਪ ਦਾ ਇਕ ਦੂਜੇ ਦੇ ਉਤੋਂ ਦੀ ਹੋ ਕੇ ਡਾਲਰਾਂ ਵਿਚ ਮੁੱਲ ਪਾ ਰਹੇ ਸਨ।

ਅੱਧੇ ਸਮੇਂ ਤਕ ਬੇਅ ਏਰੀਆ ਸਪੋਰਟਸ ਕਲੱਬ ਨੇ 23-19 ਦੀ ਲੀਡ ਲੈ ਲਈ। ਦੂਜੇ ਅੱਧ ਵਿਚ ਵੈਨਕੂਵਰ ਦੀ ਟੀਮ ਮੋਢਿਆਂ 'ਤੇ ਆ ਚੜ੍ਹੀ ਤੇ ਅੰਕ 42-42 ਹੋ ਗਏ। ਹੁਣ ਆਖ਼ਰੀ



ਕਬੱਡੀ 'ਤੇ ਨਿਤਾਰਾ ਹੋਣਾ ਸੀ। ਆਖ਼ਰੀ ਕਬੱਡੀ ਕਿੰਦੇ ਇੰਗਲੈਂਡੀਏ ਨੇ ਪਾਈ। ਜਿਓਂ ਹੀ ਉਹ ਪੁਆਇੰਟ ਲੈ ਕੇ ਪਾਣੇ 'ਤੇ ਮੁੜਿਆ ਤਾਂ ਬੇਅ ਏਰੀਆ ਸਪੋਰਟਸ ਕਲੱਬ ਦੇ ਪ੍ਰਮੋਟਰ ਬਲਜੀਤ ਸੰਧੂ, ਜੋਗਾ ਸੰਧੂ, ਦਿਲਬਾਗ ਸੰਧੂ, ਕਾਲਾ ਟਰੇਸੀ ਤੇ ਗੁਰਦਿਆਲ ਢਿੱਲੋਂ ਹੋਰਾਂ ਨੇ ਛਾਲਾਂ ਚੁੱਕ ਲਈਆਂ। ਸੰਤਾ ਰੋਸਾ ਮੰਗਲ ਸਿੰਘ ਵੀ ਬਾਗੋਬਾਗ ਸੀ। ਉਨ੍ਹਾਂ ਦੀ ਖ਼ੁਸ਼ੀ ਦੀ ਹੱਦ ਨਹੀਂ ਸੀ ਕਿਉਂਕਿ ਉਨ੍ਹਾਂ ਨੇ ਕਬੱਡੀ ਜੂਨੀਅਰ ਤੇ ਕਬੱਡੀ ਸੀਨੀਅਰ ਦੇ ਦੋਵੇਂ ਕੱਪ ਜਿੱਤ ਲਏ ਸਨ। ਸੰਦੀਪ ਨੂੰ ਉਤਮ ਜਾਫੀ ਤੇ ਜੌਨ੍ਹੀ ਗਿੱਲ ਨੂੰ ਉਤਮ ਧਾਵੀ ਐਲਾਨਿਆ ਗਿਆ।

ਇਸ ਮੇਲੇ ਦੌਰਾਨ ਅਕਾਲੀ ਦਲ (ਬਾਦਲ)



ਦੇ ਜਨਰਲ ਸਕੱਤਰ ਦਵਿੰਦਰ ਸਿੰਘ ਰਣੀਆ ਅਤੇ ਚੇਅਰਮੈਨ ਹੈਰੀ ਗਿੱਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਸੁਰਿੰਦਰ ਸਿੰਘ ਅਟਵਾਲ, ਬਲਜੀਤ ਸਿੰਘ ਸੰਧੂ, ਅਜੀਤ ਸਿੰਘ ਬੱਲ, ਸਰਦੂਲ ਸਿੰਘ ਰੰਧਾਵਾ, ਜਗੀਰ ਸਿੰਘ ਸਬਜ਼ੀ ਮੰਡੀ-ਨਿਊ ਯਾਰਕ, ਮੇਜਰ ਸਿੰਘ ਬੈਂਸ, ਪਾਲੀ ਮਹੇ, ਇਕਬਾਲ ਸਿੰਘ ਮਾਨ, ਮੰਦਰ, ਸਾਧੂ ਸਿੰਘ ਖਲੌਰ, ਭਰਪੂਰ ਸਿੰਘ ਜਰਗ, ਪੱਤਰਕਾਰ ਹੁਸਨ ਲੜੋਆ ਬੰਗਾ ਤੇ ਮਹਿੰਦਰ ਸਿੰਘ ਕੰਡਾ ਦਾ ਵੀ ਸਨਮਾਨ ਕੀਤਾ ਗਿਆ।

ਇਸ ਮੇਲੇ ਵਿਚ ਹਾਜਰ ਪਤਵੰਤੇ ਸੱਜਣਾਂ ਵਿਚ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਸ. ਗੁਰਮੀਤ ਸਿੰਘ ਖਾਲਸਾ, ਜਸਬੀਰ ਸਿੰਘ ਸੋਹਲ, ਜੋਗਾ ਸਿੰਘ ਕੰਗ, ਮੰਗਲ ਸਿੰਘ ਭੰਡਾਲ, ਲੱਛਰ ਭਰਾ, ਸੁਰਿੰਦਰ ਸਿੰਘ ਸਿੱਧੂ, ਸਤਪਾਲ ਸਿੰਘ ਸਰਪੰਚ, ਪਰਮਜੀਤ ਸਿੰਘ ਦਿਓਲ, ਮੱਖਣ ਸਿੰਘ, ਦਲਜੀਤ ਸਿੰਘ ਸੇਲਮ, ਬੇਅੰਤ ਸਿੰਘ ਲਿਟ, ਸੁਰਿੰਦਰ ਸਿੰਘ ਪੈਨਸਲਵੇਨੀਆ, ਪਰਮਜੀਤ ਧਾਲੀਵਾਲ, ਗੁਰਦੀਪ ਸਿੰਘ ਸਾਂਧੀ, ਗੁਰਚਰਨ ਸਿੰਘ ਮਾਨ, ਜੱਸੀ ਗਿੱਲ, ਪ੍ਰੀਤਮ ਸਿੰਘ ਜੋਧਾਂ ਮਨਸੂਰਾਂ, ਸੁੱਖੀ ਘੁੰਮਣ, ਨਾਜਰ ਸਿੰਘ ਸਹੋਤਾ, ਬਲਜੀਤ ਸਿੰਘ ਸਹੋਤਾ, ਹਰਭਜਨ ਸਿੰਘ ਗਾਖਲ, ਤੀਰਥ ਸਿੰਘ ਸੰਧੂ, ਸੋਹਣ ਸਿੰਘ ਗਾਖਲ, ਮੇਜਰ ਸਿੰਘ ਗਾਖਲ, ਰਘਬੀਰ ਸਿੰਘ ਗਾਖਲ, ਤੀਰਥ ਸਿੰਘ ਗਾਖਲ, ਗੁਰਭਲਿੰਦਰ (ਭਿੰਦਾ) ਗਾਖਲ, ਕੁਲਵੰਤ ਸਿੰਘ ਨਿੱਜਰ, ਰਾਜਾ ਟਰਲਕ, ਸੁਰਜੀਤ ਸਿੰਘ ਨਿੱਜਰ, ਰਣਧੀਰ ਸਿੰਘ ਨਿੱਜਰ, ਤੀਰਥ ਸਿੰਘ ਸਹੋਤਾ, ਮਹਿੰਦਰ ਸਿੰਘ ਕਲੇਰ, ਮੇਜਰ ਸਿੰਘ ਬਰਾੜ, ਬਾਬ ਢਿੱਲੋਂ, ਅਵਤਾਰ ਗਿੱਲ, ਵਿਕਰਮ ਸਿੰਘ ਪੁਆਰ, ਗੁਰਿੰਦਰ ਸਿੰਘ, ਕਰਮ ਸਿੰਘ ਟਰਲਕ, ਸੇਵਾ ਸਿੰਘ, ਰਘਬੀਰ ਸਿੰਘ ਸ਼ੇਰਗਿੱਲ, ਸਰਬਜੀਤ ਟਰੇਸੀ, ਹਰਨੇਕ ਸਿੰਘ ਅਟਵਾਲ, ਅਵਤਾਰ ਸਿੰਘ ਬੈਂਸ, ਬਿੰਦਰ ਸਿੰਘ ਯੂ ਐਸ ਟੋਇੰਗ ਦੇ ਨਾਂ ਸ਼ਾਮਲ ਹਨ।

ਕਬੱਡੀ ਕੱਪ ਸੁਖ ਸ਼ਾਂਤੀ ਨਾਲ ਸਮਾਪਤ

*(ਬਾਕੀ ਸਫਾ 20 'ਤੇ )*





# ਪੰਜਾਬ ‘ਚ ਤੇਲ ਤੇ ਗੈਸ ਦਾ ਵੱਡਾ ਖ਼ਜ਼ਾਨਾ

**ਚੰਡੀਗੜ੍ਹ:** ਪੰਜਾਬ ਦੇ ਮਾਝਾ-ਦੁਆਬਾ ਖੇਤਰ ਦੇ ਜ਼ਿਲ੍ਹਿਆਂ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਹੇਠ ਪੈਟਰੋਲੀਅਮ ਪਦਾਰਥਾਂ ਅਤੇ ਕੁਦਰਤੀ ਗੈਸ ਦਾ ਵੱਡਾ ਖਜ਼ਾਨਾ ਹੈ। ਮੁੱਢਲੇ ਸਰਵੇ ਅਤੇ ਸੈਟੇਲਾਈਟ ਰਾਹੀਂ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਹੁਸ਼ਿਆਰਪੁਰ ਤੋਂ ਸ਼ੁਰੂ ਹੋਣ ਵਾਲੇ ਇਸ ਖੇਤਰ ਵਿਚ ਦਸੂਹਾ, ਮੁਕੇਰੀਆਂ, ਗੁਰਦਾਸਪੁਰ, ਪਠਾਨਕੋਟ ਤੋਂ ਅੱਗੇ ਤੇਲ ਦਾ ਇਹ ਖੇਤਰ ਜੰਮੂ-ਕਸਮੀਰ ਵਿਚ ਸਾਂਬਾ ਅਤੇ ਜੰਮੂ ਤੱਕ ਜਾਂਦਾ ਹੈ, ਜਦੋਂਕਿ ਅੱਗੋਂ ਇਹ ਖੇਤਰ ਪਾਕਿਸਤਾਨ ਵਿਚ ਅਖਨੂਰ ਅਤੇ ਸੂਈਮੂਈ ਤੋਂ ਹੁੰਦਾ ਹੋਇਆ ਅਫਗਾਨਿਸਤਾਨ ਤੱਕ ਵੀ ਹੋ ਸਕਦਾ ਹੈ। ਪਾਕਿਸਤਾਨ ਵਲੋਂ ਸੂਈਮੂਈ ਦੇ ਖੇਤਰ ਤੋਂ ਤੇਲ ਅਤੇ ਗੈਸ ਕੱਢਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਨਿਕਲਣ ਵਾਲੀ ਇਹ ਗੈਸ ਪਾਕਿਸਤਾਨ ਵਿਚ ਪਾਈਪਾਂ ਰਾਹੀਂ ਕਈ ਖੇਤਰਾਂ ਤੱਕ ਪਹੁੰਚਾਈ ਜਾ ਰਹੀ ਹੈ।

ਭਾਰਤ ਸਰਕਾਰ ਦੀ ਕੰਪਨੀ ਤੇਲ ਅਤੇ ਕੁਦਰਤੀ ਗੈਸ ਨਿਗਮ (ਓ.ਐਨ.ਜੀ.ਸੀ.) ਵਲੋਂ ਜ਼ਮੀਨ ਹੇਠ ਇਸ ਖੇਤਰ ਵਿਚ ਕੁਝ ਥਾਵਾਂ ‘ਤੇ ਕੀਤੇ ਗਏ ਬੋਰਾਂ ਦੌਰਾਨ ਸਾਹਮਣੇ ਆਇਆ ਹੈ ਕਿ ਇਸ ਖੇਤਰ ਵਿਚ ਹਾਈਡਰੋ ਕਾਰਬਨ ਦੀ ਮਾਤਰਾ ਕਾਫੀ ਜ਼ਿਆਦਾ ਹੈ, ਜਿਸ ਤੋਂ ਸਪੱਸ਼ਟ ਹੈ ਕਿ ਧਰਤੀ ਹੇਠਾਂ ਤੇਲ ਅਤੇ ਗੈਸ ਦੀ ਮਾਤਰਾ ਕਾਫੀ ਹੋ ਸਕਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਹੁਸ਼ਿਆਰਪੁਰ ਤੋਂ ਸ਼ੁਰੂ ਹੋਣ ਵਾਲਾ ਤੇਲ ਅਤੇ ਕੁਦਰਤੀ ਗੈਸ ਦਾ ਇਹ ਖੇਤਰ ਭਾਰਤ ਵਿਚ ਕੋਈ 200 ਕਿਲੋਮੀਟਰ ਤੋਂ ਵੱਧ ਲੰਬਾ ਹੈ।

## ਹਰਪ੍ਰੀਤ ਖੁਰਾਣਾ ਬਣਿਆ ਕੈਨੇਡਾ ‘ਚ ਬੈਰਿਸਟਰ ਤੇ ਸੋਲਿਸਟਰ

**ਜਲਾਲਾਬਾਦ :** ਜਲਾਲਾਬਾਦ ਦੇ ਐਡਵੋਕੇਟ ਹਰਪ੍ਰੀਤ ਸਿੰਘ ਖੁਰਾਣਾ ਜ਼ਿਲ੍ਹਾ ਫਿਰੋਜ਼ਪੁਰ ਵਿਚੋਂ ਉਹ ਪਹਿਲੇ ਅਜਿਹੇ ਵਿਅਕਤੀ ਹਨ, ਜਿਨ੍ਹਾਂ ਨੂੰ ਕੈਨੇਡਾ ‘ਚ ਬੈਰਿਸਟਰ ਅਤੇ ਨੋਟਰੀ ਪਬਲਿਕ ਦੀ ਡਿਗਰੀ ਪ੍ਰਾਪਤ ਹੋਈ ਹੈ।

ਹਰਪ੍ਰੀਤ ਖੁਰਾਣਾ ਨੇ ਸਾਲ 1995 ਤੋਂ ਲੈ ਕੇ 2006 ਤੱਕ ਜਲਾਲਾਬਾਦ ਦੀ ਕੋਰਟ ‘ਚ ਬਤੌਰ ਐਡਵੋਕੇਟ ਸੇਵਾਵਾਂ ਦਿੱਤੀਆਂ। ਫਰਵਰੀ 2007 ‘ਚ ਉਨ੍ਹਾਂ ਨੇ ਕੈਨੇਡਾ ‘ਚ ਵਕਾਲਤ ਦੇ ਆਧਾਰ ‘ਤੇ ਪੱਕੀ ਨਾਗਰਿਕਤਾ ਪ੍ਰਾਪਤ ਕੀਤੀ।
















# ਯੂਨਾਈਟਿਡ ਸਪੋਰਟਸ ਕਲੱਬ ਦੇ ਹੇਵਰਡ ਕਬੱਡੀ ਮੇਲੇ ਦੇ ਨਜ਼ਾਰੇ

ਕੁਮੈਂਟੇਟਰ ਮੱਖਣ ਸਿੰਘ ਹਕੀਮਪੁਰ ਅਤੇ ਮੈਂ ਨਿਊ ਯਾਰਕ ਤੋਂ ਐਲ ਏ, ਬੇਕਰਸਫੀਲਡ ਅਤੇ ਫਰਿਜ਼ਨੋ ਵਗੈਰਾ ਹੁੰਦੇ ਹੋਏ ਬੇਅ ਏਰੀਏ ਵਿਚ ਪੁਹੁੰਚੇ। ਇੰਗਲੈਂਡ, ਟੋਰਾਂਟੋ ਤੇ ਵੈਨਕੂਵਰ ਤੋਂ ਆਏ ਖਿਡਾਰੀਆਂ, ਟੀਮਾਂ ਦੇ ਕੋਚਾਂ/ਮੈਨੇਜਰਾਂ ਤੇ ਰੈਫਰੀਆਂ/ਅੰਪਾਇਰਾਂ ਦੀ ਰਹਾਇਸ਼ ਦਾ ਬੜਾ ਵਧੀਆ ਪ੍ਰਬੰਧ ਸੀ। ਰਾਜਾ ਸਵੀਟਸ ਵਾਲੇ ਮੱਖਣ ਸਿੰਘ ਨੇ ਖਾਣਾ ਸਪਾਂਸਰ ਕੀਤਾ ਸੀ। ਖੇਡ ਮੇਲਿਆਂ ਦਾ ਇੰਟਰਨੈਸ਼ਨਲ ਫੋਟੋ ਕਲਾਕਾਰ ਸੰਤੋਖ ਸਿੰਘ ਮੰਡੇਰ ਆਪਣੇ ਸਪੈਸ਼ਲ ਕੈਮਰੇ ਨਾਲ ਪਹੁੰਚ ਗਿਆ ਸੀ। ਤਦੇ ਰੇਡੀਓ ਚੜ੍ਹਦੀ ਕਲਾ ਦਾ ਹੋਸਟ ਗੁਰਚਰਨ ਸਿੰਘ ਮਾਨ ਵੀ ਪਹੁੰਚ ਗਿਆ ਜਿਸ ਨਾਲ ਕਬੱਡੀ ਕੱਪ ਬਾਰੇ ਸਾਡੀਆਂ ਗੱਲਾਂ ਬਾਤਾਂ ਦਾ ਪ੍ਰਸਾਰਨ ਸ਼ੁਰੂ ਹੋ ਗਿਆ।



ਸੰਗ ਹੈ। ਪ੍ਰਬੰਧਕਾਂ ਦਾ ਸੰਦੇਸ਼ ਦਿੱਤਾ ਕਿ ਕੈਲੀਫੋਰਨੀਆ ਦੀ ਧਰਤੀ 'ਤੇ ਕਰਾਇਆ ਜਾ ਰਿਹਾ ਇਹ ਕਬੱਡੀ ਕੱਪ ਵੇਖਣਯੋਗ ਹੋਵੇਗਾ। ਇਸ ਵਿਚ ਕਬੱਡੀ ਦੇ ਧਨੰਤਰ ਖਿਡਾਰੀ ਖੇਡ ਰਹੇ ਹਨ ਜਿਨ੍ਹਾਂ ਦੀ ਇਕ-ਇਕ ਕਬੱਡੀ ਤੇ ਇਕ-ਇਕ ਜੱਫਾ ਗਾਹੀਆਂ ਵਾਟਾਂ ਤੇ ਸਮੇਂ ਦਾ ਪੂਰਾ ਮੁੱਲ ਮੋੜੇਗਾ। ਵਰਲਡ ਕੱਪ ਦੇ ਉੱਤਮ ਧਾਵੀ ਕੁਲਜੀਤੇ ਮਲਸੀਹਾਂ ਦੇ ਧਾਵੇ ਤੇ ਸੰਦੀਪ ਨੰਗਲ ਅੰਬੀਆਂ ਦੇ ਜੱਫੇ ਬਹਿਜਾ-ਬਹਿਜਾ ਕਰਾਉਣਗੇ। ਯੂਬਾ ਸਿਟੀ ਦਾ ਜੌਨ੍ਹੀ ਸੋਚਦਾ ਹੋਵੇਗਾ ਕਿ ਮੈਨੂੰ ਡੱਕਣ ਵਾਲਾ ਕੋਈ ਜੰਮਿਆ ਈ ਨਹੀਂ ਤੇ ਤਾਊ ਕਹੇਗਾ ਕਿ ਅਸੀਂ ਕਿਸੇ ਨੂੰ ਛੱਡਿਆ ਈ ਨਹੀਂ। ਪਰ ਅਸਲੀ ਨਿਤਾਰੇ ਹੇਵਰਡ ਯੂਨੀਵਰਸਿਟੀ ਦੇ ਮੈਦਾਨ ਵਿਚ ਹੀ ਹੋਣਗੇ।

ਮੈਂ ਹੇਵਰਡ ਵਿਚ ਖੇਡੇ ਗਏ ਕਬੱਡੀ ਕੱਪ 1995, 2005 ਤੇ 2009 ਵਿਚ ਵੀ ਵੇਖੇ ਸਨ। ਯੂਨੀਵਰਸਿਟੀ ਦਾ ਸਟੇਡੀਅਮ ਕਬੱਡੀ ਦੀ ਖੇਡ ਲਈ ਬੜਾ ਢੁੱਕਵਾਂ ਸਥਾਨ ਸੀ। ਪਰ ਇਸ ਵਾਰ ਸਟੇਡੀਅਮ ਵਿਚ ਆਸਟਰੋ ਟਰਫ ਲੱਗਣ ਕਾਰਨ ਉਥੇ ਕਬੱਡੀ ਨਹੀਂ ਸੀ ਹੋ ਸਕਦੀ। ਸਟੇਡੀਅਮ ਤੋਂ ਕੁਝ ਹਟਵਾਂ ਇਕ ਹੋਰ ਖੇਡ ਮੈਦਾਨ ਕਬੱਡੀ ਕੱਪ ਲਈ ਕਿਰਾਏ 'ਤੇ ਲਿਆ ਗਿਆ। ਸਵੇਰੇ ਉਥੇ ਗਏ ਤਾਂ ਵੱਡੀ ਗਿਣਤੀ ਵਿਚ ਸਕਿਉਰਿਟੀ ਤੇ ਪੁਲਿਸ ਦੇ ਜਵਾਨ ਤਾਇਨਾਤ ਸਨ। ਗਾਖਲ ਨੇ ਰਾਤੀਂ ਹੀ ਦੱਸ ਦਿੱਤਾ ਸੀ ਕਿ ਕੁਝ ਦਿਨ ਪਹਿਲਾਂ ਕਬੱਡੀ ਦੇ ਇਕ ਟੂਰਨਾਮੈਂਟ ਵਿਚ ਹੋਈ ਗੜਬੜ ਕਾਰਨ ਸਕਿਉਰਿਟੀ ਤੇ ਪੁਲਿਸ ਲਾਉਣੀ ਪਈ ਹੈ। ਅਸੀਂ ਰੇਡੀਓ ਤੋਂ ਬੋਲਦਿਆਂ ਕਿਹਾ ਸੀ ਕਿ ਇਹ ਮੰਦਭਾਗੀ ਗੱਲ ਹੈ ਕਿ ਪੰਜਾਬੀਆਂ ਨੂੰ ਆਪਣੇ ਭਾਈਚਾਰਕ 'ਕੱਠਾਂ ਤੇ ਖੇਡ ਮੇਲਿਆਂ ਵਿਚ ਸਕਿਉਰਿਟੀ ਲਾਉਣ ਉਤੇ ਡਾਲਰ ਖਰਚਣੇ ਪੈ ਰਹੇ ਹਨ। ਭਾਈਚਾਰਕ 'ਕੱਠਾਂ ਵਿਚ ਪ੍ਰੇਮ ਪਿਆਰ ਤੇ ਮੇਲਜੋਲ ਵਧਣਾ ਚਾਹੀਦਾ ਹੈ ਨਾ ਕਿ ਨਫਰਤ। ਮੈਂ ਇਹ ਟੱਪਾ ਅਕਸਰ ਬੋਲਦਾ ਹਾਂ-ਖੇਡਾਂ ਖੇਡੋ ਤੇ ਖਿਡਾਓ ਓ ਪੰਜਾਬ ਵਾਸੀਓ, ਦਿਲੋਂ ਈਰਖਾ ਮੁਕਾਓ ਓ 'ਮਰੀਕਾ ਵਾਸੀਓ...।





**ਸਖਤ ਸੁਰੱਖਿਆ ਪ੍ਰਬੰਧ:** ਅਫ਼ਵਾਹ ਸੀ ਕਿ ਜਿਹੜੇ ਬੰਦੇ ਪਹਿਲੇ ਟੂਰਨਾਮੈਂਟ 'ਤੇ ਲੜੇ ਸੀ ਉਨ੍ਹਾਂ ਨੇ ਇਕ ਦੂਜੇ ਨੂੰ ਫਿਰ ਵੇਖ ਲੈਣ ਦਾ ਚੈਲੰਜ ਕੀਤਾ ਹੋਇਆ ਸੀ। ਉਹ ਇਸ ਕੱਪ ਵਿਚ ਵੀ ਖਲਲ ਪਾ ਸਕਦੇ ਸਨ। ਰੋਕਥਾਮ ਵਜੋਂ ਖੇਡ ਮੈਦਾਨ ਦੇ ਦਰ ਮੂਹਰੇ ਮੈਟਲ ਡਿਕੈਟਟਰ ਲਾਇਆ ਗਿਆ ਸੀ। ਹਰ ਮੇਲੀ ਗੇਲੀ ਨੂੰ ਮੈਟਲ ਡਿਟੈਕਟਰ ਵਿਚ ਦੀ ਲੰਘਾ ਕੇ ਖਰਖਰੇ ਵਰਗੇ ਯੰਤਰ ਨਾਲ ਟੋਹਿਆ ਜਾਂਦਾ ਸੀ। ਮੇਰੇ ਵਰਗੇ ਧੌਲਦਾੜ੍ਹੀਏ ਵੀ ਇਸੇ ਰਾਹ ਖਰਖਰਾ ਫਿਰਵਾ ਕੇ ਲੰਘੇ। ਇਸ ਡਿਊਟੀ ਉਤੇ ਤਿੰਨ ਜਣੇ ਖੜ੍ਹੇ ਸਨ ਜੋ ਜਟਕੇ ਹਿਸਾਬ ਨਾਲ ਏਨੇ ਪੈਸੇ ਲੈ ਗਏ ਹੋਣਗੇ ਜਿਨੇ ਦੀ ਸੱਜਰ ਸੂਈ ਮੱਝ ਆ ਜਾਂਦੀ ਹੈ!

ਕਬੱਡੀ ਦੇ ਸਾਬਕਾ ਖਿਡਾਰੀ ਸਰਵਣ ਸਿੰਘ ਬੱਲ ਨੂੰ ਮਰਹੂਮ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਨੇ ਮੱਝ ਇਨਾਮ ਵਿਚ ਦਿੱਤੀ ਸੀ। ਉਹੀ ਸਰਵਣ ਸਿੰਘ ਬੱਲ ਹੇਵਰਡ ਕਬੱਡੀ ਕੱਪ ਦਾ ਮੁੱਖ ਮਹਿਮਾਨ ਸੀ। ਇਥੇ ਉਸ ਨੂੰ ਗੋਲਡ ਮੈਡਲ ਨਾਲ ਸਨਮਾਨਿਆ ਗਿਆ। ਜੇਕਰ ਸਕਿਉਰਿਟੀ ਦੇ ਵੀਹ ਹਜ਼ਾਰ ਡਾਲਰਾਂ ਦੀ ਬਚਤ ਹੋ ਜਾਂਦੀ ਤਾਂ ਭਾਵੇਂ ਵੀਹ ਮੱਝਾਂ ਨਾਲ ਸਨਮਾਨ ਦਿੰਦੇ! ਪੰਜਾਬ 'ਚ ਪੰਜਾਹ ਸੱਠ ਖਿਡਾਰੀਆਂ ਲਈ ਦੁੱਧ ਘਿਓ ਦੀਆਂ ਲਹਿਰਾਂ ਲੱਗ ਜਾਂਦੀਆਂ!!

ਕਬੱਡੀ ਦਾਇਰੇ ਦੇ ਆਲੇ ਦੁਆਲੇ ਦਰਸ਼ਕ ਕਈ ਕਈ ਤੈਹਾਂ ਲਾਈ ਖੜ੍ਹੇ ਸਨ। ਲੜਾਈ ਝਗੜੇ ਦੀ ਅਫ਼ਵਾਹ ਤੇ ਲੋਹੜੇ ਦੀ ਗਰਮੀ ਦੇ ਬਾਵਜੂਦ ਦਰਸ਼ਕਾਂ ਦਾ ਇਹ ਰਿਕਾਡਤੋੜ 'ਕੱਠ ਸੀ। ਇਸ ਤੋਂ ਆਸ ਬੱਝਦੀ ਹੈ ਕਿ ਕਬੱਡੀ ਦੇ ਪ੍ਰਮੋਟਰ ਇਕਮੁੱਠ ਹੋ ਜਾਣ ਤਾਂ ਉਹ ਅਮਰੀਕਾ ਵਿਚ ਕਬੱਡੀ ਦਾ ਪੱਧਰ ਕਾਫੀ ਉੱਚਾ ਕਰ ਸਕਦੇ ਹਨ ਤੇ ਕਬੱਡੀ ਦਾ ਵਰਲਡ ਕੱਪ ਵੀ ਜਿੱਤ ਸਕਦੇ ਹਨ। ਖੁਸ਼ੀ ਦੀ ਗੱਲ ਹੈ ਕਿ ਅਮਰੀਕਾ ਦੇ ਜੰਮਪਲ ਬੱਚੇ ਕਬੱਡੀ ਦੇ ਲੜ ਲੱਗ ਰਹੇ ਹਨ।







ਖੇਡ ਮੈਦਾਨ ਕਾਫੀ ਉੱਚੀ ਜਗ੍ਹਾ ਸੀ ਜਿਥੋਂ ਦੂਰ ਤਕ ਸ਼ਹਿਰ ਦੇ ਨਜ਼ਾਰੇ ਦਿਸਦੇ ਸਨ। ਇਕ ਪਾਸੇ ਯੂਨੀਵਰਸਿਟੀ ਦੀ ਉੱਚੀ ਇਮਾਰਤ ਸੀ ਤੇ ਦੂਜੇ ਪਾਸੇ ਰੋਡੀ ਭੋਡੀ ਪਹਾੜੀ। ਪਰ੍ਹਾਂ ਸਮੁੰਦਰ ਸੀ। ਕਬੱਡੀ ਦੇ ਦਾਇਰੇ ਦੁਆਲੇ ਲੋਹੇ ਦਾ ਜੰਗਲਾ ਲਾਇਆ ਹੋਇਆ ਸੀ। ਬਾਹਰ ਕੁਰਸੀਆਂ ਸਨ ਤੇ ਖੜ੍ਹਨ ਲਈ ਜਗ੍ਹਾ ਸੀ। ਸਟੇਜ ਲੋਹੇ ਦੇ ਪਾਈਪਾਂ ਤੇ ਜਾਲੀਆਂ ਨਾਲ ਕਵਰ ਕੀਤਾ ਹੋਇਆ ਸੀ ਤਾਂ ਕਿ ਕੋਈ ਐਰ ਗ਼ੈਰ ਅੰਦਰ ਨਾ ਆ ਸਕੇ। ਕਲੱਬਾਂ ਦੇ ਬੈਨਰ ਲੱਗੇ ਹੋਏ ਸਨ। ਮਾਈਕ ਉਤੋਂ ਕਲੱਬ ਦਾ ਹੰਢਿਆ ਵਰਤਿਆ ਸਕੱਤਰ ਗੁਰਦਾਵਰ ਸਿੰਘ ਮਹੇੜੂ ਮੇਲੀਆਂ ਨੂੰ ਜੀ ਆਇਆਂ ਕਹਿ ਰਿਹਾ ਸੀ। ਸਟੇਜ ਦੀ ਮਲਕਾ ਬੀਬੀ ਆਸ਼ਾ ਸ਼ਰਮਾ ਵੀ ਆ ਗਈ ਸੀ ਤੇ ਮੱਖਣ ਸਿੰਘ ਵੀ ਮਾਈਕ ਤੋਂ ਕਬੱਡੀਆਂ ਪਾਉਣ ਲਈ ਪੱਬਾਂ ਭਾਰ ਹੋਈ ਫਿਰਦਾ ਸੀ। ਅਸੀਂ ਤਿੰਨਾਂ ਨੇ ਕੁਝ ਸ਼ਬਦ ਸਰੋਤਿਆਂ ਨਾਲ ਸਾਂਝੇ ਕੀਤੇ। ਕਬੱਡੀ ਕੋਚ ਸਰਦੂਲ ਸਿੰਘ ਰੰਧਾਵਾ ਨੇ ਸਟਾਪ ਵਾਚ ਫੜ ਲਈ। ਕਬੱਡੀ ਦੇ ਖੁੰਢ ਖਿਡਾਰੀ ਮੰਦਰ ਢੁੱਡੀਕੇ ਤੇ ਵੀਰੂ ਵੱਡੇ ਘਰ ਨੇ ਵਿਸਲਾਂ ਸੰਭਾਲ ਲਈਆਂ।

ਦੁਪਹਿਰ ਤਕ ਪਾਰਾ ਪਚੰਨਵੇਂ ਡਿਗਰੀ ਤੋਂ



## ਹੇਵਰਡ ਕਬੱਡੀ ਕੱਪ ਬੇ-ਏਰੀਆ ਕਲੱਬ ਨੇ ਜਿਤਿਆ

ਹੋਇਆ ਜਿਸ ਦਾ ਸਿਹਰਾ ਪ੍ਰਬੰਧਕਾਂ ਦੇ ਨਾਲ ਦਰਸ਼ਕਾਂ ਦੇ ਸਿਰ ਵੀ ਜਾਂਦਾ ਹੈ। ਅਮੋਲਕ ਸਿੰਘ ਗਾਖਲ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਪਿਛਲੇ ਸਾਲ ਵਾਲਾ ਵਾਇਦਾ ਫਿਰ ਦੁਹਰਾਇਆ ਕਿ ਅਗਲੇ ਸਾਲ ਕੱਪ ਹੋਰ ਵੀ ਧੂਮ-ਧਾਮ ਨਾਲ ਕਰਾਵਾਂਗੇ। ਇਸ ਕਬੱਡੀ ਮੇਲੇ ਨੂੰ ਕਾਮਯਾਬ ਕਰਨ ਲਈ ਗਾਖਲ ਭਰਾਵਾਂ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਅਤੇ ਇਕਬਾਲ ਸਿੰਘ ਗਾਖਲ ਨੇ ਆਪਣੇ ਵੱਕਾਰ ਦਾ ਸਵਾਲ ਸਮਝ ਕੇ ਕਈ ਮਹੀਨੇ ਦਿਨ ਰਾਤ ਇਕ ਕਰੀ ਰਖਿਆ। ਬਲਬੀਰ ਸਿੰਘ ਭਾਟੀਆ ਪ੍ਰਧਾਨ, ਗੁਰਦਾਵਰ ਸਿੰਘ ਮਹੇੜੂ ਸਕੱਤਰ ਤੇ ਪਰਮਜੀਤ ਸਿੰਘ ਸੰਧੂ ਕੋਚ ਨੇ ਵੀ ਕੋਈ ਕਸਰ ਬਾਕੀ ਨਾ ਛਡੀ। ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ ਤੇ ਨਰਿੰਦਰ ਸਿੰਘ ਸਹੋਤਾ ਨੇ ਵੀ ਅੱਡੀ-ਚੋਟੀ ਦਾ ਟਿੱਲ ਲਾਈ ਰਖਿਆ। ਕਲੱਬ ਨੇ ਕਬੱਡੀ ਖਿਡਾਰੀ ਤੀਰਥ ਗਾਖਲ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਸ ਨੇ ਕਬੱਡੀ ਟੀਮਾਂ ਮੇਲੇ ਵਿਚ ਲਿਆਉਣ ਲਈ ਵਿਸ਼ੇਸ਼ ਯੋਗਦਾਨ ਪਾਇਆ।

ਅਸੀਂ ਕਬੱਡੀ ਦੀ ਖੇਡ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਪੰਜਾਬ ਵਿਚ ਹੋਏ ਕਬੱਡੀ ਦੇ ਵਰਲਡ ਕੱਪ ਨਾਲ ਕਬੱਡੀ ਦੁਨੀਆਂ ਵਿਚ ਵਸਦੇ ਚੌਦਾਂ ਕਰੋੜ ਪੰਜਾਬੀਆਂ ਦੀ ਪਛਾਣ ਬਣ ਗਈ ਹੈ। ਪੰਜਾਬੀ ਜਿਥੇ ਵੀ ਹਨ ਕਬੱਡੀ ਉਨ੍ਹਾਂ ਦੇ ਅੰਗ





ਟੱਪ ਗਿਆ ਸੀ। ਉਂਜ ਵਗਦੀ 'ਵਾ ਕਾਰਨ ਵੱਟ ਮਰੋੜ ਤੋਂ ਬਚਾਅ ਸੀ। ਉਦੋਂ ਤਕ ਬੇਕਰਜ਼ਫੀਲਡ ਤੋਂ ਸੁੱਖੀ ਘੁੰਮਣ ਤੇ ਫਰਿਜ਼ਨੋ ਤੋਂ ਪਾਲ ਸਹੋਤੇ ਦੇ ਜਥੇ ਪਹੁੰਚ ਗਏ ਸਨ। ਨਿਊਯਾਰਕ ਤੋਂ ਸਬਜ਼ੀ ਮੰਡੀ ਵਾਲਾ ਜਗੀਰ ਸਿੰਘ ਭਲਵਾਨੀ ਗੇੜੇ ਦੇ ਰਿਹਾ ਸੀ ਤੇ ਅਮਰੀਕਾ ਅਕਾਲੀ ਦਲ ਦਾ ਜਨਰਲ ਸਕੱਤਰ ਦਵਿੰਦਰ ਸਿੰਘ ਰਣੀਆ ਨੀਲੀ ਪੱਗ ਬੰਨ੍ਹ ਕੇ ਢੁੱਕਾ ਸੀ। ਸ਼ੁਕੀਨੀ 'ਚ ਪਾਇਆ ਕੋਟ ਉਸ ਨੂੰ ਲਾਹੁਣਾ ਪੈ ਗਿਆ ਸੀ। ਅੱਜ ਉਸ ਦਾ ਵਿਸ਼ੇਸ਼ ਮਾਣ ਸਨਮਾਨ ਕੀਤਾ ਜਾਣਾ ਸੀ।

ਮਾਣ ਸਨਮਾਨ ਲਈ ਸੱਦੇ ਸਾਬਕਾ ਕਬੱਡੀ ਖਿਡਾਰੀ ਸਰਵਣ ਸਿੰਘ ਬੱਲ, ਸਰਦੂਲ ਸਿੰਘ ਰੰਧਾਵਾ, ਅਜੀਤ ਸਿੰਘ ਬੱਲ, ਮੇਜਰ ਸਿੰਘ ਬੈਂਸ, ਇਕਬਾਲ ਸਿੰਘ ਮਾਨ, ਸੁਰਿੰਦਰ ਸਿੰਘ ਅਟਵਾਲ, ਮੰਦਰ, ਵੀਰੂ ਵੱਡਾ ਘਰ, ਪਾਲੀ ਮਹੇ, ਬਲਜੀਤ ਸੰਧੂ, ਬਲਵਿੰਦਰ ਸਿੰਘ, ਜੋਗਿੰਦਰ ਸਿੰਘ ਤੇ ਦਲਜੀਤ ਸਿੰਘ ਸਟੇਜ ਦਾ ਸ਼ਿੰਗਾਰ ਸਨ। ਦਰਸ਼ਕ ਜੰਗਲੇ ਉਦਾਲੇ ਤੇ ਉਪਰਲੀ ਬੰਨੀ ਉਤੇ ਵੀ ਖੜ੍ਹੇ ਸਨ। ਕਬੱਡੀ 'ਚ ਏਨੀ ਕਸ਼ਿਸ਼ ਸੀ ਕਿ ਨਾ ਉਨ੍ਹਾਂ ਨੂੰ ਧੁੱਪ ਦੀ ਪਰਵਾਹ ਸੀ ਤੇ ਨਾ ਗਰਮੀ ਦੀ।

*-ਪ੍ਰਿੰ. ਸਰਵਣ ਸਿੰਘ*

























ਪੰਜਾਬੀ ਮਾਂ ਖੇਡ ਕਬੱਡੀ ਦੇ ਮਸ਼ਹੂਰ ਜਾਫੀ ਹਰਦੀਪ ਸਿੰਘ ਉਰਫ ਤਾਊ ਪਿਛਲੇ ਦਿਨੀਂ ਇੱਥੇ ਫੇਰਾ ਪਾਉਣ ਲਈ ਆਏ ਸਨ ਉਹ ਇੱਥੇ ਆਪਣੇ ਰਿਸ਼ਤੇਦਾਰ ਪੀਟਰਸਨ ਆਟੋ ਬਾਡੀ ਦੇ ਸੰਤੋਖ ਸਿੰਘ (ਡੀ.ਸੀ.) ਦੇ ਕੋਲ ਆਏ ਸਨ। ਤਾਊ 25 ਸਤੰਬਰ ਨੂੰ ਕੈਲੇਫੋਰਨੀਆ ਵਿਚ ਹੋਏ ਯੁਨਾਈਟਿਡ ਸਪੋਰਟਸ ਕਲੱਬ ਦੇ ਕਬੱਡੀ ਮੇਲੇ ਵਿਚ ਮੈਚ ਖੇਡਣ ਲਈ ਜਾਣ ਤੋ ਪਹਿਲਾਂ ਇਥੇ ਠਹਿਰੇ ਸਨ। ਉਨ੍ਹਾਂ ਦਾ ਇੱਥੇ ਭਰਵਾਂ ਮਾਣ ਸਨਮਾਨ ਕੀਤਾ ਗਿਆ ਜਿਸ ਵਿਚ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਸ਼ਿਕਾਗੋ) ਦੇ ਪ੍ਰਧਾਨ ਅਮਰਦੇਵ ਸਿੰਘ ਬਦੇਸ਼ਾ, ਹੈਪੀ ਹੀਰ, ਪਰਮਿੰਦਰ ਸਿੰਘ ਵਾਲੀਆ, ਅਜੈਬ ਸਿੰਘ ਲਖਨ, ਲਵਦੀਪ ਸਿੰਘ ਦੁੱਲਤ, ਲੱਕੀ ਸਹੋਤਾ, ਮਹਿੰਦਰ ਸਿੰਘ ਰਕਾਲਾ, ਬਿੰਦੂ ਹੀਰ,ਨਰਿੰਦਰ ਸਿੰਘ ਸਰਾਂ, ਪੰਜਾਬੀ ਲਾਇਨਜ਼ ਕਲੱਬ ਦੇ ਪ੍ਰਧਾਨ ਗਿਆਨ ਸਿੰਘ ਸੀਹਰਾ, ਸੰਤੋਖ ਸਿੰਘ ਡੀ.ਸੀ., ਭੁਪਿੰਦਰ ਸਿੰਘ ਬਿੱਲਾ, ਪੰਜਾਬੀ ਸਾਹਿਤ ਸਭਾ ਦੇ ਸਤਿੰਦਰ ਸਿੰਘ ਸੁਸਾਣਾ, ਹਰਦੀਪ ਤਾਊ ਦੇ ਵੱਡੇ ਭਰਾ ਲਖਵਿੰਦਰ ਸਿੰਘ ਸਰਾਂ, ਪੰਜਾਬੀ ਅਮੈਰਕਿਨ ਆਰਗੇਨਾਈਜੇਸ਼ਨ ਦੇ ਜਗਮੀਤ ਸਿੰਘ ਅਤੇ ਗੁਲਜਾਰ ਸਿੰਘ ਮੁਲਤਾਨੀ, ਸੁਰਿੰਦਰ ਸਿੰਘ ਛਿੰਦਾ, ਜਿੰਦੀ ਦਿਆਲ, ਅਸ਼ੋਕ ਕੁਮਾਰ, ਕਾਕਾ ਸਰਾਂ, ਜਸਕਰਨ ਧਾਲੀਵਾਲ, ਹਰਦੀਪ ਸਿੰਘ ਗਿੱਲ, ਜੱਸੀ, ਪੰਮਾ, ਗੁਰਮੁਖ ਸਿੰਘ ਭੁੱਲਰ ਤੇ ਹੋਰ ਸ਼ਾਮਲ ਸਨ।

# ਮੁਬਾਰਕਾਂ ਮੁਬਾਰਕਾਂ ਮੁਬਾਰਕਾਂ



**ਪ੍ਰਕਾਸ਼ ਸਿੰਘ ਬਾਦਲ**
(ਮੁੱਖ ਮੰਤਰੀ ਪੰਜਾਬ ਅਤੇ
ਚੀਫ ਪੈਟਰਨ ਐਨ.ਆਰ.ਆਈ ਸਭਾ)



**ਸੁਖਬੀਰ ਸਿੰਘ ਬਾਦਲ**
ਉਪ ਮੁੱਖ ਮੰਤਰੀ ਪੰਜਾਬ



**ਜਥੇ. ਸੇਵਾ ਸਿੰਘ ਸੇਖਵਾਂ**
ਲੋਕ ਸੰਪਰਕ ਅਤੇ ਐਨ.ਆਰ.ਆਈ ਮੰਤਰੀ ਪੰਜਾਬ



**ਕਮਲਜੀਤ ਸਿੰਘ ਹੇਅਰ**
ਪ੍ਰਧਾਨ ਐਨ.ਆਰ.ਆਈ ਸਭਾ



**ਜੋਬਨਜੀਤ ਸਿੰਘ ਬੌਬੀ**
ਚੇਅਰਮੈਨ ਐਨ.ਆਰ.ਆਈ ਸਭਾ ਅਮਰੀਕਾ




**ਜਸਪ੍ਰੀਤ ਸਿੰਘ** ਅਟਾਰਨੀ ਐਟ ਲਾਅ
ਪ੍ਰਧਾਨ ਐਨ ਆਰ ਆਈ ਸਭਾ ਅਮਰੀਕਾ

ਉਘੇ ਯੂਥ ਆਗੂ ਜੋਬਨਜੀਤ ਸਿੰਘ ਬੌਬੀ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਅਤੇ ਜਸਪ੍ਰੀਤ ਸਿੰਘ ਨੂੰ ਪ੍ਰਧਾਨ ਬਣਨ ਤੇ ਉਹਨਾਂ ਨੂੰ ਵਧਾਈ ਦਿੰਦੇ ਹਾਂ। ਅਸੀਂ ਉਹਨਾਂ ਦੀ ਇਸ ਨਿਯੁਕਤੀ ਉੱਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਲੋਕ ਸੰਪਰਕ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਐਨ.ਆਰ.ਆਈ. ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਦਾ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਇਕ ਪੜ੍ਹੇ-ਲਿਖੇ ਇਮਾਨਦਾਰ ਉਤਸ਼ਾਹੀ ਨੌਜਵਾਨ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸ: ਜੋਬਨਜੀਤ ਸਿੰਘ ਬੌਬੀ ਅਤੇ ਜਸਪ੍ਰੀਤ ਸਿੰਘ ਆਪਣੀ ਇਸ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ।

ਵਲੋਂ :



**SAFEWAY TRUCK & BUS DRIVING SCHOOL**



Kuldip S. Billu

Se Habla Español **661-331-0786 661-302-1996**

# ਕਿਵੇਂ ਕੰਮ ਕਰਦੀ ਹੈ ਅਮਰੀਕਾ ਦੀ ਕੇਂਦਰੀ ਜਾਂਚ ਏਜੰਸੀ ਐਫ. ਬੀ. ਆਈ.



## ਚਲਦੇ ਫਿਰਦੇ

ਮਨਦੀਪ ਮਾਨ
ਫੋਨ:661-889-1927

ਅਮਰੀਕਾ ਦੀ ਪ੍ਰਮੁਖ ਜਾਂਚ ਏਜੰਸੀ ਐਫ. ਬੀ. ਆਈ. (ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ) ਦੁਨੀਆਂ ਦੀ ਸਭ ਤੋਂ ਪ੍ਰਮੁਖ ਕੇਂਦਰੀ ਜਾਂਚ ਏਜੰਸੀ ਹੈ ਜੋ ਡਿਪਾਰਟਮੈਂਟ ਆਫ ਜਸਟਿਸ ਦੇ ਨਾਲ ਕੰਮ ਕਰਦੀ ਹੈ ਪਰ ਆਜ਼ਾਦ ਤੌਰ 'ਤੇ। ਏਜੰਸੀ ਦੇ ਕਿਸੇ ਵੀ ਤਰ੍ਹਾਂ ਦੇ ਕੇਸ ਦੀ ਜਾਂਚ ਪੜਤਾਲ ਵਿਚ ਕੋਈ ਵੀ ਸਿੱਧੇ ਤੌਰ 'ਤੇ ਦਖਲ ਨਹੀਂ ਦੇ ਸਕਦਾ, ਇਥੋਂ ਤੱਕ ਕਿ ਅਮਰੀਕਾ ਦਾ ਰਾਸ਼ਟਰਪਤੀ ਵੀ ਨਹੀਂ, ਜੋ ਕਿ ਫੌਜਾਂ ਦਾ ਕਮਾਂਡਰ ਇਨ ਚੀਫ ਹੁੰਦਾ ਹੈ।



ਐਫ. ਬੀ. ਆਈ. ਦੀ ਸਥਾਪਨਾ ਸੰਨ 1908 ਵਿਚ ਅਧਿਕਾਰਤ ਤੌਰ 'ਤੇ ਹੋਈ। 12 ਸਪੈਸ਼ਲ ਏਜੰਟ ਰਾਸ਼ਟਰਪਤੀ ਦੇ ਸੁਰੱਖਿਆ ਅਮਲੇ ਦੀ ਸੀਕਰੇਟ ਸਰਵਿਸ ਤੋਂ ਲੈ ਕੇ ਇਸਦਾ ਗਠਨ ਕੀਤਾ ਗਿਆ। ਅਸਲ ਵਿਚ ਐਫ. ਬੀ. ਆਈ. ਦਾ ਨਾਂ ਸਰਕਾਰੀ ਤੌਰ 'ਤੇ ਸੰਨ 1935 ਵਿਚ ਰੱਖਿਆ ਗਿਆ। ਇਸ ਤੋਂ ਪਹਿਲਾਂ ਇਹ ਅਮਰੀਕਾ ਦੀ ਕੇਂਦਰੀ ਜਾਂਚ ਏਜੰਸੀ ਦੇ ਤੌਰ 'ਤੇ ਕੰਮ ਕਰ ਰਹੀ ਸੀ। ਸ਼ੁਰੂ ਵਿਚ ਐਫ. ਬੀ. ਆਈ. ਦੇ ਏਜੰਟਾਂ ਨੂੰ ਆਪਣੇ ਨਾਲ ਹਥਿਆਰ ਰੱਖਣ ਦੀ ਮਨਾਹੀ ਸੀ ਪਰ ਇਕ ਦੁਰਘਟਨਾ ਵਿਚ ਐਫ. ਬੀ. ਆਈ. ਦੇ ਕੁਝ ਏਜੰਟਾਂ ਦੇ ਮਾਰੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਹਥਿਆਰ ਰੱਖਣ ਦਾ ਕਾਨੂੰਨੀ ਅਧਿਕਾਰ ਦਿੱਤਾ ਗਿਆ ਜਿਸ ਕਰਕੇ ਹੁਣ ਹਰੇਕ ਸਪੈਸ਼ਲ ਏਜੰਟ ਨੂੰ 40 ਕੈਲੀਬਰ ਦਾ ਪਿਸਟਲ ਜਾਂ ਹੋਰ ਅਤਿ ਆਧੁਨਿਕ ਹਥਿਆਰ ਰੱਖਣ ਦਾ ਅਧਿਕਾਰ ਹੈ।

ਐਫ. ਬੀ. ਆਈ. ਦੇ ਪਹਿਲੇ ਡਾਇਰੈਕਟਰ ਮਿਸਟਰ ਜੇ. ਐਗਰ ਹੂਵਰ ਪੂਰੇ 48 ਸਾਲ ਇਸਦੇ ਮੁਖੀ ਰਹੇ ਪਰ ਉਨ੍ਹਾਂ ਦੀ ਮੌਤ ਤੋਂ ਬਾਅਦ ਕਾਂਗਰਸ ਨੇ ਇਹ ਬਿੱਲ ਪਾਸ ਕਰ ਦਿੱਤਾ ਕਿ ਡਾਇਰੈਕਟਰ ਦੇ ਅਹੁਦੇ ਦੀ ਮਿਆਦ ਦਸ ਸਾਲ ਤੋਂ ਜ਼ਿਆਦਾ ਨਹੀਂ ਹੋ ਸਕਦੀ। ਇਸਨੂੰ ਅਮਰੀਕਾ ਦਾ ਰਾਸ਼ਟਰਪਤੀ ਨਾਮਜ਼ਦ ਕਰਦਾ ਹੈ।

ਐਫ. ਬੀ. ਆਈ. ਦਾ ਮੁੱਖ ਕੰਮ ਦੇਸ਼ ਦੇ ਅੰਦਰ ਅਤੇ ਬਾਹਰ ਦਹਿਸ਼ਤਵਾਦ ਨਾਲ ਨਜਿੱਠਣ ਦਾ ਹੈ ਪਰ ਇਸ ਤੋਂ ਬਿਨਾਂ ਇਹ 200 ਤੋਂ ਵਧ ਕਿਸਮਾਂ ਦੇ ਅਪਰਾਧਾਂ ਦੀ ਜਾਂਚ ਦਾ ਕੰਮ ਕਰਦੀ ਹੈ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਰਿਸ਼ਵਤਖੋਰੀ, ਮਨੁੱਖੀ ਅਧਿਕਾਰਾਂ ਦੀ ਰੱਖਿਆ, ਬੈਂਕਰਪਸੀ ਫਰਾਡ, ਇੰਸ਼ੋਰੈਂਸ ਫਰਾਡ, ਮਾਰਗੇਜ਼ ਫਰਾਡ, ਮਾਨਵੀ ਸਮਗਲਿੰਗ ਯਾਨਿ ਕਬੂਤਰਬਾਜ਼ੀ, ਚੋਣਾਂ ਸੰਬੰਧੀ ਝਗੜੇ, ਹੈਲਥਕੇਅਰ ਫਰਾਡ, ਬੱਚਿਆਂ ਸੰਬੰਧੀ ਜ਼ਰਾਇਮ ਆਦਿ ਸ਼ਾਮਲ ਹਨ।

ਪੰਦਰਾਂ ਵਿਅਕਤੀਆਂ ਨਾਲ ਆਪਣਾ ਕੈਰੀਅਰ ਸ਼ੁਰੂ ਕਰਨ ਵਾਲੀ ਇਸ ਏਜੰਸੀ ਕੋਲ ਇਸ ਵਕਤ ਕੁੱਲ 30,000 ਮੁਲਾਜ਼ਮ ਹਨ, ਜਿਨ੍ਹਾਂ ਵਿਚੋਂ 13,412 ਸਪੈਸ਼ਲ ਏਜੰਟ ਅਤੇ ਬਾਕੀ ਦਫ਼ਤਰੀ ਅਮਲੇ ਦੇ ਮੁਲਾਜ਼ਮ ਹਨ। ਇਸ ਵਕਤ ਪੂਰੇ ਅਮਰੀਕਾ ਵਿਚ ਐਫ. ਬੀ. ਆਈ. ਦੇ ਕੁਲ 58 ਦਫ਼ਤਰ ਹਨ ਅਤੇ 400 ਛੋਟੀਆਂ ਸ਼ਾਖਾਵਾਂ ਤੋਂ ਇਲਾਵਾ ਦੁਨੀਆਂ ਭਰ ਵਿਚ 50 ਤੋਂ ਵੱਧ ਦਫ਼ਤਰ ਜਾਂ ਸ਼ਾਖਾਵਾਂ ਹਨ ਜਿਨ੍ਹਾਂ ਦਾ ਮੁੱਖ ਕੰਮ ਅਮਰੀਕਾ ਵਿਰੋਧੀ ਕਿਸੇ ਵੀ ਸੰਭਾਵੀ ਅਤਿਵਾਦੀ ਹਮਲੇ ਨੂੰ ਰੋਕਣਾ ਹੈ।

ਸਾਲ 2009 ਵਿਚ ਐਫ. ਬੀ. ਆਈ. ਦਾ ਸਾਲਾਨਾ ਬਜਟ ਅੱਠ ਬਿਲੀਅਨ ਡਾਲਰ ਦਾ ਸੀ ਜੋ ਕਿ ਕਿਸੇ ਵੀ ਮਾੜੇ ਦੇਸ਼ ਦੇ ਸਾਲਾਨਾ ਬਜਟ ਤੋਂ ਜ਼ਿਆਦਾ ਹੈ। ਐਫ. ਬੀ. ਆਈ. ਦੇ ਏਜੰਟ ਅਤਿ-ਆਧੁਨਿਕ ਤਕਨਾਲੋਜੀ ਨਾਲ ਲੈਸ ਹਨ, ਜਿਸ ਕਾਰਨ ਅਪਰਾਧੀਆਂ ਦਾ ਬਚ ਕੇ ਨਿਕਲਣਾ ਬੜਾ ਮੁਸ਼ਕਲ ਹੁੰਦਾ ਹੈ।

ਐਫ. ਬੀ. ਆਈ.ਵਿਚ ਵੱਖ-ਵੱਖ ਦੇਸ਼ਾਂ ਦੇ ਲੋਕ ਕੰਮ ਕਰਦੇ ਹਨ, ਜਿਨ੍ਹਾਂ ਨੂੰ ਨੌਕਰੀ ਹਾਸਲ ਕਰਨ ਤੋਂ ਪਹਿਲਾਂ ਬੜੇ ਕਠਿਨ ਇਮਤਿਹਾਨਾਂ ਵਿਚੋਂ ਗੁਜ਼ਰਨਾ ਪੈਂਦਾ ਹੈ ਜਿਸ ਵਿਚ ਬਚਪਨ ਤੋਂ ਲੈ ਕੇ ਭਰਤੀ ਹੋਣ ਵੇਲੇ ਤੱਕ ਦਾ ਸਭ ਤਰ੍ਹਾਂ ਦਾ ਰਿਕਾਰਡ ਸ਼ਾਮਿਲ ਹੁੰਦਾ ਹੈ। 11 ਸਤੰਬਰ ਦੇ ਹਮਲਿਆਂ ਤੋਂ ਬਾਅਦ ਐਫ. ਬੀ. ਆਈ. ਦੀਆਂ ਸ਼ਕਤੀਆਂ ਅਸੀਮਤ ਕਰ ਦਿੱਤੀਆਂ ਗਈਆਂ ਹਨ ਜਿਸ ਕਰਕੇ ਕੋਈ ਵੀ ਵਿਅਕਤੀ ਵਿਸ਼ੇਸ਼ ਚਾਹੇ ਉਹ ਕਿੱਡੇ ਵੀ ਅਹੁਦੇ ਉਪਰ ਹੋਵੇ, ਸ਼ੱਕ ਪੈਣ 'ਤੇ ਐਫ. ਬੀ. ਆਈ. ਉਸਨੂੰ ਕਿਸੇ ਵੀ ਸਮੇਂ ਸਵਾਲ ਜਾਂ ਗ੍ਰਿਫ਼ਤਾਰ ਕਰ ਸਕਦੀ ਹੈ।

ਇਰਾਕ 'ਤੇ ਹਮਲੇ ਤੋਂ ਬਾਅਦ ਜਦ ਸੱਦਾਮ ਹੁਸੈਨ ਫੜਿਆ ਗਿਆ ਤਾਂ ਉਸਦੇ ਮੂੰਹ ਵਿਚੋਂ ਗੈਸ ਦੇ ਚੈਂਬਰਾਂ ਵਿਚ ਮਰੇ ਵਿਅਕਤੀਆਂ ਬਾਰੇ ਸੱਚ ਉਗਲਾਉਣ ਖਾਤਰ ਸੀ. ਆਈ. ਏ. ਅਤੇ ਐਫ. ਬੀ. ਆਈ. ਨੇ ਉਸਦੀ ਜੇਲ੍ਹ ਵਿਚ ਕੈਦ ਇਕ ਮੁਸਲਿਮ ਏਜੰਟ ਨੂੰ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਦਾ ਪੀ ਏ ਦੱਸ ਕੇ ਉਸ ਤੋਂ ਇਸ ਸਾਰੇ ਗੈਸ ਕਾਂਡ ਬਾਰੇ ਜਾਣਕਾਰੀ ਹਾਸਲ ਕੀਤੀ। ਅਸਲ ਵਿਚ ਉਹ ਰਾਸ਼ਟਰਪਤੀ ਦਾ ਪੀ ਏ ਨਹੀਂ ਸਗੋਂ ਐਫ ਬੀ ਆਈ ਦਾ ਇਕ ਏਜੰਟ ਸੀ ਜਿਸਨੇ ਸੱਦਾਮ ਹੁਸੈਨ ਦੀ ਭਾਸ਼ਾ ਵਿਚ ਗੱਲ ਕਰ ਸਕਣ ਕਾਰਨ ਉਸਤੋਂ ਸਾਰੇ ਗੁਪਤ ਭੇਦ ਲੈ ਲਏ। ਉਸ ਏਜੰਟ ਅਨੁਸਾਰ ਸੱਦਾਮ ਹੁਸੈਨ ਮੇਰੇ ਤੋਂ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦਾ ਕਿਉਂਕਿ ਸਿਰਫ ਮੈਂ ਹੀ ਸੀ ਜੋ ਉਸਨੂੰ ਕਿਸੇ ਵੇਲੇ ਵੀ ਮਿਲ ਸਕਦਾ ਸੀ ਜਾਂ ਉਸਦੀ ਜ਼ਰੂਰਤ ਦੀਆਂ ਚੀਜ਼ਾਂ ਮੁਹੱਈਆ ਕਰਵਾ ਸਕਦਾ ਸੀ। ਉਸ ਅਨੁਸਾਰ ਇਕ ਵਾਰ ਸੱਦਾਮ ਜੇਲ ਵਿਚ ਜ਼ਿਆਦਾ ਬਿਮਾਰ ਹੋ ਗਿਆ ਤੇ ਉਨ੍ਹਾਂ ਉਸਨੂੰ ਹੈਲੀਕਾਪਟਰ ਉਪਰ ਲਿਜਾ ਕੇ ਕਿਸੇ ਦੂਸਰੇ ਸ਼ਹਿਰ ਉਸਦਾ ਇਲਾਜ ਕਰਵਾਇਆ। ਉਸ ਏਜੰਟ ਅਨੁਸਾਰ ਜਦ ਹੈਲੀਕਾਪਟਰ ਬਗਦਾਦ ਸ਼ਹਿਰ ਉਪਰੋਂ ਲੰਘ ਰਿਹਾ ਸੀ ਤਾਂ ਉਸਨੇ ਸੱਦਾਮ ਨੂੰ ਕਿਹਾ ਕਿ ਦੇਖ ਤੇਰੇ ਬਿਨਾਂ ਵੀ ਇਰਾਕ ਚੱਲ ਰਿਹਾ ਹੈ ਤੇ ਇਹ ਸੁਣ ਕੇ ਸੱਦਾਮ ਚੁੱਪਚਾਪ ਆਪਣੀ ਸੀਟ ਉਪਰ ਬੈਠਾ ਰਿਹਾ।

ਤੁਸੀਂ ਸੋਚਦੇ ਹੋਵੋਗੇ ਕਿ ਗੱਲ ਕਿਧਰੋਂ ਸ਼ੁਰੂ ਕੀਤੀ ਤੇ ਕਿਧਰ ਚਲੀ ਗਈ ਪਰ ਅਸਲ ਵਿਚ ਮੈਂ ਇਹ ਉਦਾਹਰਣਾਂ ਦੇ ਕੇ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਐਫ. ਬੀ. ਆਈ. ਵਿਚ ਨੌਕਰੀ ਕਰਨ ਦਾ ਮਤਲਬ ਆਪਣਾ ਦੇਸ਼, ਫਰਜ਼ ਪਹਿਲਾਂ ਹੁੰਦੇ ਹਨ, ਜਾਤਪਾਤ, ਧਰਮ, ਰਿਸ਼ਤੇਦਾਰੀ ਬਾਅਦ ਵਿਚ। ਸ਼ਾਇਦ ਇਸੇ ਕਰਕੇ ਹੀ ਬਹੁਤ ਘੱਟ ਬਾਹਰਲੇ ਦੇਸ਼ਾਂ ਦੇ ਲੋਕ ਐਫ. ਬੀ. ਆਈ. ਵਿਚ ਨੌਕਰੀ ਲੈਣ ਲਈ ਰੱਖੀਆਂ ਸ਼ਰਤਾਂ ਦੀ ਕਸੌਟੀ 'ਤੇ ਖਰੇ ਉਤਰਦੇ ਹੋਣ। ਪਰ ਬਾਵਜੂਦ ਇਸਦੇ ਐਫ. ਬੀ. ਆਈ. ਲਗਾਤਾਰ ਆਪਣੇ ਮਿਸ਼ਨ ਨੂੰ ਬਿਨਾਂ ਕਿਸੇ ਰੋਕ-ਟੋਕ ਦੇ ਅੱਗੇ ਵਧਾ ਰਹੀ ਹੈ, ਜਿਸਦੀ ਸਭ ਤੋਂ ਵੱਡੀ ਉਦਾਹਰਣ 11 ਸਤੰਬਰ ਦੇ ਹਮਲਿਆਂ ਤੋਂ ਬਾਅਦ ਅਮਰੀਕਾ ਉਪਰ ਹੋਣ ਵਾਲੇ ਕਿਸੇ ਵੀ ਅਤਿਵਾਦੀ ਹਮਲੇ ਨੂੰ ਨਾਕਾਮ ਬਣਾ ਦੇਣਾ ਤੇ ਅਪਰਾਧੀਆਂ ਦੀ ਤੁਰੰਤ ਗ੍ਰਿਫ਼ਤਾਰੀ ਹੈ।

ਅੰਤ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਅਮਰੀਕਨ ਨਾਗਰਿਕ ਹੋ ਤੇ ਇਕ ਚੁਣੌਤੀਪੂਰਨ ਅਤੇ ਰੋਮਾਂਚਿਕ ਕੈਰੀਅਰ ਨਾਲ ਜਿਊਣਾ ਚਾਹੁੰਦੇ ਹੋ ਤਾਂ ਕ੍ਰਿਪਾ ਕਰਕੇ ਇਕ ਵਾਰ ਐਫ. ਬੀ. ਆਈ. ਦੀ ਵੈਬਸਾਈਟ (www.fbi.com) ਜ਼ਰੂਰ ਦੇਖੋ। ਹੋ ਸਕਦਾ ਹੈ ਤੁਹਾਡੇ ਹੁਨਰ ਅਤੇ ਮਿਹਨਤ ਦਾ ਮੁੱਲ ਪੈ ਜਾਵੇ ਤੇ ਤੁਸੀਂ ਦੁਨੀਆਂ ਦੀ ਸਭ ਤੋਂ ਵੱਧ ਸ਼ਕਤੀਸ਼ਾਲੀ ਏਜੰਸੀ ਲਈ ਕੰਮ ਕਰ ਸਕੋ ਜੋ ਕਿ ਬਹੁਤਿਆਂ ਦਾ ਸੁਪਨਾ ਹੁੰਦਾ ਹੈ।

ਐਫ. ਬੀ. ਆਈ. ਦੇ ਦਫ਼ਤਰ ਅਮਰੀਕਾ ਦੇ ਹਰੇਕ ਵੱਡੇ-ਛੋਟੇ ਸ਼ਹਿਰ ਵਿਚ ਹਨ, ਜੇਕਰ ਤੁਸੀਂ ਕਿਤੇ ਅਤਿਵਾਦੀ ਗਤੀਵਿਧੀਆਂ ਦੇਖਦੇ ਹੋ ਤਾਂ ਤੁਰੰਤ ਆਪਣੇ ਲੋਕਲ ਐਫ. ਬੀ. ਆਈ. ਦਫ਼ਤਰ ਨਾਲ ਸੰਪਰਕ ਕਰੋ। ਬੇਕਰਜ਼ਫੀਲਡ ਸ਼ਹਿਰ ਵਿਚ ਐਫ. ਬੀ. ਆਈ ਨਾਲ ਗੱਲ ਕਰਨ ਲਈ ਫੋਨ 661-323-9665 ਉਪਰ ਗੱਲ ਕੀਤੀ ਜਾ ਸਕਦੀ ਹੈ ਜੋ ਕਿ ਪੂਰੀ ਤਰ੍ਹਾਂ ਰਿਕਾਰਡਡ ਹੋਵੇਗੀ।






# ਮੁਬਾਰਕਾਂ ਮੁਬਾਰਕਾਂ ਮੁਬਾਰਕਾਂ



**ਪ੍ਰਕਾਸ਼ ਸਿੰਘ ਬਾਦਲ**
(ਮੁੱਖ ਮੰਤਰੀ ਪੰਜਾਬ ਅਤੇ ਚੀਫ ਪੈਟਰਨ ਐਨ.ਆਰ.ਆਈ ਸਭਾ)



**ਸੁਖਬੀਰ ਸਿੰਘ ਬਾਦਲ**
ਉਪ ਮੁੱਖ ਮੰਤਰੀ ਪੰਜਾਬ



**ਜਥੇ. ਸੇਵਾ ਸਿੰਘ ਸੇਖਵਾਂ**
ਲੋਕ ਸੰਪਰਕ ਅਤੇ ਐਨ.ਆਰ.ਆਈ ਮੰਤਰੀ ਪੰਜਾਬ



**ਕਮਲਜੀਤ ਸਿੰਘ ਹੇਅਰ**
ਪ੍ਰਧਾਨ ਐਨ.ਆਰ.ਆਈ ਸਭਾ



**ਜੋਬਨਜੀਤ ਸਿੰਘ ਬੌਬੀ**
ਚੇਅਰਮੈਨ ਐਨ.ਆਰ.ਆਈ ਸਭਾ ਅਮਰੀਕਾ



**ਜਸਪ੍ਰੀਤ ਸਿੰਘ** ਅਟਾਰਨੀ ਐਟ ਲਾਅ
ਪ੍ਰਧਾਨ ਐਨ ਆਰ ਆਈ ਸਭਾ ਅਮਰੀਕਾ

ਉਘੇ ਯੂਥ ਆਗੂ ਜੋਬਨਜੀਤ ਸਿੰਘ ਬੌਬੀ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਅਤੇ ਜਸਪ੍ਰੀਤ ਸਿੰਘ ਨੂੰ ਪ੍ਰਧਾਨ ਬਣਨ ਤੇ ਉਹਨਾਂ ਨੂੰ ਵਧਾਈ ਦਿੰਦੇ ਹਾਂ । ਅਸੀਂ ਉਹਨਾਂ ਦੀ ਇਸ ਨਿਯੁਕਤੀ ਉਪੱਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਲੋਕ ਸੰਪਰਕ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਐਨ.ਆਰ.ਆਈ. ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਦਾ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਇਕ ਪੜੇ-ਲਿਖੇ ਇਮਾਨਦਾਰ ਉਤਸ਼ਾਹੀ ਨੌਜਵਾਨ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਨਿਯੁਕਤ ਕੀਤਾ ਹੈ । ਅਸੀਂ ਉਮੀਦ ਕਰਦੇ ਹਾਂ ਕਿ ਸ: ਜੋਬਨਜੀਤ ਸਿੰਘ ਬੌਬੀ ਅਤੇ ਜਸਪ੍ਰੀਤ ਸਿੰਘ ਆਪਣੀ ਇਸ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ।



ਅਰਵਿੰਦਰ ਸਿੰਘ ਲਾਖਨ

ਵਲੋਂ :

## ਅਰਵਿੰਦਰ ਸਿੰਘ ਲਾਖਨ

ਪ੍ਰਧਾਨ ਯੂਥ ਅਕਾਲੀ ਦਲ (ਬਾਦਲ) ਅਮਰੀਕਾ

## ਮਨਜੀਤ ਸਿੰਘ ਸੰਧਰ

# ਲੋਕ ਬਾਦਲ ਸਰਕਾਰ ਤੋਂ ਔਖੇ ਤੇ ਵਿਰੋਧੀ ਧਿਰ ਕਾਂਗਰਸ ਪਾਟੋਧਾੜ

**ਜਤਿੰਦਰ ਪਨੂੰ**

ਸਵਾ ਕੁ ਸਾਲ ਬਾਅਦ ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਹੋ ਜਾਣੀਆਂ ਨੇ। ਮੌਜੂਦਾ ਰਾਜ ਦੀ ਮਿਆਦ ਜਨਵਰੀ-ਫਰਵਰੀ 2012 ਨੂੰ ਮੰਨ ਕੇ ਨਹੀਂ ਚੱਲਿਆ ਜਾ ਸਕਦਾ, ਕਿਉਂਕਿ ਉਹ ਦੋਵੇਂ ਮਹੀਨੇ ਉਸ ਚੋਣ ਪ੍ਰਚਾਰ ਦੀ ਝੋਲੀ ਪੈ ਗਏ ਹੋਣਗੇ, ਜਿਸ ਦਾ ਚੱਕਾ ਚਾਰ ਕੁ ਮਹੀਨੇ ਉਸ ਤੋਂ ਪਹਿਲਾ ਹੀ ਬੱਝ ਜਾਣਾ ਹੈ। ਅਸਲ ਵਿਚ ਸਾਲ 2011 ਦੇ ਆਖਰੀ ਚਾਰ ਮਹੀਨੇ ਵੀ ਇਸੇ ਸਰਕਾਰ ਦੀ ਹੋਂਦ ਨਾ ਹੋਇਆਂ ਵਰਗੀ ਹੋਵੇਗੀ, ਜਿਸ ਦੌਰਾਨ ਪੱਕੇ ਭਗਤਾਂ ਤੋਂ ਬਿਨਾਂ ਹੋਰ ਕਿਸੇ ਸਰਕਾਰੀ ਕਰਮਚਾਰੀ ਜਾਂ ਅਧਿਕਾਰੀ ਨੇ ਇਸ ਸਰਕਾਰ ਦੀ ਹਦਾਇਤ ਹੁਣ ਵਾਂਗ ਨਹੀਂ ਮੰਨਣੀ ਤੇ ਏਧਰੋਂ-ਓਧਰੋਂ ਕਨਸੋਆਂ ਲੈਣ ਲੱਗੇ ਰਹਿਣਾ ਹੈ ਕਿ ਅਗਲੀ ਸਰਕਾਰ ਫਲਾਣੀ ਧਿਰ ਦੀ ਬਣੇਗੀ ਤੇ ਫਲਾਣੇ ਨੂੰ ਮੁੱਖ ਮੰਤਰੀ ਮੰਨਣਾ ਪੈਣਾ ਹੈ। ਇੰਜ ਹੁਣ ਵਾਲੇ ਰਾਜ ਕਰਤਿਆਂ ਕੋਲ ਕੁੱਲ ਮਿਲਾ ਕੇ ਸਿਰਫ ਗਿਆਰਾਂ ਕੁ ਮਹੀਨੇ ਹੀ ਹਨ, ਜਿਨ੍ਹਾਂ ਵਿਚ ਉਹ ਲੋਕਾਂ ਨੂੰ ਕੁਝ ਕਰ ਕੇ ਵਿਖਾ ਸਕਦੇ ਹਨ। ਪਿਛਲਾ ਆਮ ਵਿਹਾਰ ਇਹ ਹੈ ਕਿ ਸਰਕਾਰ ਆਖਰੀ ਸਾਲ ਜਾ ਕੇ ਧਮਕੜੇ ਪੈ ਜਾਂਦੀ ਹੈ ਤੇ ਅਫਸਰਸ਼ਾਹੀ ਆਪਣੀ ਚਾਲ ਹੋਰ ਘਟਾ ਲੈਂਦੀ ਹੁੰਦੀ ਹੈ। ਇਹ ਇਸ ਵਾਰੀ ਵੀ ਹੋਣਾ ਹੀ ਹੋਣਾ ਹੈ।

ਜਦੋਂ ਇਹ ਸਾਫ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਬਹੁਤਾ ਵਕਤ ਨਹੀਂ ਰਹਿ ਗਿਆ, ਓਦੋਂ ਸਾਡੇ ਪੰਜਾਬ ਦੀ ਹਾਲਤ ਇਸੇ ਤਰ੍ਹਾਂ ਦੀ ਹੈ ਕਿ ਲੋਕਾਂ ਦਾ ਰੌਂਅ ਸਮਝਣਾ ਬਹੁਤ ਔਖਾ ਨਹੀਂ। ਕਰਮਚਾਰੀ ਕਿਸੇ ਵੀ ਰਾਜ ਨੂੰ ਚਲਾਉਣ ਵਿਚ ਹੀ ਨਹੀਂ, ਉਸ ਨੂੰ ਕਾਇਮ ਰੱਖਣ ਜਾਂ ਉਲਟਾ ਦੇਣ ਵਿਚ ਵੀ ਅਹਿਮ ਰੋਲ ਅਦਾ ਕਰਦੇ ਹਨ। ਇਸ ਵਕਤ ਉਨ੍ਹਾਂ ਦੀ ਕੋਈ ਇਕ ਵੀ ਧਿਰ ਇਹੋ ਜਿਹੀ ਨਹੀਂ, ਜਿਸ ਨੂੰ ਸਰਕਾਰ ਦੇ ਰਵੱਈਏ ਵਲੋਂ ਸੰਤੁਸ਼ਟ ਮੰਨਿਆ ਜਾ ਸਕੇ। ਕੋਈ ਧਿਰ ਤਾਂ ਵੇਲੇ ਸਿਰ ਤਨਖਾਹਾਂ ਨਾ ਮਿਲਣ ਕਾਰਨ ਨਾਰਾਜ਼ ਹੈ, ਕੋਈ ਤਰੱਕੀਆਂ ਰੋਕ ਦਿੱਤੇ ਜਾਣ ਕਾਰਨ ਤੇ ਕੋਈ ਹੋਰ ਆਪਣੇ ਅੰਦਰਲੇ ਵੱਡੀ ਪਹੁੰਚ ਵਾਲੇ ਜੂਨੀਅਰ ਬੰਦਿਆਂ ਨੂੰ ਆਪਣੇ ਤੋਂ ਦੋ-ਦੋ ਦਰਜੇ ਸੀਨੀਅਰਾਂ ਦੇ ਸਿਰ 'ਤੇ ਸਵਾਰ ਕੀਤੇ ਜਾਣ ਕਾਰਨ ਮੂੰਹ ਫੁਲਾਈ ਬੈਠੀ ਹੈ। ਆਮ ਕਰ ਕੇ ਸਰਕਾਰਾਂ ਵੱਡੇ ਅਫਸਰਾਂ ਨੂੰ ਖੁਸ਼ ਰੱਖ ਕੇ ਇਹ ਆਸ ਕਰਦੀਆਂ ਹਨ ਕਿ ਉਹ ਇਸ ਦੇ ਪਰਦੇ ਢਕਣ ਦਾ ਕੰਮ ਕਰੀ ਜਾਣਗੇ, ਪਰ ਮੌਜੂਦਾ ਸਰਕਾਰ ਏਨਾ ਕੰਮ ਵੀ ਠੀਕ ਤਰ੍ਹਾਂ ਨਹੀਂ ਕਰ ਸਕੀ। ਅਫਸਰਸ਼ਾਹੀ ਦਾ ਇਕ ਵੱਡਾ ਹਿੱਸਾ ਇਸ ਸਰਕਾਰ ਦੇ ਕੁਝ ਖਾਸ ਝੋਲਾ-ਬਰਦਾਰਾਂ ਹੱਥੋਂ ਆਪਣੀ ਅਣਖ ਨੂੰ ਨਿੱਤ ਦਿਨ ਵੱਜਦੀ ਸੱਟ ਤੋਂ ਖਿਝਿਆ ਪਿਆ ਹੈ। ਕੁਝ ਚਾਪਲੂਸ ਕਿਸਮ ਦੇ ਬੰਦੇ, ਜਿਨ੍ਹਾਂ ਦੀ ਆਪਣੀ ਕੋਈ ਅਣਖ ਨਹੀਂ, ਦੂਜਿਆਂ ਨੂੰ ਕਸੂਤਾ ਫਸਾਉਣ ਲਈ ਉਨ੍ਹਾਂ ਸਾਹਮਣੇ ਆਪਣੇ ਤੋਂ ਉਮਰ ਵਿਚ ਛੋਟੇ ਆਗੂ ਦੇ ਗੋਡੀਂ ਇਸ ਕਰ ਕੇ ਹੱਥ ਲਾਉਂਦੇ ਹਨ ਜਾਂ ਸ਼ਾਇਦ ਉਨ੍ਹਾਂ ਨੂੰ ਕਹਿ ਕੇ ਇੰਜ ਕਰਵਾਇਆ ਜਾਂਦਾ ਹੈ, ਤਾਂ ਕਿ ਦੂਜੇ ਅਫਸਰ ਵੀ ਵੇਖੋ-ਵੇਖੀ ਉਸ ਦੇ ਗੋਡੀਂ ਹੱਥ ਲਾਉਣ ਲੱਗ ਪੈਣ। ਇਸ ਦੇ ਬਾਵਜੂਦ ਉਹ ਅਫਸਰ ਇਹ ਕੰਮ ਕਰਦੇ ਤਾਂ ਨਹੀਂ, ਪਰ ਇਹ ਸੋਚ ਲੈਂਦੇ ਹਨ ਕਿ ਹਰਕਤ ਨੋਟ ਕੀਤੀ ਗਈ ਹੋਵੇਗੀ ਤੇ ਅਗਲੇ ਦਿਨੀਂ ਇਸ 'ਗੁਸਤਾਖੀ' ਦਾ 'ਜਵਾਬੀ ਖਤ' ਕਦੇ ਵੀ ਆ ਸਕਦਾ ਹੈ। ਹਾਕਮਾਂ ਦੇ ਜੀ-ਹਜ਼ੂਰੀਆਂ ਦੇ ਇਸ ਨੁਸਖੇ ਕਾਰਨ ਅਫਸਰਸ਼ਾਹੀ ਦਾ ਖਿਝ ਰਿਹਾ ਕਾਫੀ ਵੱਡਾ ਹਿੱਸਾ ਦਿਨੋ-ਦਿਨ ਹੋਰ ਤੋਂ ਹੋਰ ਵੱਡਾ ਹੁੰਦਾ ਜਾ ਰਿਹਾ ਹੈ, ਪਰ ਸਰਕਾਰ ਚਲਾਉਣ ਵਾਲੇ ਇਸ ਤੋਂ ਬੇਫਿਕਰ ਹਨ। ਜੇ ਅਫਸਰਾਂ ਦਾ ਇਹ ਹਾਲ ਹੈ ਤਾਂ ਹੇਠਲੇ ਕਰਮਚਾਰੀਆਂ ਦਾ ਇਸਤੋਂ ਕਈ ਗੁਣਾਂ ਅਣਸੁਖਾਵਾਂ ਤੇ ਸਰਕਾਰ ਪ੍ਰਤੀ ਰੋਸੇ ਭਰਿਆ ਹੈ।

ਸਰਕਾਰ ਚਲਾਉਣ ਵਾਲਿਆਂ ਨੂੰ ਜੇ ਕਰਮਚਾਰੀਆਂ ਨਾਲ ਆਪਣੇ ਵਿਹਾਰ ਦੀ ਕਿਸੇ ਹੋਰ ਗੱਲ ਤੋਂ ਸਮਝ ਨਹੀਂ ਪਈ ਸੀ ਤਾਂ ਉਸ ਅਦਾਲਤੀ ਹੁਕਮ ਤੋਂ ਪੈ ਜਾਣੀ ਚਾਹੀਦੀ ਹੈ, ਜਿਸ ਰਾਹੀਂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਸਾਰੇ ਵੱਡੇ ਅਧਿਕਾਰੀਆਂ ਦੀ ਤਨਖਾਹ ਰੋਕ ਦਿੱਤੀ ਗਈ ਹੈ। ਉਨ੍ਹਾਂ ਸਾਰਿਆਂ ਦੀ ਤਨਖਾਹ ਓਨੀ ਦੇਰ ਰੋਕੀ ਗਈ ਹੈ, ਜਦੋਂ ਤੱਕ ਉਸ ਕਾਰਪੋਰੇਸ਼ਨ ਦੇ ਰਿਟਾਇਰ ਹੋਏ ਕਰਮਚਾਰੀਆਂ ਦੇ ਸੇਵਾ-ਮੁਕਤੀ ਲਾਭ ਉਨ੍ਹਾਂ ਨੂੰ ਨਹੀਂ ਦੇ ਦਿੱਤੇ ਜਾਂਦੇ। ਇਹ ਨੌਬਤ ਹੁਣ ਨਹੀਂ ਆਈ, ਕਈ ਮਹੀਨੇ ਪਹਿਲਾਂ ਦੀ ਆਈ ਪਈ ਹੈ, ਪਰ ਸਰਕਾਰ ਬੇਫਿਕਰ ਰਹੀ ਤੇ ਮਾਮਲਾ ਵਿਗੜਦਾ ਗਿਆ। ਜਦੋਂ ਇਹ ਕੇਸ ਪਹਿਲਾਂ ਅਦਾਲਤ ਵਿਚ ਗਿਆ ਸੀ, ਜੇ ਉਦੋਂ ਹੀ ਸਾਰਥਕ ਪਹੁੰਚ ਅਪਨਾ ਲਈ ਜਾਂਦੀ ਤਾਂ ਹੁਣ ਜੋ ਕੁਝ ਹੋ ਰਿਹਾ ਹੈ, ਉਹ ਨਹੀਂ ਸੀ ਹੋਣਾ ਤੇ ਇਸ ਨਾਲ ਸਰਕਾਰ ਤੋਂ ਵੱਖ-ਵੱਖ ਕਾਰਨਾਂ ਕਰ ਕੇ ਜੋ ਹੋਰ ਕਰਮਚਾਰੀ ਵਰਗ ਦੁਖੀ ਹਨ, ਉਨ੍ਹਾਂ ਨੂੰ ਨਵਾਂ ਇਸ਼ਾਰਾ ਵੀ ਨਹੀਂ ਸੀ ਮਿਲਣਾ। ਸਰਕਾਰ ਦੇ ਗਿਰਦ ਇਕ ਵੱਡਾ ਟੋਲਾ ਇਹੋ ਜਿਹੇ ਲੋਕਾਂ ਦਾ ਆਮ ਫਿਰਦਾ ਲੱਭਦਾ ਹੈ, ਜਿਹੜਾ ਹਰ ਮਾਮਲੇ ਬਾਰੇ ਕਿਸੇ ਗੱਲ ਦੀ ਪ੍ਰਵਾਹ ਨਾ ਕਰਨ ਦੀ ਸਲਾਹ ਦਿੰਦਾ ਤੇ ਫਿਰ ਇਸ ਨਾਲ ਪੈਦਾ ਹੋਈ ਸਥਿਤੀ ਵਿਚੋਂ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਦਾ ਹਰ ਮੌਕਾ ਭਾਲਦਾ ਹੈ।



ਐਨ ਇਹੋ ਗੱਲ ਕਿਸਾਨਾਂ ਦੇ ਮਾਮਲੇ ਵਿਚ ਕੀਤੀ ਗਈ ਹੈ। ਬਲਬੀਰ ਸਿੰਘ ਰਾਜੇਵਾਲ ਨੂੰ



ਪ੍ਰਕਾਸ਼ ਸਿੰਘ ਬਾਦਲ ਦੇ ਪੱਕੇ ਵਿਰੋਧੀਆਂ ਵਿਚ ਕਦੇ ਨਹੀਂ ਗਿਣਿਆ ਗਿਆ ਪਰ ਓਸੇ ਦੇ ਰਾਜ ਦੌਰਾਨ ਰਾਜੇਵਾਲ ਦੇ ਮਰਨ-ਵਰਤ ਰੱਖਣ ਤੱਕ ਦੀ ਨੌਬਤ ਵੀ ਆ ਗਈ। ਜਦੋਂ ਉਸ ਨੇ ਪਿਛਲੇ ਮਹੀਨੇ ਚੰਡੀਗੜ੍ਹ ਜਾ ਕੇ ਧਰਨਾ ਮਾਰਿਆ ਸੀ, ਓਦੋਂ ਮੁੱਖ ਮੰਤਰੀ ਨੇ ਆਪਣੇ ਪ੍ਰਿੰਸੀਪਲ ਸੈਕਟਰੀ ਨੂੰ ਭੇਜ ਕੇ ਇਹ ਸੁਨੇਹਾ ਦਿੱਤਾ ਸੀ ਕਿ ਕੇਂਦਰ ਸਰਕਾਰ ਤੋਂ ਆਏ ਅੱਠ ਸੌ ਕਰੋੜ ਰੁਪਏ ਪੰਜਾਬ ਦੇ ਕਿਸਾਨਾਂ ਨੂੰ ਹੀ ਵੰਡੇ ਜਾਣਗੇ, ਪਰ ਮਹੀਨਾ ਇਕ ਨਾ ਲੰਘਿਆ ਤੇ ਸਰਕਾਰ ਇਸ ਤੋਂ ਪਾਸਾ ਵੱਟ ਕੇ ਉਹੋ ਪੈਸੇ ਬਿਜਲੀ ਸਪਲਾਈ ਕਰਨ ਵਾਲੀ ਨਿੱਜੀ ਕੰਪਨੀ ਨੂੰ ਸੌਂਪਣ ਤੁਰ ਪਈ। ਰਾਜੇਵਾਲ ਦੇ ਮਰਨ-ਵਰਤ ਰੱਖਣ ਮਗਰੋਂ ਵੀ ਡਿਪਟੀ ਮੁੱਖ ਮੰਤਰੀ ਨੇ ਇਹ ਪੈਂਤੜਾ ਲੈਣ ਵਿਚ ਝਿਜਕ ਨਾ ਵਿਖਾਈ ਕਿ ਉਹ ਅੱਠ ਸੌ ਕਰੋੜ ਤਾਂ ਕਿਸਾਨਾਂ ਨੂੰ ਬਿਲਕੁਲ ਨਹੀਂ ਦੇਣੇ, ਪਰ ਦਿਨ ਚਾਰ ਨਹੀਂ ਲੰਘੇ ਤੇ ਮੁੱਖ ਮੰਤਰੀ ਸਾਹਿਬ ਨੂੰ ਆਪ ਜਾ ਕੇ ਰਾਜੇਵਾਲ ਨੂੰ ਜੂਸ ਦਾ ਗਲਾਸ ਪਿਆ ਕੇ ਐਲਾਨ ਕਰਨਾ ਪੈ ਗਿਆ ਕਿ ਕਿਸਾਨਾਂ ਨੂੰ ਤਿੰਨ ਸੌ ਕਰੋੜ ਰੁਪਏ ਵੰਡੇ ਜਾਣਗੇ। ਇਹੋ ਪਹੁੰਚ ਚਾਰ ਦਿਨ ਪਹਿਲਾਂ ਵੀ ਅਪਣਾਈ ਜਾ ਸਕਦੀ ਸੀ, ਪਰ ਉਨ੍ਹਾਂ ਸਲਾਹਕਾਰਾਂ ਦੀ ਮਨਸ਼ਾ ਪੂਰੀ ਨਹੀਂ ਸੀ ਹੋਣੀ, ਜਿਹੜੇ ਇਹੋ ਜਿਹੇ ਮੌਕੇ ਨੂੰ ਆਪਣੀ ਹੈਸੀਅਤ ਦਾ ਅਹਿਸਾਸ ਕਰਾਉਣ ਲਈ ਵਰਤਦੇ ਹਨ। ਸਵਾਲ ਤਾਂ ਇਹ ਹੈ ਕਿ ਸਰਕਾਰ ਚਲਾਉਣ ਵਾਲੇ ਕਿੰਨੇ ਕੁ ਸਿਆਣੇ ਹੋਏ, ਜਿਹੜੇ ਇਹੋ ਜਿਹੇ ਬੰਦਿਆਂ ਦਾ ਦਾਅ ਵੀ ਨਹੀਂ ਸਮਝ ਸਕਦੇ?

ਪੰਜਾਬ ਦੇ ਲੋਕਾਂ ਵਿਚ ਉਹ ਆਮ ਬੇਚੈਨੀ ਹੈ, ਜਿਸ ਨੂੰ ਕਿਸੇ ਇਕ ਜਾਂ ਦੂਜੇ ਵਰਗ ਤੱਕ ਸੀਮਤ ਨਹੀਂ ਕਿਹਾ ਜਾ ਸਕਦਾ। ਕਰਮਚਾਰੀ ਦੁਖੀ ਹਨ ਤਾਂ ਉਨ੍ਹਾਂ ਤੋਂ ਕੰਮ ਕਰਵਾਉਣ ਲਈ ਦਫਤਰਾਂ-ਕਚਹਿਰੀਆਂ ਵਿਚ ਜਾਂਦੇ ਲੋਕ ਉਨ੍ਹਾਂ ਤੋਂ ਵੀ ਵੱਧ ਦੁਖੀ ਹੋਏ ਪਏ ਹਨ। ਹਰ ਪਾਸੇ ਭ੍ਰਿਸ਼ਟਾਚਾਰ ਦਾ ਬੋਲ-ਬਾਲਾ ਹੈ। ਰਿਸ਼ਵਤ ਲੈਂਦੇ ਫੜੇ ਗਏ ਕਈ ਕਰਮਚਾਰੀ ਇਹ ਗੱਲ ਆਮ ਕਹਿੰਦੇ ਹਨ ਕਿ ਉਹ ਇਸ 'ਕਮਾਊ ਸੀਟ' 'ਤੇ ਕਿਸੇ ਸਾਂਈਂ ਦੀ ਮਜ਼ਾਰ 'ਤੇ ਘਿਓ ਦਾ ਦੀਵਾ ਜਗਾ ਕੇ ਨਹੀਂ ਸਨ ਲੱਗੇ, ਨੋਟਾਂ ਦੀ ਪੰਡ ਦੇ ਕੇ ਆਏ ਸਨ। ਏਥੇ ਆ ਕੇ ਜੇ ਉਹ ਕਮਾਉਣਗੇ ਨਹੀਂ ਅਤੇ ਅੱਗੇ ਹਿੱਸਾ ਪੱਤੀ ਨਹੀਂ ਪੁਚਾਉਣਗੇ ਤਾਂ ਉਨ੍ਹਾਂ ਦੀ ਥਾਂ ਵੱਧ 'ਮਹੀਨਾ' ਦੇਣ ਵਾਲਾ ਬੰਦਾ ਆ ਸਕਦਾ ਹੈ, ਇਸ ਕਰ ਕੇ ਉਹ ਇਹ ਕੰਮ ਕਰਦੇ ਨਹੀਂ, ਉਨ੍ਹਾਂ ਨੂੰ ਕਰਨਾ ਪੈਂਦਾ ਹੈ। ਪਰ ਸਿਰਫ ਆਪਣੇ ਲਈ ਨਾ ਕਰਨ ਦੇ ਬਾਵਜੂਦ ਜਦੋਂ ਫੜੇ ਜਾਂਦੇ ਹਨ ਤਾਂ ਕੀਤਾ ਖੁਦ ਹੀ ਭਰਨਾ ਪੈਂਦਾ ਹੈ।

ਲੁਧਿਆਣੇ ਵਿਚ ਇਕ ਤਹਿਸੀਲਦਾਰ ਦੀ ਤਫਤੀਸ਼, ਜਿਸ ਵਿਜੀਲੈਂਸ ਨੇ ਕੀਤੀ ਸੀ, ਉਹ ਕਿਸੇ ਬਾਹਰੀ ਕੰਟਰੋਲ ਹੇਠਲੀ ਨਹੀਂ, ਇਸੇ ਪੰਜਾਬ ਸਰਕਾਰ ਦੀ ਇਕ ਏਜੰਸੀ ਹੈ ਤੇ ਇਹ ਦੋਸ਼ ਉਸੇ ਨੇ ਲਾਏ ਸਨ ਕਿ ਤਹਿਸੀਲਦਾਰ ਦੀ ਰੋਜ਼ ਦੀ ਕਮਾਈ ਵਿਚੋਂ ਰੋਜ਼ ਦੇ ਕਿੰਨੇ ਲੱਖ ਰੁਪਏ ਡਿਪਟੀ ਕਮਿਸ਼ਨਰ ਨੂੰ, ਕਿੰਨੇ ਐਡੀਸ਼ਨਲ ਡਿਪਟੀ ਕਮਿਸ਼ਨਰ ਨੂੰ ਤੇ ਕਿੰਨੇ ਸਬ-ਡਵੀਜ਼ਨਲ ਮੈਜਿਸਟਰੇਟ ਨੂੰ ਦਿੱਤੇ ਜਾਂਦੇ ਸਨ। ਓਦੋਂ ਹੀ ਇਹ ਗੱਲ ਵੀ ਜ਼ਾਹਰ ਹੋਈ ਸੀ ਕਿ ਪੈਸੇ ਉਪਰ ਮੰਤਰੀ ਪੱਧਰ ਤੱਕ ਪਹੁੰਚਦੇ ਸਨ। ਵਿਜੀਲੈਂਸ ਦੀ ਆਖੀ ਇਸ ਗੱਲ ਵਲੋਂ ਸਰਕਾਰ ਨੇ ਉਦੋਂ ਅੱਖਾਂ ਮੀਟ ਰੱਖੀਆਂ ਸਨ। ਹੁਣ ਫਿਰ ਉਸੇ ਜ਼ਿਲ੍ਹੇ ਦੇ ਇਕ ਐਡੀਸ਼ਨਲ ਡਿਪਟੀ ਕਮਿਸ਼ਨਰ ਦੇ ਦਫਤਰ ਵਿਚ ਇਕ ਪਿੱਛੋਂ ਦੂਜਾ ਏਨੇ ਘਾਲੇ-ਮਾਲੇ ਇੱਕੋ ਮਹੀਨੇ ਵਿਚ ਸਾਹਮਣੇ ਆ ਗਏ ਹਨ ਕਿ ਹਰ ਕੋਈ ਦੰਗ ਰਹਿ ਗਿਆ ਹੈ। ਸਵਾਲ ਇਹ ਨਹੀਂ ਕਿ ਹੇਰਾਫੇਰੀ ਕਿੰਨੇ ਕਰੋੜ ਦੀ ਹੋਈ ਤੇ ਇਹ ਵੀ ਨਹੀਂ ਕਿ ਇਸ 'ਚੋਂ ਕਿਸ ਦਾ ਕਿੰਨਾ ਹਿੱਸਾ ਸੀ, ਇਹ ਸਥਾਨਕ ਲੁੱਟ ਸੀ ਜਾਂ ਸਿਰਾਂ ਮੁਤਾਬਕ ਸਿਰ ਵਾਰਨੇ ਉਪਰ ਤੱਕ ਹੁੰਦੇ ਸਨ, ਸਗੋਂ ਇਹ ਹੈ ਕਿ ਜਿੱਥੇ ਇਹੋ ਜਿਹੇ ਘਾਊ-ਘੱਪ ਕੁਰਸੀਆਂ ਮੱਲੀ ਬੈਠੇ ਹੋਣ, ਉਨ੍ਹਾਂ ਦਫਤਰਾਂ ਵਿਚ ਜਾਂਦੇ ਲੋਕਾਂ ਦੀ ਚਮੜੀ ਕਿਵੇਂ ਉਧੇੜੀ ਜਾਂਦੀ ਹੋਵੇਗੀ? ਤੇ ਇਹੋ ਸਵਾਲ ਹੈ, ਜਿਸ ਨੂੰ ਹੁਣ ਦੇ ਰਾਜ ਕਰਤਿਆਂ ਨੂੰ ਸੋਚਣਾ ਚਾਹੀਦਾ ਹੈ ਤੇ ਇਹ ਵੀ ਕਿ ਏਨੀ ਖੱਲ ਲੁਹਾ ਕੇ ਆਮ ਲੋਕ ਫਿਰ ਇਸ ਸਰਕਾਰ ਬਾਰੇ ਕੀ ਸੋਚਦੇ ਹੋਣਗੇ?

ਤਸਵੀਰ ਦਾ ਦੂਜਾ ਪਾਸਾ ਇਹ ਹੈ ਕਿ ਜਦੋਂ ਵਿਧਾਨ ਸਭਾ ਚੋਣਾਂ ਦੀ ਨਦੀ ਚੜ੍ਹੀ ਆਉਂਦੀ ਹੈ, ਵਿਰੋਧੀ ਧਿਰ ਦੀ ਮੁੱਖ ਪਾਰਟੀ ਅਜੇ ਤੱਕ ਆਪਣਾ ਹੁਲੀਆ ਨਹੀਂ ਸੁਧਾਰ ਸਕੀ। ਪਿਛਲੀ ਕਾਂਗਰਸੀ ਸਰਕਾਰ ਵੇਲੇ ਜੇ ਵਿਰੋਧੀ ਧਿਰ ਦਾ ਮੋਹਰੀ ਪ੍ਰਕਾਸ਼ ਸਿੰਘ ਬਾਦਲ ਵਰਗਾ ਹੰਢਿਆ-ਵਰਤਿਆ ਆਗੂ ਨਾ ਹੁੰਦਾ ਤਾਂ ਜਿੰਨੀ ਭੱਲ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ, ਅਤੇ ਖਾਸ ਕਰਕੇ ਮਾਲਵੇ ਵਿਚ ਬਣਾ ਲਈ ਸੀ, ਉਸ ਦੀ ਕੁਰਸੀ ਹਿਲਾ ਸਕਣੀ ਸੌਖੀ ਨਹੀਂ ਸੀ। ਅੱਜ ਕਾਂਗਰਸੀਆਂ ਨੂੰ ਚੇਤਾ ਕਰਨਾ ਚਾਹੀਦਾ ਹੈ ਕਿ ਓਦੋਂ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਚੋਣ ਮੁਹਿੰਮ ਡੇਢ ਸਾਲ ਪਹਿਲਾਂ ਸ਼ੁਰੂ ਕਰ ਲਈ ਸੀ, ਪਰ ਕਾਂਗਰਸ ਵਾਲੇ ਅਜੇ ਤੱਕ ਆਪਣੀ ਚੋਣ ਮੁਹਿੰਮ ਦਾ ਮੂੰਹ-ਮੱਥਾ ਵੀ ਡੋਲਣ ਜੋਗੇ ਨਹੀਂ ਹੋ ਸਕੇ। ਅਕਾਲੀਆਂ ਕੋਲ ਇਕ ਲੀਡਰ ਸੀ, ਜਿਸ ਦੇ ਪਿਛੇ ਪੂਰੀ ਪਾਰਟੀ ਵੀ ਤੇ ਇਕਲੌਤੀ ਭਾਈਵਾਲ ਧਿਰ ਭਾਰਤੀ ਜਨਤਾ ਪਾਰਟੀ ਵੀ ਖੜੀ ਸੀ। ਪਰ ਕਾਂਗਰਸ ਪਾਰਟੀ ਵਿਚ ਨਾ ਇਕ ਲੀਡਰ ਹੈ, ਨਾ ਇਕ-ਮੂੰਹ ਹੋ ਕੇ ਬੋਲਣ



ਵਾਲੀ ਪਾਰਟੀ ਹੀ। ਸਾਰੇ ਲੀਡਰ ਆਪੋ-ਆਪਣੀ ਬੋਲੀ ਬੋਲਦੇ ਹਨ, ਸਿਰਫ ਇਕ ਗੱਲ ਦੀ ਸੁਰ ਸਾਂਝੀ ਹੈ ਕਿ ਸੋਨੀਆ ਗਾਂਧੀ ਉਨ੍ਹਾਂ ਦੀ ਲੀਡਰ ਹੈ, ਹੋਰ ਇਕ ਵੀ ਗੱਲ ਇਹੋ ਜਿਹੀ ਨਹੀਂ, ਜਿਸ ਨੂੰ ਉਨ੍ਹਾਂ ਦੀ ਰਾਜਸੀ ਸਾਂਝ ਦੀ ਪ੍ਰਤੀਕ ਕਿਹਾ ਜਾ ਸਕੇ।

ਲੰਮਾ ਸਮਾਂ ਇਹ ਕਿਹਾ ਜਾਂਦਾ ਰਿਹਾ ਸੀ ਕਿ ਅਕਾਲੀਆਂ ਵਿਚ ਇਕ ਆਦਮੀ ਅੱਗੇ ਲੱਗਣ ਲਗਦਾ ਹੈ ਤਾਂ ਇਕੱਤੀ ਜਣੇ ਉਸ ਦੀਆਂ ਲੱਤਾਂ ਖਿੱਚਣ ਲੱਗੇ ਨਜ਼ਰ ਆਉਂਦੇ ਹਨ। ਹੁਣ ਉਥੋਂ ਦੀ ਥਾਂ ਇਹ ਹਾਲਤ ਪੰਜਾਬ ਦੀ ਕਾਂਗਰਸ ਪਾਰਟੀ ਅੰਦਰ ਬਣੀ ਪਈ ਹੈ। ਜੇ ਅਮਰਿੰਦਰ ਸਿੰਘ ਨੂੰ ਰਾਜਿੰਦਰ ਕੌਰ ਭੱਠਲ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਤਾਂ ਭੱਠਲ ਬੀਬੀ ਨੂੰ ਦੂਜੇ ਕਿਸੇ ਧੜੇ ਵਾਲੇ ਲੀਡਰ ਨਹੀਂ ਮੰਨਦੇ। ਅੱਗੇ ਅਕਾਲੀਆਂ ਵਿਚ ਇਹ ਹਾਲਤ ਸੀ ਕਿ ਕਦੇ ਬਾਦਲ ਦੇ ਵਿਰੋਧ ਵਿਚ ਟੌਹੜਾ, ਤਲਵੰਡੀ, ਬਰਨਾਲਾ ਧੜੇ ਇਕੱਠੇ ਹੁੰਦੇ ਸਨ, ਕਦੇ ਬਰਨਾਲਾ ਸਰਕਾਰ ਤੋੜਨ ਲਈ ਬਾਦਲ, ਟੌਹੜਾ, ਤਲਵੰਡੀ ਧੜੇ ਹੱਥ ਮਿਲਾ ਲੈਂਦੇ ਸਨ, ਹੁਣ ਇਹ ਹਾਲ ਕਾਂਗਰਸ ਵਿਚ ਹੈ। ਅਮਰਿੰਦਰ ਸਿੰਘ ਦਾ ਰਾਹ ਰੋਕਣ ਨੂੰ ਭੱਠਲ, ਬਰਾੜ, ਬਾਜਵਾ ਧੜੇ ਇਕੱਠੇ ਹੁੰਦੇ ਵੇਖ ਕੇ ਮੌਜੂਦਾ ਪ੍ਰਧਾਨ ਮਹਿੰਦਰ ਸਿੰਘ ਕੇ ਪੀ ਅਤੇ ਦੋ ਸਾਬਕਾ ਪ੍ਰਧਾਨਾਂ ਦੇ ਧੜੇ ਵੀ ਨਾਲ ਰਲ ਜਾਂਦੇ ਹਨ, ਪਰ ਜੇ ਬੀਬੀ ਭੱਠਲ ਨੂੰ ਪ੍ਰਧਾਨਗੀ ਮਿਲਣ ਦੀ ਕਨਸੋਅ ਮਿਲ ਜਾਵੇ ਤਾਂ ਉਸ ਦਾ ਰਾਹ ਰੋਕਣ ਲਈ ਇਹ ਸਾਰੇ ਦਿੱਲੀ ਨੂੰ ਦੌੜਾਂ ਲਾ ਦੇਂਦੇ ਹਨ। ਇਕ ਸਾਬਕਾ ਵਿਧਾਇਕ ਨੇ ਭਰੀ ਮਹਿਫਲ ਵਿਚ ਗੱਲ ਕਹਿ ਕੇ ਹੈਰਾਨ ਕਰ ਦਿੱਤਾ ਕਿ ਮੇਰੀ ਸੀਟ ਹਰਾਉਣ ਲਈ ਜਿਹੜੇ ਬੰਦਿਆਂ ਨੇ ਜ਼ੋਰ ਲਾਇਆ ਸੀ, ਪਿੱਛੋਂ ਉਨ੍ਹਾਂ ਨੇ ਆਪ ਦੱਸਿਆ ਸੀ ਕਿ ਉਹ ਇਹ ਕੰਮ ਬੀਬੀ ਭੱਠਲ ਦੇ ਕਹਿਣ 'ਤੇ ਕਰਦੇ ਰਹੇ ਹਨ, ਪਰ ਹੁਣ ਉਹ ਖੁਦ ਵੀ ਬੀਬੀ ਭੱਠਲ ਦੇ ਨਾਲ ਹੈ। ਉਸੇ ਵਰਗੇ ਇਕ ਹੋਰ ਸਾਬਕਾ ਵਿਧਾਇਕ ਨੂੰ ਕਾਂਗਰਸ ਦੀ ਕਮਾਨ ਆਪਣੇ ਹੱਥ ਹੋਣ ਸਮੇਂ 1996-97 ਵਿਚ ਬੀਬੀ ਭੱਠਲ ਨੇ ਵਿਧਾਨ ਸਭਾ ਚੋਣਾਂ ਲਈ ਟਿਕਟ ਵੀ ਨਹੀਂ ਸੀ ਲੈਣ ਦਿੱਤੀ, ਪਰ ਸਮਾਂ ਪਾ ਕੇ ਜਦੋਂ ਉਸ ਸੱਜਣ ਦੇ ਕੈਪਟਨ ਅਮਰਿੰਦਰ ਸਿੰਘ ਨਾਲ ਸੰਬੰਧ ਵਿਗੜ ਗਏ ਤਾਂ ਉਸ ਨੂੰ ਵੀ ਕੈਪਟਨ ਦੇ ਵਿਰੁਧ ਉਸੇ ਬੀਬੀ ਨਾਲ ਖੜੇ ਹੋਣਾ ਪੈ ਗਿਆ। ਮੁੰਬਈ ਵਾਲੀ ਸਟਾਕ ਐਕਸਚੇਂਜ ਦੇ ਸ਼ੇਅਰਾਂ ਬਾਰੇ ਮਾੜਾ-ਚੰਗਾ ਅੰਦਾਜ਼ਾ ਤਾਂ ਭਾਵੇਂ ਕੋਈ ਲਾ ਸਕਦਾ ਹੋਵੇ, ਪੰਜਾਬ ਕਾਂਗਰਸ ਦੇ ਧੜਿਆਂ ਬਾਰੇ ਕੋਈ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਕੱਲ੍ਹ ਨੂੰ ਕੌਣ ਕਿਸ ਦੇ ਨਾਲ ਖੜ੍ਹਾ ਹੋਵੇਗਾ?

ਆਮ ਆਦਮੀ ਸਿਰਫ ਆਮ ਆਦਮੀ ਹੁੰਦਾ ਹੈ, ਉਹ ਕਿਸੇ ਕਾਂਗਰਸੀ ਜਾਂ ਅਕਾਲੀ ਵਾਂਗ ਗਿਣਤੀ-ਮਿਣਤੀ ਕਰ ਕੇ ਨਹੀਂ ਸੋਚਦਾ। ਆਪਣਾ ਪ੍ਰਭਾਵ ਦੇਣ ਵੇਲੇ ਵੀ ਉਹ ਦੋ-ਹਰਫਾ ਜਿਹਾ ਬੋਲਦਾ ਹੈ, ਲੱਗ-ਲਪੇਟ ਨਹੀਂ ਕਰ ਸਕਦਾ। ਇਹੋ ਕਾਰਨ ਹੈ ਕਿ ਰਾਜ ਫਲਾਣੇ ਦਾ ਚੰਗਾ ਤੇ ਫਲਾਣੇ ਦਾ ਮਾੜਾ ਜਾਂ ਫਲਾਣੇ ਦਾ ਰਾਜ ਮਾੜਾ, ਪਰ ਫਲਾਣੇ ਦਾ ਉਸ ਤੋਂ ਵੀ ਵੱਧ ਮਾੜਾ, ਕਹਿਣ ਦੀ ਥਾਂ ਜਦੋਂ ਉਸ ਨੂੰ ਖਿਝ ਚੜ੍ਹਦੀ ਹੈ, ਸਿਰਫ ਏਨਾ ਕਹਿ ਦੇਂਦਾ ਹੈ ਕਿ ਇਨ੍ਹਾਂ ਦਾ ਰਾਜ ਤਾਂ ਜਾਣ ਦਿਓ, ਮਗਰੋਂ ਭਾਵੇਂ ਕਾਲਾ ਚੋਰ ਵੀ ਆ ਜਾਵੇ, ਆਪੇ ਵੇਖਿਆ ਜਾਵੇਗਾ। ਦੇਸ਼ ਦੀ ਚੋਣ ਪ੍ਰਣਾਲੀ ਨਾਲ ਜੁੜੇ ਹੋਏ ਕਈ ਗੁਣੀ-ਗਿਆਨੀ ਇਸ ਨੂੰ ਵੋਟਰ ਦੀ ਨਾਂਹ-ਪੱਖੀ ਪਹੁੰਚ ਕਰਾਰ ਦਿੰਦੇ ਹਨ, ਪਰ ਆਮ ਆਦਮੀ ਨੂੰ ਇਸ ਦੀ ਪ੍ਰਵਾਹ ਨਹੀਂ। ਹੁਣ ਦੇ ਹਾਲਾਤ ਵਿਚ ਵੀ ਜਿਹੜੇ ਸੰਕੇਤ ਮਿਲ ਰਹੇ ਹਨ, ਉਨ੍ਹਾਂ ਤੋਂ ਪ੍ਰਭਾਵ ਇਹੋ ਮਿਲਦਾ ਹੈ ਕਿ ਆਮ ਆਦਮੀ ਇਸ ਵਾਰੀ ਫਿਰ ਪੰਜਾਬ ਵਿਚ ਕੁਰਸੀ ਦੀ ਘੁਮਾਣੀ ਦੇ ਸਕਦਾ ਹੈ। ਹੈਰਾਨੀ ਵਾਲੀ ਗੱਲ ਇਹ ਨਹੀਂ ਕਿ ਰਾਜ ਕਰਨ ਵਾਲਿਆਂ ਨੂੰ ਇਸ ਸਥਿਤੀ ਦੀ ਹਾਲੇ ਤੱਕ ਕੋਈ ਚਿੰਤਾ ਨਹੀਂ ਜਾਂ ਆਮ ਆਦਮੀ ਧੋਬੀ ਪਟੜਾ ਮਾਰ ਦੇਣ ਤੱਕ ਜਾ ਸਕਦਾ ਹੈ।


ਹੈਰਾਨੀ ਤਾਂ ਇਸ ਗੱਲੋਂ ਹੈ ਕਿ ਜਿਨ੍ਹਾਂ ਨੂੰ ਤਖਤ ਜਾਂ ਤਖਤਾਂ ਦੀ ਲੜਾਈ ਲੜਨ ਲਈ ਇਸ ਵਕਤ ਤੱਕ ਅਕਾਲੀਆਂ ਦੇ ਵਿਰੁਧ ਮੈਦਾਨ ਵਿਚ ਦਿਸਣਾ ਚਾਹੀਦਾ ਸੀ, ਉਹ ਆਪਣੀ ਇਹ ਜ਼ਿੰਮੇਵਾਰੀ ਭੁਗਤਾਉਣ ਦੀ ਥਾਂ ਅੱਜ ਦੀ ਘੜੀ ਵੀ 'ਘਰ ਦੇ ਜੀਆਂ' ਨਾਲ ਹੀ ਫਸੇ ਫਿਰਦੇ ਹਨ।

## ਭਾਰਤੀ ਸਿਆਸਤ ਵਿਚ ਪਰਿਵਾਰਵਾਦ ਦਾ ਬੋਲਬਾਲਾ

**-ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

ਭ੍ਰਿਸ਼ਟਾਚਾਰ, ਦੇਹਧਾਰੀ ਗੁਰੂਡੰਮ, ਕੰਮਚੋਰੀ, ਬੇਲਗਾਮ ਨੌਕਰਸ਼ਾਹੀ ਵਾਂਗ ਪਰਿਵਾਰਵਾਦ ਵੀ ਭਾਰਤੀ ਰਾਜਨੀਤੀ ਦਾ ਅਸਾਧ ਰੋਗ ਹੈ। ਸਿਆਸਤ, ਫੈਮਿਲੀ ਬਿਜ਼ਨਸ ਹੈ। ਜੇ ਮਾਂ-ਬਾਪ, ਰਾਜਨੀਤੀ ਦੇ ਬਿਜ਼ਨਸ ਵਿਚ ਸਥਾਪਤ ਹਨ ਤਾਂ ਪੁੱਤਰਾਂ, ਧੀਆਂ, ਜਵਾਈਆਂ, ਨੂੰਹਾਂ ਤੇ ਭਤੀਜੀਆਂ ਨੂੰ ਮਿਹਨਤ ਜਾਂ ਕੰਮ ਕਰਨ ਦੀ ਕੋਈ ਲੋੜ ਨਹੀਂ। 15ਵੀਂ ਲੋਕ ਸਭਾ ਵਿਚ ਸਿਆਸੀ ਖਾਨਦਾਨ ਦੀ ਭਰਵੀਂ ਫਸਲ ਉਗਦੇ ਸਾਰ ਹੀ ਛੱਲੀਆਂ ਤੇ ਸਿੱਟਿਆਂ 'ਤੇ ਆ ਗਈ। ਕਿੰਨੇ ਸਾਰੇ ਵੰਸ਼ਵਾਦੀ ਜੁੱਟ ਲੋਕ ਸਭਾ ਵਿਚ ਪਹੁੰਚ ਗਏ ਹਨ। ਮਾਂ-ਪੁੱਤ ਜੁੱਟ ਹਨ, ਦੋਵੇਂ ਐਮ ਪੀ। ਸੋਨੀਆ ਤੇ ਰਾਹੁਲ ਗਾਂਧੀ, ਮੇਨਕਾ ਤੇ ਵਰੁਣ ਗਾਂਧੀ, ਵਸੁੰਧਰਾ ਰਾਜੇ ਸਿੰਧੀਆ ਐਮ ਐਲ ਏ ਤਾਂ ਪੁੱਤਰ ਦੁਸ਼ਯੰਤ ਸਿੰਘ ਐਮ ਪੀ ਹੈ। ਸ਼ੀਲਾ ਦੀਕਸ਼ਤ ਮੁੱਖ ਮੰਤਰੀ ਹੈ, ਪੁੱਤਰ ਸੰਦੀਪ ਦੀਕਸ਼ਤ ਐਮ ਪੀ ਹੈ। ਪਿਓ-ਪੁੱਤ ਦੇ ਵੀ ਕਈ ਜੁੱਟ ਐਮ ਪੀ ਬਣੇ ਹਨ। ਮੁਲਾਇਮ ਸਿੰਘ ਯਾਦਵ ਤੇ ਪੁੱਤਰ ਅਖਿਲੇਸ਼ ਯਾਦਵ, ਭਤੀਜਾ ਧਰਮਿੰਦਰ ਯਾਦਵ ਸਾਰੇ ਐਮ ਪੀ ਹਨ। ਐਚ ਡੀ






ਦੇਵਗੌੜਾ ਤੇ ਪੁੱਤਰ ਐਚ ਡੀ ਕੁਮਾਰ ਸਵਾਮੀ ਦੋਵੇਂ ਐਮ ਪੀ ਹਨ। ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਐਮ ਐਲ ਏ ਤੇ ਪੁੱਤਰ ਦੀਪਿੰਦਰ ਹੁੱਡਾ ਐਮ ਪੀ ਹੈ। ਮੁੱਖ ਮੰਤਰੀ ਬੀ ਐਸ ਯੇਦੀਯੁਰੱਪਾ ਐਮ ਐਲ ਏ ਤੇ ਪੁੱਤਰ ਰਾਘਵਿੰਦਰ ਐਮ ਪੀ ਹੈ। ਫਾਰੂਕ ਅਦਬੁੱਲਾ ਕੇਂਦਰੀ ਮੰਤਰੀ ਹੈ, ਪੁੱਤਰ ਉਮਰ ਅਬਦੁੱਲਾ ਮੁੱਖ ਮੰਤਰੀ, ਫਾਰੂਕ ਦਾ ਜਵਾਈ ਸਚਿਨ ਪਾਇਲਟ ਕੇਂਦਰੀ ਰਾਜ ਮੰਤਰੀ ਹੈ। ਸ਼ਰਦ ਪਵਾਰ ਕੇਂਦਰੀ ਮੰਤਰੀ ਹੈ ਤੇ ਧੀ ਸੁਪਰੀਆ ਸੂਲੇ ਐਮ ਪੀ ਹੈ। ਕੇਂਦਰੀ ਮੰਤਰੀ ਪ੍ਰਕਾਸ਼ ਜੈਸਵਾਲ ਦਾ ਪੁੱਤਰ ਪ੍ਰਤੀਕ ਪਾਟਿਲ ਐਮ ਪੀ ਹੈ। ਪੀ ਏ ਸੰਗਮਾ ਦੀ ਧੀ ਅਗਾਥਾ ਸੰਗਮਾ ਕੇਂਦਰੀ ਰਾਜ ਮੰਤਰੀ ਹੈ। ਉਸ ਦੇ ਪਰਿਵਾਰ ਦੇ ਤਿੰਨ ਹੋਰ ਮੈਂਬਰ ਸਰਗਰਮ ਰਾਜਨੀਤੀ ਵਿਚ ਹਨ ਤੇ ਰਾਜ ਦੇ ਐਮ ਐਲ ਏ ਹਨ। ਆਂਧਰਾ ਪ੍ਰਦੇਸ਼ ਦੇ ਮੰਤਰੀ ਬੋਤਸਾ ਸਤਿਆਨਾਰਾਇਣਾ ਐਮ ਐਲ ਏ ਤੇ ਪਤਨੀ ਝਾਂਸੀ ਲਕਸ਼ਮੀ ਐਮ ਪੀ ਹੈ। ਸਤਿਆਨਾਰਾਇਣਾ ਦਾ ਭਰਾ ਅਪਾਲ ਲਰਸਈਆ ਆਂਧਰਾ ਪ੍ਰਦੇਸ਼ ਵਿਚ ਐਮ ਐਲ ਏ ਹੈ, ਭਤੀਜਾ ਆਪਲਨ ਨਾਇਡੂ ਐਮ ਐਲ ਏ। ਅਜੀਤ ਸਿੰਘ ਅਤੇ ਪੁੱਤਰ ਜੈਯੰਤ ਚੌਧਰੀ ਦੋਵੇਂ ਐਮ ਪੀ ਹਨ ਤੇ ਇਸ ਤਰ੍ਹਾਂ ਗਿਣਤੀ ਬਹੁਤ ਲੰਮੀ ਹੈ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨਹਿਰੂ ਤੋਂ ਸ਼ੁਰੂ ਹੋਇਆ ਸਿਆਸਤ ਵਿਚ ਖਾਨਦਾਨੀ ਰੁਝਾਨ ਹੁਣ ਬਹੁਤ ਅੱਗੇ ਨਿਕਲ ਚੁੱਕਾ ਹੈ। ਸਿਵਾਏ ਕੁਝ ਲੋਕ ਪੱਖੀ ਪਾਰਟੀਆਂ ਦੇ, ਬਾਕੀ ਕਰੀਬ ਸਾਰੀਆਂ ਪਾਰਟੀਆਂ ਦੇ ਵੱਡੇ-ਛੋਟੇ ਆਗੂ, ਪੁੱਤਰ, ਧੀ, ਪਤਨੀ ਦੇ ਮੋਹ ਤੋਂ ਅੱਗੇ ਨਹੀਂ ਵੇਖਦੇ। ਸਿਆਸੀ ਆਗੂਆਂ ਦੇ ਸਾਰੇ ਆਦਰਸ਼, ਦੇਸ਼, ਕੌਮ ਬਾਰੇ ਫਿਕਰ, ਸਾਰੇ ਨੇਮ ਸਿਧਾਂਤ, ਖਾਨਦਾਨੀ ਮੋਹ ਸਾਹਮਣੇ ਨਕਾਰਾ ਹੋ ਗਏ ਹਨ। ਹੁਣ ਭਾਈ-ਭਤੀਜਾਵਾਦ ਪਿੱਛੇ ਰਹਿ ਗਿਆ ਹੈ।

ਹੁਣ ਤਾਂ ਪੁੱਤਰ, ਧੀ, ਜਵਾਈ, ਪਤਨੀਵਾਦ ਪ੍ਰਧਾਨ ਹੈ। ਦੇਸ਼ ਅਤੇ ਯੋਗਤਾ ਦੀ ਥਾਂ ਖਾਨਦਾਨ ਨੇ ਲੈ ਲਈ ਹੈ। ਭਾਰਤ ਵਿਚ ਦੇਸ਼-ਕੌਮ ਦਾ ਸੰਕਲਪ ਹੀ ਅਲੋਪ ਹੋ ਗਿਆ ਹੈ। ਕੋਈ ਸਿਧਾਂਤ ਨਹੀਂ, ਕੋਈ ਦੀਨ-ਈਮਾਨ ਨਹੀਂ। ਕੁਰਸੀ ਹੀ ਪ੍ਰਧਾਨ ਹੈ, ਇਕੋ ਉਦੇਸ਼ ਹੈ, ਤਾਕਤ ਹਥਿਆਓ, ਪਰਿਵਾਰ ਰਜਾਓ। ਕੋਈ ਅਗਾਂਹਵਧੂ ਨਹੀਂ। ਕੋਈ ਪਿਛਾਂਹ ਖਿੱਚੂ ਨਹੀਂ, ਕੋਈ ਧਰਮ ਨਿਰਪੱਖ ਨਹੀਂ, ਕੋਈ ਧਰਮ ਪੱਖੀ ਨਹੀਂ।

# ਬੱਬਰ ਅਕਾਲੀ ਲਹਿਰ

ਬੱਬਰ ਅਕਾਲੀ ਲਹਿਰ ਪੰਜਾਬ ਦੇ ਦੋਆਬਾ ਖੇਤਰ (ਜ਼ਿਲ੍ਹਾ ਜਲੰਧਰ, ਕਪੂਰਥਲਾ ਅਤੇ ਹੁਸ਼ਿਆਰਪੁਰ) 'ਚੋਂ ਉਠੀ ਇਕ ਜੁਝਾਰੂ ਲਹਿਰ ਸੀ। ਇਹ ਉਹ ਦੇਸ਼ ਭਗਤ ਸਨ ਜੋ ਵਿਦੇਸ਼ੀ ਸਰਕਾਰ ਦੀ ਲੁੱਟ-ਖਸੁੱਟ ਅਤੇ ਬੇਇਨਸਾਫੀ ਦੇ ਨਾਲ-ਨਾਲ ਆਜ਼ਾਦੀ ਘੁਲਾਟੀਆਂ ਤੇ ਦੇਸ਼ ਭਗਤਾਂ ਵਿਰੁਧ ਝੂਠੀਆਂ ਸ਼ਹਾਦਤਾਂ ਦੇਣ ਵਾਲੇ ਸਰਕਾਰੀ ਝੋਲੀ ਚੁੱਕਾਂ, ਖਾਨ ਬਹਾਦਰਾਂ, ਸਰਦਾਰ ਬਹਾਦਰਾਂ, ਜ਼ੈਲਦਾਰਾਂ, ਨੰਬਰਦਾਰਾਂ, ਸਫੈਦਪੋਸ਼ਾਂ ਨੂੰ ਝੂਠੀਆਂ ਸ਼ਹਾਦਤਾਂ ਤੋਂ ਰੋਕਦੇ ਜਾਂ ਫਿਰ ਮੌਤ ਦੇ ਘਾਟ ਉਤਾਰਦੇ ਸਨ ਤਾਂ ਜੋ ਸਰਕਾਰੀ ਢਾਂਚੇ ਨੂੰ ਤਹਿਸ ਨਹਿਸ ਕਰਕੇ ਵਿਦੇਸ਼ੀ ਸਰਕਾਰ ਤੋਂ ਮੁਲਕ ਨੂੰ ਆਜ਼ਾਦ ਕਰਵਾਇਆ ਜਾਵੇ।



ਭਾਵੇਂ ਉਨ੍ਹੀਂ ਦਿਨੀਂ ਨਾਮਿਲਵਰਤਣ ਲਹਿਰ ਜੋਬਨ 'ਤੇ ਸੀ

**ਕਿਰਪਾਲ ਸਿੰਘ ਸੰਧੂ**
ਫੋਨ:509-259-4844

ਪਰ ਬੱਬਰਾਂ ਦਾ ਅਕੀਦਾ ਸੀ ਕਿ ਅੰਗਰੇਜ਼ਾਂ ਨੇ ਹਿੰਦੋਸਤਾਨ 'ਤੇ ਕਬਜ਼ਾ ਸ਼ਾਂਤਮਈ ਢੰਗ ਨਾਲ ਨਹੀਂ ਕੀਤਾ ਸੀ ਅਤੇ ਨਾ ਹੀ ਸ਼ਾਂਤਮਈ ਤਰੀਕੇ ਨਾਲ ਇਸ ਧਰਤੀ ਤੋਂ ਜਾਣਗੇ।

ਅੰਗਰੇਜ਼ ਭਾਰਤ ਵਿਚ ਵਪਾਰੀ ਬਣ ਕੇ ਆਏ ਅਤੇ ਫਿਰ ਉਨ੍ਹਾਂ ਈਸਟ ਇੰਡੀਆ ਕੰਪਨੀ ਦੇ ਨਾਂ ਹੇਠ ਹੌਲੀ ਹੌਲੀ ਭਾਰਤੀ ਰਿਆਸਤਾਂ ਉਤੇ ਕਬਜ਼ਾ ਕਰਨਾ ਸ਼ੁਰੂ ਕਰ ਦਿਤਾ। 1859 ਤੱਕ ਉਹ ਕਰੀਬ ਕਰੀਬ ਸਾਰੇ ਭਾਰਤ 'ਤੇ ਕਾਬਜ਼ ਹੋ ਚੁਕੇ ਸਨ। ਵਿਦੇਸ਼ੀ ਹੁਕਮਰਾਨਾਂ ਖਿਲਾਫ ਹਿੰਦੋਸਤਾਨੀਆਂ ਨੇ 1857 ਵਿਚ ਕੌਮੀ ਬਗਾਵਤ ਦੇ ਰੂਪ ਵਿਚ ਆਜ਼ਾਦੀ ਦੀ ਪਹਿਲੀ ਜੰਗ ਲੜੀ ਜਿਸ ਨੂੰ ਅੰਗਰੇਜ਼ਾਂ ਨੇ ਗਦਰ ਦਾ ਨਾਂ ਦਿੱਤਾ। ਭਾਵੇਂ ਦੇਸੀ ਰਿਆਸਤਾਂ ਦੀ ਆਪਸੀ ਨਾਇਤਫਾਕੀ ਕਾਰਨ ਸਫਲਤਾ ਨਾ ਮਿਲ ਸਕੀ ਪਰ ਹਿੰਦੋਸਤਾਨੀ ਦੇਸ਼ ਭਗਤਾਂ ਦੇ ਦਿਲਾਂ ਅੰਦਰ ਆਜ਼ਾਦੀ ਦੀ ਤੜਫ ਜਿੰਦਾ ਰਹੀ। ਇਸੇ ਤੋਂ ਪ੍ਰੇਰਨਾ ਲੈ ਕੇ 1913 ਦੇ ਨਵੰਬਰ ਮਹੀਨੇ ਕੈਲੀਫੋਰਨੀਆ ਦੇ ਸ਼ਹਿਰ ਸਾਨ ਫਰਾਂਸਿਸਕੋ ਵਿਚ ਯੁਗਾਂਤਰ ਆਸ਼ਰਮ ਤੋਂ 'ਗਦਰ ਦੀ ਗੂੰਜ' ਨਾਂ ਦਾ ਅਖਬਾਰ ਕੱਢਿਆ ਅਤੇ 'ਗਦਰ ਦੀ ਗੂੰਜ' ਦੇ ਪਹਿਲੇ ਸਫੇ 'ਤੇ ਮੁਕੰਮਲ ਆਜ਼ਾਦੀ ਲਈ ਜੰਗ ਦਾ ਐਲਾਨ ਛਪਿਆ। ਦੇਸ਼ ਭਗਤ ਗਦਰੀ ਬਾਬਿਆਂ ਨੇ ਉਸੇ ਦਿਨ ਤੋਂ ਹੀ ਸਿਰਾਂ 'ਤੇ ਕਫਨ ਬੰਨ੍ਹ ਕੇ ਭਾਰਤ ਦੇ ਗਲੋਂ ਗੁਲਾਮੀ ਦੇ ਸੰਗਲ ਲਾਹੁਣ ਲਈ ਦੇਸ਼ ਵਲ ਚਾਲੇ ਪਾ ਦਿੱਤੇ। ਬ੍ਰਿਟਿਸ਼ ਸਰਕਾਰ ਨੇ ਇਸ ਲਹਿਰ ਨੂੰ ਬੁਰੀ ਤਰ੍ਹਾਂ ਦਬਾਅ ਦਿੱਤਾ। ਗਦਰੀ ਬਾਬਿਆਂ ਦੀ ਤਰਜ 'ਤੇ ਦੇਸ਼ ਵਿਚ ਕਈ ਹੋਰ ਲਹਿਰਾਂ ਨੇ ਜਨਮ ਲਿਆ।

ਚਕਰਵਰਤੀ ਜੱਥਾ: ਮਾਰਚ 1921 ਵਿਚ ਹੁਸ਼ਿਆਰਪੁਰ ਵਿਚ ਸਿੱਖ ਐਜੂਕੇਸ਼ਨਲ ਕਾਨਫਰੰਸ ਪੁਰਹੀਰਾਂ ਪਿੰਡ ਦੇ ਖਾਲਸਾ ਹਾਈ ਸਕੂਲ ਵਿਚ ਹੋਈ। 1919 ਦੀ ਜ਼ਲ੍ਹਿਆਂ ਵਾਲਾ ਬਾਗ ਅਤੇ 20 ਫਰਵਰੀ, 1920 ਦੀ ਨਨਕਾਣਾ ਸਾਹਿਬ ਦੇ ਸਾਕੇ ਵਾਪਰ ਚੁਕੇ ਸਨ। ਇਸ ਕਾਨਫਰੰਸ ਵਿਚ ਅਹਿੰਸਾ ਦੀ ਮੁੱਖ ਧਾਰਾ ਦੇ ਖਿਲਾਫ ਕਿਸ਼ਨ ਸਿੰਘ ਗੜਗਜ, ਪਿੰਡ ਬੜਿੰਗ ਅਤੇ ਮਾਸਟਰ ਮੋਤਾ ਸਿੰਘ ਪਤਾਰਾ ਵਾਲਿਆਂ ਨੇ ਅੰਗਰੇਜ਼ ਸਰਕਾਰ ਦੇ ਜੁਲਮਾਂ ਦਾ ਹਥਿਆਰਬੰਦ ਬਗਾਵਤ ਰਾਹੀਂ ਜਵਾਬ ਦੇਣ ਲਈ ਆਪਣੇ ਵਿਚਾਰ ਪ੍ਰਗਟ ਕੀਤੇ। ਇਨ੍ਹਾਂ ਵਿਚਾਰਾਂ ਨਾਲ ਇਸ ਕਾਨਫਰੰਸ ਵਿਚ 12 ਹੋਰ ਪੰਜਾਬੀ ਸਿੱਖ ਨੌਜਵਾਨਾਂ ਨੇ ਵੀ ਸਹਿਮਤੀ ਜਾਹਰ ਕੀਤੀ। ਬਾਅਦ ਵਿਚ ਇਸ ਵਿਚਾਰਧਾਰਾ ਨਾਲ ਸੁੰਦਰ ਸਿੰਘ ਮਖਸੂਸਪੁਰ, ਕਰਮ ਸਿੰਘ ਝਿੰਗੜ ਅਤੇ ਧੰਨਾ ਸਿੰਘ ਬਹਿਬਲਪੁਰ, ਦਲੀਪ ਸਿੰਘ ਗੋਸਲ, ਆਤਮਾ ਸਿੰਘ ਬੀਕਾ, ਦਲੀਪ ਸਿੰਘ ਧਾਮੀਆਂ ਵੀ ਸਹਿਮਤ ਹੋ ਗਏ। ਆਪਣੇ ਵਿਚਾਰਾਂ ਨੂੰ ਅਮਲੀ ਰੂਪ ਦੇਣ ਲਈ ਇਸੇ ਸਾਲ ਹੁਸ਼ਿਆਰਪੁਰ ਵਿਚ ਗੁਪਤ ਜਗ੍ਹਾ 'ਤੇ ਮੀਟਿੰਗ ਕੀਤੀ ਗਈ। ਇਸ ਜਥੇਬੰਦੀ ਨੂੰ ਚਕਰਵਰਤੀ ਜੱਥੇ ਦਾ ਨਾਂ ਦਿੱਤਾ ਗਿਆ। ਆਜ਼ਾਦੀ ਦੀਆਂ ਹੋਰ ਲਹਿਰਾਂ ਵਾਂਗ ਇਹ ਵੀ ਸਿਰਲੱਥ ਸੂਰਮਿਆਂ ਦੀ ਬਾਅਸੂਲੀ ਲਹਿਰ ਸੀ। ਪਹਿਲਾਂ ਇਹ ਚਕਰਵਰਤੀ ਜੱਥਾ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ ਰਿਆਸਤ ਦੇ ਪਿੰਡਾਂ ਵਿਚ ਸਰਗਰਮ ਹੋਇਆ।

ਯਾਦ ਰਹੇ 1922 ਵਿਚ ਸ. ਮੂਲਾ ਸਿੰਘ ਬਾਹੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਾਲਿਆਂ ਦੀ ਰਹਿਨੁਮਾਈ ਹੇਠ ਅਨੰਦਪੁਰ ਸਾਹਿਬ ਦੇ ਸਾਰੇ ਗੁਰਧਾਮਾਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾ ਲਿਆ ਗਿਆ ਸੀ। ਉਸੇ ਸਾਲ ਹੋਲਾ-ਮਹੱਲਾ ਦੇ ਜੋੜ ਮੇਲੇ ਮੌਕੇ ਆਨੰਦਪੁਰ ਸਾਹਿਬ ਸ਼ਹੀਦੀ ਬਾਗ ਵਿਚ ਲੱਗੀ ਸਟੇਜ ਤੋਂ ਕਿਸ਼ਨ ਸਿੰਘ ਗੜਗੱਜ ਨੇ ਹਵਾ ਵਿਚ ਨੰਗੀ ਤਲਵਾਰ ਲਹਿਰਾ ਕੇ ਐਲਾਨ ਕੀਤਾ ਕਿ ਵਿਦੇਸ਼ੀ ਅੰਗਰੇਜ਼ ਸਰਕਾਰ ਨੂੰ ਤਲਵਾਰ ਦੇ ਜ਼ੋਰ ਨਾਲ ਸਿਖਰ ਦੁਪਹਿਰੇ ਮੁਲਕ ਤੋਂ ਬਾਹਰ ਕੱਢ ਦਿੱਤਾ ਜਾਵੇਗਾ। ਅਸੀਂ ਅੰਗਰੇਜ਼ ਭਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਅੰਗਰੇਜ਼ਾਂ ਦੀ ਝੋਲੀ-ਚੁੱਕੀ ਅਤੇ ਝੂਠੀਆਂ ਗਵਾਹੀਆਂ ਨਾਲ ਸਰਕਾਰ ਦੀ ਮਦਦ ਕਰਨ ਤੋਂ ਬਾਜ਼ ਆਉਣ, ਨਹੀਂ ਤਾਂ ਸਾਨੂੰ ਇਨ੍ਹਾਂ ਦੇਸ਼ ਧਰੋਹੀ ਤਾਕਤਾਂ ਦਾ ਸਫਾਇਆ ਕਰਨਾ ਪਵੇਗਾ। ਹੋਲਾ-ਮਹੱਲਾ ਦੇਖਣ ਗਏ ਦੋਵੇਂ ਕੈਨੇਡੀਅਨ ਕਰਮ ਸਿੰਘ ਦੌਲਤਪੁਰ, ਆਸਾ ਸਿੰਘ ਭਕੜੱਦੀ ਉਸ ਵੇਲੇ ਪੰਡਾਲ ਵਿਚ ਬੈਠੇ ਸੁਣ ਰਹੇ ਸਨ। ਇਹ ਦੋਵੇਂ ਪਿੰਡ ਨਵਾਂ ਸ਼ਹਿਰ ਵਿਚ ਪੈਂਦੇ ਹਨ।

ਬੱਬਰ ਲਹਿਰ: ਇਨ੍ਹਾਂ ਦੋਹਾਂ ਨੇ ਭਾਈ ਕਿਸ਼ਨ ਸਿੰਘ ਗੜਗੱਜ ਦੀ ਤਰਜ਼ 'ਤੇ ਜੱਥਾ ਤਿਆਰ ਕੀਤਾ ਜਿਸ ਦੀ ਸਰਗਰਮੀ ਇਲਾਕਾ ਬਲਾਚੌਰ, ਨਵਾਂਸ਼ਹਿਰ, ਬੰਗਾ ਅਤੇ ਗੜ੍ਹਸ਼ੰਕਰ ਵਿਚ ਰਹੀ। ਜਥੇ ਵਿਚ ਹੋਰ ਸੁਧਾਰ ਕਰਨ ਲਈ 1922 ਦੇ ਮਈ ਮਹੀਨੇ ਵਿਚ ਬਲਾਚੌਰ ਦੇ ਨਜ਼ਦੀਕ ਪਿੰਡ ਕੌਲਗੜ੍ਹ ਵਿਚ ਮੀਟਿੰਗ ਕੀਤੀ ਗਈ ਜਿਸ ਵਿਚ ਕਰਮ ਸਿੰਘ ਦੌਲਤਪੁਰ, ਆਸਾ ਸਿੰਘ ਭਕੜੱਦੀ, ਉਦੇ ਸਿੰਘ ਰਾਮਗੜ੍ਹ, ਜਥੇਦਾਰ ਦਲੀਪ ਸਿੰਘ ਸਾਦੜਾਂ, ਹਰਨਾਮ ਸਿੰਘ ਗੜ੍ਹੀ ਕਾਨੂੰਗੋਆਂ, ਉਦੈ ਸਿੰਘ ਦੌਲਤਪੁਰ ਵਾਲਿਆਂ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਖਬਾਰ ਦੀ ਵਰਤੋਂ ਕਰਕੇ ਆਜ਼ਾਦੀ ਦਾ ਵਿਰੋਧ ਕਰਨ ਵਾਲਿਆਂ ਨੂੰ ਰੋਕਿਆ ਜਾਵੇ। ਦੂਸਰੀ ਗੱਲ ਉਨ੍ਹਾਂ ਆਖੀ ਕਿ ਕੈਨੇਡਾ ਵਾਲਾ ਤਜ਼ਰਬਾ ਵੀ ਇਸ ਗੱਲ ਦਾ ਗਵਾਹ ਹੈ ਕਿ ਗਦਰ ਦੀ ਗੂੰਜ ਅਖਬਾਰ ਨੇ ਉਹ ਕੰਮ ਕੀਤਾ ਜਿਹੜਾ ਭਾਸ਼ਨਾਂ ਤੋਂ ਕਿਤੇ ਵੱਧ ਅਸਰਦਾਰ ਹੋਇਆ। 'ਗਦਰ ਦੀ ਗੂੰਜ' ਅੱਜ ਤੱਕ ਲੋਕਾਂ ਦੇ ਦਿਲਾਂ ਵਿਚ ਵਸੀ ਹੋਈ ਹੈ। ਸੋ ਸਾਨੂੰ ਅਖਬਾਰ ਕੱਢਣਾ ਚਾਹੀਦਾ ਹੈ। ਅਖਬਾਰ ਲਈ ਲੋੜੀਂਦੀ ਮਾਇਆ ਸਾਨੂੰ ਧਨ ਕੁਬੇਰਾਂ ਜਗੀਰਦਾਰਾਂ, ਨੰਬਰਦਾਰਾਂ ਤੇ ਸ਼ਾਹੂਕਾਰਾਂ ਪਾਸੋਂ ਲੁੱਟ ਲੈਣੀ ਚਾਹੀਦੀ ਹੈ ਪਰ ਅਖਬਾਰ ਜ਼ਰੂਰ ਕੱਢਣਾ ਚਾਹੀਦਾ ਹੈ।

3 ਜੁਲਾਈ, 1922 ਨੂੰ ਬਲਾਚੌਰ ਦੇ ਪਿੰਡ ਬਸੌੜੀ ਦਾ ਨੰਬਰਦਾਰ ਰਾਮਦਿੱਤਾ ਸਰਕਾਰੀ ਮਾਮਲਾ ਪੰਜ ਸੌ ਸੱਤਰ ਰੁਪਏ 2 ਆਨੇ ਗੜ੍ਹਸ਼ੰਕਰ ਖਜ਼ਾਨੇ ਵਿਚ ਜਮ੍ਹਾਂ ਕਰਾਉਣ ਲਈ ਜਾ ਰਿਹਾ ਸੀ। ਬੱਬਰ ਕਰਮ ਸਿੰਘ ਦੌਲਤਪੁਰ ਨੇ ਹੋਰ ਸਾਥੀਆਂ ਨਾਲ ਇਹ ਰਕਮ ਖੋਹ ਲਈ। ਇਸ 'ਚੋਂ 100 ਰੁਪਏ ਨਾਲ ਲਾਹੌਰ ਤੋਂ ਪ੍ਰੈਸ ਮਸ਼ੀਨ ਖਰੀਦੀ ਗਈ। ਐਡੀਟਰ ਕਰਮ ਸਿੰਘ ਦੇ ਨਾਂ ਥੱਲੇ ਸਫ਼ਰੀ ਪ੍ਰੈਸ ਨਾਂ ਰੱਖ ਕੇ ਪਹਿਲਾ ਪਰਚਾ 20 ਅਗਸਤ, 1922 ਨੂੰ ਛਾਪਿਆ ਗਿਆ। ਬੱਬਰ ਕਰਮ ਸਿੰਘ ਫਖਰ ਨਾਲ ਕਿਹਾ ਕਰਦੇ ਸਨ ਕਿ ਇਹ ਪ੍ਰੈਸ ਵਾਲੀ ਜੁਗਤ ਉਨ੍ਹਾਂ ਗਦਰੀਆਂ ਵਲੋਂ ਛਾਪੀ ਜਾਂਦੀ 'ਗਦਰ ਦੀ ਗੂੰਜ' ਤੋਂ ਹੀ ਸਿੱਖੀ ਸੀ।

ਜਦੋਂ ਇਹ ਪਰਚਾ ਕਿਸ਼ਨ ਸਿੰਘ ਗੜਗੱਜ ਨੂੰ ਮਿਲਿਆ ਤਾਂ ਗੜਗੱਜ ਨੇ ਕਰਮ ਸਿੰਘ ਦੌਲਤਪੁਰ ਵਾਲਿਆਂ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ। ਇਨ੍ਹਾਂ ਨੂੰ ਮਿਲਾਉਣ ਦਾ ਕੰਮ ਮਾਸਟਰ ਦਲੀਪ ਸਿੰਘ ਗੋਸਲ, ਕਰਮ ਸਿੰਘ ਧੀਂਗੜ ਨੇ ਆਪਣੇ ਜ਼ਿੰਮੇ ਲਿਆ। ਯਾਦ ਰਹੇ ਕਰਮ ਸਿੰਘ ਧੀਂਗੜ ਇਲਾਕਾ ਬੰਗਾ ਦੇ ਹੋਣ ਕਰਕੇ ਦੋਹਾਂ ਜਥਿਆਂ ਨਾਲ ਰਾਬਤਾ ਰਖਦੇ ਸਨ। ਇਨ੍ਹਾਂ ਦੋਵਾਂ ਨੂੰ ਮਿਲਾਉਣ ਲਈ ਪਿੰਡ ਬੀਸਲਾ ਵਿਚ ਹੌਲਦਾਰ ਈਸ਼ਰ ਸਿੰਘ ਦੀ ਹਵੇਲੀ ਦਾ ਪ੍ਰੋਗਰਾਮ ਬਣਾਇਆ ਗਿਆ ਪਰ ਕਿਸੇ ਜ਼ਰੂਰੀ ਕੰਮ ਕਾਰਨ ਕਰਮ ਸਿੰਘ ਉਥੇ ਪਹੁੰਚ ਨਾ ਸਕੇ।

ਇਸੇ ਅਗਸਤ ਮਹੀਨੇ ਦੇ ਆਖਰੀ ਦਿਨਾਂ ਵਿਚ ਬੱਬਰ ਆਸਾ ਸਿੰਘ ਭਕੜੱਦੀ ਦੇ ਪਿੰਡ ਬੱਬਰ ਕਰਮ ਸਿੰਘ ਦੌਲਤਪੁਰ ਅਤੇ ਬੱਬਰ ਕਿਸ਼ਨ ਸਿੰਘ ਗੜਗੱਜ ਤੇ ਕੁਝ ਹੋਰ ਸਾਥੀ ਇਕੱਠੇ ਹੋਏ, ਦੋਹਾਂ ਜਥਿਆਂ ਦੀ ਇਕ ਸਾਂਝੀ ਕਮੇਟੀ ਬਣਾਈ ਗਈ ਜਿਸ ਵਿਚ ਪ੍ਰਧਾਨ ਕਿਸ਼ਨ ਸਿੰਘ ਗੜਗੱਜ, ਸਕੱਤਰ ਦਲੀਪ ਸਿੰਘ ਗੋਸਲ ਤੇ ਖਜ਼ਾਨਚੀ ਕਰਮ ਸਿੰਘ ਝੀਂਗੜ ਨੂੰ ਬਣਾਇਆ ਗਿਆ। ਪ੍ਰੋਗਰਾਮ ਸੀ ਪਰਚੇ ਛਾਪਣਾ, ਹਥਿਆਰ ਖਰੀਦਣਾ, ਫੰਡ ਦਾ ਹਿਸਾਬ ਰੱਖਣਾ। ਇਹ ਫੈਸਲਾ ਵੀ ਹੋਇਆ ਕਿ ਅੱਜ ਤੋਂ ਬੱਬਰ ਸ਼ਬਦ ਸਿਰਫ ਤੇ ਸਿਰਫ ਬੱਬਰ ਕਰਮ ਸਿੰਘ ਦੌਲਤਪੁਰ ਵਾਲਿਆਂ ਲਈ ਵਰਤਿਆ ਜਾਵੇਗਾ। ਇਹ ਵੀ ਫੈਸਲਾ ਲਿਆ ਗਿਆ ਕਿ ਅੱਜ ਤੋਂ ਇਹ ਬੱਬਰ ਲਹਿਰ ਅਕਾਲੀ ਲਹਿਰ ਵਜੋਂ ਜਾਣੀ ਜਾਵੇਗੀ। ਨਾਲ ਹੀ ਇਕ ਹੋਰ ਪ੍ਰੈਸ ਖਰੀਦਣ ਦਾ ਵੀ ਫੈਸਲਾ ਹੋਇਆ। ਸਫ਼ਰੀ ਪ੍ਰੈਸ ਦੀ ਥਾਂ 'ਤੇ ਇਸ ਦਾ ਨਾਂ ਉਡਾਰੂ ਪ੍ਰੈਸ ਰੱਖਿਆ ਗਿਆ।

8 ਨਵੰਬਰ, 1922 ਨੂੰ ਬਾਬੂ ਸੰਤਾ ਸਿੰਘ ਅਤੇ ਸ. ਰਾਮ ਸਿੰਘ ਪਾਰੋਵਾਲ ਰਾਹੀਂ 150 ਰੁਪਏ ਵਿਚ ਇਕ ਹੋਰ ਪ੍ਰੈਸ ਮਸ਼ੀਨ ਖਰੀਦੀ ਗਈ। ਸੋ ਇਨ੍ਹਾਂ ਪ੍ਰੈਸ ਮਸ਼ੀਨਾਂ 'ਤੇ ਅਗਸਤ 1922 ਤੋਂ ਮਈ 1923 ਤੱਕ 15 ਪਰਚੇ ਛਾਪੇ ਗਏ ਜਿਨ੍ਹਾਂ ਵਿਚ ਵਿਸਾਖੀ, ਮਾਘੀ ਤੇ ਕਲਗੀਧਰ ਅੰਕ ਵੀ ਸ਼ਾਮਲ ਸਨ। ਇਸ ਤੋਂ ਇਲਾਵਾ ਨਵਾਂਸ਼ਹਿਰ, ਬੰਗਾ, ਬਲਾਚੌਰ, ਗੜ੍ਹਸ਼ੰਕਰ, ਮਾਹਿਲਪੁਰ ਇਲਾਕਿਆਂ ਵਿਚ ਜਲਸੇ ਕਰਕੇ ਅੰਗਰੇਜ਼ ਸਰਕਾਰ ਦੇ ਪਿੱਠੂਆਂ ਨੂੰ ਮਾੜੀਆਂ ਹਰਕਤਾਂ ਤੋਂ ਬਾਜ ਆਉਣ ਲਈ ਕਿਹਾ ਜਾਂਦਾ ਰਿਹਾ। ਹਯਾਤਪੁਰ ਰੁੜਕੀ ਬੱਬਰ ਕਰਮ ਸਿੰਘ ਦੌਲਤਪੁਰ ਵਾਲਿਆਂ ਦਾ ਨਾਨਕਾ ਪਿੰਡ ਸੀ। ਇਥੋਂ ਦੇ ਦੋ ਅੰਗਰੇਜ਼ਪ੍ਰਸਤ ਰਲਾ ਅਤੇ ਦਿੱਤੂ ਨੂੰ ਕਾਫੀ ਸਮਝਾਉਣ ਤੋਂ ਬਾਅਦ ਖੁਦ ਬੱਬਰ ਨੇ 20 ਮਈ, 1923 ਨੂੰ ਦਿਨ ਦਿਹਾੜੇ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ।

ਬੱਬਰਾਂ ਦੇ ਪ੍ਰਚਾਰ ਦਾ ਅਸਰ ਘੱਟ ਕਰਨ ਲਈ ਅੰਗਰੇਜ਼ਪ੍ਰਸਤ ਜ਼ੈਲਦਾਰਾਂ, ਨੰਬਰਦਾਰਾਂ, ਸਫੈਦਪੋਸ਼ਾਂ ਤੇ ਜਗੀਰਦਾਰਾਂ ਨੇ ਕਈ ਪਿੰਡਾਂ ਦਾ ਇਕੱਠ ਕਰਵਾ ਕੇ ਲੋਕਾਂ ਨੂੰ ਅਮਨ ਕਮੇਟੀਆਂ ਬਣਾਉਣ, ਰਾਤ ਨੂੰ ਪਹਿਰਾ ਲਾਉਣ ਵਾਲੇ ਮਸ਼ਵਰਿਆਂ ਨਾਲ ਸਰਕਾਰ ਦੇ ਸੋਹਲੇ ਗਾਉਣੇ ਸ਼ੁਰੂ ਕਰ ਦਿੱਤੇ। 1922 ਵਿਚ ਕਈ ਪਿੰਡਾਂ ਦਾ ਇਕ ਇਕੱਠ ਜ਼ਿਲ੍ਹਾ ਜਲੰਧਰ ਦੇ ਪਿੰਡ ਧੰਨੋਵਾਲੀ ਰੇਲਵੇ ਫਾਟਕ ਦੇ ਨਜ਼ਦੀਕ ਕੀਤਾ। ਇਕੱਠੇ ਹੋਏ ਲੋਕਾਂ ਦੇ ਮਨੋਰੰਜਨ ਲਈ ਨਕਲੀਏ ਵੀ ਬੁਲਾਏ ਹੋਏ ਸਨ। ਸਟੇਜ 'ਤੇ ਸੇਵਾ ਮੁਕਤ ਥਾਣੇਦਾਰ ਭਾਨ ਸਿੰਘ ਬੜਿੰਗ, ਜ਼ੈਲਦਾਰ ਸ਼ਾਮ ਸਿੰਘ, ਤੱਲ੍ਹਣ ਦਾ ਨੰਬਰਦਾਰ ਦਲੀਪ ਸਿੰਘ ਸਲੇਮਪੁਰ ਵਾਲੇ ਬੈਠੇ ਹੋਏ ਸਨ।

ਅਚਾਨਕ ਕਿਸ਼ਨ ਸਿੰਘ ਗੜਗੱਜ, ਜਥੇਦਾਰ ਮੂਲਾ ਸਿਘ ਬਾਹੋਵਾਲ ਅਤੇ ਕਰਮ ਸਿੰਘ ਝਿੰਗੜ ਸਟੇਜ 'ਤੇ ਚੜ੍ਹ ਗਏ। ਕਿਸ਼ਨ ਸਿੰਘ ਗੜਗੱਜ ਨੇ ਭਾਸ਼ਨ ਕਰਦਿਆਂ ਇਨ੍ਹਾਂ ਝੋਲੀ ਚੁੱਕਾਂ ਨੂੰ ਬਾਜ਼ ਆਉਣ ਅਤੇ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਲਈ ਹਰ ਕੁਰਬਾਨੀ ਕਰਨ ਲਈ ਵੰਗਾਰਿਆ ਤੇ ਬੱਬਰਾਂ ਦਾ ਸਾਥ ਦੇਣ ਦੀ ਗੱਲ ਆਖੀ। ਜਿੰਨੀ ਦੇਰ ਬੱਬਰ ਉਥੇ ਰਹੇ, ਅੰਗਰੇਜ਼ਪ੍ਰਸਤਾਂ ਦੇ ਸਾਹ ਸੂਤੇ ਰਹੇ।

31 ਅਗਸਤ ਤੇ 1 ਸਤੰਬਰ, 1923 ਦੀ ਦਰਮਿਆਨੀ ਰਾਤ ਨੂੰ ਰਿਆਸਤ ਕਪੂਰਥਲਾ ਦੇ ਪਿੰਡ ਬੰਬੇਲੀ ਵਿਚ ਬੱਬਰ ਕਰਮ ਸਿੰਘ, ਉਦੇ ਸਿੰਘ ਰਾਮਗੜ੍ਹ, ਬਿਸ਼ਨ ਸਿੰਘ ਮਾਂਗਟ ਅਤੇ ਮਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਵਾਲੀ ਠਹਿਰੇ ਹੋਏ ਸਨ। ਇਨ੍ਹਾਂ ਨਾਲ ਮਾਣਕੋ ਦਾ ਅਨੂਪ ਸਿੰਘ ਬਹਾਨਾ ਬਣਾ ਕੇ ਇਨ੍ਹਾਂ 'ਚੋਂ ਚਲਾ ਗਿਆ ਤੇ ਪੁਲਿਸ ਨੂੰ ਇਤਲਾਹ ਦੇ ਦਿੱਤੀ। ਪਹਿਲੀ ਸਤੰਬਰ, 1923 ਦੀ ਮਨਹੂਸ ਸਵੇਰ ਨੂੰ ਪੁਲਿਸ ਕਪਤਾਨ ਮਿਸਟਰ ਸਮਿਥ ਦੀ ਪੁਲਿਸ ਪਾਰਟੀ ਤੇ ਘੋੜ ਸਵਾਰਾਂ ਨਾਲ ਮੁਕਾਬਲੇ ਵਿਚ ਇਹ ਚਾਰੇ ਦੇਸ਼ ਭਗਤ ਬੱਬਰ ਆਜ਼ਾਦੀ ਦੀ ਦੇਵੀ 'ਤੇ ਆਪਣੀ ਜਾਨ ਨਿਛਾਵਰ ਕਰ ਗਏ।

ਕਿਸ਼ਨ ਸਿੰਘ ਗੜਗੱਜ ਤੇ ਕੁਝ ਹੋਰ ਸਾਥੀਆਂ ਖਿਲਾਫ 7 ਜਨਵਰੀ, 1923 ਨੂੰ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਸੀ.ਆਈ.ਡੀ. ਪੁਲਿਸ ਦੇ ਸਾਧੂ ਬਣੇ ਸੱਜਣ ਨੇ ਪਿੰਡ ਢੱਡੇ, ਜ਼ਿਲ੍ਹਾ ਹੁਸ਼ਿਆਰਪੁਰ ਤੋਂ ਬੱਬਰ ਜੀ ਨੂੰ ਗ੍ਰਿਫਤਾਰ ਕਰਵਾਇਆ ਸੀ। 28 ਫਰਵਰੀ ਸਨਿਚਰਵਾਰ ਵਾਲੇ ਦਿਨ ਬੱਬਰ ਅਕਾਲੀ ਸਾਜ਼ਿਸ਼ ਕੇਸ ਦਾ ਫੈਸਲਾ ਸੁਣਾਇਆ ਗਿਆ ਜਿਸ ਵਿਚ ਕਿਸ਼ਨ ਸਿੰਘ ਗੜਗੱਜ ਤੇ ਚਾਰ ਹੋਰ ਸਾਥੀ ਬੱਬਰਾਂ ਕਰਮ ਸਿੰਘ ਮਾਣਕੋ, ਨੰਦ ਸਿਘ ਘੜਿਆਲ, ਸੰਤਾ ਸਿੰਘ ਪਿੰਡ ਛੋਟੀ ਰੇਹੁ, ਦਲੀਪ ਸਿੰਘ ਉਰਫ ਦਲੀਪਾ ਧਾਮੀਆਂ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਅਤੇ ਇਹ ਸਾਰੇ 27 ਫਰਵਰੀ, 1926 ਨੂੰ ਹੋਲੀ ਵਾਲੇ ਦਿਨ ਲਾਹੌਰ ਸੈਂਟਰਲ ਜੇਲ੍ਹ ਵਿਚ ਖਿੜੇ ਮੱਥੇ ਆਪਣੀ ਜਾਨ ਨਿਛਾਵਰ ਕਰ ਗਏ।

ਬੱਬਰ ਧੰਨਾ ਸਿੰਘ ਬਹਿਬਲਪੁਰ ਵਾਲੇ ਕਈ ਰਾਤਾਂ ਦੇ ਉਨੀਂਦਰੇ ਹੋਣ ਕਰਕੇ ਪਿੰਡ ਮਨਾਹਾਣਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕਿਸੇ ਦੇ ਘਰ ਸੁੱਤੇ ਜਿਥੋਂ ਪੁਲਿਸ ਪਾਰਟੀ ਨੇ ਫੜ ਲਿਆ। ਹੁਸ਼ਿਆਰਪੁਰ ਸਦਰ ਥਾਣੇ ਦੇ 2 ਅੰਗਰੇਜ਼ ਅਫਸਰ ਤੇ 10 ਸਿਪਾਹੀ ਬੱਬਰ ਜੀ ਨੂੰ ਚੰਗਾ-ਮੰਦਾ ਕਹਿ ਰਹੇ ਸਨ। ਹੱਥਕੜੀ ਲੱਗੀ ਹੋਣ ਕਰਕੇ ਆਪ ਨੇ ਮੂੰਹ ਨਾਲ ਹੈਂਡਗਰਨੇਡ ਦੀ ਪਿੰਨ ਖਿੱਚ ਦਿੱਤੀ। ਖੁਦ ਸ਼ਹੀਦ ਹੋ ਗਏ ਅਤੇ 2 ਅੰਗਰੇਜ਼ ਅਫਸਰਾਂ ਤੇ 10 ਪੁਲਿਸ ਵਾਲਿਆਂ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ। ਇਹ ਵਾਕਿਆ 25 ਅਕਤੂਬਰ, 1923 ਦਾ ਹੈ।

ਬਦਕਿਸਮਤੀ ਨਾਲ ਜੋ ਦੂਜੀ ਪ੍ਰੈਸ ਮਸ਼ੀਨ ਖਰੀਦੀ ਗਈ ਸੀ, ਉਹ ਮਾਹਲਪੁਰ ਦੇ ਨਜ਼ਦੀਕ ਫਤਿਹਪੁਰ ਕੋਠੀ ਤੋਂ ਸ. ਭਗਵਾਨ ਸਿੰਘ ਦੇ ਘਰ ਤੋਂ ਪੁਲਿਸ ਨੇ ਬਰਾਮਦ ਕਰ ਲਈ। ਬੱਬਰ ਕਰਮ ਸਿੰਘ ਦੌਲਤਪੁਰ ਵਾਲਿਆਂ ਦਾ ਹਯਾਤਪੁਰ ਰੁੜਕੀ ਭਰੋਸੇਯੋਗ ਅੱਡਾ ਸੀ। ਜਿਹੜੀ ਪ੍ਰੈਸ ਪਹਿਲਾਂ ਖਰੀਦੀ ਗਈ ਸੀ, ਉਹ ਪੁਲਿਸ ਦੇ ਹੱਥ ਨਾ ਆਵੇ ਇਸ ਲਈ ਅੱਧੀ ਰਾਤੀਂ ਪਿੰਡ ਹਯਾਤਪੁਰ ਰੁੜਕੀ ਦੇ ਛੱਪੜ ਦੇ ਡੂੰਘੇ ਪਾਣੀ ਵਿਚ ਦਫਨ ਕਰ ਦਿੱਤੀ।

ਗੱਦਾਰਾਂ ਨੂੰ ਸੋਧਾ: ਗਿਆਨੀ ਹਰੰਬਸ ਸਿੰਘ ਜੋ ਬੱਬਰ ਸਾਜ਼ਿਸ਼ ਕੇਸ 'ਚੋਂ ਬਰੀ ਹੋ ਕੇ ਅਨੰਦਪੁਰ ਸਾਹਿਬ ਦੇ ਗੁਰਦੁਆਰੇ ਵਿਚ ਸਕੱਤਰ ਦਾ ਕੰਮ ਕਰ ਰਹੇ ਸਨ, ਨੇ ਪਹਿਲੀ ਸਤੰਬਰ, 1923 ਨੂੰ ਬੰਬੇਲੀ ਵਾਲੇ ਸਾਕੇ ਦੇ ਜ਼ਿੰਮੇਵਾਰ ਗੱਦਾਰ ਅਨੂਪ ਸਿੰਘ ਮਾਣੋਕੇ ਨੂੰ ਹੋਲੇ-ਮਹੱਲੇ 'ਤੇ ਆਏ ਨੂੰ ਵੇਖਿਆ ਸੀ। ਉਸ ਨੂੰ ਇਸ ਘਿਨਾਉਣੇ ਜੁਰਮ ਦੀ ਸਜ਼ਾ ਗਿਆਨੀ ਗੁਰਦਿੱਤ ਸਿੰਘ ਮੰਢਾਲੀ, ਉਜਾਗਰ ਸਿੰਘ ਪਰਨਾਲੀਆਂ ਤੇ ਕਰਤਾਰ ਸਿਘ ਚੱਕ ਬਾਗੜੀਆਂ ਵਾਲਿਆਂ ਨੇ ਉਸ ਦੇ ਘਰ ਜਾ ਕੇ ਮੌਤ ਦੇ ਘਾਟ ਉਤਾਰ ਕੇ ਦਿੱਤੀ।

ਬੇਲਾ ਸਿੰਘ ਉਜੈਨ, ਜ਼ਿਲ੍ਹਾ ਹੁਸ਼ਿਆਰਪੁਰ ਸਰਕਾਰੀ ਪਿੱਠੂ ਹੋਣ ਕਰਕੇ ਬੱਬਰਾਂ ਦੇ ਦਿਲਾਂ ਵਿਚ ਰੜਕ ਰਿਹਾ ਸੀ। ਉਸ ਨੇ 5 ਸਤੰਬਰ 1914 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਗੋਲੀਆਂ ਚਲਾ ਕੇ ਦੇਸ਼ ਭਗਤ ਭਾਗ ਸਿੰਘ ਤੇ ਬਦਨ ਸਿੰਘ ਨੂੰ ਸ਼ਹੀਦ ਕੀਤਾ ਤੇ ਬਰੀ ਹੋ ਕੇ ਹੰਕਾਰੀ ਹੋ ਗਿਆ। ਉਹ 1916 ਵਿਚ ਪੰਜਾਬ ਆ ਗਿਆ। ਉਸ ਦੀ ਝੂਠੀ ਗਵਾਹੀ 'ਤੇ ਹੀ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਲੱਗੀ ਸੀ। ਸਰਕਾਰ ਉਸ ਦੀ ਪਿੱਠ 'ਤੇ ਹੋਣ ਕਰਕੇ ਉਹ ਇਲਾਕੇ ਵਿਚ ਮਨਮਰਜ਼ੀ ਕਰਦਾ ਸੀ। 9 ਦਸੰਬਰ, 1937 ਨੂੰ ਉਹ ਹੁਸ਼ਿਆਰਪੁਰ ਤੋਂ ਮੁੜ ਰਿਹਾ ਸੀ ਕਿ ਬੱਬਰ ਹਰੀ ਸਿੰਘ ਸੂੰਢ, ਈਸ਼ਰ ਸਿੰਘ ਮੰਢਾਲੀ ਅਤੇ ਇੰਦਰ ਸਿੰਘ ਨੇ ਕਸਬਾ ਚੱਬੇਵਾਲ ਦੇ ਨਜ਼ਦੀਕ ਉਸ ਦਾ ਸਿਰ ਧੜ ਨਾਲੋਂ ਜੁਦਾ ਕਰਕੇ ਉਸ ਦੇ ਜੁਰਮ ਦੀ ਸਜ਼ਾ ਦਿੱਤੀ।

ਬੀ.ਟੀ., ਪੁਰਅਮਨ ਸਿੱਖ ਸੱਤਿਆਗ੍ਰਹੀਆਂ 'ਤੇ ਡਾਂਗਾਂ ਵਰ੍ਹਾਉਣ ਵਾਲਾ ਪੁਲਿਸ ਕਪਤਾਨ, ਨੌਕਰੀ ਛੱਡ ਰਿਆਸਤ ਪਟਿਆਲਾ ਦੇ ਪਿੰਡ ਚੱਠੇ ਫਾਰਮ ਹਾਊਸ ਵਿਚ ਰਹਿਣ ਲੱਗਾ। ਉਸ ਨੇ ਉਸ ਪਿੰਡ ਦੀ ਹਰਨਾਮ ਕੌਰ ਨੂੰ ਆਪਣੇ ਘਰ ਰੱਖ ਲਿਆ। ਉਸ ਔਰਤ ਦਾ ਦੇਵਰ ਕਾਕਾ ਸਿੰਘ ਇਸ ਦੇ ਖਿਲਾਫ ਸੀ। ਇਸ ਇਲਾਕੇ ਦੇ ਸਿਰਕੱਢ ਬੱਬਰ ਬਾਬੂ ਸੰਤਾ ਸਿੰਘ 1926 ਨੂੰ ਆਪਣੇ ਚਾਰ ਹੋਰ ਸਾਥੀਆਂ ਕਿਸ਼ਨ ਸਿੰਘ ਗੜਗੱਜ ਹੋਰਾਂ ਦੇ ਨਾਲ ਲਾਹੌਰ ਸੈਂਟਰਲ ਜੇਲ੍ਹ ਵਿਚ ਸ਼ਹਾਦਤ ਦਾ ਜਾਮ ਪੀ ਚੁੱਕੇ ਸਨ ਪਰ ਉਨ੍ਹਾਂ ਦੀ ਜਥੇਬੰਦੀ ਕਾਇਮ ਸੀ। ਬੱਬਰਾਂ ਨੇ ਬੀ ਟੀ ਪੁਲਿਸ ਕਪਤਾਨ ਅੰਗਰੇਜ਼ ਨੂੰ ਸੋਧਣ ਦਾ ਮਨ ਬਣਾਇਆ। ਇਹ ਸਨ-ਕਰਤਾਰ ਸਿੰਘ ਛੀਨੇਵਾਲ, ਭੋਲਾ ਸਿੰਘ ਲੋਹਖੇੜਾ, ਬਚਨ ਸਿੰਘ ਲੋਹ ਖੇੜਾ, ਕੁੰਡਾ ਸਿੰਘ ਗਾਜੀਆਣਾ ਤੇ ਫਜਲਾ ਘੁਮਣਵਾਲੇ ਦਾ। ਇਨ੍ਹਾਂ 'ਚੋਂ ਫਜਲੇ ਨੇ ਬੀ.ਟੀ. ਨੂੰ ਗੋਲੀ ਮਾਰਨ ਦੀ ਜ਼ਿੰਮੇਵਾਰੀ ਲਈ।

ਇਹ ਪੰਜ ਬੱਬਰ, ਪੁਲਿਸ ਦੀ ਵਰਦੀ ਵਿਚ ਹਰਨਾਮ ਕੌਰ ਦੇ ਦਿਉਰ ਕਾਕਾ ਸਿੰਘ ਨੂੰ ਨਾਲ ਲੈ ਕੇ ਮਸਨੂਈ ਧੌਲ-ਧੱਪਾ ਕਰਦੇ ਫਾਰਮ ਹਾਊਸ ਵਿਚ ਪਹੁੰਚ ਗਏ। ਸਾਬਕਾ ਪੁਲਿਸ ਕਪਤਾਨ ਕੁਰਸੀ 'ਤੇ ਬੈਠਾ ਸੀ। ਪੁਲਿਸ ਵਾਲਿਆਂ ਗਾਲੀ-ਗਲੋਚ ਕਰਦਿਆਂ ਜਬਰਦਸਤੀ ਕਾਕਾ ਸਿੰਘ ਨੂੰ ਬੀ.ਟੀ. ਪੁਲਿਸ ਕਪਤਾਨ ਦੇ ਪੈਰਾਂ ਨੂੰ ਹੱਥ ਲਾਉਣ ਲਈ ਮਜਬੂਰ ਕੀਤਾ। ਮਿੰਨਤਾਂ ਕਰਦੇ ਕਾਕਾ ਸਿੰਘ ਨੇ ਪੁਲਿਸ ਕਪਤਾਨ ਦੇ ਪੈਰਾਂ ਨੂੰ ਫੜਦਿਆਂ ਸਾਰ ਹੀ ਉਪਰ ਚੁੱਕ ਦਿੱਤਾ ਜਦੋਂ ਕਪਤਾਨ ਕੁਰਸੀ 'ਤੇ ਪੁੱਠਾ ਹੋਇਆ ਤਾਂ ਉਸ 'ਤੇ ਬੱਬਰ ਫਜਲ ਨੇ ਗੋਲੀ ਦਾਗ ਦਿੱਤੀ। ਇਸ ਤਰ੍ਹਾਂ ਬੀ ਟੀ ਨੂੰ ਉਸ ਦੇ ਕੀਤੇ ਦੀ ਸਜ਼ਾ ਮਿਲੀ। ਬੱਬਰਾਂ ਨੇ ਕੋਲ ਖੜੀ ਹਰਨਾਮ ਕੌਰ ਨੂੰ ਵੀ ਗੋਲੀ ਮਾਰ ਦਿੱਤੀ।

ਦੇਸ਼ ਦੀ ਆਜ਼ਾਦੀ ਲਈ ਗਦਰੀ ਬਾਬਿਆਂ ਦੀਆਂ ਲੀਹਾਂ 'ਤੇ ਚਲਣ ਵਾਲੀ ਸਿਰਲੱਥ ਯੋਧਿਆਂ ਦੀ ਇਸ ਜਥੇਬੰਦੀ ਦਾ ਸ਼ੁਰੂਆਤੀ ਨਾਂ ਚੱਕਰਵਰਤੀ, ਬੱਬਰ, ਬੱਬਰ ਅਕਾਲੀ ਅਤੇ ਆਖਰ ਯੁੱਗ ਪਲਟਾਊ ਜਥੇਬੰਦੀ ਹੋਇਆ ਜਿਸ ਵਿਚ ਇਸ ਦੇ ਕਾਰਕੁੰਨ ਸਰਗਰਮ ਰਹੇ ਜਿਹੜੇ ਸਮੇਂ-ਸਮੇਂ ਨੀਮ ਫੌਜੀ ਦਸਤਿਆਂ ਨਾਲ ਲੋਹਾ ਲੈਂਦੇ ਸ਼ਹੀਦ ਹੁੰਦੇ ਅਤੇ ਜੇਲ੍ਹਾਂ ਅੰਦਰ ਪੁਲਿਸ ਦਾ ਅਣਮਨੁੱਖੀ ਤਸ਼ੱਦਦ ਸਹਾਰਦੇ ਸ਼ਹੀਦੀਆਂ ਪ੍ਰਾਪਤ ਕਰਦੇ। ਇਨ੍ਹਾਂ ਉਮਰ ਕੈਦਾਂ ਕੱਟੀਆਂ, ਫਾਂਸੀ ਦੇ ਰੱਸੇ ਚੁੰਮ-ਚੁੰਮ ਗਲ ਪਾਏ। ਭਾਰਤ ਦੀ ਆਜ਼ਾਦੀ ਲਈ ਜਾਨਾਂ ਵਾਰਨ ਅਤੇ ਮਹਾਨ ਕੁਰਬਾਨੀਆਂ ਕਰਨ ਵਾਲੇ ਸਮੂਹ ਦੇਸ਼ ਭਗਤਾਂ ਅੱਗੇ ਸਾਡਾ ਸਿਰ ਹਮੇਸ਼ਾਂ ਝੁਕਦਾ ਰਹੇਗਾ। ਲੱਖ-ਲੱਖ ਪ੍ਰਣਾਮ!

100% NCLEX-PN Pass Rate! Job Placement Assistance! Affordable Payment Plans!
SSF Campus January 2010 – March 2010
Hayward Campus January 2008 – March 2008

NCP Career College & College of Nursing
Training students since 1993!



12 Month LVN Program
20 Day CNA Program
Full Time
Part Time
Days, Evenings & Weekends

Choose which one is right for you... Your career is a call away. Call today!
800.339.5145

LVN Vocational Nursing Program
CNA Nursing Assistant Training
CNA Acute Care Training
IV Therapy & Blood Withdrawal Certification Course
NCLEX-PN Review Classes
Countinuing Education for RNs, LVNs & CNAs
CPR

www.ncpcareercollege.com
www.ncpcollegeofnursing.com

South San Francisco Campus
257 Longford Drive #5,
So. San Francisco, CA 94080
800.339.5145, 650.871.0701

Hayward Campus
21615 Hesperian Blvd. Ste. A,
Hayward, CA 94541
800.611.4054, 510.785.0454

# "ਝੂਠ ਨਾ ਬੋਲ ਪਾਂਡੇ ਸੱਚੁ ਕਹੀਐ"

ਪੰਜਾਬ ਟਾਈਮਜ਼ ਦੇ 18 ਸਤੰਬਰ, 2010 ਦੇ ਅੰਕ ਵਿਚ ਸੰਪਾਦਕ ਦੀ ਡਾਕ ਕਾਲਮ ਹੇਠ ਮਨਜਿੰਦਰ ਸਿੰਘ ਅਤੇ ਓਂਕਾਰ ਸਿੰਘ ਨਾਮੀ ਸੱਜਣਾਂ ਦੇ ਵਿਚਾਰ ਪੜ੍ਹਨ ਨੂੰ ਮਿਲੇ। ਇਹ ਵਿਚਾਰ ਇਕਪਾਸੜ ਸੋਚ ਉਤੇ ਆਧਾਰਤ ਹਨ। ਜੋ ਕੁਝ ਵੀ ਅਖੌਤੀ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਗਰੀਨਵੁਡ (ਇੰਡੀਆਨਾ) ਆਉਣ ਸਮੇਂ ਵਾਪਰਿਆ ਉਸ ਦਾ ਦੂਸਰਾ ਪਾਸਾ ਕੁਝ ਹੋਰ ਹੀ ਹੈ ਜੋ ਅਸੀਂ ਸਮੂਹ ਸਿੱਖ ਸੰਗਤਾਂ ਨਾਲ ਸਾਂਝਾ ਕਰਨਾ ਚਾਹੁੰਦੇ ਹਾਂ।

ਮਨਜਿੰਦਰ ਸਿੰਘ ਅਤੇ ਓਂਕਾਰ ਸਿੰਘ ਦੇ ਕਹਿਣ ਮੁਤਾਬਕ (ਬਾਬਾ) ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਹਾਜ਼ਰੀ ਭਰਨ ਵਾਲੇ ਦੀਵਾਨਾਂ ਵਿਚ ਦਮਦਮੀ ਟਕਸਾਲ ਦੇ ਕਥਾਵਾਚਕ ਤੇ ਲੇਖਕ ਅਖਵਾਉਣ ਵਾਲੇ ਕੁਝ ਲੋਕਾਂ ਨੇ ਰੁਕਾਵਟ ਪਾਈ ਅਤੇ ਸੰਗਤ ਵਿਚ ਮਿੱਠੀ ਚੀਜ਼ ਲੈ ਕੇ ਆਉਣ ਤੋਂ ਮਨ੍ਹਾਂ ਕਰ ਦਿੱਤਾ। ਅਸੀਂ ਇਥੇ ਸਪਸ਼ਟ ਕਰਨਾ ਚਾਹਵਾਂਗੇ ਕਿ ਅਸੀਂ ਸਿੱਖੀ ਪ੍ਰਚਾਰ ਦੇ ਖੇਤਰ ਵਿਚ ਆਪੋ ਆਪਣੇ ਤਰੀਕੇ ਨਾਲ ਹਿੱਸਾ ਪਾਉਣ ਵਾਲੀਆਂ ਸਾਰੀਆਂ ਸਿੱਖ ਸੰਸਥਾਵਾਂ (ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ) ਦਾ ਦਿਲੋਂ ਸਤਿਕਾਰ ਕਰਦੇ ਹਾਂ ਪਰ ਅਸੀਂ ਕਦੇ ਵੀ ਇਨ੍ਹਾਂ ਸੰਸਥਾਵਾਂ ਦੇ ਮੈਂਬਰ ਹੋਣ ਦਾ ਦਾਅਵਾ ਨਹੀਂ ਕੀਤਾ। ਅਸੀਂ ਪੰਥ ਪ੍ਰਵਾਣਿਤ ਰਹਿਤ ਮਰਿਆਦਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਰਬੋਤਮ ਮੰਨਦੇ ਹਾਂ। ਜੋ ਲੋਕ ਇਹ ਦੂਸ਼ਣਬਾਜ਼ੀ ਕਰ ਰਹੇ ਹਨ ਕਿ ਅਸੀਂ ਸੰਸਥਾਵਾਂ ਦਾ ਨਾਂ ਵਰਤ ਕੇ ਆਪਣੇ ਆਪ ਨੂੰ ਕੱਟੜਵਾਦੀ ਰਹਿਤਵਾਦੀ ਅਖਵਾਉਂਦੇ ਹਾਂ ਤਾਂ ਸਾਡਾ ਉਨ੍ਹਾਂ ਨੂੰ ਚੈਲੰਜ ਹੈ ਕਿ ਉਹ ਇਸ ਗੱਲ ਦਾ ਕੋਈ ਸਬੂਤ ਦੇਣ। ਜੇ ਕੋਈ ਸਬੂਤ ਹੈ ਤਾਂ ਸੰਗਤਾਂ ਦੇ ਸਾਹਮਣੇ ਪੇਸ਼ ਕਰਨ।

ਜਿਥੋਂ ਤੱਕ ਢੱਡਰੀਆਂ ਵਾਲੇ ਅਖੌਤੀ ਸੰਤ ਦੇ ਭਗੌੜੇ ਹੋਣ ਦਾ ਸਵਾਲ ਹੈ, ਉਹ ਤੱਥ ਕੁਝ ਇਸ ਤਰ੍ਹਾਂ ਹਨ:

ਢੱਡਰੀਆਂ ਵਾਲੇ ਸੰਤ ਦੇ ਆਉਣ ਤੋਂ ਪਹਿਲਾਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਇਕ ਮੀਟਿੰਗ ਵਿਚ ਵਿਚਾਰਾਂ ਕੀਤੀਆਂ ਗਈਆਂ ਸਨ ਕਿ ਇਸ ਸੰਤ ਦੇ ਕੁਝ ਗਿਣਤੀ ਦੇ ਚੇਲੇ ਅਤੇ ਸ਼ਰਧਾਲੂ ਉਸ ਦੇ ਦੀਵਾਨ ਗੁਰੂ ਘਰ ਵਿਚ ਲਗਵਾਉਣਾ ਚਾਹੁੰਦੇ ਹਨ। ਸਾਨੂੰ ਪੁੱਛਿਆ ਗਿਆ ਸੀ ਕਿ ਕੀ ਸਾਨੂੰ ਇਸ 'ਤੇ ਕੋਈ ਇਤਰਾਜ਼ ਤਾਂ ਨਹੀਂ? ਤਾਂ ਅਸੀਂ ਸਨਿਮਰ ਬੇਨਤੀ ਕੀਤੀ ਸੀ ਕਿ ਗੁਰਮਤਿ ਆਸ਼ੇ ਮੁਤਾਬਕ ਸਾਡੇ ਕੁਝ ਸਵਾਲ ਹਨ ਜੋ ਅਸੀਂ ਢੱਡਰੀਆਂ ਵਾਲੇ ਸੰਤ ਨੂੰ ਕਰਨਾ ਚਾਹਾਂਗੇ। ਜੇਕਰ ਉਹ ਇਨ੍ਹਾਂ ਦਾ ਉਤਰ ਦੇਣ ਤਾਂ ਅਸੀਂ ਸਮਾਗਮ ਵਿਚ ਕੋਈ ਦਖਲਅੰਦਾਜ਼ੀ ਨਹੀਂ ਕਰਾਂਗੇ। ਢੱਡਰੀਆਂ ਵਾਲੇ ਸੰਤ ਦੇ ਚੇਲਿਆਂ ਨੇ ਹਿੱਕ ਥਾਪੜ ਕੇ ਭਰੋਸਾ ਦਿੱਤਾ ਕਿ "ਬਾਬਾ ਜੀ ਜਿਥੇ ਕਹੋ ਤੁਹਾਡੇ ਨਾਲ ਵਿਚਾਰ ਕਰਨ ਲਈ ਬੈਠਣਗੇ।" ਇਸ ਸੰਤ ਦੇ ਚੇਲਿਆਂ ਨੇ ਇਥੋਂ ਤੱਕ ਫੜ੍ਹਾਂ ਮਾਰੀਆਂ ਕਿ ਜੇਕਰ ਉਹ ਸਵਾਲਾਂ ਦੇ ਜਵਾਬ ਨਹੀਂ ਦਿੰਦੇ ਤਾਂ ਅਸੀਂ ਉਨ੍ਹਾਂ ਨੂੰ ਸਿੱਖ ਵੀ ਨਹੀਂ ਮੰਨਾਗੇ। ਅਸੀਂ ਵਾਰ ਵਾਰ ਇਸ ਸੰਤ ਦੇ ਚੇਲਿਆਂ ਨੂੰ ਯਾਦ ਦਿਵਾਇਆ ਕਿ ਤੁਸੀਂ ਆਪਣੇ ਬਾਬੇ ਕੋਲੋਂ ਇਹ ਗੱਲ ਸਪਸ਼ਟ ਪੁੱਛ ਲਵੋ, ਫਿਰ ਕਿਸੇ ਕਿਸਮ ਦੀ ਬਹਾਨੇਬਾਜ਼ੀ ਨਾ ਕੀਤੀ ਜਾਵੇ ਕਿ 'ਬਾਬਾ ਜੀ ਟਰੈਫਿਕ ਵਿਚ ਫਸ ਕੇ ਲੇਟ ਹੋ ਗਏ' ਜਾਂ 'ਬਾਬਾ ਜੀ ਅਰਾਮ ਫੁਰਮਾ ਰਹੇ ਹਨ।' ਜਾਂ 'ਦੀਵਾਨ ਸਮਾਪਤੀ ਤੋਂ ਬਾਅਦ ਵਿਚ ਗੱਲ ਕਰ ਲਈ ਜਾਵੇਗੀ।' ਪਰ ਸੰਤ ਦੇ ਚੇਲੇ ਠੋਕ ਵਜਾ ਕੇ ਇਸ ਗੱਲ ਦੀ ਹਾਮੀ ਭਰਦੇ ਰਹੇ ਕਿ "ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਦੀਵਾਨ ਲਾਉਣ ਤੋਂ ਪਹਿਲਾਂ ਤੁਹਾਡੇ ਨਾਲ ਜ਼ਰੂਰ ਵਿਚਾਰ ਕਰਨਗੇ।"

ਇਸ ਮੀਟਿੰਗ ਵਿਚ ਇਹ ਮਤਾ ਵੀ ਪਾਸ ਕੀਤਾ ਗਿਆ ਕਿ ਅਖੰਡ ਪਾਠ ਦਾ ਭੋਗ ਭਾਈ ਸੁਖਦੇਵ ਸਿੰਘ ਬੱਬਰ, ਭਾਈ ਰਛਪਾਲ ਸਿੰਘ ਛੰਦੜਾਂ ਅਤੇ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ ਤੇ ਹੋਰ ਸ਼ਹੀਦਾਂ ਦੀ ਸ਼ਹੀਦੀ ਯਾਦ ਨੂੰ ਚੇਤੇ ਕਰਦਿਆਂ ਪਾਇਆ ਜਾਏਗਾ ਅਤੇ ਗੁਰੂ ਕਾ ਲੰਗਰ ਸਾਦਾ ਰੱਖਿਆ ਜਾਵੇਗਾ। ਭਾਵ ਕੋਈ ਮਠਿਆਈ ਆਦਿਕ ਨਹੀਂ ਵਰਤਾਈ ਜਾਵੇਗੀ।

ਇਹ ਫੈਸਲਾ ਸਮੁੱਚੀ ਕਮੇਟੀ ਦਾ ਸੀ, ਨਾ ਕਿ ਸਾਡਾ ਇਕੱਲਿਆਂ ਦਾ। ਢੱਡਰੀਆਂ ਵਾਲੇ ਸੰਤ ਦੇ ਆਉਣ ਤੋਂ ਕੁਝ ਦਿਨ ਪਹਿਲਾਂ ਵੀ ਗਾਹੇ-ਬਗਾਹੇ ਅਸੀਂ ਉਸ ਦੇ ਚੇਲਿਆਂ ਨੂੰ ਯਾਦ ਦਿਵਾਉਂਦੇ ਰਹੇ ਕਿ ਉਹ ਆਪਣੇ ਬਚਨਾਂ ਦੇ ਪੱਕੇ ਰਹਿਣ। ਢੱਡਰੀਆਂ ਵਾਲੇ ਸੰਤ ਦੇ ਚੇਲੇ ਠੋਕ ਵਜਾ ਕੇ ਹਿੱਕਾਂ ਥਾਪੜਦੇ ਰਹੇ। ਦੀਵਾਨ ਵਾਲੇ ਦਿਨ ਢੱਡਰੀਆਂ ਵਾਲੇ ਸੰਤ ਦੇ ਚੇਲਿਆਂ ਵਲੋਂ ਸਾਨੂੰ ਉਨ੍ਹਾਂ ਨਾਲ ਮਿਲਾਉਣ ਦਾ ਵਾਅਦਾ ਸਾਢੇ ਗਿਆਰਾਂ ਵਜੇ ਸਵੇਰ ਦਾ ਕਰ ਦਿਤਾ ਗਿਆ। ਅਸੀਂ ਸਵੇਰੇ ਸਾਢੇ ਗਿਆਰਾਂ ਵਜੇ ਤੋਂ ਡੇਢ ਵਜੇ ਤੱਕ ਲਗਾਤਾਰ ਸੰਤ ਦੇ ਚੇਲਿਆਂ ਨੂੰ ਕਾਲਾਂ ਕੀਤੀਆਂ ਪਰ ਕਿਸੇ ਦਾ ਕੋਈ ਜਵਾਬ ਨਹੀਂ ਆਇਆ। ਡੇਢ ਵਜੇ ਤੋਂ ਬਾਅਦ ਇਕ ਫੋਨ ਕਾਲ ਚੁੱਕੀ ਗਈ ਜਿਸ ਵਿਚ ਧਮਕੀ ਭਰੇ ਲਹਿਜ਼ੇ ਨਾਲ ਬਿਨਾਂ ਕਿਸੇ ਸਵਾਲ ਦਾ ਜਵਾਬ ਦਿੱਤਿਆਂ ਧੱਕੇ ਨਾਲ ਦੀਵਾਨ ਲਾਉਣ ਦੀ ਗੱਲ ਕਹੀ ਗਈ। ਇਸ ਉਪਰੰਤ ਸਾਨੂੰ ਮਜਬੂਰ ਹੋ ਕੇ ਆਪਣੇ ਫੈਸਲੇ ਉਪਰ ਅੜਨਾ ਪਿਆ ਕਿ ਅਖੌਤੀ ਸੰਤ ਸਾਡੇ ਸਵਾਲਾਂ ਦੇ ਜਵਾਬ ਦਿੱਤਿਆਂ ਬਿਨਾਂ ਸਟੇਜ ਨਹੀਂ ਕਰ ਸਕੇਗਾ। ਇਸ ਤੋਂ ਬਾਅਦ ਸੰਤ ਦੇ ਚੇਲਿਆਂ ਨੇ ਫਿਰ ਹਾਮੀ ਭਰੀ ਕਿ ਤੁਸੀਂ ਫਿਕਰ ਨਾ ਕਰੋ, ਤੁਹਾਡੇ ਹਰ ਸਵਾਲ ਦਾ ਜਵਾਬ "ਬਾਬਾ ਜੀ" ਦੇਣਗੇ। ਪਰ ਹੋਇਆ ਇਸ ਦੇ ਉਲਟ। ਐਨ ਮੌਕੇ 'ਤੇ ਆ ਕੇ ਸੰਤ ਸਵਾਲਾਂ ਦੇ ਜਵਾਬ ਦੇਣ ਤੋਂ ਮੁਨਕਰ ਹੋ ਕੇ ਭਗੌੜਾ ਹੋ ਗਿਆ ਅਤੇ ਸੰਤ ਦੇ ਅਖੌਤੀ ਚੇਲੇ-ਚੇਲੀਆਂ ਵਰਾਂ, ਸਰਾਪਾਂ ਅਤੇ ਲੜਾਈ ਝਗੜੇ 'ਤੇ ਉਤਾਰੂ ਹੋ ਗਏ। ਇਸ ਸਥਿਤੀ ਨੂੰ ਅਸੀਂ ਸਤਿਗੁਰ ਸੱਚੇ ਪਾਤਸ਼ਾਹ ਦੀ ਰਜ਼ਾ ਵਿਚ ਰਹਿ ਕੇ ਬੜੀ ਮੁਸ਼ਕਲ ਨਾਲ ਟਾਲਿਆ। ਅਸਲ ਵਿਚ ਅਸੀਂ ਢੱਡਰੀਆਂ ਵਾਲੇ ਸੰਤ ਦੇ ਦੀਵਾਨਾਂ ਵਿਚ ਰੁਕਾਵਟਾਂ ਖੜ੍ਹੀਆਂ ਨਹੀਂ ਕੀਤੀਆਂ ਸਗੋਂ ਸੰਤ ਅਤੇ ਉਸ ਦੇ ਚੇਲੇ ਆਪਣੇ ਬਚਨਾਂ ਤੋਂ ਖੁਦ ਹੀ ਭਗੌੜੇ ਹੋਏ ਹਨ।

ਜਿਥੋਂ ਤੱਕ ਲੰਗਰ ਵਿਚ ਮਠਿਆਈ ਵਰਤਾਉਣ ਦਾ ਸਵਾਲ ਹੈ ਉਹ ਫੈਸਲਾ ਪਹਿਲਾਂ ਸਮੁੱਚੀ ਕਮੇਟੀ ਵੀ ਲੈ ਚੁਕੀ ਸੀ ਕਿ ਪ੍ਰੋਗਰਾਮ ਸ਼ਹੀਦਾਂ ਦੀ ਯਾਦ ਵਿਚ ਹੋਣ ਕਰਕੇ ਕੋਈ ਵੀ ਮਿੱਠਾ ਨਹੀਂ ਵਰਤਾਇਆ ਜਾਏਗਾ। ਸੰਤ ਦੇ ਚੇਲਿਆਂ ਨੇ ਸੰਤ ਦੇ ਆਉਣ ਦੀ ਖੁਸ਼ੀ ਵਿਚ ਧੱਕੇ ਨਾਲ (ਪਹਿਲਾਂ ਕੀਤੇ ਹੋਏ ਫੈਸਲੇ ਦੇ ਉਲਟ) ਮਠਿਆਈ ਵਰਤਾਉਣ ਦੀ ਗੱਲ ਕਹੀ ਤਾਂ ਸਾਡੇ ਵਲੋਂ ਮਨ੍ਹਾਂ ਕੀਤਾ ਗਿਆ। ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਜਾਣ ਦਾ ਦੂਸ਼ਣ ਸਾਡੇ ਉਤੇ ਲਾਉਣ ਵਾਲੇ ਸੱਜਣ ਕੀ ਇਹ ਗੱਲ ਦੱਸਣ ਦਾ ਯਤਨ ਕਰਨਗੇ ਕਿ ਉਹ ਮਠਿਆਈਆਂ ਸਾਧ ਦੇ ਆਉਣ ਦੀ ਖੁਸ਼ੀ ਵਿਚ ਵਰਤਾਈਆਂ ਜਾਣੀਆਂ ਸਨ ਕਿ ਸ਼ਹੀਦਾਂ ਦੀ ਯਾਦ ਵਿਚ? ਜਿਥੋਂ ਤੱਕ ਸ਼ਹੀਦਾਂ ਦੀ ਕੁਰਬਾਨੀ ਨੂੰ ਭੁੱਲ ਜਾਣ ਦਾ ਸਵਾਲ ਹੈ, ਸਾਡੇ ਤਾਂ ਰੋਮ ਰੋਮ ਵਿਚ ਸ਼ਹੀਦਾਂ ਦੀ ਯਾਦ ਹਰ ਦਮ ਤਾਜ਼ਾ ਰਹਿੰਦੀ ਹੈ। ਪਰ ਕੀ ਸਾਧ ਦੇ ਚੇਲਿਆਂ ਲਈ ਸ਼ਹੀਦਾਂ ਦੀ ਕੁਰਬਾਨੀ ਜ਼ਿਆਦਾ ਮਹੱਤਵ ਰੱਖਦੀ ਹੈ? ਜਾਂ ਫਿਰ ਸਾਧ ਦੇ ਆਉਣ ਦੀ ਖੁਸ਼ੀ?

ਜਿਥੋਂ ਤੱਕ ਹਰਜਿੰਦਰ ਸਿੰਘ ਜਿੰਦੇ ਅਤੇ ਸੁਖਦੇਵ ਸਿੰਘ ਸੁੱਖੇ ਦੇ ਜੱਜ ਨੂੰ ਲੱਡੂ ਖਵਾਉਣ ਦੀ ਗੱਲ ਹੈ, ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਉਨ੍ਹਾਂ ਸੂਰਬੀਰਾਂ ਨੂੰ ਸ਼ਹੀਦੀ ਦਾ ਮਣ ਮਣ ਚਾਅ ਸੀ, ਪਰ ਕੀ ਇਹ ਲੋਕ ਭੁੱਲ ਗਏ ਹਨ ਕਿ ਕੌਮ ਨੇ ਉਸੇ ਸਾਲ ਸ਼ਹੀਦਾਂ ਦੀ ਯਾਦ ਵਿਚ ਕਾਲੀ ਦੀਵਾਲੀ ਮਨਾਈ ਸੀ ਅਤੇ ਭਾਈ ਜਿੰਦੇ ਅਤੇ ਸੁੱਖੇ ਨੂੰ ਫਾਂਸੀ ਵਾਲੇ ਦਿਨ ਸਿੱਖਾਂ ਨੇ ਆਪਣੇ ਚੁਲ੍ਹਿਆਂ ਵਿਚ ਅੱਗ ਵੀ ਨਹੀਂ ਸੀ ਬਾਲੀ। ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਅਸੀਂ ਨਹੀਂ, ਇਹ ਲੋਕ ਭੁੱਲ ਰਹੇ ਹਨ। ਜੁਆਨ ਪੁੱਤਰਾਂ ਦੇ ਤੁਰ ਜਾਣ ਉਤੇ ਕੌਮਾਂ ਖੁਸ਼ੀ ਨਹੀਂ ਮਨਾਇਆ ਕਰਦੀਆਂ।

ਵੀਰ ਮਨਜਿੰਦਰ ਸਿੰਘ ਅਤੇ ਓਂਕਾਰ ਸਿੰਘ ਨੂੰ ਸ਼ਾਇਦ ਇਹ ਵੀ ਨਹੀਂ ਪਤਾ ਕਿ ਗੁਰਮਤਿ ਅਸੂਲਾਂ ਮੁਤਾਬਕ ਕਿਸੇ ਮਠਿਆਈ ਨੂੰ ਪਵਿਤਰ ਕੜਾਹ ਪ੍ਰਸ਼ਾਦ ਨਾਲ ਤੁਲਨਾ ਨਹੀਂ ਦਿਤੀ ਜਾ ਸਕਦੀ।

"ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ॥" ਵਾਲੇ ਗੁਰ ਸ਼ਬਦ ਨੂੰ ਧਿੰਗੋਜ਼ੋਰੀ ਲੱਡੂ-ਜਲੇਬੀਆਂ ਨਾਲ ਨਹੀਂ ਤੋਲਿਆ ਜਾ ਸਕਦਾ। ਇਨ੍ਹਾਂ ਵੀਰਾਂ ਨੂੰ ਇਸ ਸ਼ਬਦ ਦੇ ਤੱਤਭਾਵੀ ਅਰਥ ਸਮਝਣ ਦੀ ਲੋੜ ਹੈ ਅਤੇ ਅਸੀਂ ਖੁੱਲ੍ਹਾ ਸੱਦਾ ਦਿੰਦੇ ਹਾਂ ਕਿ ਇਸ ਸਬੰਧੀ ਸਾਡੇ ਨਾਲ ਕਦੀ ਵੀ ਵਿਚਾਰਾਂ ਕੀਤੀਆਂ ਜਾ ਸਕਦੀਆਂ ਹਨ। ਜਿਥੋਂ ਤੱਕ ਬਾਬੇ ਰਣਜੀਤ ਸਿੰਘ ਢੱਡਰੀਆਂ ਵਾਲੇ ਨਾਲ ਬੈਠਣ ਦੀ ਗੱਲ ਹੈ, ਸਾਡੇ ਕੋਲ ਸਿਰਫ ਕੱਚੀ ਬਾਣੀ ਬਾਰੇ ਬਾਬੇ ਨੂੰ ਕਰਨ ਲਈ ਇਕ ਸਵਾਲ ਹੀ ਨਹੀਂ ਸਗੋਂ ਸਵਾਲਾਂ ਦੀ ਲੰਮੀ ਲੜੀ ਹੈ, ਜੇਕਰ ਬਾਬਾ ਅਤੇ ਉਸ ਦੇ ਚੇਲਿਆਂ ਅੰਦਰ ਸਾਡੇ ਸਵਾਲਾਂ ਦੇ ਜੁਆਬ ਦੇਣ ਦੀ ਕੋਈ ਚਾਹਨਾ ਹੈ ਤਾਂ ਉਹ ਸਾਡੇ ਨਾਲ ਹੁਣ ਵੀ ਜਦੋਂ ਚਾਹੁਣ ਸੰਪਰਕ ਕਰ ਸਕਦੇ ਹਨ। ਹੁਣ ਅਸੀਂ ਕੁਝ ਸਵਾਲ ਉਸ ਅਖੌਤੀ ਬਾਬੇ ਦੇ ਚੇਲਿਆਂ ਨੂੰ ਕਰਨਾ ਚਾਹਵਾਂਗੇ:

1. ਢੱਡਰੀਆਂ ਵਾਲੇ ਸੰਤ ਦੇ ਜਾਣ ਤੋਂ ਬਾਅਦ ਕਮੇਟੀ ਪ੍ਰਧਾਨ ਅਤੇ ਕਮੇਟੀ ਸੈਕਟਰੀ ਤੋਂ ਬਿਨਾਂ ਸੰਤ ਦੇ ਅਖੌਤੀ ਹਿਤੂਆਂ ਵਿਚ ਕੋਈ ਇਕ ਵੀ ਵਿਅਕਤੀ ਗੁਰਬਾਣੀ ਦਾ ਨਿਰੋਲ ਕੀਰਤਨ ਸ੍ਰਵਣ ਕਰਨ ਲਈ ਪੰਡਾਲ ਵਿਚ ਕਿਉਂ ਨਹੀਂ ਬੈਠਿਆ?

2. ਕੀ ਇਨ੍ਹਾਂ ਲੋਕਾਂ ਲਈ ਗੁਰਬਾਣੀ ਦੇ ਕੀਰਤਨ ਨਾਲੋਂ ਬਾਬੇ ਦੀਆਂ ਆਪੂੰ ਬਣਾਈਆਂ ਕੱਚੀਆਂ ਧਾਰਨਾਂ ਵੱਧ ਮਹੱਤਵ ਰੱਖਦੀਆਂ ਹਨ?

3. ਕੀ ਇਹ ਲੋਕ ਗੁਰੂ ਗ੍ਰੰਥ ਸਾਹਿਬ ਦੇ ਉਪਾਸ਼ਕ ਹਨ ਜਾਂ ਕਿ ਕਿਸੇ ਸਾਧ ਦੇ?

4. ਗੁਰਮਤਿ ਪ੍ਰਚਾਰ ਕਰਨ ਦੀਆਂ ਟਾਹਰਾਂ ਮਾਰਨ ਵਾਲੇ ਇਹ ਅਖੌਤੀ ਬਾਬੇ ਕਿਹੜੇ ਮੂੰਹ ਨਾਲ ਗੁਰਸਿੱਖ ਸੰਗਤਾਂ ਪਾਸੋਂ ਆਪਣੇ ਪੈਰੀਂ ਹੱਥ ਲਵਾਉਂਦੇ ਹਨ?

5. ਇਨ੍ਹਾਂ ਅਖੌਤੀ ਬਾਬਿਆਂ ਦੇ ਚੇਲੇ-ਚੇਲੀਆਂ ਇਨ੍ਹਾਂ ਨੂੰ ਕੀ ਸਮਝ ਕੇ ਇਨ੍ਹਾਂ ਦੇ ਪੈਰਾਂ 'ਤੇ ਡਿਗਦੇ ਹਨ?

6. ਅਸੀਂ ਵੀਰ ਮਨਜਿੰਦਰ ਸਿੰਘ ਤੇ ਓਂਕਾਰ ਸਿੰਘ ਨੂੰ ਬੇਨਤੀ ਕਰਨੀ ਚਾਹਾਂਗੇ ਕਿ ਉਹ ਸਾਨੂੰ ਰੁਕਾਵਟਾਂ ਖੜ੍ਹੀਆਂ ਕਰਨ ਵਾਲੇ ਦੱਸਦੇ ਹੋਏ ਪ੍ਰਬੰਧਾਂ ਤੋਂ ਦੂਰ ਰਹਿਣ ਦੀ ਸਿੱਖਿਆ ਦਿੰਦੇ ਹਨ ਪਰ ਕੀ ਉਹ ਸਾਧ ਦੇ ਚੇਲਿਆਂ ਅਤੇ ਅਖੌਤੀ ਪ੍ਰਬੰਧਕਾਂ ਨੂੰ ਇਹ ਸਵਾਲ ਕਰਨਗੇ ਕਿ ਸਿੱਖ ਸੰਗਤਾਂ ਦੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਨਾਲ ਉਸਾਰੇ ਗੁਰੂ ਘਰ ਪੰਥ ਅਤੇ ਪੰਥਕ ਰਹਿਤ ਮਰਿਆਦਾ ਨੂੰ ਸਮਰਪਿਤ ਹਨ ਜਾਂ ਫਿਰ ਅਖੌਤੀ ਸਾਧਾਂ ਜਾਂ ਉਨ੍ਹਾਂ ਦੀ ਅਖੌਤੀ ਮਰਿਆਦਾ ਨੂੰ?

ਅਖੀਰ ਵਿਚ ਅਸੀਂ ਦੋਵੇਂ ਹੱਥ ਜੋੜ ਕੇ ਸਮੂਹ ਸੰਗਤਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਸਾਡਾ ਕਿਸੇ ਵੀ ਗੁਰਸਿੱਖ ਪ੍ਰਾਣੀ ਦਾ ਹਿਰਦਾ ਦੁਖਾਉਣ ਦਾ ਕੋਈ ਮਕਸਦ ਨਹੀਂ ਸੀ ਜੇ ਇਸ ਸਾਰੇ ਵਰਤਾਰੇ ਵਿਚ ਸਾਡਾ ਕੋਈ ਕਸੂਰ ਸਿੱਖ ਸੰਗਤ ਸਮਝਦੀ ਹੈ ਤਾਂ ਅਸੀਂ ਗੁਰੂ ਦੀਆਂ ਸੰਗਤਾਂ ਕੋਲੋਂ ਮੁਆਫੀ ਮੰਗਦੇ ਹਾਂ। ਸਾਡੀ ਇਹ ਬੇਨਤੀ ਗੁਰੂ ਗ੍ਰੰਥ ਸਾਹਿਬ ਦੇ ਸਿੱਖਾਂ ਦੇ ਚਰਨਾਂ ਵਿਚ ਹੈ ਨਾ ਕਿ ਕਿਸੇ ਅਖੌਤੀ ਸਾਧ ਦੇ ਚੇਲਿਆਂ ਦੇ। ਅਸੀਂ ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਆਓ ਅਖੌਤੀ ਸਾਧਾਂ ਦਾ ਪੱਲਾ ਛੱਡ ਕੇ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗੀਏ। ਸਾਨੂੰ ਭਾਈ ਗੁਰਦਾਸ ਜੀ ਦੇ ਇਹ ਬਚਨ ਆਪਣੇ ਚੇਤਿਆਂ ਵਿਚ ਵਸਾਈ ਰੱਖਣੇ ਚਾਹੀਦੇ ਹਨ:

ਸਤਿਗੁਰ ਸਾਹਿਬ ਛਡੁ ਕੈ ਮਨਮੁਖਿ ਹੋਇ ਬੰਦੇ ਦਾ ਬੰਦਾ॥

*ਦਾਸਰੇ: ਅਮਰਦੀਪ ਸਿੰਘ 'ਅਮਰ' ਫੋਨ 317-625-0148*
*ਜਸਦੀਪ ਸਿੰਘ ਖਾਲਸਾ ਫੋਨ 317-586-0744*
*ਸਮੂਹ ਨੌਜਵਾਨ, ਗਰੀਨਵੁਡ, ਇੰਡੀਆਨਾ।*

# ਹਰਜੀਤ ਬਨਾਮ ਹੈਰੀ ਬਨਾਮ ਲਾਲੂ ਪ੍ਰਸ਼ਾਦ


ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com


ਸਿਰਲੇਖ ਪੜ੍ਹ ਕੇ ਸੋਚਣ ਨਾ ਲੱਗ ਜਾਣਾ ਕਿ "ਆਹ ਕੀ ਲਿਖ ਧਰਿਆ, ਕਿੱਥੇ ਹਰਜੀਤ, ਕਿੱਥੇ ਲਾਲੂ ਪ੍ਰਸ਼ਾਦ?" ਇਸ ਵਿਚ ਨਾਂ ਤਿੰਨ ਹਨ ਪਰ ਪਾਤਰ ਇੱਕੋ ਹੈ। ਨਾਵਾਂ ਦਾ ਬਦਲਾਅ ਕਿਵੇਂ, ਕਦੋਂ ਤੇ ਕਿਉਂ ਹੋਇਆ, ਦੱਸਦਾਂ। ਹਰਜੀਤ ਮੇਰੇ ਨਾਲੋਂ ਦੋ ਕੁ ਸਾਲ ਬਾਅਦ ਅਮਰੀਕਾ ਪਹੁੰਚਿਆ। ਸਾਡੇ ਇਥੇ ਪਹੁੰਚਣ ਵਿਚ ਇਕ ਵੱਡਾ ਫਰਕ ਇਹ ਸੀ ਕਿ ਮੈਂ ਚੋਰਾਂ ਵਾਂਗ ਅਮਰੀਕਾ ਦਾਖਲ ਹੋਇਆ ਤੇ ਹਰਜੀਤ ਆਪਣੇ ਪੂਰੇ ਪਰਿਵਾਰ ਸਮੇਤ ਗਰੀਨ ਕਾਰਡ ਲੈ ਕੇ। ਮੈਂ ਕਦੇ ਅਮਰੀਕਾ ਦਾ ਸੁਪਨਾ ਵੀ ਨਹੀਂ ਲਿਆ ਸੀ। ਹਰਜੀਤ ਸੁਪਨਿਆਂ ਵਿਚ ਰਹਿੰਦਾ ਹੀ ਅਮਰੀਕਾ ਵਿਚ ਸੀ। ਹਰਜੀਤ ਦਾ ਏਅਰਪੋਰਟ 'ਤੇ 'Most Welcome to America' ਦੇ ਸ਼ਬਦਾਂ ਨਾਲ ਸਵਾਗਤ ਹੋਇਆ। ਹਰਜੀਤ ਲਈ ਇਹ ਸ਼ਬਦ ਸ਼ਾਇਦ ਵਡਮੁੱਲੇ ਨਾ ਹੋਣ, ਪਰ ਇਹ ਸ਼ਬਦ ਗੋਰੀ ਚਮੜੀ ਦੇ ਮੂੰਹੋਂ ਅਖਵਾਉਣ ਲਈ, ਹਰਜੀਤ ਦੇ ਵੱਡੇ ਭਰਾ ਗੁਰਜੀਤ ਨੇ 20 ਸਾਲ ਚਮੜੀ ਲੁਹਾਈ।

ਹਰਜੀਤ ਹੋਰੀਂ ਤਿੰਨ ਭਰਾ ਨੇ ਤੇ ਦੋ ਭੈਣਾਂ। ਸਾਰਾ ਪਰਿਵਾਰ ਅਮਰੀਕਾ ਵਿਚ ਹੀ ਵੱਸਦਾ ਹੈ। ਇਨ੍ਹਾਂ ਸਾਰਿਆਂ ਨੂੰ ਇਥੇ ਮੰਗਵਾਉਣ ਲਈ ਗੁਰਜੀਤ ਨੂੰ ਆਪਣੀ ਜ਼ਿੰਦਗੀ ਦੇ ਕੀਮਤੀ ਸਾਲਾਂ ਦੀ ਪੂੰਜੀ ਲਾਉਣੀ ਪਈ। ਜਿਹੜਾ ਵਿਅਕਤੀ ਪਰਿਵਾਰ ਨਾਲੋਂ ਵਿਛੜ ਕੇ ਪਰਦੇਸੀ ਹੁੰਦਾ ਹੈ, ਉਸ ਦੀ ਜਵਾਨੀ ਦੀ ਸਾਰੀ ਉਮਰ ਹੀ ਪਰਿਵਾਰ ਨੂੰ ਸੈਟ ਕਰਨ ਵਿਚ ਲੱਗ ਜਾਂਦੀ ਹੈ। ਇਹ ਜ਼ਿਆਦਾਤਰ ਕਠਿਨ ਤਪੱਸਿਆ ਮੇਰੇ ਵਾਂਗ ਘਰ ਵਿਚੋਂ ਸਭ ਤੋਂ ਵੱਡੇ ਪੁੱਤ ਨੂੰ ਹੀ ਕਰਨੀ ਪੈਂਦੀ ਹੈ। ਬੇਰੁਜ਼ਗਾਰੀ, ਨੌਕਰੀਆਂ ਦੀ ਘਾਟ, ਘਰ ਦੀ ਪਤਲੀ ਆਰਥਿਕ ਹਾਲਤ, ਚੰਗਾ ਭਵਿੱਖ ਦਿਖਾਈ ਨਾ ਦੇਣਾ ਹੀ ਨੌਜਵਾਨਾਂ ਨੂੰ ਜਾਨ ਤਲੀ 'ਤੇ ਧਰਨ ਲਈ ਮਜ਼ਬੂਰ ਕਰਦਾ ਹੈ। ਵੱਡੇ-ਵੱਡੇ ਮੁਲਕਾਂ ਦੇ ਬਾਰਡਰ ਤੇ ਸਮੁੰਦਰ ਪਾਰ ਕਰਨੇ, ਮੌਤ ਨੂੰ ਗਲ ਵਿਚ ਪਾ ਕੇ ਘੁੰਮਣ ਬਰਾਬਰ ਹੁੰਦੇ ਨੇ।

ਗੁਰਜੀਤ ਵੀ ਘਰ ਦੇ ਚੰਗੇ ਭਵਿੱਖ ਲਈ ਮੁਲਕਾਂ ਦੀਆਂ ਸਰਹੱਦਾਂ ਟੱਪਦਾ ਅਮਰੀਕਾ ਪਹੁੰਚ ਗਿਆ। ਰਿਸ਼ਤੇਦਾਰਾਂ ਸਾਂਭਣ ਤੋਂ ਇਨਕਾਰ ਕਰ ਦਿੱਤਾ। ਰੱਬ ਆਸਰੇ, ਸਭ ਕੁਝ ਛੱਡ ਦਿੱਤਾ। ਆਪੇ ਹੀ ਰਹਿਣ ਲਈ ਛੱਤ ਮਿਲ ਗਈ। ਕਿਸੇ ਦੀ ਮਿਹਰਬਾਨੀ ਹੋਈ, ਇਕ ਰੈਸਟੋਰੈਂਟ ਵਿਚ ਕੰਮ ਮਿਲ ਗਿਆ। ਬੜੀਆਂ ਕਠਿਨਾਈਆਂ ਨਾਲ ਗਰੀਨ ਕਾਰਡ ਮਿਲਿਆ, ਸਖਤ ਮਿਹਨਤ ਕਰਕੇ ਪਿੰਡ ਭੈਣ-ਭਰਾਵਾਂ ਦੇ ਵਧੀਆ ਵਿਆਹ ਕੀਤੇ, ਘਰ ਪਾਇਆ, ਖੇਤੀਬਾੜੀ ਵਾਸਤੇ ਸਾਰੇ ਸੰਦ ਬਣਾ ਕੇ ਦਿੱਤੇ। ਘਰਦਿਆਂ ਨੂੰ ਥੋੜ੍ਹੀ ਨਹੀਂ ਚੰਗੀ ਸੂਰਤ ਆ ਗਈ।

ਗੁਰਜੀਤ ਨੇ ਸਿਟੀਜ਼ਨ ਹੋਣ ਪਿਛੋਂ ਹੀ ਇੰਡੀਆ ਜਾ ਕੇ ਵਿਆਹ ਕਰਵਾਇਆ। ਘਰਵਾਲੀ ਨਾਲ ਹੀ ਲੈ ਆਇਆ। ਭੈਣ-ਭਰਾਵਾਂ ਦੇ ਪੇਪਰ ਭਰ ਦਿੱਤੇ। ਸਮਾਂ ਬੀਤਦਾ ਗਿਆ। ਆਪਣੇ ਮਾਤਾ-ਪਿਤਾ ਨੂੰ ਵੀ ਅਮਰੀਕਾ ਦਿਖਾਇਆ। ਮਾਤਾ-ਪਿਤਾ ਪਿਛਲਿਆਂ ਦਾ ਮੋਹ ਕਰਦੇ ਛੇ ਮਹੀਨੇ ਪਿਛੋਂ ਮੁੜ ਜਾਂਦੇ। ਗੁਰਜੀਤ ਨੇ ਸਭ ਨਾਲੋਂ ਛੋਟਾ ਭਰਾ ਏਜੰਟ ਰਾਹੀਂ ਮੰਗਵਾ ਕੇ ਪੱਕਾ ਕਰਵਾ ਦਿੱਤਾ। ਉਸ ਨੇ ਆਪਣੇ ਆਪ ਹੀ ਵਿਆਹ ਕਰਵਾ ਲਿਆ ਤੇ ਗੁਰਜੀਤ ਨਾਲੋਂ ਵੱਖ ਰਹਿਣ ਲੱਗ ਪਿਆ।

ਹਰਜੀਤ ਦਾ ਪਿੰਡ ਖੇਤੀਬਾੜੀ ਦਾ ਕੰਮ ਵਧੀਆ ਚਲਦਾ। ਦੋ ਭਈਏ ਪੱਕੇ ਹੀ ਰੱਖੇ ਹੁੰਦੇ ਜਿਨ੍ਹਾਂ ਦੇ ਮੂੰਹੋਂ ਬੱਸ "ਸਰਦਾਰ ਜੀ, ਸਰਦਾਰ ਜੀ" ਨਿਕਲਦਾ ਰਹਿੰਦਾ। ਗੁਰਜੀਤ ਦੀ ਮਦਦ ਨਾਲ ਹੀ ਹਰਜੀਤ ਦੀ ਬੱਲੇ ਬੱਲੇ ਹੋਈ ਰਹਿੰਦੀ। ਹੁਣ ਹਰਜੀਤ ਹੋਰਾਂ ਦੇ ਪੇਪਰ ਨਿਕਲ ਆਏ। ਹਰਜੀਤ ਦਾ ਧਰਤੀ ਪੈਰ ਨਾ ਲੱਗਦਾ। ਪਿੰਡ ਦੇ ਡਾਕੀਏ ਨੂੰ ਕੰਨਾਂ ਵਿਚ ਸਮਝਾਉਂਦਾ, "ਮੇਰੀ ਅਮਰੀਕਾ ਦੀ ਚਿੱਠੀ ਆਉਣੀ ਹੈ, ਕਿਤੇ ਗੁਆਚ ਨਾ ਜਾਏ, ਖਿਆਲ ਰੱਖੀਂ। ਮੈਂ ਤੈਨੂੰ ਜਾਣ ਲੱਗਿਆਂ ਵਲੈਤੀ ਗਾਂ ਦੇ ਜਾਣੀ ਹੈ, ਪੂਰਾ ਵੀਹ ਕਿੱਲੋ ਦੁੱਧ ਦਿੰਦੀ ਹੈ।" ਡਾਕੀਆਂ ਹੱਸਦਾ ਹੋਇਆ ਬੁੱਲ੍ਹਾਂ ਨੂੰ ਕੰਨਾਂ ਤੱਕ ਲੈ ਜਾਂਦਾ।

ਪੇਪਰ ਤਿਆਰ ਹੋਏ, ਡਾਕਟਰੀ ਹੋਈ, ਇੰਟਰਵਿਊ ਹੋਈ। ਅੰਬੈਸੀ ਵਾਲਿਆਂ ਸਾਰੇ ਪਰਿਵਾਰ ਦੇ ਪਾਸਪੋਰਟ ਰੱਖ ਲਏ ਵੀਜ਼ਾ ਦੇਣ ਵਾਸਤੇ। ਜਿਸ ਦਿਨ ਕੋਰੀਅਰ ਵਾਲਾ ਪਾਸਪੋਰਟ ਲੈ ਕੇ ਆਇਆ ਹਰਜੀਤ ਨੇ ਗਾਂਧੀ ਵਾਲਾ ਨੋਟ ਕੱਢ ਕੇ ਫੜਾਇਆ। ਹਰਜੀਤ ਨੂੰ ਸੱਚ ਨਾ ਆਵੇ ਕਿ ਸਾਡਾ ਸੱਚੀਂ ਅਮਰੀਕਾ ਦਾ ਵੀਜ਼ਾ ਲੱਗ ਗਿਆ ਹੈ। ਖੈਰ, ਪਾਸਪੋਰਟ ਘਰ ਵਾਲੀ ਨੂੰ ਫੜਾਉਂਦਿਆਂ ਸਮਝਾਇਆ ਕਿ ਇਨ੍ਹਾਂ ਨੂੰ ਸੰਭਾਲ ਕੇ ਰੱਖ ਲੈ। ਇਹ ਆਪਣੀ ਜ਼ਿੰਦਗੀ ਨੇ। ਇਨ੍ਹਾਂ ਨੇ ਅਮਰੀਕਾ ਲਿਜਾਣਾ। ਪਤਾ ਨਹੀਂ ਰਾਤ ਨੂੰ ਕੀ ਸੁਪਨਾ ਆਇਆ ਘਰ ਵਾਲੀ ਨੂੰ ਉਠਾ ਕੇ ਕਹਿੰਦਾ, "ਪਾਸਪੋਰਟ ਕਿੱਥੇ ਨੇ?"

"ਰਾਮ ਨਾਲ ਸੌਂ ਜਾ, ਸੰਦੂਕ ਵਿਚ ਰੱਖੇ ਹੋਏ ਨੇ।" ਘਰ ਵਾਲੀ ਨੇ ਪਾਸਾ ਪਲਟਦਿਆਂ ਜਵਾਬ ਦਿੱਤਾ।

"ਮੈਨੂੰ ਇਕ ਵਾਰ ਵਿਖਾ ਦੇ।" ਘਰ ਵਾਲੀ ਨੂੰ ਬਾਹਾਂ ਤੋਂ ਫੜ ਕੇ ਉਠਾਉਂਦਿਆਂ ਹਰਜੀਤ ਬੋਲਿਆ। ਸੰਦੂਕ ਖੁੱਲ੍ਹਾ ਕੇ ਪਾਸਪੋਰਟ ਵੇਖ ਕੇ ਕਹਿੰਦਾ, "ਸ਼ੁਕਰ ਹੈ, ਮਿਲ ਗਏ। ਮੇਰੀ ਤਾਂ ਜਾਨ ਹੀ ਨਿਕਲ ਗਈ ਸੀ।" ਤਸੱਲੀ ਕਰਕੇ ਮੰਜੇ 'ਤੇ ਡਿੱਗ ਪਿਆ।

ਅਮਰੀਕਾ ਆਉਣ ਤੋਂ ਪਹਿਲਾਂ ਹਰਜੀਤ ਨੇ ਸਾਰਾ ਬਣਿਆ ਹੋਇਆ ਸਾਮਾਨ ਵੇਚ ਦਿੱਤਾ। ਕੀ ਗਾਂ, ਕੀ ਮੱਝ, ਕਹੀ-ਖੁਰਪਾ ਵੀ ਨਹੀਂ ਛੱਡਿਆ। ਬਾਪੂ ਖਾਲੀ ਹੋਇਆ ਘਰ ਵੇਖ ਕੇ ਧਾਹੀਂ ਰੋਂਦਾ। ਪਰ ਪੁੱਤ ਨੂੰ ਅਮਰੀਕਾ ਦਾ ਚਾਅ ਹੀ ਇੰਨਾ ਸੀ ਕਿ ਚਾਵਾਂ ਨਾਲ ਬਣਾਇਆ ਸਭ ਕੁਝ, ਮੁਫਤ ਦੇ ਭਾਅ ਵੇਚ ਦਿੱਤਾ। ਵੱਟੇ ਹੋਏ ਰੁਪਈਆਂ ਦੇ ਡਾਲਰ ਬਣਾ ਕੇ ਦਿੱਲੀ ਤੋਂ ਅਮਰੀਕਾ ਨੂੰ ਚੜ੍ਹ ਆਇਆ।

ਅਮਰੀਕਾ ਪਹੁੰਚ ਕੇ ਵੇਖਿਆ ਗੁਰਜੀਤ ਦਾ ਪੰਜ ਬੈਡ ਰੂਮ ਦਾ ਘਰ, ਦੋ ਲਿੱਕਰ ਸਟੋਰ, ਚਾਰ ਕਾਰਾਂ। ਹੁਣ ਤਾਂ ਮੌਜਾਂ ਹੀ ਮੌਜਾਂ। ਘਰ ਆਉਂਦਿਆਂ ਹੀ ਕੁੱਕੜ ਦੀਆਂ ਲੱਤਾਂ, ਕੁੰਡੇ ਵਾਲੀ ਕਰਾਊਨ ਰੋਇਲ ਨੂੰ ਵੇਖ ਕੇ ਹਰਜੀਤ ਨੂੰ ਲੱਗਿਆ ਜਿਵੇਂ ਹੁਣ ਰਾਜਿਆਂ-ਮਹਾਰਾਜਿਆਂ ਵਾਲੀ ਜ਼ਿੰਦਗੀ ਸ਼ੁਰੂ ਹੋ ਗਈ ਹੋਵੇ। ਦਸ ਕੁ ਦਿਨ ਹਰਜੀਤ ਨੂੰ ਇਧਰ-ਉਧਰ ਘੁਮਾਇਆ ਗਿਆ। ਫਿਰ ਲਿੱਕਰ ਸਟੋਰ 'ਤੇ ਲਿਆ ਖੜ੍ਹਾ ਕੀਤਾ। ਸ਼ਾਮ ਤੱਕ ਲੱਤਾਂ ਫੁੱਲ ਗਈਆਂ। ਪਹਿਲੇ ਦਿਨ ਹੀ ਪਿੰਡ ਯਾਦ ਆਉਣ ਲੱਗਾ। ਅੱਠ ਜਮਾਤਾਂ ਪਾਸ ਵਿਚਾਰਾ ਹਰਜੀਤ "ਹੈਲੋ ਹਾਏ" ਵਿਚ ਗਵਾਚਿਆ ਰਹਿੰਦਾ। ਨਿੱਤ ਪੱਗ ਬੰਨ੍ਹਣੀ ਔਖੀ ਲੱਗੀ। ਕੇਸ ਤੇ ਦਾੜੀ ਕਟਵਾ ਦਿੱਤੀ ਤੇ ਨਾਂ ਵੀ ਕਟਵਾ ਕੇ 'ਹੈਰੀ' ਰੱਖ ਲਿਆ। ਨਾਂ ਤਾਂ ਅੰਗਰੇਜ਼ਾਂ ਵਾਲਾ ਰੱਖ ਲਿਆ ਪਰ ਲਿੱਕਰ ਸਟੋਰ ਦਾ ਕੰਮ ਫਿਰ ਵੀ ਨਾ ਸਿੱਖ ਸਕਿਆ।

ਘਰ ਵਿਚ ਬੱਚਿਆਂ ਤੇ ਜ਼ਨਾਨੀਆਂ ਵਿਚ ਝਗੜਾ ਹੋਣਾ ਸ਼ੁਰੂ ਹੋ ਗਿਆ। ਗੁਰਜੀਤ ਦੀ ਘਰ ਵਾਲੀ ਦੁਖੀ ਹੋ ਕੇ ਕਹਿੰਦੀ, "ਕਿੱਥੇ ਵੱਗ ਸੱਦ ਲਿਆ, ਵਧੀਆ ਆਪਣੀ ਜ਼ਿੰਦਗੀ ਬਤੀਤ ਕਰਦੇ ਸੀ। ਆਹ ਪਤਾ ਨਹੀਂ ਕਿਉਂ ਇਥੇ ਲਿਆ ਬਿਠਾਏ ਨੇ? ਇਸ ਬੰਦੇ ਨੇ ਸਾਰੀ ਉਮਰ ਹੀ ਆਪਣੇ ਪਰਿਵਾਰ ਦੇ ਲੇਖੇ ਲਾ ਦਿੱਤੀ। ਜਦੋਂ ਅਰਾਮ ਕਰਨ ਦਾ ਸਮਾਂ ਆਇਆ ਤਾਂ ਭਰਾਵਾਂ ਦਾ ਹੇਜ਼ ਆ ਗਿਆ।" ਗੁਰਜੀਤ ਵਿਚਾਰਾ ਸੁਣਦਾ ਰਹਿੰਦਾ। ਉਹ ਵਿਚਾਲੇ ਫਸਿਆ ਹੋਇਆ ਸੀ। ਕਿਵੇਂ ਆਖੇ ਭਰਾ ਨੂੰ ਕਿ ਤੂੰ ਘਰੋਂ ਨਿਕਲ ਜਾ। ਭਰਾ ਵਿਚਾਰਾ ਤਾਂ ਸਵਰਗ ਦੇ ਸੁਪਨੇ ਲੈ ਕੇ ਆਇਆ ਸੀ। ਇੰਡੀਆ ਤੋਂ ਫੋਨ ਆਇਆ ਕਿ ਪਿੱਛੇ ਰਹਿੰਦੀਆਂ ਦੋਵੇਂ ਭੈਣਾਂ ਦੇ ਪਰਿਵਾਰਾਂ ਨੂੰ ਵੀ ਵੀਜ਼ਾ ਮਿਲ ਗਿਆ, ਉਹ ਵੀ ਅਟੈਚੀਆਂ ਵਿਚ ਸਾਮਾਨ ਸਾਂਭਣ ਲੱਗ ਗਏ।

ਗੁਰਜੀਤ ਨੂੰ ਥੋੜ੍ਹਾ ਬਦਲਿਆ ਵੇਖ ਕੇ ਹੈਰੀ ਨੂੰ ਲਗਦਾ ਕਿ ਇਥੇ ਭਰਾਵਾਂ ਵਿਚ ਪਿਆਰ ਨਹੀਂ ਹੈ। ਪਿੰਡਾਂ ਵਾਲਾ ਪਰਿਵਾਰਕ ਮੋਹ ਨਹੀਂ ਹੈ। ਸਭ ਦੇ ਅੰਦਰ ਰੁੱਖਾਪਣ ਭਰਿਆ ਹੋਇਆ ਹੈ। ਹੈਰੀ ਨੇ ਹੁਣ ਕਾਰ ਦਾ ਲਾਇਸੰਸ ਤਾਂ ਲੈ ਲਿਆ, ਪਰ ਕੰਮ ਕੋਈ ਨਹੀਂ ਸੀ ਮਿਲਿਆ। ਗੁਰਜੀਤ ਨੇ ਦਿਲ 'ਤੇ ਪੱਥਰ ਰੱਖ ਕੇ ਇਕ ਦਿਨ ਹੈਰੀ ਨੂੰ ਵੱਖਰਾ ਅਪਾਰਟਮੈਂਟ ਲੈ ਕੇ ਦੇ ਦਿੱਤਾ। ਸਾਰਾ ਸਾਮਾਨ ਆਪ ਖਰੀਦ ਕੇ ਦਿੱਤਾ। ਪਿੰਡੋਂ ਲਿਆਂਦੇ ਰੁਪਈਆਂ ਨਾਲ ਹੈਰੀ ਨੇ ਇਕ ਪੁਰਾਣੀ ਕੈਮਰੀ ਖਰੀਦ ਲਈ। ਇਕ-ਦੋ ਵਾਰ ਛੋਟੇ ਭਰਾ ਨੂੰ ਮਦਦ ਲਈ ਫੋਨ ਕੀਤਾ ਤਾਂ ਉਸ ਭਰਾ ਨੇ ਸਪੱਸ਼ਟ ਕਹਿ ਦਿੱਤਾ ਕਿ ਮੈਂ ਅਮਰੀਕਨ ਸਿਟੀਜ਼ਨ ਘਰ ਵਾਲੀ ਦਾ ਗੁਲਾਮ ਹਾਂ, ਮੈਂ ਕੁਝ ਨਹੀਂ ਕਰ ਸਕਦਾ। ਇਥੇ ਇਕ ਨੋਟ ਕਰਨ ਵਾਲੀ ਗੱਲ ਹੈ ਕਿ ਜਿਹੜਾ ਭਰਾ ਪਹਿਲਾਂ ਪਰਦੇਸੀ ਹੋ ਕੇ ਘਰ ਦੀ ਰੂਪ-ਰੇਖਾ ਬਦਲਦਾ ਹੈ, ਆਪ ਮੁਸੀਬਤਾਂ ਝੱਲ ਕੇ ਪੱਕਾ ਹੁੰਦਾ ਹੈ ਤੇ ਫਿਰ ਆਪਣੇ-ਭੈਣ ਭਰਾਵਾਂ ਨੂੰ ਪੱਕੇ ਤੌਰ 'ਤੇ ਮੰਗਵਾਉਂਦਾ ਹੈ, ਸਭ ਨੂੰ ਥਾਈਂ-ਥਾਈਂ ਸੈਟ ਕਰਦਾ ਹੈ। ਸੈਟ ਕੀਤੇ ਭਰਾ ਕਦੇ ਨਹੀਂ ਕਹਿੰਦੇ ਕਿ ਸਾਡੇ ਵੱਡੇ ਭਰਾ ਨੇ ਸਾਡਾ ਬਹੁਤ ਕੁਝ ਕੀਤਾ ਤੇ ਸੰਵਾਰਿਆ ਹੈ। ਹਮੇਸ਼ਾ ਇਹੀ ਸ਼ਿਕਾਇਤ ਕਰਦੇ ਨੇ ਕਿ ਇਸ ਨੇ ਸਾਡਾ ਕੀ ਕੀਤਾ, ਸਾਡੇ ਕਰਮਾਂ ਨੇ ਸਾਨੂੰ ਅਮਰੀਕਾ ਦਿਖਾਇਆ।

ਕਿਸੇ ਨੇ ਸਲਾਹ ਦਿੱਤੀ ਕਿ ਟਰੱਕ ਦਾ ਲਾਇਸੰਸ ਲੈ ਕੇ ਟਰੱਕ 'ਤੇ ਚੜ੍ਹ ਜਾ। ਹੈਰੀ ਨੇ ਕਿਸੇ ਦੇਸੀ ਟਰੱਕ ਡਰਾਈਵਿੰਗ ਸਕੂਲ ਤੋਂ ਔਖੇ-ਸੌਖੇ ਹੋ ਕੇ ਲਾਇਸੰਸ ਲੈ ਲਿਆ, ਕਿਸੇ ਨਾਲ ਟਰੱਕ 'ਤੇ ਚੜ੍ਹ ਕੇ ਡਰਾਈਵਰੀ ਸਿੱਖਣ ਲੱਗਾ। ਦੋ ਮਹੀਨਿਆਂ ਵਿਚ ਟਰੱਕ ਸਿੱਖ ਕੇ ਫਿਰ ਆਪ ਇਕੱਲਾ ਕਿਸੇ ਦੇ ਟਰੱਕ ਦੀ ਡਰਾਈਵਰੀ ਕਰਨ ਲੱਗਿਆ। ਹੈਰੀ ਨੇ ਅਮਰੀਕਾ ਆ ਕੇ ਉਹ ਦਿਨ ਵੇਖੇ ਜਿਹੜੇ ਕਦੇ ਸੁਪਨੇ ਵਿਚ ਵੀ ਨਹੀਂ ਵੇਖੇ ਤੇ ਸੋਚੇ ਹੋਣੇ। ਟਰੱਕ ਉਪਰ ਨਾ ਖਾਣ ਦਾ ਟਾਈਮ, ਨਾ ਸੌਣ ਦਾ ਟਾਈਮ। ਬੱਸ ਚੱਲ ਸੋ ਚੱਲ। ਹੈਰੀ ਦੇ ਸਿਰ ਵਾਲੇ ਵਾਲ ਇਕਦਮ ਚਿੱਟੇ ਹੋ ਗਏ। ਫਿਕਰਾਂ ਨੇ ਹੈਰੀ ਨੂੰ ਸਿੱਟ ਲਿਆ। ਸੋਚਿਆ ਤੇ ਵੇਖਿਆ ਕੀ ਸੀ ਤੇ ਨਿਕਲਿਆ ਕੀ? ਹੈਰੀ ਨਾਲ ਤਾਂ ਇਵੇਂ ਹੋਈ।

ਕਹਿੰਦੇ ਨੇ ਇਕ ਵਾਰ ਇਕ ਬੰਦੇ ਨੂੰ ਜਮਦੂਤ, ਧਰਮਰਾਜ ਕੋਲ ਲੈ ਕੇ ਗਏ। ਧਰਮਰਾਜ ਨੇ ਹੁਕਮ ਦਿੱਤਾ ਕਿ ਇਸ ਬੰਦੇ ਦੇ ਨੇਕ ਕੰਮ ਕੀਤੇ ਹੋਣ ਕਰਕੇ ਇਸ ਨੂੰ ਇਸ ਦੀ ਮਰਜ਼ੀ ਦੇ ਭਵਨ ਵਿਚ ਪ੍ਰਵੇਸ਼ ਕਰਵਾਇਆ ਜਾਵੇ। ਇਹ ਸੁਣ ਕੇ ਬੰਦਾ ਖੁਸ਼ ਹੋ ਗਿਆ। ਉਸ ਨੂੰ ਪਹਿਲਾ ਭਵਨ ਵਿਖਾਇਆ ਗਿਆ, ਕੀ ਵੇਖਿਆ ਉਥੇ ਇਕੱਲੇ-ਇਕੱਲੇ ਨੂੰ ਤਸੀਹੇ ਦਿੱਤੇ ਜਾਂਦੇ ਹਨ। ਤੱਤੇ ਸਰੀਏ ਸਰੀਰ ਵਿਚ ਖੁਭੋਏ ਜਾਂਦੇ ਹਨ। ਇਥੇ ਜਾਣ ਤੋਂ ਬੰਦੇ ਨੇ ਜਵਾਬ ਦੇ ਦਿੱਤਾ। ਅਗਲੇ ਭਵਨ ਵਿਚ ਵੀ ਅਜਿਹਾ ਕੁਝ ਸੀ। ਅੱਗ ਉਤੋਂ ਦੀ ਤੋਰਿਆ ਜਾ ਰਿਹਾ ਸੀ, ਜਮੂਰਾਂ ਨਾਲ ਮਾਸ ਖਿੱਚਿਆ ਜਾ ਰਿਹਾ ਸੀ। ਇਸ ਭਵਨ ਤੋਂ ਵੀ ਇਨਕਾਰ ਕਰ ਦਿੱਤਾ। ਤੀਜੇ ਭਵਨ ਵਿਚ ਇਕੱਲੇ-ਇਕੱਲੇ ਨੂੰ ਬੰਨ੍ਹ ਕੇ ਕੋੜ੍ਹੇ ਮਾਰੇ ਜਾਂਦੇ ਵੇਖੇ, ਇਥੋਂ ਵੀ ਡਰ ਗਿਆ। ਚੌਥੇ ਭਵਨ ਦੇ ਗੇਟ ਅੱਗੇ ਲੱਗੇ ਬੋਰਡ 'ਤੇ ਕੀ ਵੇਖਿਆ ਕਿ ਸੋਹਣੀ ਪਾਰਕ ਬਣੀ ਹੋਈ ਹੈ। ਪਾਣੀ ਦੇ ਫੁਹਾਰੇ ਚੱਲ ਰਹੇ ਨੇ, ਸੀਤ ਹਵਾ ਚੱਲ ਰਹੀ ਹੈ। ਇਕ ਬੈਂਚ ਉਪਰ ਗੋਰਾ ਤੇ ਗੋਰੀ ਬੈਠੇ ਰੋਮਾਂਟਿਕ ਗੱਲਾਂ ਕਰ ਰਹੇ ਹਨ। ਇਹ ਸਭ ਵੇਖ ਕੇ ਬੰਦਾ ਕਹਿੰਦਾ ਕਿ ਮੇਰਾ ਇਥੇ ਵਾਸਾ ਕਰਵਾ ਦਿਓ। ਜਮਦੂਤ ਉਥੇ ਛੱਡ ਆਏ। ਅੰਦਰ ਗਿਆ ਤਾਂ ਅੱਗ ਦੇ ਖੂਹ ਵਿਚ ਲਟਕਾ ਦਿੱਤਾ, ਭੁੱਖਾ ਰੱਖਿਆ, ਪਾਣੀ ਤੱਕ ਨਾ ਮਿਲਿਆ, ਬਹੁਤ ਤਸੀਹੇ ਝੱਲੇ।

ਜਦੋਂ ਸੁਰਤ ਆਈ ਤਾਂ ਪੁੱਛਿਆ, "ਬਾਹਰ ਬੋਰਡ 'ਤੇ ਤਾਂ ਕੀ ਦਿਖਾਇਆ ਗਿਆ ਹੈ। ਅੰਦਰ ਕੰਮ ਪਹਿਲੇ ਭਵਨਾਂ ਵਾਲਾ ਕਰਦੇ ਹੋ।" ਜਵਾਬ ਮਿਲਿਆ, "ਤੇਰੇ ਵਰਗਿਆ ਨੂੰ ਫਸਾਉਣ ਲਈ, ਸਾਨੂੰ ਅਜਿਹੇ ਇਸ਼ਤਿਹਾਰ ਲਗਾਉਣੇ ਪੈਂਦੇ ਨੇ। ਜਿਹੜੇ ਜ਼ਿੰਦਗੀ ਨੂੰ ਵਧੀਆ ਜਿਉਣ ਦਾ ਭੁਲੇਖਾ ਲੈ ਕੇ ਇਸ ਭਵਨ ਵਿਚ ਆਉਂਦੇ ਨੇ, ਉਨ੍ਹਾਂ ਨਾਲ ਤੇਰੇ ਵਾਂਗ ਹੀ ਹੁੰਦੀ ਹੈ।" ਹੈਰੀ ਨੂੰ ਹੁਣ ਅਮਰੀਕਾ ਇਸ ਭਵਨ ਵਰਗਾ ਲਗਦਾ।

ਟਰੱਕ ਨੇ ਹੈਰੀ ਨੂੰ ਸ਼ਕਲੋਂ-ਬੇਸ਼ਕਲ ਕਰ ਦਿੱਤਾ। ਕੰਮ ਦੀ ਖਿੱਚ, ਲੋੜੋਂ ਵਧ ਸਰੀਰ ਨਾਲ ਧੱਕਾ, ਮਾੜਾ ਹੀ ਹੁੰਦਾ ਹੈ। ਜਿਹੜਾ ਹਰਜੀਤ ਕਹਿੰਦਾ ਸੀ ਕਿ ਮੈਂ ਅਮਰੀਕਾ ਜਾ ਕੇ ਡਾਲਰ ਰੋਲ ਦਊਂ, ਉਸਨੂੰ ਅਮਰੀਕਾ ਦੇ ਡਾਲਰਾਂ ਨੇ ਰੋਲ ਕੇ ਰੱਖ ਦਿੱਤਾ। ਉਹ "ਸਰਦਾਰ ਜੀ" ਵਾਲੀ ਜ਼ਿੰਦਗੀ ਚੇਤੇ ਕਰਕੇ ਰੋਂਦਾ। ਰਾਮੂਆਂ 'ਤੇ ਹੁਕਮ ਚਲਾਉਣ ਵਾਲਾ ਖੁਦ ਰਾਮੂ ਬਣਿਆ ਫਿਰਦਾ ਹੈ, ਬਿਹਾਰੀ ਭਈਆ, ਨਾ ਹੁਣ ਵਾਪਸ ਪਿੰਡ ਜਾਣ ਜੋਗਾ ਹੈ। ਬੱਚੇ ਇਥੇ ਪੜ੍ਹ-ਲਿਖ ਗਏ। ਬੇਬੇ-ਬਾਪੂ ਜਹਾਨੋਂ ਤੁਰ ਗਏ, ਘਰ ਖਾਲੀ ਪਿਆ। ਪਿੰਡੋਂ ਸਿਰਨਾਵੇਂ ਖਤਮ ਹੋ ਗਏ। ਪਿੰਡ ਵਾਲੀ ਸਰਦਾਰੀ ਖੰਭ ਲਾ ਕੇ ਉਡ ਗਈ।

ਦੋ ਕੁ ਮਹੀਨੇ ਪਹਿਲਾਂ ਮੈਂ ਹੈਰੀ ਨੂੰ ਇਕ ਟਰੱਕ ਸਟਾਪ 'ਤੇ ਮਿਲਿਆ। ਉਸਨੂੰ ਵੇਖ ਕੇ ਮੇਰੀ ਧਾਹ ਨਿਕਲ ਗਈ। "ਆਹ ਕੀ ਹਾਲ ਬਣਾ ਲਿਆ ਪੇਂਡੂਆ," ਮੈਂ ਉਸ ਨੂੰ ਬੁੱਕਲ ਵਿਚ ਲੈਂਦੇ ਹੋਏ ਪੁੱਛਿਆ। ਜਵਾਬ ਮਿਲਿਆ, "ਮਾੜੇ ਕਰਮ ਸਨ, ਜਿਹੜਾ ਅਮਰੀਕਾ ਆ ਗਿਆ। ਸੋਸ਼ਲ ਲਾਈਫ ਹੀ ਖਤਮ ਹੋ ਗਈ, ਕੰਮ ਹੀ ਕੰਮ ਹੈ। ਪਹਿਲਾਂ ਹੈਰੀ ਬਣ ਗਿਆ, ਹੁਣ ਸ਼ਕਲ-ਸੂਰਤ ਬਿਹਾਰ ਵਾਲੇ ਲਾਲੂ ਪ੍ਰਸ਼ਾਦ ਯਾਦਵ ਵਰਗੀ ਹੋ ਗਈ ਹੈ। ਆਹ ਕੁਝ ਮਿਲਿਆ ਅਮਰੀਕਾ ਕੋਲੋਂ।" ਮੈਂ ਪਿੰਡ ਜਾਣ ਬਾਰੇ ਪੁੱਛਿਆ ਤਾਂ ਕਹਿੰਦਾ ਕਿ ਹੁਣ ਤਾਂ ਕੁੱਜੀ ਵਿਚ ਹੀ ਜਾਵਾਂਗਾ।


WORLD PUNJABI TV
ਮੜਕ ਪੰਜਾਬੀਆਂ ਦੀ
24hrs Free To Air USA,Canada
Fta Receiver and Dish Network



Coming Soon
WORLDPUNJABITV
Host for a TV program. Any one interested call us or send e-mail with your Picture and resume. We provide training free. Male or Female host is required for this program should be able to speak well Punjabi.
E-mail: info@worldpunjabitvnetwork.com
www.worldpunjabitvnetwork.com
Parminder Sanghera
Ph:(817)739-2952.
Dallas Texas ,San Francisco,Stockton, Chicago, Indiana, Dallas Bakersfield-Fresno, New York, New Jersey, Washington Dc
1035 Andover Park .W. #210 Tukwila WA 98188 Tel:206 434 2322



Wraich Transport LLC
North American Truck Stop
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ
*We have trailer engine for carrier and thermo king *North american truck stop offers all kind of truck repair @ economy price. *We have special deal on oil change $189 +
ਤੁਰਤ ਕਾਲ ਕਰੋ:800-746-6201, 909-350-3310



ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜੋ ਕੈਲੀਫੋਰਨੀਆ ਤੋਂ ਸਿਆਟਲ, ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ, ਆਦਿ ਸ਼ਹਿਰਾਂ ਵਿਚ ਆ-ਜਾ ਸਕਣ।
ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।
ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ
ਫੋਨ:(510) 881-8008
ਸੈਲ:408-896-4518
Email: cctransinc@gmail.com



C and C Trans Inc., Hayward, CA

## ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

# ਹੁੱਥੂ

ਸੁਖਪਾਲ ਨੇ ਮਲਕੜੇ ਜਿਹੇ ਅਪਾਰਟਮੈਂਟ ਦਾ ਦਰਵਾਜ਼ਾ ਖੋਲ੍ਹਿਆ ਤੇ ਫੂਕ ਫੂਕ ਕੇ ਕਦਮ ਰਖਦਾ ਲਿਵਿੰਗ ਰੂਮ ਵਿਚ ਜਾ ਵੜਿਆ। ਅੰਦਰ ਪੂਰਾ ਸੰਨਾਟਾ ਸੀ। ਉਸ ਨੂੰ ਤਸੱਲੀ ਹੋਈ ਤੇ ਉਹ ਸਿੱਧਾ ਹੀ ਆਪਣੇ ਬੈਡ ਰੂਮ ਵੱਲ ਵਧਿਆ। ਉਸਦਾ ਨੰਨ੍ਹਾ ਮੁੰਨਾ ਅੱਖਾਂ ਬੰਦ ਕੀਤੀ ਲੇਟਿਆ ਹੋਇਆ ਸੀ, ਮਾਸੂਮ ਤੇ ਸੁਖਦ। ਨਾਲ ਹੀ ਲੱਗੀ ਪਈ ਉਸਦੀ ਪਤਨੀ ਗੂੜ੍ਹੀ ਨੀਂਦ 'ਚ ਸੁੱਤੀ ਪਈ ਦਿਸਦੀ ਸੀ। ਸੁਖਪਾਲ ਦਾ ਇੱਕ ਵਾਰੀ ਤਾਂ ਮਨ ਕੀਤਾ, ਉਹ ਦੋਵਾਂ ਨੂੰ ਚੁੰਮ ਲਏ ਪਰ ਫਿਰ ਡਰਦਾ ਕਿ ਕਿਧਰੇ ਦੋਵੇਂ ਜਾਗ ਹੀ ਨਾ ਜਾਣ, ਉਹ ਉਨ੍ਹੀਂ ਕਦਮੀਂ ਵਾਪਿਸ ਆ ਗਿਆ।

ਕਿੰਨੇ ਹੀ ਦਿਨਾਂ ਪਿੱਛੋਂ ਇਹ ਪਹਿਲਾ ਦਿਨ ਸੀ ਕਿ ਉਸਨੇ ਘਰ ਚੁੱਪ ਚਾਂ ਦੇਖੀ ਸੀ ਨਹੀਂ ਤਾਂ ਅਕਸਰ ਹੀ ਉਹ ਜਦ ਵੀ ਸ਼ਾਮ ਨੂੰ ਆਪਣੇ ਡਾਕਟਰੀ ਕੰਮ ਤੋਂ ਵਿਹਲਾ ਹੋ ਕੇ ਘਰ ਪਰਤਦਾ, ਬੱਚੇ ਦੀਆਂ ਚੀਕਾਂ ਸੁਣਾਈ ਦਿੰਦੀਆਂ। ਉਹ ਲੇਰਾਂ ਮਾਰਦਾ ਮਾਂ ਤੋਂ ਛੁੱਟ ਛੁੱਟ ਜਾਂਦਾ। ਉਸਦੀ ਪਤਨੀ ਕੁਲਵਿੰਦਰ ਦਾ ਬੁਰਾ ਹਾਲ ਹੋਇਆ ਹੁੰਦਾ। ਸੁਖਪਾਲ ਸੋਚ ਸਕਦਾ ਸੀ, ਸਾਰਾ ਦਿਨ ਬੱਚੇ ਨੇ ਮਾਂ ਨੂੰ ਕਿੰਨੇ ਵਖਤਾਂ ਵਿਚ ਪਾਇਆ ਹੋਵੇਗਾ। ਕੁਲਵਿੰਦਰ ਦਾ ਇੰਜੇ ਹੀ ਸਾਰਾ ਦਿਨ ਬੱਚੇ ਨੂੰ ਵਰਾਉਂਦਿਆਂ ਬੀਤ ਜਾਂਦਾ। ਕਦੇ ਬਿੰਦ ਭਰ ਅੱਖ ਲਗਦੀ ਕਦੇ ਫਿਰ ਡਾਡਾਂ ਮਾਰਦਾ ਉਠ ਜਾਂਦਾ। ਰਾਤ ਨੂੰ ਵੀ ਏਹੋ ਹੁੰਦਾ ਪਰ ਇਸ ਵੇਲੇ ਘੱਟੋ ਘਟ ਉਸਦਾ ਪਤੀ ਤਾਂ ਜ਼ਰੂਰ ਕੋਲ ਹੁੰਦਾ ਜੋ ਵਿਚ ਵਿਚ ਬੱਚੇ ਨੂੰ ਸੰਭਾਲ ਲੈਂਦਾ। ਹਰ ਰੋਜ਼ ਸ਼ਾਮ ਨੂੰ ਵੀ ਉਹ ਆਉਂਦਿਆਂ ਹੀ ਰੋਂਦੇ ਬੱਚੇ ਨੂੰ ਫੜ ਲੈਂਦਾ। ਉਸ ਦਾ ਬੱਚੇ ਨੂੰ ਫੜ੍ਹਨ ਦਾ ਕੋਈ ਸਟਾਈਲ ਹੀ ਸੀ ਕਿ ਉਹ ਇਕ ਵਾਰੀ ਤਾਂ ਜ਼ਰੂਰ ਚੁੱਪ ਹੋ ਜਾਂਦਾ।

ਖੁਸ਼ ਰੌਂ ਵਿਚ ਚੁਟਕੀਆਂ ਮਾਰਦਾ ਸੁਖਪਾਲ ਸੋਫ਼ੇ ਵੱਲ ਨੂੰ ਆਇਆ। ਉਸਦੇ ਬੁਲ੍ਹਾਂ ਤੇ ਹਲਕੀ ਮੁਸਕਰਾਹਟ ਫੈਲ ਗਈ। ਉਹ ਬਲੈਕ ਲੇਬਲ ਵਿਸਕੀ ਦਾ ਸ਼ੌਕੀਨ ਸੀ ਤੇ ਇਕ ਦੋ ਪੈਗਾਂ ਦੇ ਲੁਤਫ਼ ਲੈਣ ਵਿਚ ਵਿਸ਼ਵਾਸ ਰੱਖਦਾ ਸੀ। ਪਰ ਕਿੰਨੇ ਦਿਨ ਹੋ ਗਏ ਬੱਚੇ ਦੇ ਚੀਕ-ਚਿਹਾੜੇ ਕਾਰਨ ਉਸਦਾ ਇਹ ਸ਼ੌਕ ਪੂਰਾ ਨਹੀਂ ਸੀ ਹੋਇਆ। ਬੁਲ੍ਹਾਂ 'ਤੇ ਮੁਸਕਰਾਹਟ ਦੇ ਨਾਲ ਹੀ ਉਸਦੀਆਂ ਅੱਖਾਂ ਅੱਗੇ ਬੋਤਲ ਘੁੰਮ ਗਈ ਤੇ ਉਹ ਕਿਚਨ ਵੱਲ ਤੁਰ ਪਿਆ। ਅੱਜ ਤਾਂ ਉਹ ਪੈਗ ਮਾਰ ਕੇ ਹੀ ਹਟੇਗਾ ਭਾਵੇਂ ਬੱਚਾ ਤੇ ਪਤਨੀ ਉਠ ਹੀ ਕਿਉਂ ਨਾ ਪੈਣ। ਪਹਿਲਾਂ ਉਸਦਾ ਜੀਅ ਕੀਤਾ, ਦੌੜ ਕੇ ਦੇਖ ਆਵੇ ਕਿ ਅਜੇ ਸੁਤੇ ਹੀ ਪਏ ਹਨ ਪਰ ਫਿਰ ਸੋਚਿਆ ਐਵੇਂ ਕਿਉਂ ਵਕਤ ਖਰਾਬ ਕਰਨਾ ਹੈ, ਪਹਿਲਾਂ ਘੁੱਟ ਅੰਦਰ ਕਰ ਲਵੇ।

ਪਰ ਵਿਸਕੀ ਦੇ ਨਾਲ ਹੀ ਉਸਨੂੰ ਖਿਆਲ ਆਇਆ ਕਿ ਉਸਨੂੰ ਤਾਂ ਆਂਡੇ ਖਾਧਿਆਂ ਵੀ ਸ਼ਾਇਦ ਮੁੱਦਤ ਹੋ ਗਈ ਹੈ। ਉਹ ਆਮਲੇਟ ਦਾ ਸ਼ੌਕੀਨ ਸੀ, ਵਿਸਕੀ ਨਾਲ ਉਹ ਅਕਸਰ ਹੀ ਆਮਲੇਟ ਖਾਂਦਾ। ਉਸਦੇ ਮੂੰਹ ਵਿਚ ਪਾਣੀ ਆ ਗਿਆ। ਉਸਨੇ ਸੋਚਿਆ ਉਹ ਹੁਣੇ ਚਾਰ ਆਂਡਿਆਂ ਦਾ ਆਮਲੇਟ ਬਣਾਏਗਾ, ਖੂਬ ਸਾਰਾ ਹਰਾ ਪਿਆਜ਼, ਹਰੀਆਂ ਮਿਰਚਾਂ, ਧਨੀਆ ਤੇ ਟਮਾਟਰ ਪਾ ਕੇ। ਖਿਆਲ ਆਉਂਦਿਆਂ ਹੀ ਉਹ ਧਾ ਕੇ ਫਰਿੱਜ ਵੱਲ ਵਧਿਆ ਪਰ ਉਥੇ ਤਾਂ ਇੱਕ ਵੀ ਆਂਡਾ ਨਹੀਂ ਸੀ ਪਿਆ। ਉਸਨੇ ਸਿਰ 'ਤੇ ਹੱਥ ਮਾਰਿਆ। ਘਰ 'ਚ ਆਂਡਾ ਕਿਥੋਂ ਹੋਣਾ ਸੀ, ਉਸਦੀ ਪਤਨੀ ਤਾਂ ਵੈਸ਼ਨੋ ਹੈ ਤੇ ਜਦ ਦੇ ਉਹ ਇਸ ਸ਼ਹਿਰ ਆਏ ਹਨ, ਆਂਡਾ ਤਾਂ ਘਰ 'ਚ ਇਕ ਵਾਰੀ ਵੀ



ਨਹੀਂ ਬਣਿਆ। ਉਹ ਫਟਾ ਫਟ ਪੌੜੀਆਂ ਉਤਰਿਆ। ਪਹਿਲਾਂ ਸਟੋਰ ਤੋਂ ਆਂਡੇ ਲੈ ਆਵੇ, ਭਲਾ ਆਮਲੇਟ ਬਿਨਾ ਵਿਸਕੀ ਦਾ ਕਾਹਦਾ ਸੁਆਦ। ਤੇ ਉਸਦੀ ਕਾਰ ਨਜ਼ਦੀਕੀ ਕਨਵੀਨੀਐਂਸ ਸਟੋਰ ਵੱਲ ਵੱਧ ਰਹੀ ਸੀ।

ਸੁਖਪਾਲ ਤੇ ਕੁਲਵਿੰਦਰ-ਦੋਵੇਂ ਡਾਕਟਰ ਸਨ, ਪਰ ਫਿਰ ਵੀ ਏਨੇ ਦਿਨਾਂ ਤੋਂ ਆਪਣੇ ਬੱਚੇ ਦੇ ਰੋਂਦੇ ਹੋਣ ਦਾ ਕਾਰਨ ਨਹੀਂ ਸੀ ਲੱਭ ਸਕੇ। ਕਿੰਨੇ ਦਿਨ ਬੇਮਤਲਬ ਏਨੀ ਤਕਲੀਫ ਉਠਾਉਂਦੇ ਰਹੇ। ਭਾਵੇਂ ਉਹ ਬੱਚਿਆਂ ਦੇ ਮਾਹਰ ਡਾਕਟਰ ਨਹੀਂ, ਫਿਰ ਵੀ ਸੀ ਤਾਂ ਡਾਕਟਰ। ਉਹ ਤਾਂ ਬੱਸ ਏਹੋ ਸੋਚਦੇ ਰਹੇ ਕਿ ਨਵ-ਜੰਮੇ ਬੱਚੇ ਦਾ ਰੋਂਦੇ ਹੋਣਾ ਸ਼ਾਇਦ ਸੁਭਾਵਕ ਹੁੰਦਾ ਹੈ ਤੇ ਉਸਦੀ ਪਰਵਰਿਸ਼ ਦੌਰਾਨ ਇਹ ਤਕਲੀਫ਼ ਤਾਂ ਉਠਾਉਣੀ ਹੀ ਪੈਣੀ ਸੀ। ਇਕ ਦਿਨ ਜਦ ਉਹ ਸਪੈਸ਼ਲਿਸਟ ਕੋਲ ਲੈ ਕੇ ਗਏ ਤਾਂ ਉਸਨੇ ਵੀ ਬੱਚੇ ਦੇ ਰੋਣ ਦੀ ਗੱਲ ਨੂੰ ਬਹੁਤਾ ਗੋਲਿਆ ਨਹੀਂ ਸੀ। ਪਰਸੋਂ ਸੁਖਪਾਲ ਦੀ ਮਾਸੀ ਤੇ ਮਾਸੜ ਆਏ ਸਨ, ਸ਼ਿਕਾਗੋ ਤੋਂ, ਤੇ ਰਾਤ ਰਹਿ ਕੇ ਗਏ ਸਨ। ਸੁਖਪਾਲ ਨੂੰ ਮਾਸੀ ਤੇ ਮਾਸੜ ਯਾਦ ਆਉਣ ਲੱਗੇ ਤਾਂ ਉਸਦੀ ਅਚਨਚੇਤੀ ਕਾਰ ਵਿਚ ਨੀਵੀਂ ਪੈ ਗਈ। ਉਸਨੂੰ 'ਕੱਲੇ ਬੈਠਿਆਂ ਵੀ ਨਮੋਸ਼ੀ ਤੇ ਘਟਾ ਜਿਹਾ ਮਹਿਸੂਸ ਹੋਣ ਲੱਗਾ। ਉਸਦੀ ਮਾਸੀ ਅਨਪੜ੍ਹ ਸੀ ਪਰ ਉਨ੍ਹਾਂ ਦੇ ਬੱਚੇ ਦੇ ਰੋਣ ਦਾ ਕਾਰਨ ਦੱਸ ਗਈ ਸੀ ਤੇ ਇਲਾਜ ਵੀ ਕਰ ਗਈ ਸੀ। ਇੰਡੀਆ ਦੇ ਪੁਰਾਣੇ ਲੋਕ ਕਿੰਨੇ ਸਿਆਣੇ ਹਨ। ਅਸੀਂ ਕੀ ਹਾਂ, ਲਕੀਰ ਦੇ ਫਕੀਰ। ਡਾਕਟਰਾਂ ਕਹਿ ਦਿੱਤਾ, ਦੁਧ ਚੁੰਘਦੇ ਬੱਚੇ ਨੂੰ ਕਦੇ ਵੀ ਪਾਣੀ ਨਹੀਂ ਪਿਲਾਉਣਾ ਚਾਹੀਦਾ, ਇਸ ਨਾਲ ਬਿਲੀਰੂਬਿਨ ਵਧ ਜਾਂਦਾ ਹੈ, ਨਾਲੇ ਬੱਚੇ ਦੀ ਦੁਧ ਪੀਣ ਦੀ ਰੁਚੀ ਘਟ ਜਾਂਦੀ ਹੈ, ਤੇ ਉਸਦਾ ਭਾਰ ਘਟ ਜਾਂਦਾ ਹੈ,... ਅਸੀਂ ਡਾਕਟਰ ਕਿੰਨਾ ਝੱਖ ਮਾਰਦੇ ਰਹਿੰਦੇ ਹਾਂ। ਬੱਸ, ਐਵੇਂ ਇਸ ਗੱਲ ਦੇ ਪਿੱਛੇ ਹੀ ਲੱਗੇ ਰਹੇ। ਕੀ ਲੋਹੜਾ ਆ ਗਿਆ ਭਲਾ। ਉਸ ਦਿਨ ਮਾਸੀ ਆਈ ਤੇ ਬੱਚਾ ਚਾਂਗਰਾਂ ਮਾਰ ਰਿਹਾ ਸੀ ਤਾਂ ਉਹ ਦੌੜੀ ਦੌੜੀ ਪਾਣੀ ਲੈਣ ਗਈ ਪਰ ਅਸੀਂ ਦੋਵਾਂ ਉਸ ਦੇ ਹੱਥੋਂ ਗਲਾਸ ਖੋਹ ਲਿਆ। ਇਹ ਕੀ ਅਨਪੜ੍ਹਾਂ ਵਾਲਾ ਕੰਮ ਕਰਨ ਲੱਗੀ ਸੀ। ਪਰ ਮਾਸੀ ਤੋਂ ਰੋਂਦਾ ਬੱਚਾ ਦੇਖਿਆ ਨਹੀਂ ਸੀ ਜਾਂਦਾ।

"ਮੇਰਾ ਖਿਆਲ ਹੈ ਬੱਚੇ ਦਾ ਪੇਟ ਦਰਦ ਕਰ ਰਿਹਾ, ਤਾਂ ਹੀ ਇਸ ਤਰ੍ਹਾਂ ਰੋਂਦਾ, ਤੁਸੀਂ ਕੋਈ ਦਵਾਈ ਦਿੱਤੀ ਇਸ ਨੂੰ?" ਮਾਸੀ ਨੇ ਕਿਹਾ ਸੀ।

"ਤੁਹਾਨੂੰ ਕਿਵੇਂ ਪਤਾ ਇਸ ਦਾ ਪੇਟ ਦਰਦ ਕਰਦਾ, ਤੁਸੀਂ ਕੋਈ ਡਾਕਟਰ ਹੋ?" ਸੁਖਪਾਲ ਨੇ ਸਹਿਜ ਸੁਭਾ ਕਹਿ ਮਾਰਿਆ। ਮਾਸੀ ਭੜਕ ਕੇ ਬੋਲੀ ਸੀ, "ਅਸੀਂ ਆਪਣੇ ਤੇ ਘਰ ਦੇ ਹੋਰ ਕਿੰਨੇ ਬੱਚੇ ਪਾਲੇ ਤੇ ਸੈਂਕੜੇ ਪਿੰਡ ਦੇ ਹੋਰ ਬੱਚੇ ਪਲਦੇ ਦੇਖੇ। ਇਸ ਤਰ੍ਹਾਂ ਤਾਂ ਅਸੀਂ ਕਦੇ ਨਹੀਂ ਬੱਚੇ ਨੂੰ ਰੋਣ ਦਿਤਾ। ਤੁਸੀਂ ਏਥੇ ਰਹਿੰਦੇ ਹੋ, ਕੱਲੇ ਗੋਰਿਆਂ 'ਚ। ਇਨ੍ਹਾਂ ਨੂੰ ਕੀ ਪਤਾ ਨਿਆਣੇ ਪਾਲਣ ਦਾ। ਨਿੱਕੀ ਨਿੱਕੀ ਗੱਲ 'ਤੇ ਡਾਕਟਰਾਂ ਕੋਲ ਤੁਰੇ ਫਿਰਦੇ। ਭਲਾ ਤੁਹਾਡੇ ਕੋਲ ਸੌਂਫ ਹੈਗੀ ਆ?" "ਕੀ ਕਰਨੀ ਆਂ ਸੌਂਫ?" ਕੁਲਵਿੰਦਰ ਨੇ ਪੁਛਿਆ ਸੀ। "ਤੂੰ ਲਿਆ ਤਾਂ ਸਹੀ।" ਮਾਸੀ ਬੋਲੀ ਸੀ।

ਕੁਲਵਿੰਦਰ ਨੇ ਜੱਕਾ ਤੱਕਾ ਕਰਦੀ ਨੇ ਸੌਂਫ਼ ਵਾਲੀ ਸ਼ੀਸ਼ੀ ਉਸਦੇ ਮੂਹਰੇ ਕਰ ਦਿੱਤੀ। ਮਾਸੀ ਨੇ ਚਮਚਾ ਕੁ ਸੌਂਫ ਦਾ ਕੱਢਿਆ ਤੇ ਚਕਲੇ ਤੇ ਰੱਖ ਕੇ ਵੇਲਣੇ ਨਾਲ ਰਗੜਨ ਲੱਗੀ। ਫਿਰ ਇਸ ਨੂੰ ਉਬਾਲ ਕੇ ਠੰਡਾ ਕਰਕੇ ਇਕ ਚਮਚਾ ਬੱਚੇ ਦੇ ਮੂੰਹ ਵਿਚ ਪਾਉਣ ਲੱਗੀ ਤਾਂ ਅਸੀਂ ਦੋਵਾਂ ਨੇ ਰੋਕਿਆ। "ਮਾਸੀ ਬੱਚੇ ਨੂੰ ਪਾਣੀ ਨਹੀਂ ਪਿਲਾਉਣਾ, ਡਾਕਟਰਾਂ ਨੇ ਕਿਹਾ ਹੋਇਆ। ਨਾਲੇ ਤੂੰ ਆਹ ਵਿਚ ਸੌਂਫ਼ ਜਿਹੀ ਪਾਈ ਹੋਈ ਆ।"

"ਵੇ ਜਾਹ ਤੂੰ ਵੱਡਿਆ ਡਾਕਟਰਾ, ਅਸੀਂ ਬਥੇਰਾ ਬਾਲਾਂ ਨੂੰ ਪਾਣੀ ਪਿਲਾਇਆ ਤੇ ਸੌਂਫ ਉਬਾਲ ਕੇ ਪਿਲਾਈ। ਸਾਡੇ ਬਾਲਾਂ ਨੂੰ ਤਾਂ ਕਦੇ ਕੁਝ ਨਹੀਂ ਹੋਇਆ। ਨਾਲੇ ਤੇਰਾ ਇਹ ਬਹੁਤ ਹੈ, ਸਾਡਾ ਨਹੀਂ ਕੁਝ ਲਗਦਾ?" ਮਾਸੜ ਨੇ ਵੀ ਕੋਲ ਬੈਠੇ ਨੇ ਹਾਮੀ ਭਰੀ ਸੀ। ਅਸੀਂ ਨਿਰੁੱਤਰ ਹੋ ਗਏ। ਉਂਜ ਵੀ ਅਸੀਂ ਬੱਚੇ ਦੀ ਤਕਲੀਫ਼ ਤੋਂ ਘਬਰਾਏ ਹੋਏ ਸਾਂ। ਕੁਲਵਿੰਦਰ ਤਾਂ ਮੰਨਦੀ ਨਹੀਂ ਸੀ ਪਰ ਮੈਂ ਕਿਹਾ ਸੀ, ਚਲੋ ਜੇ ਕੁਝ ਹੋ ਗਿਆ ਕਲੀਨਿਕ ਕਿਹੜਾ ਦੂਰ ਹੈ। ਤੇ ਅਸੀਂ ਮਾਸੀ ਨੂੰ ਆਪਣੀ ਮਰਜ਼ੀ ਕਰਨ ਦਿੱਤੀ। ਉਸਨੇ ਸੌਂਫ਼ ਵਾਲੇ ਪਾਣੀ ਦਾ ਚਮਚਾ ਹੌਲੀ ਹੌਲੀ ਬੱਚੇ ਦੇ ਮੂੰਹ ਵਿਚ ਪਾ ਦਿੱਤਾ। ਸਾਡੇ ਦੇਖਦੇ ਦੇਖਦੇ ਬੱਚਾ ਕੁਝ ਹੀ ਮਿੰਟਾਂ ਵਿਚ ਰੋਣੋਂ ਹਟ ਗਿਆ ਤੇ ਝਬਦੇ ਪਿਛੋਂ ਸੌਂ ਵੀ ਗਿਆ। ਇਹ ਤਾਂ ਸੱਚ ਮੁਚ ਜਾਦੂ ਹੀ ਸੀ। "ਇਸਦਾ ਮਤਲਬ ਬੱਚੇ ਨੂੰ ਕੌਲਿਕ ਸੀ।" ਮੈਂ ਕਿਹਾ ਸੀ।

"ਮੈਨੂੰ ਨਹੀਂ ਪਤਾ ਕੜਾ ਕੌਲਿਕ, ਹੁਣ ਤੂੰ ਜੋ ਮਰਜ਼ੀ ਕਹਿ ਵੱਡਿਆ ਡਾਕਟਰਾ। ਬੱਚੇ ਨੂੰ ਰਮਾਨ ਆਇਆ ਕਿ ਨਹੀਂ?" ਅਸੀਂ ਸ਼ਰਮਿੰਦੇ ਹੋ ਗਏ। ਇਸੇ ਨੁਸਖੇ ਨਾਲ ਰਾਤ ਵੀ ਬੱਚਾ ਸੁੱਤਾ ਰਿਹਾ। ਕਿੰਨੇ ਦਿਨਾਂ ਬਾਅਦ ਅਸੀਂ ਤਿੰਨਾਂ ਨੇ ਚੈਨ ਦੀ ਨੀਂਦ ਲਈ ਸੀ।

ਸੁਖਪਾਲ ਨੇ ਆਂਡਿਆਂ ਦੀ ਕਰੇਟ ਖਰੀਦੀ ਤੇ ਘਰ ਆ ਗਿਆ। ਮਾਂ ਪੁਤਰ ਅਜੇ ਵੀ ਸੁੱਤੇ ਪਏ ਸਨ। "ਇਨ੍ਹਾਂ ਨੂੰ ਤਾਂ ਲਗਦਾ ਸੌਂਫ਼ ਚੜ੍ਹ ਗਈ ਹੈ। ਚਲੋ ਮੈਂ ਵੀ ਤਾਂ ਫਿਰ ਆਪਣਾ ਨਸ਼ਾ ਕਰ ਲਵਾਂ।" ਇਹ ਸੋਚਦਿਆਂ ਸੁਖਪਾਲ ਨੇ ਚਾਰ ਆਂਡੇ ਤੋੜ ਕੇ ਆਮਲੇਟ ਬਣਾਉਣਾ ਸ਼ੁਰੂ ਕਰ ਦਿੱਤਾ ਤੇ ਨਾਲ ਦੀ ਨਾਲ ਪੈਗ ਬਣਾ ਕੇ ਚੁਸਕੀਆਂ ਭਰਨ ਲੱਗਾ। ਜਦ ਆਮਲੇਟ ਬਣ ਗਿਆ ਤਾਂ ਉਹ ਸਭ ਕੁਝ ਲੈ ਕੇ ਸੋਫੇ 'ਤੇ ਆ ਕੇ ਆਰਾਮ ਨਾਲ ਬੈਠ ਗਿਆ। ਉਸਨੇ ਵਿਸਕੀ ਦਾ ਘੁਟ ਭਰਿਆ ਤੇ ਛੁਰੀ ਕਾਂਟੇ ਨਾਲ ਆਮਲੇਟ ਦਾ ਇਕ ਵੱਡਾ ਸਾਰਾ ਟੁਕੜਾ ਕੱਟ ਕੇ ਮੂੰਹ ਵਿਚ ਪਾਇਆ। ਆਮਲੇਟ ਮੂੰਹ ਵਿਚ ਚਿੱਥਦਿਆਂ ਹੀ ਉਸਨੂੰ ਹੁਲਾਰੇ ਆਉਂਦੇ ਲੱਗੇ। ਜਰਗਟ ਬਝਣ ਲੱਗ ਪਏ ਸਨ। ਆਮਲੇਟ ਤੋਂ ਸੁਆਦੀ ਚੀਜ਼ ਕੀ ਦੁਨੀਆਂ 'ਚ ਕੋਈ ਹੋ ਸਕਦੀ ਹੈ, ਉਹ ਸੋਚਣ ਲੱਗਾ। ਵਿਸਕੀ ਦੇ ਨੀਮ ਨਸ਼ੇ ਵਿਚ ਘੁਲਦਾ ਆਮਲੇਟ ਇਕ ਅਕਹਿ ਅਨੰਦ ਦੇ ਰਿਹਾ ਸੀ। ਉਸਨੇ ਕਿੰਨਾ ਚਿਰ ਆਪਣੇ ਆਪ ਨੂੰ ਇਸ ਸਵਰਗੀ ਸ਼ੈ ਤੋਂ ਵੰਚਿਤ ਕਰੀ ਰੱਖਿਆ ਸੀ। ਸੁਖਪਾਲ ਇਹ ਸਾਰਾ ਕੁਝ ਸੋਚਦਾ ਨਸ਼ੇ ਵਿਚ ਗੜੂੰਦ ਹੁੰਦਾ ਆਖਿਰ ਸੋਫੇ 'ਤੇ ਹੀ ਟੇਢਾ ਹੋ ਗਿਆ।

ਦੋ ਤਿੰਨ ਘੰਟੇ ਬੀਤ ਗਏ। ਅਚਾਨਕ ਉਸ ਦੀ ਪਤਨੀ ਜਾਗੀ ਤੇ ਉਸਨੇ ਸੁਖਪਾਲ ਨੂੰ ਸੁੱਤਿਆਂ ਪਾਇਆ। ਉਸਨੂੰ ਪਤੀ ਨਾਲ ਮੋਹ ਆਇਆ। ਸੁੱਤੇ ਪਏ ਪਤੀ ਦੇ ਗਲ ਦੁਆਲੇ ਪਿਆਰ ਨਾਲ ਬਾਹਾਂ ਵਲ ਲਈਆਂ। ਸੁਖਪਾਲ ਅਭੜਵਾਹੇ ਉਠਿਆ। "ਡਾਰਲਿੰਗ" ਉਸ ਨੇ ਕਿਹਾ। "ਓਹ, ਮੈਂ ਤਾਂ ਸੌਂ ਹੀ ਗਿਆ ਸਾਂ। ਅੱਜ ਕਿੰਨੇ ਦਿਨਾਂ ਬਾਅਦ ਨੀਂਦ ਆਈ ਹੈ। ਅੱਜ ਤਾਂ ਮੈਂ ਆਮਲੇਟ ਵੀ ਬਣਾ ਕੇ ਖਾਧਾ। ਸੁੱਤਾ ਪਿਆ ਨਾ ਬੇਬੀ?"

"ਹਾਂ", ਉਸਨੇ ਕਿਹਾ। ਫਿਰ ਸੁਖਪਾਲ ਬੋਲਿਆ, "ਇਹ ਇੰਡੀਅਨ ਅਨਪੜ੍ਹ ਵੀ ਸਾਡੇ ਨਾਲੋਂ ਜਿਆਦਾ ਜਾਣਦੇ ਹਨ, ਭਲਾ ਆਪਾਂ ਮੂਰਖ ਨਹੀਂ, ਡਾਕਟਰ ਹੁੰਦੇ ਏਨਾ ਕਸ਼ਟ ਝੱਲਿਆ?"

"ਠੀਕ ਹੈ" ਉਹ ਬੋਲੀ, "ਪਰ ਅਨਪੜ੍ਹ ਅਨਪੜ੍ਹ ਹੀ ਹੁੰਦੇ ਹਨ, ਡਾਕਟਰ ਤਾਂ ਨਹੀਂ, ਕੋਈ ਗੱਲ ਠੀਕ ਆ ਗਈ। ਆਹ ਮੁਫ ਸ਼ਿਕਾਗੋ ਬੈਠੇ ਹਨ ਮਾਸੀ ਹੁਰੀਂ। ਇਸ ਤਰ੍ਹਾਂ ਤਾਂ ਇਹ ਹਰ ਦੂਜੇ ਚੌਥੇ ਦਿਨ ਸਾਡੇ ਘਰ ਵੜੇ ਰਹਿਣਗੇ। ਏਨਾ ਦਖਲ ਮੈਂ ਬਰਦਾਸ਼ਤ ਨਹੀਂ ਕਰ ਸਕਦੀ। ਅੱਜ ਦਸ ਵਾਰੀ ਉਨ੍ਹਾਂ ਦਾ ਫੋਨ ਅਇਆ, ਕੀ ਹਾਲ ਬੇਬੀ ਦਾ, ਹੁਣ ਤਾਂ ਨਹੀਂ ਰੋਂਦਾ। ਮੈਂ ਤਾਂ ਉਨ੍ਹਾਂ ਨੂੰ ਕਹਿ ਦਿਤਾ, ਸਾਨੂੰ ਦਵਾਈ ਲੈਣੀ ਪਈ।" ਸੁਖਪਾਲ ਨੂੰ ਲੱਗਾ ਉਸਦਾ ਖਾਧਾ ਆਮਲੇਟ ਉਪਰ ਨੂੰ ਆ ਰਿਹਾ ਸੀ। ਉਹ ਕੁਝ ਬੋਲਣ ਲੱਗਾ, ਉਸਨੂੰ ਜ਼ੋਰ ਦਾ ਹੁੱਥੂ ਆਇਆ। ਉਸ ਨੇ ਪਤਨੀ ਦੀਆਂ ਗਲ ਵਿਚ ਪਾਈਆਂ ਬਾਹਾਂ ਨੂੰ ਛੰਡ ਸੁੱਟਿਆ ਤੇ ਬਾਥ ਰੂਮ ਵੱਲ ਅਹੁਲਿਆ।


## Law Office of Sim Kaur

**725 30th Street, Suite 203, Sacramento, CA 95816**

***Areas of Practice:***
- *Business Law
- *Business Formation
- *Business Transactions
- *Contracts Law
- *Corporate Law



*Sim Kaur*

**Ph:(209) 251-9375**
Fax: (916) 596-1092
Email: SimKaur333@gmail.com

# ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**


## Global Multi Services

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**
- *License Plates
- *IFTA *Fuel tax Return
- *DOT, ICC-MC Registration Services
- *New Mexico & Kentucky Permit
- *Corporation and LLC Formation,
- *Highway Use Tax (2290)
- *UCR Permit, Oregon Permits, CA #,
- *MCP, New York Permits etc.

**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**

**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ





*Rajinder Singh*
Insurance Lic No. 0G73739

**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

**Cell:(510) 557-6988, Ph:209-982-9996**

# ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ

**ਡਾ. ਗੁਰਨਾਮ ਕੌਰ**



ਡਾ. ਗੁਰਨਾਮ ਕੌਰ

ਸੈਮੀਨਾਰ ਕਿਉਂਕਿ ਪ੍ਰਾਈਵੇਟ ਸਿੱਖ ਅਦਾਰਿਆਂ ਵੱਲੋਂ ਵਿਉਂਤਿਆ ਗਿਆ ਸੀ ਇਸ ਲਈ ਇਸ ਦਾ ਪ੍ਰਬੰਧ ਛੁੱਟੀ ਵਾਲੇ ਦਿਨ ਸਨਿਚਰ ਅਤੇ ਐਤਵਾਰ ਯੂਨਾਈਟਡ ਚਰਚ ਦਾ ਇਕ ਹਾਲ ਬੁੱਕ ਕਰਾ ਕੇ ਮਿਡ ਲੰਡਨ ਵਿਚ ਕੀਤਾ ਗਿਆ। ਸੈਮੀਨਾਰ ਵਿਚ ਲੋਕਾਂ ਦੀ ਹਾਜ਼ਰੀ ਭਰਵੀਂ ਸੀ। ਪਰਚਿਆਂ ਉਤੇ ਵਿਚਾਰ-ਚਰਚਾ ਕਾਫੀ ਖੁੱਲ੍ਹ ਕੇ ਹੋਈ। ਇਥੇ ਹੀ ਪ੍ਰਸਿੱਧ ਪੰਜਾਬੀ ਲੇਖਕ ਸਾਥੀ ਲੁਧਿਆਣਵੀ ਨੂੰ ਮੈਂ ਪਹਿਲੀ ਵਾਰ ਦੇਖਿਆ ਜਿਸ ਦੀਆਂ ਲਿਖਤਾਂ ਮੈਂ ਅਕਸਰ ਹੀ ਪੜ੍ਹਦੀ ਹੁੰਦੀ ਸੀ। ਇਥੇ ਹੀ ਮੈਨੂੰ ਇੱਕ ਬਹੁਤ ਹੀ ਗੰਭੀਰ ਜਾਪਦੀ ਸੁਘੜ ਬੀਬੀ ਮਿਲੀ ਜਿਸ ਨੇ ਆਪਣੀ ਜਾਣ-ਪਛਾਣ ਇਸਤਰੀਆਂ ਦੀ ਡਾਕਟਰ ਵਜੋਂ ਕਰਾਈ ਅਤੇ ਨਾਲ ਹੀ ਦੱਸਿਆ, "ਮੈਂ ਤੁਹਾਡੇ ਵਿਭਾਗ ਵਲੋਂ ਚਲਾਏ ਜਾ ਰਹੇ ਡਿਪਲੋਮਾ ਇਨ ਡਿਵਿਨਿਟੀ ਦੀ ਵਿਦਿਆਰਥਣ ਹਾਂ। ਤੁਹਾਨੂੰ ਮਿਲ ਕੇ ਮੈਨੂੰ ਬਹੁਤ ਹੀ ਖੁਸ਼ੀ ਹੋਈ ਹੈ।" ਉਸਨੇ ਪੱਤਰ-ਵਿਹਾਰ ਰਾਹੀਂ ਸਬੰਧਤ ਨੋਟਸ ਦੇਰ ਨਾਲ ਪਹੁੰਚਣ ਦਾ ਵੀ ਗਿਲ੍ਹਾ ਕੀਤਾ। ਸੈਮੀਨਾਰ ਦੇ ਦੂਸਰੇ ਦਿਨ ਉਹ ਡਾਕਟਰ ਬੀਬੀ ਇੱਕ ਲਿਫਾਫਾ ਮੇਰੇ ਹੱਥ ਫੜਾਉਂਦਿਆਂ ਬੋਲੀ, "ਇਹ ਮੈਂ ਤੁਹਾਡੇ ਲਈ ਛੋਟਾ ਜਿਹਾ ਗਿਫਟ ਲਿਆਈ ਹਾਂ।" ਮੈਂ ਦੇਖਿਆ ਕਿ ਲਿਫਾਫੇ ਵਿਚ ਸੂਟ ਦਾ ਕੱਪੜਾ, ਚਿਹਰੇ ਦੀ ਕਰੀਮ ਅਤੇ ਪੰਜ ਪੌਂਡ ਸਨ। ਦੇਖ ਕੇ ਮੈਨੂੰ ਅਜੀਬ ਜਿਹਾ ਅਹਿਸਾਸ ਹੋਇਆ, ਮੈਂ ਕਿਹਾ, "ਇਹ ਕੀ ਹੈ? ਮੈਂ ਇਹ ਨਹੀਂ ਲੈ ਸਕਦੀ। ਤੁਸੀਂ ਮੇਰੇ ਵਿਦਿਆਰਥੀ ਹੋ ਅਤੇ ਇੱਕ ਵਿਦਿਆਰਥੀ ਕੋਲੋਂ ਮੈਂ ਇਹ ਗਿਫਟ ਕਿਵੇਂ ਲੈ ਸਕਦੀ ਹਾਂ?"

ਇਸ 'ਤੇ ਉਹ ਬੋਲੀ, "ਮੈਂ ਇਹ ਸੂਟ ਬਹੁਤ ਪ੍ਰੇਮ ਨਾਲ ਲਿਆਈ ਹਾਂ, ਇਥੇ ਦੁਪੱਟੇ ਵਧੀਆ ਨਹੀਂ ਮਿਲਦੇ। ਇਸ ਲਈ ਦੁਪੱਟੇ ਦੇ ਪੈਸੇ ਵਿਚ ਰੱਖੇ ਹਨ। ਇਹ ਮੇਰੀ ਤੁਹਾਡੇ ਪ੍ਰਤੀ ਸ਼ਰਧਾ ਹੈ, ਹੋਰ ਕੁੱਝ ਨਹੀਂ।" ਮੈਨੂੰ ਇਹ ਸਭ ਬਹੁਤ ਅਟਪਟਾ ਲੱਗਿਆ ਪਰ ਉਸ ਦੀ ਜਿੱਦ ਅੱਗੇ ਝੁਕਣਾ ਪਿਆ।

ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਸੀ, ਡਾ. ਜੀ.ਐਸ. ਅਨੰਦ ਇੱਕ ਬਹੁਤ ਹੀ ਸਕੀਮੀ ਬੰਦਾ ਸੀ। ਪਹਿਲਾਂ ਉਸ ਨੇ ਡਾ. ਤਾਰਨ ਸਿੰਘ ਨੂੰ ਪਰੇਰ ਕੇ ਯੂਨੀਵਰਸਿਟੀ ਵਿਚ ਗੁਰਦੁਆਰੇ ਦੀ ਸਥਾਪਨਾ ਕਰਾਈ। ਫਿਰ ਡਾ. ਬਲਕਾਰ ਸਿੰਘ ਨਾਲ ਸਲਾਹ ਕੀਤੀ, "ਬਾਹਰਲੇ ਮੁਲਕਾਂ ਤੋਂ ਸਿੱਖ ਧਰਮ ਅਤੇ ਬਾਣੀ ਬਾਰੇ ਜਾਣਕਾਰੀ ਲੈਣ ਲਈ ਕੋਈ ਕੋਰਸ ਸ਼ੁਰੂ ਕਰਨ ਲਈ ਏਨੀਆਂ ਚਿੱਠੀਆਂ ਆਉਂਦੀਆਂ ਹਨ ਕਿਉਂ ਨਾ ਪੱਤਰ-ਵਿਹਾਰ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਡਿਪਲੋਮਾ ਇਨ ਡਿਵਿਨਿਟੀ' ਸ਼ੁਰੂ ਕਰ ਲਿਆ ਜਾਵੇ? ਡਾ. ਮਹਿੰਦਰਪਾਲ ਕੋਹਲੀ ਤੁਹਾਡੇ ਦੋਸਤ ਹਨ, ਜੋ ਅੱਜ ਕੱਲ੍ਹ ਪੱਤਰ-ਵਿਹਾਰ ਦੇ ਮੁਖੀ ਹਨ। ਪ੍ਰਬੰਧਕੀ ਕੰਟਰੋਲ ਉਨ੍ਹਾਂ ਦਾ ਹੋਵੇਗਾ ਅਤੇ ਅਕਾਦਮਿਕ ਕੰਟਰੋਲ ਸਾਡੇ ਵਿਭਾਗ ਦਾ।"

ਡਾ. ਕੋਹਲੀ ਨਾਲ ਜਦੋਂ ਗੱਲ ਹੋਈ ਤਾਂ ਉਹ ਕਹਿੰਦੇ, "ਸਾਡੇ ਕੋਲ ਜ਼ਿਆਦਾ ਫੰਡ ਨਹੀਂ ਹਨ। ਜੇ ਤੁਸੀਂ ਪਾਠ ਲਿਖਣ ਅਤੇ ਨਿਜੀ ਸੰਪਰਕ ਪ੍ਰੋਗਰਾਮ ਮੁਫਤ ਆਪਣੇ ਵਿਭਾਗ ਵੱਲੋਂ ਕਰ ਸਕਦੇ ਹੋ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਅਕਾਦਿਮਕ ਜ਼ਿੰਮੇਵਾਰੀ ਅਤੇ ਕੰਟਰੋਲ ਤੁਹਾਡਾ ਹੋਵੇਗਾ।" ਵਿਭਾਗ ਨੇ ਇਹ ਜ਼ਿੰਮੇਵਾਰੀ ਲੈ ਲਈ। ਬਾਕਾਇਦਾ ਸਿੰਡੀਕੇਟ ਵਿਚ ਪਾਸ ਹੋ ਕੇ ਇਹ ਕੋਰਸ ਸ਼ੁਰੂ ਹੋ ਗਿਆ। ਇਸ ਦੇ ਨਾਲ ਹੀ ਇਮਤਿਹਾਨਾਂ ਤੋਂ ਬਾਅਦ ਗਰਮੀਆਂ ਵਿਚ ਗ੍ਰੰਥੀ ਸਿੰਘਾਂ ਅਤੇ ਪ੍ਰਚਾਰਕਾਂ ਦਾ ਰਿਫਰੈਸ਼ਰ ਕੋਰਸ ਵੀ ਲਾਉਣਾ ਸ਼ੁਰੂ ਕਰ ਦਿੱਤਾ। ਪਹਿਲੇ ਸਾਲ ਡਿਪਲੋਮਾ ਸ਼ੁਰੂ ਕੀਤਾ ਅਤੇ ਅਗਲੇ ਸਾਲ ਇਸੇ ਤਰਜ਼ 'ਤੇ ਧਰਮ ਅਧਿਐਨ ਦੀ ਐਮ.ਏ. ਸ਼ੁਰੂ ਕਰ ਲਈ। ਇਸ ਤੋਂ ਪਹਿਲਾਂ ਐਮ.ਏ. ਧਰਮ ਅਧਿਐਨ ਗੁਰਮਤਿ ਕਾਲਜ ਪਟਿਆਲਾ ਵਿਚ ਹੀ ਸੀ। ਸਾਰਾ ਸਿਲੇਬਸ ਉਹੀ ਰੱਖ ਲਿਆ ਗਿਆ ਪਰ ਅੱਠਵਾਂ ਪਰਚਾ ਜੋ ਗੁਰਮਤਿ ਕਾਲਜ ਵਿਚ ਕਥਾ ਅਤੇ ਗੁਰਮਤਿ ਸੰਗੀਤ ਸੀ, ਉਸ ਦੀ ਥਾਂ ਸਾਰੇ ਸਿਲੇਬਸ ਵਿਚੋਂ ਕਿਸੇ 'ਤੇ ਵੀ ਅੱਸੀ ਤੋਂ ਸੌ ਪੰਨੇ ਦਾ ਖੋਜ ਪੱਤਰ ਲਿਖਣਾ ਰੱਖ ਲਿਆ। ਗੁਰੂ ਗੋਬਿੰਦ ਸਿੰਘ ਭਵਨ ਦੇ ਅਧਿਆਪਕਾਂ ਨੇ ਇਸ 'ਤੇ ਵਾ-ਵੇਲਾ ਕੀਤਾ ਤਾਂ ਵਾਈਸ ਚਾਂਸਲਰ ਨੇ ਉਨ੍ਹਾਂ ਨੂੰ ਸੁਝਾ ਦਿੱਤਾ, "ਇਹ ਪੱਤਰ ਵਿਹਾਰ ਸਿਖਿਆ ਕੋਰਸ ਹੈ। ਤੁਸੀਂ ਚਾਹੋ ਤਾਂ ਰੈਗੂਲਰ ਐਮ.ਏ. ਸ਼ੁਰੂ ਕਰ ਸਕਦੇ ਹੋ?" ਇਸ ਤਰ੍ਹਾਂ ਭਵਨ ਵਿਚ ਧਰਮ ਅਧਿਐਨ ਦੀ ਰੈਗੂਲਰ ਐਮ.ਏ. ਸ਼ੁਰੂ ਹੋ ਗਈ। ਗੁਰਮਤਿ ਕਾਲਜ ਵਾਲਿਆਂ ਵੀ ਰੌਲਾ ਪਾਇਆ ਕਿ ਸਾਡੇ ਕੋਲ ਵਿਦਿਆਰਥੀਆਂ ਦੀ ਗਿਣਤੀ ਘਟ ਜਾਵੇਗੀ। ਉਨ੍ਹਾਂ ਨੂੰ ਵੀ ਸਮਝਾਇਆ ਕਿ ਇਹ ਦੂਰ-ਦੁਰਾਡੇ ਬੈਠ ਕੇ ਡਾਕ ਰਾਹੀਂ ਪੜ੍ਹਨ ਵਾਲਿਆਂ ਲਈ ਹੈ। ਸਾਡੇ ਵਿਦਿਆਰਥੀਆਂ ਵਿਚ ਅੱਸੀ-ਅੱਸੀ ਸਾਲ ਦੇ ਸੇਵਾ-ਮੁਕਤ ਇੰਜੀਨੀਅਰ, ਡਾਕਟਰ ਅਤੇ ਅਧਿਆਪਕ ਸ਼ਾਮਲ ਹੋਏ। ਇਸ ਤਰ੍ਹਾਂ ਵਿਭਾਗ ਦਾ ਘੇਰਾ ਵੀ ਵਿਸ਼ਾਲ ਹੋ ਗਿਆ ਅਤੇ ਕੰਮ ਵੀ ਬਹੁਤ ਹੋਣ ਲੱਗ ਪਿਆ। ਇਨ੍ਹਾਂ ਕੋਰਸਾਂ ਦੇ ਇੰਚਾਰਜ ਟੀਚਰ ਡਾ. ਬਲਕਾਰ ਸਿੰਘ ਨੂੰ ਲਾਇਆ ਗਿਆ ਜੋ ਵਿਭਾਗ ਵਿਚ ਬੈਠ ਕੇ ਹੀ ਸਾਰਾ ਕੰਮ ਚਲਾਉਂਦੇ। ਅਸੀਂ ਕਲਾਸਾਂ ਦਾ ਪ੍ਰਬੰਧ ਵੀ ਆਪਣੀ ਬਿਲਡਿੰਗ ਵਿਚ ਹੀ ਕਰਦੇ।

ਡਾ. ਕੋਹਲੀ ਦੇ ਮੁਖੀ ਰਹਿਣ ਤੱਕ ਇਹ ਪ੍ਰੋਗਰਾਮ ਬਹੁਤ ਠੀਕ ਚਲਦਾ ਰਿਹਾ। ਜਦੋਂ ਮੈਡਮ ਮੁਖੀ ਬਣੇ ਤਾਂ ਉਨ੍ਹਾਂ ਨੇ ਨਿੱਕੀ ਨਿੱਕੀ ਗੱਲ ਲਈ ਡਾ. ਬਲਕਾਰ ਸਿੰਘ ਨੂੰ ਵਿਭਾਗ ਵਿਚ ਸੱਦਣਾ ਸ਼ੁਰੂ ਕਰ ਦਿੱਤਾ। ਇਸ 'ਤੇ ਬਖੇੜਾ ਸ਼ੁਰੂ ਹੋ ਗਿਆ ਤਾਂ ਉਨ੍ਹਾਂ ਨੇ ਭਵਨ ਦੇ ਇੱਕ ਅਧਿਆਪਕ ਨੂੰ ਸਬਜੈਕਟ ਕੋ-ਆਰਡੀਨੇਟਰ ਲਾ ਦਿੱਤਾ ਜਿਸ ਦਾ ਪ੍ਰਤੀ ਮਹੀਨਾ ਕੁੱਝ ਇਵਜ਼ਾਨਾ ਵੀ ਦਿੱਤਾ ਜਾਂਦਾ ਸੀ। ਇਹ ਅਧਿਆਪਕ ਪਹਿਲਾਂ ਪੱਤਰ-ਵਿਹਾਰ ਵਿਭਾਗ ਵਿਚ ਹੀ ਪੰਜਾਬੀ-ਕਮ-ਡਿਵਨਿਟੀ ਦਾ ਇੰਚਾਰਜ ਰਿਹਾ ਸੀ ਕਿਉਂਕਿ ਪੱਤਰ ਵਿਹਾਰ ਰਾਹੀਂ ਬੀ.ਏ. ਪੱਧਰ 'ਤੇ ਤਿੰਨਾਂ ਜਮਾਤਾਂ ਵਿਚ ਧਰਮ-ਅਧਿਐਨ ਦਾ ਪਰਚਾ ਪੜ੍ਹਾਇਆ ਜਾਂਦਾ ਸੀ।

ਇੱਕ ਦਿਨ ਵਾਈਸ ਚਾਂਸਲਰ ਚਾਰ ਕੁ ਵਜੇ ਚੰਡੀਗੜ੍ਹ ਤੋਂ ਕੋਈ ਮੀਟਿੰਗ ਅਟੈਂਡ ਕਰਕੇ ਕੋਸ਼ਕਾਰੀ ਵਿਭਾਗ ਵਿਚ ਆਏ ਤਾਂ ਉਨ੍ਹਾਂ ਦਾ ਸਾਰਾ ਵਿਭਾਗ ਜਾ ਚੁੱਕਾ ਸੀ ਅਤੇ ਸਾਡਾ ਸਟਾਫ ਹਾਲੇ ਬੈਠਾ ਕੰਮ ਕਰ ਰਿਹਾ ਸੀ। ਉਹ ਸਾਡੇ ਕੋਲ ਆ ਗਏ ਤੇ ਗੱਲਾਂ ਕਰਨ ਲੱਗ ਪਏ, ਨਾਲ ਬਾਈ ਮੁਖਤਿਆਰ ਵੀ ਸੀ। ਮੈਂ ਉਨ੍ਹਾਂ ਕੋਲ ਗਿਲ੍ਹਾ ਕੀਤਾ, "ਸਰ! ਸਾਡਾ ਕੋਰਸ ਤੁਸੀਂ ਸਾਡੇ ਕੋਲੋਂ ਕਿਉਂ ਖੋਹ ਲਿਆ ਹੈ?" ਉਹ ਬੋਲੇ, "ਮੈਂ ਨਹੀਂ ਖੋਹਿਆ, ਤੁਹਾਡੇ ਭੈਣ ਜੀ ਨੇ ਖੋਹਿਆ ਹੈ।" ਮੈਂ ਉਨ੍ਹਾਂ ਨੂੰ ਕੋਰਸ ਸ਼ੁਰੂ ਹੋਣ ਦੀ ਸਾਰੀ ਹਿਸਟਰੀ ਸੁਣਾਈ ਤਾਂ ਕਹਿੰਦੇ, "ਹੁਣ ਤੇ ਕੁਝ ਨਹੀਂ ਹੋ ਸਕਦਾ, ਅਗਲੇ ਸੈਸ਼ਨ ਤੋਂ ਦੇਖਾਂਗੇ।" ਖੈਰ! ਅਸੀਂ ਫੇਰ ਵੀ ਸਿੰਡੀਕੇਟ ਦਾ ਫੈਸਲਾ ਨਾਲ ਲਾ ਕੇ ਆਪਣਾ ਕੇਸ ਭੇਜ ਦਿੱਤਾ। ਕੁਝ ਸਮੇਂ ਬਾਅਦ ਮੈਡਮ ਦੀ ਥਾਂ ਡਾ. ਤ੍ਰਿਲੋਕ ਸਿੰਘ ਅਨੰਦ ਪੱਤਰ ਵਿਹਾਰ ਵਿਭਾਗ ਦੇ ਮੁਖੀ ਬਣ ਗਏ ਤਾਂ ਉਨ੍ਹਾਂ ਵਲੋਂ ਫੋਨ ਆ ਗਿਆ ਕਿ ਦੂਸਰੇ ਵਿਭਾਗ ਵਿਚੋਂ ਅਸੀਂ ਅਧਿਆਪਕ ਇੰਚਾਰਜ ਨਹੀਂ ਲਾ ਸਕਦੇ ਸਿਰਫ ਕੋ-ਆਰਡੀਨੇਟਰ ਲਾ ਸਕਦੇ ਹਾਂ। ਦੱਸੋ ਕਿਸ ਨੂੰ ਲਾਉਣਾ ਹੈ?" ਵਿਭਾਗ ਵਿਚੋਂ ਮੇਰਾ ਨਾਮ ਭੇਜ ਦਿੱਤਾ ਗਿਆ।

ਇੱਕ ਦਿਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਫਦ ਆਇਆ ਜਿਸ ਨੇ ਇਹ ਕੋਰਸ ਦਿੱਲੀ ਕਮੇਟੀ ਦੀ ਅਗਵਾਈ ਵਿਚ ਦਿੱਲੀ ਤੋਂ ਸ਼ੁਰੂ ਕਰਨ ਦੀ ਗੁਜ਼ਾਰਿਸ਼ ਕੀਤੀ ਅਤੇ ਨਾਲ ਹੀ ਇਹ ਵੀ ਕਿਹਾ ਕਿ ਉਹ ਸਾਰਾ ਖਰਚਾ ਚੁੱਕਣਗੇ ਪਰ ਨਿਜੀ ਸੰਪਰਕ ਪ੍ਰੋਗਰਾਮ ਅਤੇ ਇਮਤਿਹਾਨ ਦਿੱਲੀ ਹੋਣਗੇ। ਉਦੋਂ ਹੁਣ ਵਾਲੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਕਰਤਾ-ਧਰਤਾ ਸਨ। ਉਨ੍ਹਾਂ ਦੀ ਸਰਪ੍ਰਸਤੀ ਵਿਚ ਇਹ ਕੋਰਸ ਸ਼ੁਰੂ ਹੋਏ ਅਤੇ ਬਹੁਤ ਸਫਲਤਾ ਨਾਲ ਚੱਲੇ। ਇਸੇ ਕੋਰਸ ਦੀ ਕੋ-ਆਰਡੀਨੇਟਰ ਬਣਨ ਕਾਰਨ ਇਹ ਸਾਡਾ ਅਧਿਆਪਕ ਵੀ ਮੇਰੇ ਵੈਰ ਪੈ ਗਿਆ। ਜਦੋਂ ਅਕਾਲੀ ਸਰਕਾਰ ਆਉਣ ਤੇ ਡਾ. ਕੇਹਰ ਸਿੰਘ ਨੇ ਡਾ. ਪੁਆਰ ਦੇ ਖਿਲਾਫ ਲੜਾਈ ਵਿੱਢੀ ਤਾਂ ਇਸ ਅਧਿਅਪਕ ਨੇ ਆਪਣਾ ਪ੍ਰੋ-ਡਿਵਿਨਿਟੀ ਨਜ਼ਰੀਆ ਵਰਤਦੇ ਹੋਏ ਇਸ਼ਤਿਹਾਰ ਵਿਚ ਮੇਰੇ ਖਿਲਾਫ ਵੀ ਲਿਖਿਆ। ਇਹ ਸਾਡੇ ਧਾਰਮਿਕ ਕੋਰਸ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਅਸਲੀ ਤਸਵੀਰ ਹੈ। ਇਥੇ ਹੀ ਬੱਸ ਨਹੀਂ ਸਗੋਂ ਫੈਕਲਟੀ ਟੁੱਟਣ ਤੋਂ ਪਹਿਲਾਂ ਸੀਨੀਅਰ ਪ੍ਰੋਫੈਸਰ ਹੋਣ ਦੇ ਨਾਤੇ ਜਦੋਂ ਡੀਨ ਬਣਨ ਦੀ ਮੇਰੀ ਵਾਰੀ ਆਈ ਤਾਂ ਇਹ ਅਤੇ ਇਸ ਦੇ ਇੱਕ ਹੋਰ ਕੁਲੀਗ ਨੇ ਮੇਰੇ ਖਿਲਾਫ ਲਿਖ ਕੇ ਭੇਜਿਆ ਕਿ ਮੈਂ ਕਦੀ ਟੀਚਿੰਗ ਨਹੀਂ ਕੀਤੀ ਹਾਲਾਂਕਿ ਮੇਰੇ ਵਿਭਾਗ ਵਿਚੋਂ ਸਵਰਗਵਾਸੀ ਡਾ. ਤਾਰਨ ਸਿੰਘ ਅਤੇ ਸਾਬਕਾ

## ਰੰਗ-ਬੇਰੰਗ

ਮੁਖੀ ਡਾ. ਬਲਕਾਰ ਸਿੰਘ ਡੀਨ ਰਹਿ ਚੁੱਕੇ ਸਨ। ਜਦੋਂ ਪੱਤਰ ਵਿਹਾਰ ਵਿਭਾਗ ਤੋਂ ਜਾਣਕਾਰੀ ਦਿੱਤੀ ਗਈ ਕਿ ਮੈਂ ਪਿਛਲੇ ਦਸ ਬਾਰਾਂ ਸਾਲਾਂ ਤੋਂ ਜਮਾਤਾਂ ਪੜ੍ਹਾ ਰਹੀ ਹਾਂ ਤਾਂ ਇਨ੍ਹਾਂ ਫਿਰ ਲਿਖ ਕੇ ਭੇਜ ਦਿੱਤਾ ਕਿ ਮੈਂ ਪੱਤਰ ਵਿਹਾਰ ਵਿਭਾਗ ਵਿਚ ਪੜ੍ਹਾਉਣ ਦੇ ਪੈਸੇ ਲੈਂਦੀ ਸੀ। ਫਿਰ ਲਿਖ ਕੇ ਗਿਆ ਕਿ ਮੈਂ ਨਾ ਕਦੀ ਪਾਠ ਲਿਖਣ ਦਾ ਪੈਸਾ ਲਿਆ ਸੀ ਅਤੇ ਨਾ ਹੀ ਕਲਾਸ ਲਾਉਣ ਦਾ, ਸਿਰਫ ਨਿਯਮਾਂ ਅਨੁਸਾਰ ਮੈਨੂੰ ਕੋ-ਅਰਡੀਨੇਟਰ ਦਾ ਇਵਜ਼ਾਨਾ ਮਿਲਦਾ ਸੀ ਕਿਉਂਕਿ ਮੈਂ ਦੂਜੇ ਵਿਭਾਗ ਵਿਚ ਟੀਚਰ-ਇੰਚਾਰਜ ਨਹੀਂ ਸੀ ਲਾਈ ਜਾ ਸਕਦੀ ਤਾਂ ਕਿਧਰੇ ਜਾ ਕੇ ਮੇਰਾ ਡੀਨਸ਼ਿਪ ਦਾ ਕੇਸ ਸਪਸ਼ਟ ਹੋਇਆ।

ਇਥੇ ਇਹ ਸਾਰਾ ਕੁਝ ਦੱਸਣ ਦਾ ਮਕਸਦ ਇਹ ਹੈ ਕਿ ਉਚਤਮ ਅਦਾਰਿਆਂ ਦੇ ਅਧਿਆਪਕ ਹੋ ਕੇ ਸਾਡੇ ਅਧਿਆਪਕਾਂ ਦੀਆਂ ਬਿਰਤੀਆਂ ਵੀ ਉਚੀਆਂ ਹੋਣ ਇਹ ਜ਼ਰੂਰੀ ਨਹੀਂ। ਉਹ ਆਪਣੇ ਨਿਜੀ ਲਾਭ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ ਭਾਵੇਂ ਧਰਮ ਪੜ੍ਹਾਉਂਦੇ ਹੋਣ ਭਾਵੇਂ ਕੁਝ ਹੋਰ। ਦੂਸਰੇ ਇਹ ਕਿ ਇਸਤਰੀ ਅਧਿਆਪਕਾਂ ਨੂੰ ਉਹ ਫਾਰ ਗਰਾਂਟਡ ਲੈ ਲੈਂਦੇ ਹਨ ਕਿ ਇਨ੍ਹਾਂ ਨੇ ਕਿਹੜਾ ਆਪਣੇ ਹੱਕ ਲਈ ਲੜਨਾ ਹੈ।

ਗੱਲ ਬਾਹਰ ਦੇ ਸੈਮੀਨਾਰਾਂ ਵਿਚੋਂ ਹੋਰ ਪਾਸੇ ਪੈ ਗਈ ਪਰ ਇਹ ਸਭ ਕੁਝ ਆਪਸ ਵਿਚ ਜੁੜਿਆ ਹੋਇਆ ਹੈ। ਸੈਮੀਨਾਰ ਬਿਲਡਿੰਗ ਤੋਂ ਬਹੁਤ ਨੇੜੇ ਹੀ ਭਾਰਤੀ ਸਫਾਰਤਖਾਨੇ ਦੀ ਬਿਲਡਿੰਗ ਸੀ ਜਿਸ ਤੇ ਭਾਰਤੀ ਝੰਡਾ ਲਹਿਰਾ ਰਿਹਾ ਸੀ। ਟੇਮਜ਼ ਦਰਿਆ ਵੀ ਨੇੜੇ ਹੀ ਸੀ ਜਿਸ ਦੀ ਇੱਕ ਝਲਕ ਦੇਖਣ ਲਈ ਮੇਜ਼ਬਾਨ ਬੀਬੀ ਰਜਨੀਸ਼ (ਸ੍ਰੀਮਤੀ ਪਰਗਟ ਸਿੰਘ) ਨੂੰ ਬੇਨਤੀ ਕੀਤੀ ਅਤੇ ਅਸੀਂ ਦੋਵੇਂ ਪੈਦਲ ਤੁਰ ਕੇ ਦਰਿਆ ਦਾ ਨਜ਼ਾਰਾ ਦੇਖ ਕੇ ਆਈਆਂ। ਮੈਂ ਅੰਗਰੇਜ਼ੀ ਦੇ ਨਾਵਲਾਂ ਵਿਚ ਟੇਮਜ਼ ਦਰਿਆ ਬਾਰੇ ਬਹੁਤ ਵਾਰ ਪੜ੍ਹਿਆ ਸੀ। ਡਾ. ਮਦਨਜੀਤ ਕੌਰ ਸੈਮੀਨਾਰ ਤੋਂ ਬਾਅਦ ਸਾਊਥਾਲ ਆਪਣੇ ਰਿਸ਼ਤੇਦਾਰਾਂ ਕੋਲ ਚਲੀ ਗਈ ਪਰ ਮੈਂ ਹਿਚਨ ਆਪਣੇ ਮੇਜ਼ਬਾਨਾਂ ਕੋਲ ਹੀ ਠਹਿਰੀ ਅਤੇ ਤੁਰ ਫਿਰ ਕੇ ਰਜਨੀਸ਼ ਨਾਲ ਉਸਦਾ ਛੋਟਾ ਜਿਹਾ ਸ਼ਹਿਰ ਅਤੇ ਗੁਰਦੁਆਰਾ ਦੇਖਿਆ। ਦੋ ਕੁ ਦਿਨਾਂ ਬਾਅਦ ਮੇਰੀ ਅਤੇ ਡਾ. ਮਦਨਜੀਤ ਕੌਰ ਦੀ ਟੋਰਾਂਟੋ ਲਈ ਇਕੱਠਿਆਂ ਫਲਾਈਟ ਸੀ। ਸ. ਦਲਜੀਤ ਸਿੰਘ ਨੇ ਤੁਰਨ ਤੋਂ ਪਹਿਲਾਂ ਹੀ ਪੁੱਛ ਲਿਆ ਕਿ ਕਿਥੇ ਠਹਿਰਨਾ ਹੈ? ਮੈਂ ਆਪਣੇ ਰਿਸ਼ਤੇਦਾਰਾਂ ਸ. ਭਗਤ ਸਿੰਘ ਮੱਲ੍ਹੀ ਅਤੇ ਉਨ੍ਹਾਂ ਦੇ ਪਰਿਵਾਰ ਬਾਰੇ ਦਸਿਆ ਜਿਨ੍ਹਾਂ ਦਾ ਟੈਲੀਫੋਨ ਨੰਬਰ ਡਾ. ਖੜਕ ਸਿੰਘ ਮਾਨ ਨੇ ਮੇਰੇ ਕੋਲੋਂ ਲਿਖ ਲਿਆ। ਟੋਰਾਂਟੋ ਪੀਅਰਸਨ ਹਵਾਈ ਅੱਡੇ 'ਤੇ ਮੱਲ੍ਹੀ ਪਰਿਵਾਰ ਮੈਨੂੰ ਲੈਣ ਆਇਆ। ਅਸੀਂ ਡਾ. ਮਦਨਜੀਤ ਕੌਰ ਨੂੰ ਨਾਲ ਹੀ ਲੈ ਆਏ। ਰੋਟੀ ਪਾਣੀ ਖਾਣ ਤੋਂ ਬਾਅਦ ਉਨ੍ਹਾਂ ਨੂੰ ਜਸਵੀਰ, ਜੋ ਰਿਸ਼ਤੇ ਵਿਚ ਮੇਰੇ ਪਤੀ ਦਾ ਭਾਣਜਾ ਵੀ ਹੈ ਅਤੇ ਮੇਰੀ ਭਤੀਜੀ ਦਾ ਦਿਉਰ ਵੀ, ਉਨ੍ਹਾਂ ਦੇ ਟਿਕਾਣੇ ਤੇ ਛੱਡਣ ਚਲਾ ਗਿਆ। ਥੋੜੀ ਦੇਰ ਬਾਅਦ ਹੀ ਸ. ਦਲਜੀਤ ਸਿੰਘ ਦਾ ਫੋਨ ਆ ਗਿਆ ਇਹ ਪੁੱਛਣ ਲਈ ਕਿ ਕੀ ਅਸੀਂ ਠੀਕ-ਠਾਕ ਆਪਣੇ ਟਿਕਾਣੇ ਤੇ ਪਹੁੰਚ ਗਏ ਹਾਂ? ਉਨ੍ਹਾਂ ਨੇ ਸਾਨੂੰ ਦੂਸਰੇ ਦਿਨ ਮਿਲਣ ਲਈ ਵੀ ਸੱਦਿਆ। ਜਸਵੀਰ ਨੇ ਮੇਰੇ ਕਾਰਨ ਕੰਮ ਤੋਂ ਵੀ ਛੁੱਟੀ ਕਰ ਰੱਖੀ ਸੀ। ਦੂਸਰੇ ਦਿਨ ਮੈਂ ਤੇ ਡਾ. ਮਦਨਜੀਤ ਕੌਰ ਡਾ. ਖੜਕ ਸਿੰਘ ਦੇ ਪੁੱਤਰ ਪ੍ਰਕਾਸ਼ ਸਿੰਘ ਮਾਨ ਦੇ ਘਰ, ਜੋ ਇਥੇ ਹੀ ਵੱਸਦਾ ਸੀ (ਕੁੱਝ ਮਹੀਨੇ ਹੋਏ ਪ੍ਰਕਾਸ਼ ਸਿੰਘ ਮਾਨ ਦੀ ਹਾਰਟ ਅਟੈਕ ਨਾਲ ਅਚਾਨਕ ਮੌਤ ਹੋ ਗਈ), ਪਹੁੰਚੇ, ਮਿਲ ਕੇ ਪ੍ਰੋਗਰਾਮ ਬਾਰੇ ਪੂਰੀ ਜਾਣਕਾਰੀ ਲਈ ਅਤੇ ਚਾਹ ਪੀ ਕੇ ਵਾਪਸ ਆ ਗਏ।

ਸੈਮੀਨਾਰ ਯੂਨੀਵਰਸਿਟੀ ਆਫ ਟੋਰਾਂਟੋ ਵਿਚ ਰੱਖਿਆ ਗਿਆ ਸੀ। ਇਥੇ ਡਾ. ਜਸਵੀਰ ਸਿੰਘ ਮਾਨ ਆਪਣਾ ਪਰਚਾ ਪੜ੍ਹਨ ਲਈ ਕੈਲੀਫੋਰਨੀਆ ਤੋਂ ਕੈਲੀਫੋਰਨੀਆ ਦੀ ਹੀ ਇੱਕ ਯੂਨੀਵਰਸਿਟੀ ਤੋਂ ਡਾ. ਨੋਇਲ ਕਿੰਗ ਨਾਲ ਪਹੁੰਚੇ ਹੋਏ ਸਨ। ਡਾ. ਨੋਇਲ ਕਿੰਗ ਨਾਲ ਇਸ ਤੋਂ ਪਿਛਲੇ ਸਾਲਾਂ ਵਿਚ ਆਮ ਹੀ ਮੁਲਾਕਾਤ ਹੁੰਦੀ ਰਹੀ ਹੈ ਅਤੇ ਉਹ ਸਾਡੇ ਵਿਭਾਗ ਵਿਚ ਕਈ ਮਹੀਨਿਆਂ ਲਈ ਵਿਜਟਿੰਗ ਫੈਲੋ ਵੀ ਰਹੇ। ਡਾ. ਮੈਕਲਿਊਡ ਨੂੰ ਇਸ ਸੈਮੀਨਾਰ ਵਿਚ ਉਚੇਚਾ ਸੱਦਿਆ ਗਿਆ ਪਰ ਉਹ ਥੋੜੀ ਦੇਰ ਬੈਠ ਕੇ ਜਲਦੀ ਵਾਪਸ ਚਲਾ ਗਿਆ। ਇਥੇ ਇੱਕ ਗੱਲ ਮੈਨੂੰ ਅਜੀਬ ਲੱਗੀ। ਪਰਚਾ ਪੜ੍ਹਦੇ ਵੇਲੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਅਤੇ ਸ੍ਰੀ ਗੁਰੂ ਨਾਨਕ ਦੇਵ ਕਿਹਾ ਤਾਂ ਸੈਸ਼ਨ ਦੇ ਚੇਅਰਮੈਨ ਨੇ ਆਪਣੇ ਭਾਸ਼ਨ ਵਿਚ ਟੋਕਿਆ ਕਿ ਆਦਰਸੂਚਕ 'ਸ੍ਰੀ' ਲਫਜ਼ ਨਹੀਂ ਵਰਤਣਾ ਇਹ ਬ੍ਰਾਹਮਣਾਂ ਦਾ ਲਫਜ਼ ਹੈ। ਮੈਨੂੰ ਇਸ ਗੱਲ 'ਤੇ ਬੇਹੱਦ ਪ੍ਰੇਸ਼ਾਨੀ ਹੋਈ ਕਿਉਂਕਿ ਭਾਸ਼ਾ ਦਾ ਸਬੰਧ ਇੱਕ ਖਿੱਤੇ, ਇਲਾਕੇ ਨਾਲ ਹੁੰਦਾ ਹੈ ਕਿਸੇ ਜ਼ਾਤ, ਗੋਤ ਫਿਰਕੇ ਨਾਲ ਨਹੀਂ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਨ ਵਾਲਾ ਇਨਸਾਨ ਏਨਾ ਫਿਰਕਾਪ੍ਰਸਤ ਅਤੇ ਤੰਗ ਦਿਲ ਕਿਵੇਂ ਹੋ ਸਕਦਾ ਹੈ? ਡਾ. ਅਵਤਾਰ ਸਿੰਘ ਕਿਹਾ ਕਰਦੇ ਸਨ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਨ ਵਾਲਾ ਮਨੁੱਖ ਕਿਸੇ ਵੀ ਤਰ੍ਹਾਂ ਨਾਲ ਸੰਕੀਰਨ ਬਿਰਤੀਆਂ ਦਾ ਮਾਲਿਕ ਨਹੀਂ ਹੋ ਸਕਦਾ ਕਿਉਂਕਿ ਬਾਣੀ ਤਾਂ ਸਭ ਤੋਂ ਪਹਿਲੀ ਮੰਗ ਹੀ ਇਨਸਾਨ ਕੋਲੋਂ ਹਉਮੈ ਦੇ ਤਿਆਗ ਦੀ ਕਰਦੀ ਹੈ, ਉਨ੍ਹਾਂ ਦੀ ਭਾਸ਼ਾ ਵਿਚ ਤੰਗ ਨਜ਼ਰੀ ਨੂੰ ਤਿਆਗਣ ਦੀ ਗੱਲ ਕਰਦੀ ਹੈ।

ਡਾ. ਮੈਕਲਿਊਡ ਦਾ ਪੀ.ਐਚ.ਡੀ ਦਾ ਵਿਦਿਆਰਥੀ ਪਿਸ਼ੌਰਾ ਸਿੰਘ ਵੀ ਸੈਮੀਨਾਰ ਵਿਚ ਹਾਜ਼ਰ ਸੀ ਜਿਸ ਨੇ ਅੱਗੇ ਚੱਲ ਕੇ ਸਿੱਖ ਧਰਮ ਸਬੰਧੀ ਆਪਣੀਆਂ ਲਿਖਤਾਂ ਵਿਚ ਆਪਣੇ ਅਧਿਆਪਕ ਦੀ ਵਿਚਾਰਧਾਰਾ ਨੂੰ ਹੀ ਅਪਨਾਇਆ। ਸਨਿਚਰ-ਐਤਵਾਰ ਨੂੰ ਸੈਮੀਨਾਰ ਅਟੈਂਡ ਕਰਕੇ ਮੇਰੇ ਕੋਲ ਸ਼ਿਕਾਗੋ ਦੀ ਫਲਾਈਟ ਤੱਕ ਕਾਫੀ ਦਿਨ ਬਾਕੀ ਸਨ ਕਿਉਂਕਿ ਮੈਂ ਵੈਨਕੂਵਰ ਨਹੀਂ ਸੀ ਜਾਣਾ। ਸ਼ਿਕਾਗੋ ਲਈ ਪ੍ਰਬੰਧਕਾਂ ਨੇ ਜਿਸ ਫਲਾਈਟ ਦਾ ਪ੍ਰਬੰਧ ਕੀਤਾ ਉਹ ਰਾਹ 'ਚ ਬਦਲਣੀ ਪੈਣੀ ਸੀ। ਸ. ਭਗਤ ਸਿੰਘ ਮੱਲ੍ਹੀ ਦੇ ਜੁਆਈ ਸ. ਜਸਵੀਰ ਸਿੰਘ ਮਾਂਗਟ ਨੇ ਪ੍ਰਬੰਧਕਾਂ ਨੂੰ ਕਹਿ ਕੇ ਨਵੀਂ ਟਿਕਟ ਲੈ ਕੇ ਸ਼ਿਕਾਗੋ ਲਈ ਸਿੱਧੀ ਫਲਾਈਟ ਕਰਵਾਈ। ਕ੍ਰਿਸਮਿਸ ਨੇੜੇ ਹੋਣ ਕਰਕੇ ਕੈਨੇਡਾ ਖੂਬ ਸਜਿਆ ਹੋਇਆ ਸੀ। ਭਾਵੇਂ ਸਰਦੀ ਬਹੁਤ ਜ਼ਿਆਦਾ ਸੀ ਫਿਰ ਵੀ ਸਾਰਿਆਂ ਦੀ ਜ਼ਿੱਦ 'ਤੇ ਨਿਆਗਰਾ ਫਾਲ ਦੇਖਣ ਦਾ ਪ੍ਰੋਗਰਾਮ ਬਣਾਇਆ। ਇੱਕ ਦਿਨ ਆਪਣੇ ਭਤੀਜੇ ਹਰਦੇਵ ਦੇ ਸਹੁਰਿਆਂ ਸ. ਭਗਵਾਨ ਸਿੰਘ ਵੱਲ ਜਾਣ ਲਈ ਰੱਖਿਆ। ਸ਼ਿਕਾਗੋ ਰਵਾਨਾ ਹੋਣ ਤੋਂ ਪਹਿਲਾਂ ਹੀ 28 ਨਵੰਬਰ ਨੂੰ ਮੌਸਮ ਦੀ ਪਹਿਲੀ ਜ਼ੋਰਦਾਰ ਬਰਫ ਪੈ ਗਈ ਜੋ ਦੋ ਦਿਨ ਪੈਂਦੀ ਰਹੀ ਅਤੇ ਚਾਰ-ਚੁਫੇਰਾ ਬਰਫ ਦੀ ਚਿੱਟੀ ਚਾਦਰ ਨਾਲ ਢਕਿਆ ਗਿਆ।

(ਚਲਦਾ...)



*ਡਾ. ਬਲਕਾਰ ਸਿੰਘ ਮਰਹੂਮ ਯੋਗੀ ਹਰਭਜਨ ਸਿੰਘ ਵਲੋਂ ਐਸਪਾਨੋਲਾ (ਨਿਊ ਮੈਕਸੀਕੋ) ਵਿਚ ਕਾਇਮ ਕੀਤੇ ਗਏ ਅਦਾਰੇ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਚਲਾਏ ਜਾਂਦੇ ਪੰਜਾਬੀ ਅਤੇ ਸਿੱਖ ਅਧਿਅਨ ਕੇਂਦਰ ਦੇ ਮੁਖੀ ਰਹੇ। ਇਸ ਤਸਵੀਰ ਵਿਚ ਉਹ ਆਪਣੇ ਵਿਦਿਆਰਥੀਆਂ ਵਲੋਂ ਦਿੱਤੇ ਗਏ ਵਿਦਾਇਗੀ ਭੋਜ ਮੌਕੇ ਆਪਣੀ ਇਕ ਵਿਦਿਆਰਥਣ ਸ਼ਾਂਤੀ ਕੌਰ ਦੀ ਰਸੋਈ ਵਿਚ ਨਜ਼ਰ ਆ ਰਹੇ ਹਨ।*

## ਸਿਆਣਿਆਂ ਦਾ ਕਿਹਾ

(1) ਡਰ ਅਤੇ ਸ਼ੰਕਾ ਦਿਮਾਗ ਦੇ ਕੰਮ ਕਰਨ ਦੀ ਸ਼ਕਤੀ ਨੂੰ ਬੰਦ ਕਰ ਦਿੰਦੇ ਹਨ।

(2) ਹਰ ਅਸਫਲਤਾ ਤੋਂ ਬਾਅਦ ਆਪਣੇ ਆਪ ਨੂੰ ਪੁਛੋ-ਮੈਂ ਇਸ ਹਾਰ ਤੋਂ ਕੀ ਸਿਖਿਆ? ਤਦ ਹੀ ਤੁਸੀਂ ਰਾਹ ਦੇ ਰੋੜਿਆਂ ਉਪਰ ਚੜ੍ਹ ਕੇ ਹੋਰ ਉਚੇ ਹੋ ਸਕਦੇ ਹੋ।

(3) ਸਫਲਤਾ ਦਾ ਅਰੰਭ ਉਸਨੂੰ ਪ੍ਰਾਪਤ ਕਰਨ ਵਾਲੇ ਦੀ ਇਛਾ ਨਾਲ ਹੁੰਦਾ ਹੈ।

(4) ਜੀਵਨ ਦੀ ਲੜਾਈ ਤੇਜ਼ ਅਤੇ ਮਜ਼ਬੂਤ ਲੋਕ ਹੀ ਨਹੀਂ ਜਿੱਤਦੇ ਬਲਕਿ ਉਹ ਜਿੱਤਦੇ ਹਨ ਜੋ ਇਹ ਵਿਸ਼ਵਾਸ ਰੱਖਦੇ ਹਨ ਕਿ ਛੇਤੀ ਜਾਂ ਦੇਰ ਨਾਲ ਉਹ ਜ਼ਰੂਰ ਜਿੱਤਣਗੇ।

(5) ਹਾਰੇ ਹੋਏ ਵਿਅਕਤੀ ਦੋ ਤਰ੍ਹਾਂ ਦੇ ਹੁੰਦੇ ਹਨ-ਪਹਿਲੇ ਉਹ ਜਿਹੜੇ ਕੁੱਝ ਕਰਦੇ ਹਨ ਪਰ ਸੋਚਦੇ ਨਹੀਂ, ਦੂਸਰੇ ਉਹ ਜਿਹੜੇ ਸੋਚਦੇ ਹਨ ਲੇਕਿਨ ਕੁੱਝ ਕਰਦੇ ਨਹੀਂ।

(6) ਮੋਨਾ ਸਿੱਖ ਸ਼ਰਧਾ ਤਾਂ ਰੱਖ ਸਕਦਾ ਹੈ, ਸਿੱਖੀ ਦਾ ਹਮਦਰਦ ਵੀ ਹੋ ਸਕਦਾ ਹੈ, ਸਿੱਖੀ ਦਾ ਪ੍ਰਸ਼ੰਸਕ ਵੀ, ਪਰ ਉਹ ਸਿੱਖ ਨਹੀਂ ਹੋ ਸਕਦਾ।

(7) ਅੱਜ ਮੋਨੇ ਜਾਂ ਹਿੰਦੂ ਨੂੰ ਸਹਿਜਧਾਰੀ ਸਿੱਖ ਆਖ ਕੇ ਗੁਰਦੁਆਰਿਆਂ ਉਤੇ ਕਬਜ਼ਾ ਕਰਨਾ ਮੱਸਾ ਰੰਘੜ ਵਾਂਗ ਦਰਬਾਰ ਸਾਹਿਬ 'ਤੇ ਕਬਜ਼ਾ ਕਰਨ ਵਰਗੀ ਸਾਜ਼ਿਸ਼ ਹੈ।

(8) ਧਰਮ ਯੁੱਧ ਕੀ ਹੈ? ਮੁਖਿ ਤੇ ਹਰਿ ਚਿਤ ਮੈ ਜੁਧੁ ਬੀਚਾਰੈ।

(9) ਸੱਚੇ ਸਿੱਖ ਵਾਸਤੇ ਪੰਥ ਬਚਾਉਣਾ ਪਹਿਲਾਂ ਹੈ, ਬਾਕੀ ਉਸ ਤੋਂ ਅਗਲੇਰੇ ਕਦਮ ਹਨ।

(10) ਸਿੱਖ ਧਰਮ ਵਿਚ ਭਗਤੀ ਅਤੇ ਯੁੱਧ ਦੋਵੇਂ ਨਾਲ ਨਾਲ ਚਲਦੇ ਹਨ। ਸਿੱਖ ਨੇ ਧਰਮ ਕਾਇਮ ਰੱਖਣ ਵਾਸਤੇ ਯੁੱਧ ਕਰਨਾ ਹੈ, ਯੁੱਧ ਵਿਚ ਵੀ ਧਰਮ ਨਹੀਂ ਛੱਡਣਾ। ਸਿੱਖ ਨੇ ਧਰਮ ਵੀ ਇੰਜ ਨਿਭਾਉਣਾ ਹੈ ਜਿਵੇਂ ਯੁੱਧ ਜਿੱਤਣਾ ਹੋਵੇ।

(11) ਸਿੱਖ ਦੀ ਕ੍ਰਿਪਾਨ ਵਿਚੋਂ ਕ੍ਰਿਪਾ ਜੁਦਾ ਨਹੀਂ ਹੋ ਸਕਦੀ। ਸਿੱਖ ਦੀ ਕ੍ਰਿਪਾਨ ਗੁੱਸੇ ਜਾਂ ਬਦਲੇ ਵਾਸਤੇ ਨਹੀਂ ਉੱਠ ਸਕਦੀ। ਸਿੱਖ ਦੀ ਕ੍ਰਿਪਾਨ ਹਮਲਾਵਰ ਦੇ ਖਿਲਾਫ ਉਠਦੀ ਹੈ, ਪਹਿਲਾਂ ਹਮਲਾ ਕਰਨ ਵਾਸਤੇ ਨਹੀਂ।

(12) ਭਾਰਤ ਨਾਲੋਂ ਪੰਜਾਬ, ਕਸ਼ਮੀਰ ਦਾ ਅੱਡ ਹੋਣਾ ਅਤੀਤ ਵਿਚ ਹਿੰਦੂ ਅਤਿਵਾਦ ਦੀ ਹੀ ਮਾਨਸਿਕਤਾ ਦੀ ਦੇਣ ਹੈ।

(13) ਜ਼ਿੰਦਗੀ ਕਿਸੇ ਪਾਰਟੀ ਜਾਂ ਖੁਸ਼ੀ ਦਾ ਨਾਮ ਨਹੀਂ ਹੈ, ਇਸ ਵਿਚ ਤਾਂ ਤਕਲੀਫ ਅਤੇ ਨਿਰਾਸ਼ਾ ਵੀ ਸ਼ਾਮਿਲ ਹੈ।

(14) ਇਨਸਾਨ ਜਿਹਦੇ ਬਾਰੇ ਸੋਚ ਸਕਦਾ ਹੈ ਅਤੇ ਜਿਹਦੇ 'ਚ ਯਕੀਨ ਰੱਖਦਾ ਹੈ ਉਹ ਉਸਨੂੰ ਹਾਸਲ ਵੀ ਕਰ ਸਕਦਾ ਹੈ।

(15) ਨਿਸ਼ਠਾ ਅਤੇ ਅਕਲਮੰਦੀ ਦੋ ਅਜਿਹੇ ਥੰਮ ਹਨ ਜਿਨ੍ਹਾਂ ਉਪਰ ਪ੍ਰਤੀਬਧਤਾ ਟਿਕੀ ਹੋਈ ਹੁੰਦੀ ਹੈ।

(16) ਜੇਤੂ ਆਪਣੀ ਜਿੱਤ ਵਾਸਤੇ ਆਪਣੇ ਆਪ ਨੂੰ ਤਿਆਰ ਕਰਕੇ ਤੇ ਵਚਨਬਧਤਾ ਨਾਲ ਜੋੜ ਕੇ ਰੱਖਦੇ ਹਨ।

(17) ਜਿੰਨੀ ਵੱਡੀ ਚੁਣੌਤੀ ਹੁੰਦੀ ਹੈ, ਉਨੀ ਹੀ ਵੱਡੀ ਹਿੰਮਤ।

(18) ਜਿੰਨਾ ਵੱਡਾ ਮੁਕਾਬਲਾ ਹੁੰਦਾ ਹੈ ਉਨੇ ਹੀ ਜਿੱਤਣ ਵਾਸਤੇ ਖੇਡਣ ਵਾਲੇ ਜ਼ਿਆਦਾ ਤਿਆਰੀ ਕਰਦੇ ਹਨ।

(19) ਜਿਹੜੇ ਲੋਕ ਹਾਰ ਬਾਰੇ ਸੋਚਦੇ ਹਨ, ਉਹ ਸੁਰਖਿਆ ਦੀ ਮੰਗ ਕਰਦੇ ਹਨ।

(20) ਜਿੱਤ ਦੀ ਸੋਚ ਰੱਖਣ ਵਾਲੇ ਬੰਦੇ ਨਵੇਂ ਮੌਕਿਆਂ ਦੀ ਤਲਾਸ਼ ਕਰਦੇ ਰਹਿੰਦੇ ਹਨ।

(21) ਅਸਫਲ ਹੋਣਾ ਕੋਈ ਪਾਪ ਨਹੀਂ ਹੈ ਪਰ ਸਫਲਤਾ ਵਾਸਤੇ ਕੋਈ ਕੋਸ਼ਿਸ਼ ਨਾ ਕਰਨਾ ਗੁਨਾਹ ਜ਼ਰੂਰ ਹੈ।

(22) ਇੱਛਾ ਅਤੇ ਦ੍ਰਿੜ ਵਿਸ਼ਵਾਸ ਵਿਚ ਬਹੁਤ ਅੰਤਰ ਹੈ।

(23) ਤੁਸੀਂ ਉਧਾਰ ਲਏ ਪੈਸੇ 'ਤੇ ਸੁਰੱਖਿਆ ਸਥਾਪਿਤ ਨਹੀਂ ਕਰ ਸਕਦੇ।

(24) ਸਫਲਤਾ ਉਹ ਵਸਤੂ ਨਹੀਂ ਜਿਹੜੀ ਤੁਹਾਨੂੰ ਸਬੱਬੀਂ ਮਿਲ ਜਾਵੇ, ਇਹਦੇ ਲਈ ਕਾਫੀ ਤਿਆਰੀ ਦੀ ਲੋੜ ਹੁੰਦੀ ਹੈ।

(25) ਆਪਾਂ ਜਿਸ ਚੀਜ਼ ਜਾਂ ਗੱਲ ਤੋਂ ਵੀ ਖੁਸ਼ੀ ਲੈਂਦੇ ਹਾਂ ਉਹ ਕਿਸੇ ਨਾ ਕਿਸੇ ਦੀ ਸਖਤ ਮਿਹਨਤ ਦਾ ਹੀ ਨਤੀਜਾ ਹੁੰਦਾ ਹੈ।

(26) ਭਾਰਤ ਵਿਚ ਜ਼ਿਆਦਾ ਬੇਰੁਜ਼ਗਾਰੀ ਹੋਣ ਕਾਰਨ ਲੋਕਾਂ ਦੀ ਜੀਵਨ ਵਿਚ ਇਮਾਨਦਾਰੀ ਦੀ ਗਿਰਾਵਟ ਆਈ ਹੈ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

# ਸ਼ਾਇਦ ਇਸ ਤਰ੍ਹਾਂ ਦਾ ਹੀ ਹੁੰਦਾ ਹੈ ਰਿਸ਼ਤਿਆਂ ਦਾ ਵਿਧਾਨ

**ਯਾਦਾਂ ਦੀ ਲੜੀ**

**ਅਜਮੇਰ ਸਿੰਘ ਔਲਖ**

ਇਹ ਗੱਲ 1960 ਦੀ ਹੈ। ਮੈਂ ਤੇ ਮੇਰਾ ਦੋਸਤ ਹਾਕਮ (ਜਿਹੜਾ ਨਕਸਲੀ ਲਹਿਰ ਵੇਲੇ ਪੰਜਾਬ ਦਾ ਇਕ ਪ੍ਰਸਿਧ ਨੇਤਾ (ਹਾਕਮ ਸਿੰਘ ਸਮਾਓਂ) ਬਣ ਗਿਆ ਸੀ) ਪਟਿਆਲਾ ਵਿਚ ਬਹੇੜਾ ਰੋਡ 'ਤੇ ਇਕ ਕਿਰਾਏ ਦੇ ਚੁਬਾਰੇ ਵਿਚ ਰਹਿ ਕੇ ਆਪਣੀ ਪੜ੍ਹਾਈ ਦਾ ਰਾੜ੍ਹਾ-ਬੀੜ੍ਹਾ ਕਰ ਰਹੇ ਸੀ। ਹਾਕਮ ਦੇ ਘਰ ਦੀ ਆਰਥਿਕ ਹਾਲਤ ਵਾਹਵਾ ਚੰਗੀ ਹੋਣ ਕਰਕੇ ਉਸ ਨੇ ਮਹਿੰਦਰਾ ਕਾਲਜ ਪਟਿਆਲਾ ਵਿਚ ਦਾਖਲਾ ਲਿਆ ਹੋਇਆ ਸੀ ਪਰ ਕਰਜ਼ੇ ਹੇਠ ਦੱਬੀ ਛੋਟੀ ਕਿਸਾਨੀ ਦਾ 'ਪੜ੍ਹਾਕੂ ਪੁੱਤ' ਹੋਣ ਕਾਰਨ ਮੈਂ ਆਪਣੀ ਪੜ੍ਹਾਈ ਦੇ ਰੇੜ੍ਹੇ ਨੂੰ ਟਿਊਸ਼ਨਾਂ ਵਗੈਰਾ ਕਰ-ਕਰ ਧੂ-ਘਸੀਟ ਰਿਹਾ ਸੀ। ਬਹੇੜਾ ਰੋਡ ਵਾਲੇ ਜਿਸ ਚੁਬਾਰੇ ਵਿਚ ਅਸੀਂ ਰਹਿੰਦੇ ਸੀ, ਉਸ ਨਾਲ ਲੱਗਵਾਂ ਇਕ ਹੋਰ ਚੁਬਾਰਾ ਵੀ ਸੀ ਜਿਸ ਵਿਚ ਇਕ ਡਰਾਈਵਰ ਤੇ ਉਸ ਦੀ ਬੀਵੀ ਰਹਿੰਦੇ ਸਨ। ਇਨ੍ਹਾਂ ਚੁਬਾਰਿਆਂ ਦਾ ਵਿਹੜਾ ਸਾਂਝਾ ਸੀ ਜਿਸ ਦੇ ਵਿਚਕਾਰ ਇਕ ਕੰਧ ਕੱਢੀ ਹੋਈ ਸੀ। ਅਸਲ ਵਿਚ ਇਹ ਇਕ ਹੀ ਚੁਬਾਰੇ ਦੇ ਦੋ ਕਮਰੇ ਸਨ ਜਿਸ ਦੀ ਮਾਲਕਣ ਇਕ ਵਿਧਵਾ ਔਰਤ ਸੀ। ਇਸ ਚੁਬਾਰੇ ਨੂੰ ਇਸ ਦੀ ਮਾਲਕਣ ਨੇ ਦੋ ਵੱਖ-ਵੱਖ ਕਿਰਾਏਦਾਰਾਂ ਨੂੰ ਕਿਰਾਏ 'ਤੇ ਦੇਣ ਦੀ ਸਹੂਲਤ ਮੁਤਾਬਕ ਇਸ ਦੇ ਅਗਲੇ ਵਿਹੜੇ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਇਕ ਤਰ੍ਹਾਂ ਨਾਲ 'ਦੋ ਮਕਾਨ' ਬਣਾਏ ਹੋਏ ਸਨ। ਦੋਵਾਂ ਚੁਬਾਰਿਆਂ ਨੂੰ ਹੇਠੋਂ ਇਕ ਹੀ ਸਾਂਝੀ ਪੌੜੀ ਚੜ੍ਹਦੀ ਸੀ। ਪਹਿਲਾਂ ਸਾਡਾ ਚੁਬਾਰਾ ਆਉਂਦਾ ਸੀ ਤੇ ਫੇਰ ਡਰਾਈਵਰ ਵਾਲਾ। ਡਰਾਈਵਰ ਆਪ ਤਾਂ ਦਮੇ ਦਾ ਮਾਰਿਆ ਜਿਹਾ ਸੀ ਪਰ ਉਸ ਦੀ ਘਰ ਵਾਲੀ ਬਹੁਤ ਹੀ ਖ਼ੂਬਸੂਰਤ ਸੀ। ਉਸ ਦੀ ਉਮਰ 23-24 ਸਾਲ ਤੇ ਉਹ ਸਾਥੋਂ ਤਿੰਨ ਚਾਰ ਸਾਲ ਹੀ ਵੱਡੀ ਸੀ ਪਰ ਉਹ ਆਪਣੇ ਘਰ ਵਾਲੇ ਤੋਂ ਘੱਟੋ-ਘੱਟ ਪੰਦਰਾਂ ਸਾਲ ਛੋਟੀ ਸੀ। ਦਮੇ ਕਾਰਨ ਬਹੁਤ ਹੀ ਕਮਜ਼ੋਰ ਸਿਹਤ ਵਾਲੇ ਉਸ ਡਰਾਈਵਰ ਨੂੰ ਅਨਜਾਣ ਬੰਦਾ ਤਾਂ ਉਸ ਮੁਟਿਆਰ ਦਾ ਪਿਉ ਸਮਝਣ ਦਾ ਭੁਲੇਖਾ ਵੀ ਖਾ ਜਾਂਦਾ ਸੀ। ਦਮੇ ਦੀ ਬਿਮਾਰੀ ਜਾਂ ਆਪਣੇ ਡਰਾਈਵਰੀ ਕਿੱਤੇ ਦੀ ਪਿਰਤ ਕਾਰਨ ਉਹ ਹਰ ਰੋਜ਼ ਰਾਤ ਦੀ ਰੋਟੀ ਤੋਂ ਪਹਿਲਾਂ ਸ਼ਰਾਬ ਪੀਣ ਦਾ ਆਦੀ ਵੀ ਸੀ ਭਾਵੇਂ ਉਸ ਦੀ ਇਹ ਆਦਤ ਵਿਗੜੇ ਸ਼ਰਾਬੀਆਂ ਵਰਗੀ ਨਹੀਂ ਸੀ। ਉਸ ਮੁਟਿਆਰ ਦਾ ਨਾਂ ਤਾਂ ਸੁਰਜੀਤ ਸੀ ਤੇ ਸੋਹਣੀ ਸੁਨੱਖੀ ਹੋਣ ਦੇ ਨਾਲ-ਨਾਲ ਉਹ ਬਹੁਤ ਹੀ ਨੇਕ ਤੇ ਸਾਊ ਸੁਭਾਅ ਦੀ ਸੀ। ਪਰ ਉਸ ਦੇ ਇਸ ਸੁਹਣੇ ਤੇ ਸੁਨੱਖੇ ਮੁਹਾਂਦਰੇ ਵਿਚ ਇਕ ਉਦਾਸੀ ਜਿਹੀ ਘੁਲੀ ਹੋਈ ਸੀ। ਉਸ ਦੇ ਚਿਹਰੇ ਨੂੰ ਵੇਖਿਆਂ ਇਸ ਤਰ੍ਹਾਂ ਲਗਦਾ ਸੀ ਜਿਵੇਂ ਉਸ ਨੇ ਇਤਨੀ ਛੋਟੀ ਉਮਰ ਵਿਚ ਹੀ ਸਮਾਜ ਦੀਆਂ ਕਾਫੀ ਸਖਤ ਚਪੇੜਾਂ ਖਾ ਲਈਆਂ ਹੋਈਆਂ ਸਨ ਤੇ ਇਹ ਚਪੇੜਾਂ ਹੋਰ ਵੱਜਣ ਦਾ ਭੈਅ ਵੀ ਕਿਤੇ ਨਾ ਕਿਤੇ ਅਜੇ ਉਸ ਅੰਦਰ ਘਰ ਕਰੀ ਬੈਠਾ ਸੀ।

ਜਦੋਂ ਸਾਡੇ ਗੁਆਂਢੀ ਕਿਰਾਏਦਾਰਾਂ ਨਾਲ ਸਾਡੇ ਸਬੰਧ ਕਾਫੀ ਅਪਣੱਤ ਵਾਲੇ ਹੋ ਗਏ ਤਾਂ ਸੁਰਜੀਤ ਸਾਨੂੰ ਆਪਣੇ ਛੋਟੇ ਭਰਾਵਾਂ ਵਾਂਗ ਸਮਝਣ ਲੱਗ ਪਈ। ਹੌਲੀ-ਹੌਲੀ ਉਹ ਸਾਡੀ ਦਾਲ ਰੋਟੀ ਵੀ ਆਪ ਬਣਾਉਣ ਲੱਗ ਪਈ। ਕੁਝ ਮੇਰੇ ਘਰ ਦੀ ਆਰਥਿਕ ਮੰਦਹਾਲੀ ਤੇ ਕੁਝ ਆਪਣੇ ਆਦਰਸ਼ਵਾਦੀ ਸੁਭਾਅ ਸਦਕਾ ਆਪਣੀ ਪੜ੍ਹਾਈ ਦਾ ਰਾੜ੍ਹਾ-ਬੀੜ੍ਹਾ ਚਾਲੂ ਰੱਖਣ ਲਈ ਮੈਂ ਤੇ ਹਾਕਮ ਆਪਣੀ ਰੋਟੀ ਆਪ ਹੀ ਬਣਾਇਆ ਕਰਦੇ ਸੀ। ਇਸ ਸਦਕਾ ਸਾਡੇ ਬਾਕੀ ਆਂਢੀ-ਗੁਆਂਢੀ ਸਾਨੂੰ ਕਾਫੀ ਸਾਊ ਮੁੰਡੇ ਸਮਝਦੇ ਸੀ ਤੇ ਸਾਡਾ ਨਾਲ ਲੱਗਵਾਂ ਡਰਾਈਵਰ ਗੁਆਂਢੀ ਵੀ ਸਾਨੂੰ ਅਜਿਹਾ ਹੀ ਸਮਝਦਾ ਸੀ। ਭਾਵੇਂ ਉਹ ਹਰ ਰੋਜ ਰਾਤ ਦੀ ਰੋਟੀ ਤੋਂ ਪਹਿਲਾਂ ਸ਼ਰਾਬ ਪੀਂਦਾ ਸੀ ਪਰ ਉਂਜ ਉਹ ਵੀ ਬਹੁਤ ਨਿਮਰ ਤੇ ਸਾਊ ਇਨਸਾਨ ਸੀ। ਅਸੀਂ ਕਦੇ ਉਸ ਨੂੰ ਆਪਣੀ ਘਰਵਾਲੀ ਨੂੰ ਉਚਾ-ਨੀਵਾਂ ਬੋਲਦੇ ਨਹੀਂ ਸੀ ਸੁਣਿਆ। ਆਪਣੀ ਘਰਵਾਲੀ ਵਲੋਂ ਸਾਡੀ ਰੋਟੀ ਬਣਾ ਦੇਣ 'ਤੇ ਉਸ ਨੂੰ ਕੋਈ ਇਤਰਾਜ਼ ਨਹੀਂ ਸੀ। ਬਲਕਿ ਉਸ ਨੇ ਆਪ ਹੀ ਉਸ ਨੂੰ ਕਹਿ ਦਿੱਤਾ ਸੀ ਕਿ ਉਹ ਸਾਡੀ ਰੋਟੀ-ਪਾਣੀ ਦਾ ਖਿਆਲ ਰੱਖਿਆ ਕਰੇ। ਅਸੀਂ ਵੀ ਸੁਰਜੀਤ ਨੂੰ 'ਭੈਣ ਜੀ' ਕਹਿ ਕੇ ਬੁਲਾਉਣ ਲੱਗ ਪਏ। ਇਸ ਤਰ੍ਹਾਂ 'ਆਪਣੇ ਹੱਥੀਂ ਆਪ ਹੀ ਰੋਟੀ ਥੱਪਣ' ਦਾ ਸਾਡਾ ਮਸਲਾ ਕਿਸੇ ਹੱਦ ਤੱਕ ਸੁਰਜੀਤ ਭੈਣ ਨੇ ਹੱਲ ਕਰ ਦਿੱਤਾ ਸੀ। ਵਿਸ਼ੇਸ਼ ਤੌਰ 'ਤੇ ਦੁਪਹਿਰ ਦੀ ਰੋਟੀ ਤਾਂ ਉਹ ਸਾਨੂੰ ਆਪ ਬਣਾਉਣ ਹੀ ਨਹੀਂ ਸੀ ਦਿੰਦੀ। ਜਦ ਹਾਕਮ ਕਾਲਜ ਤੋਂ ਤੇ ਮੈਂ ਟਿਊਸ਼ਨ ਪੜ੍ਹਾ-ਪੜ੍ਹ ਕੇ ਵਾਪਸ ਚੁਬਾਰੇ ਵਿਚ ਆਉਂਦੇ ਤਾਂ ਸਾਡੇ ਆਇਆਂ ਨੂੰ ਰੋਟੀ ਤਿਆਰ ਕੀਤੀ ਪਈ ਹੁੰਦੀ। (ਮੈਂ ਧਰਮਪੁਰਾ ਬਾਜ਼ਾਰ ਵਿਚ ਸਥਿਤ 'ਪਟਿਆਲਾ ਗਿਆਨੀ ਕਾਲਜ' ਵਿਚ ਐਫ.ਏ. ਅੰਗਰੇਜ਼ੀ ਦੀ ਟਿਊਸ਼ਨ ਪੜ੍ਹਨ ਦੇ ਨਾਲ-ਨਾਲ ਬੁੱਧੀਮਾਨ ਤੇ ਵਿਦਵਾਨੀ ਦੀਆਂ ਕਲਾਸਾਂ ਦੀਆਂ ਟਿਊਸ਼ਨਾਂ ਵੀ ਪੜ੍ਹਾਉਣ ਲੱਗ ਗਿਆ ਸੀ)। ਸੁਰਜੀਤ ਭੈਣ ਦੀ ਸਾਡੇ ਨਾਲ ਇਤਨੀ ਦਿਲੀ ਸਾਂਝ ਪੈ ਗਈ ਸੀ ਕਿ ਉਹ ਅਕਸਰ ਸਾਡੇ ਪਾਸ ਆਪਣੇ ਦੁੱਖ-ਸੁੱਖ ਫਰੋਲਣ ਲੱਗ ਪੈਂਦੀ। ਉਸ ਨੇ ਸਾਨੂੰ ਦੱਸਿਆ ਕਿ ਉਸ ਦਾ ਘਰਵਾਲਾ ਉਸ ਨੂੰ ਮੁੱਲ ਲੈ ਕੇ ਆਇਆ ਸੀ ਤੇ ਉਹ ਇਸ ਤੋਂ ਪਹਿਲਾਂ ਵੀ ਇਕ ਵਾਰ ਵਿਕ ਚੁੱਕੀ ਸੀ। 'ਮੁੱਲ ਦੀ' ਹੋਣ ਕਾਰਨ ਉਸ ਦੀ ਸਹੁਰਾ ਘਰ ਵਿਚ ਮਾਨਤਾ ਨਹੀਂ ਸੀ ਤੇ ਦੂਜੀ ਵਾਰ ਅੱਗੇ ਵਿਕ ਜਾਣ ਕਾਰਨ ਪੇਕਿਆਂ ਵਲੋਂ ਵੀ ਉਹ ਇਕ ਤਰ੍ਹਾਂ ਨਾਲ ਮਰ-ਖਪ ਹੀ ਗਈ ਸੀ। ਅਜਿਹੀਆਂ ਗੱਲਾਂ ਕਰਦਿਆਂ ਉਸ ਦਾ ਗਲ ਭਰ ਆਉਂਦਾ ਸੀ। ਉਹ ਆਪਣੇ ਘਰਵਾਲੇ ਨੂੰ ਇਕ ਚੰਗਾ ਇਨਸਾਨ ਸਮਝਦੀ ਸੀ ਪਰ ਉਹ ਚਾਹੁੰਦੀ ਸੀ ਕਿ ਉਹ ਸ਼ਰਾਬ ਨਾ ਪੀਵੇ। ਉਹ ਪਹਿਲਾਂ ਹੀ ਦਮੇ ਦਾ ਰੋਗੀ ਸੀ ਪਰ ਹੁਣ ਉਹ ਉਸ ਨੂੰ ਹੀ ਆਪਣਾ ਸਭ ਕੁਝ ਸਮਝਦੀ ਸੀ। ਤੇ ਜੇ ਉਸ ਨੂੰ ਕੁਝ ਹੋ ਗਿਆ ਤਾਂ ਉਸ ਦਾ ਤਾਂ ਉਕਾ ਹੀ ਜਹਾਨ ਸੁੰਨਾ ਹੋ ਜਾਵੇਗਾ।

ਪਤੀ ਦੀ 'ਸੰਭਾਵੀ' ਮੌਤ ਨੂੰ ਆਪਣੀਆਂ ਅੱਖਾਂ ਸਾਹਮਣੇ ਲਿਆ ਕੇ ਉਸ ਨੂੰ ਆਪਣਾ ਭਵਿੱਖ ਕਾਲਾ ਹੀ ਕਾਲਾ ਵਿਖਾਈ ਦੇਣ ਲੱਗ ਪੈਂਦਾ। ਉਹ ਇਤਨੇ ਦੱਬੂ ਸੁਭਾਅ ਦੀ ਸੀ ਕਿ ਆਪਣੇ ਪਤੀ ਨੂੰ ਸ਼ਰਾਬ ਨਾ ਪੀਣ ਲਈ ਕਹਿਣ ਦੀ ਹਿੰਮਤ ਵੀ ਨਹੀਂ ਸੀ ਰੱਖਦੀ। ਉਹ ਸਾਨੂੰ ਕਹਿੰਦੀ, "ਵੀਰੋ ਤੁਸੀਂ ਉਸ ਨੂੰ ਦਾਰੂ ਛੱਡਣ ਨੂੰ ਆਖੋ। ਥੋਨੂੰ ਉਹ ਬਹੁਤ ਚੰਗੇ ਮੁੰਡੇ ਸਮਝਦੈ। ਥੋਡੀ ਮੰਨ ਲੂ।" ਪਰ ਅਸੀਂ ਡਰਾਈਵਰ ਤੋਂ ਉਮਰ ਵਿਚ ਕਾਫੀ ਛੋਟੇ ਹੋਣ ਕਰਕੇ ਉਸ ਨੂੰ ਕਦੇ ਵੀ 'ਸ਼ਰਾਬ ਛੱਡਣ ਦੀ ਨਸੀਹਤ' ਨਾ ਦੇ ਸਕੇ।

ਅਖੀਰ ਉਹੀ ਗੱਲ ਹੋਈ ਜਿਸ ਦਾ ਸੁਰਜੀਤ ਭੈਣ ਨੂੰ ਡਰ ਸੀ। ਪਹਿਲਾਂ ਹੀ ਦਮੇ ਦਾ ਰੋਗੀ ਉਸ ਦਾ ਘਰਵਾਲਾ ਇਕ ਦਿਨ ਸਖਤ ਬਿਮਾਰ ਹੋ ਗਿਆ। ਉਸ ਨੂੰ ਅਜਿਹੀ ਖੰਘ ਛਿੜਨ ਲੱਗੀ ਕਿ ਦੋ-ਤਿੰਨ ਦਿਨ ਬੰਦ ਹੋਣ ਦਾ ਨਾਂ ਹੀ ਨਾ ਲਿਆ। ਸਾਡੇ ਰਾਹੀਂ ਉਸ ਨੇ ਆਪਣੇ ਦੋ-ਤਿੰਨ ਡਰਾਈਵਰ ਮਿੱਤਰਾਂ ਨੂੰ ਬੁਲਾਇਆ ਤੇ ਉਨ੍ਹਾਂ ਨੇ ਉਸ ਨੂੰ ਪਟਿਆਲੇ ਦੇ ਰਾਜਿੰਦਰਾ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ। ਦੋ-ਚਾਰ ਡਰਾਈਵਰ ਮਿੱਤਰਾਂ ਤੋਂ ਬਿਨਾਂ ਉਸ ਦੀ ਖ਼ਬਰ ਸਾਰ ਲੈਣ ਹੋਰ ਕੋਈ ਨਾ ਆਇਆ। ਇਥੋਂ ਤੱਕ ਮਾਂ-ਬਾਪ ਵੀ ਨਹੀਂ। ਡਰਾਈਵਰਾਂ ਵਿਚੋਂ ਵੀ ਇਕ-ਦੋ ਅਜਿਹੇ ਸਨ ਜਿਹੜੇ ਉਸ ਦੇ ਮਰਨ ਪਿੱਛੋਂ ਉਸ ਦੀ ਘਰਵਾਲੀ 'ਤੇ ਨਜ਼ਰ ਰੱਖੀ ਬੈਠੇ ਸਨ। ਉਸ ਦੀ ਆਰਥਿਕ



ਹਾਲਤ ਵੀ ਬਹੁਤ ਮਾੜੀ ਸੀ। ਦਵਾਈਆਂ ਆਦਿ ਦੇ ਖਰਚਿਆਂ ਦੀ ਜਦ ਦਿੱਕਤ ਆਉਣ ਲੱਗੀ ਤਾਂ ਰੋਣਾ ਰੋਂਦੇ ਪਿੱਛੇ ਹੱਟਣ ਲੱਗੇ। ਬਸ ਉਹ ਕਦੀ-ਕਦਾਈਂ ਇਹ ਵੇਖਣ ਹੀ ਆਉਂਦੇ ਕਿ ਉਨ੍ਹਾਂ ਦੇ 'ਯਾਰ' ਨੂੰ ਮਰਨ ਵਿਚ ਅਜੇ ਕਿੰਨੇ ਕੁ ਦਿਨ ਲੱਗਣਗੇ। ਆਪਣੇ ਘਰਦਿਆਂ ਭਾਵ ਮਾਂ-ਬਾਪ ਤੇ ਭਰਾਵਾਂ ਨਾਲ ਉਸ ਦੀ ਪਹਿਲਾਂ ਹੀ ਨਹੀਂ ਸੀ ਬਣਦੀ। ਤਾਂ ਫਿਰ ਹਸਪਤਾਲ ਵਿਚ ਖਰਚੀਲੇ ਬੈਡ 'ਤੇ ਪਏ ਦੀ ਉਸ ਦੀ ਦੇਖ-ਭਾਲ ਕੌਣ ਕਰੇ? ਸੋ, ਜਿੰਨੀ ਕੁ ਨਿਭ ਸਕੀ ਤਾਂ ਇਹ ਨੈਤਿਕ ਜ਼ਿੰਮੇਵਾਰੀ ਮੈਂ ਤੇ ਹਾਕਮ ਨੇ ਹੀ ਨਿਭਾਈ। ਉਹ ਵੀ ਪੈਸੇ ਪੱਖੋਂ ਨਹੀਂ, ਨੈਤਿਕਤਾ ਦੇ ਪੱਖੋਂ। ਮੈਂ ਤੇ ਹਾਕਮ ਕੀ, ਇਸ ਤਰ੍ਹਾਂ ਕਹੋ ਕਿ ਇਕ ਤਰ੍ਹਾਂ ਹਾਕਮ ਨੇ ਹੀ ਇਹ ਡਿਊਟੀ ਨਿਭਾਈ। ਭਾਵੇਂ ਜਜ਼ਬਾਤੀ ਤੌਰ 'ਤੇ ਹਾਕਮ ਨਾਲੋਂ ਵੱਧ ਮੈਂ ਸੁਰਜੀਤ ਭੈਣ ਨਾਲ ਜੁੜਿਆ ਹੋਇਆ ਸਾਂ ਤੇ ਉਸ ਦੇ ਦੁੱਖਾਂ ਨੂੰ ਸੁਣ ਤੇ ਦੇਖ ਕੇ ਮੈਂ ਅਕਸਰ ਰੋ ਵੀ ਪਿਆ ਕਰਦਾ ਸੀ ਪਰ ਬਹੁਤੀ ਮੁਸ਼ੱਕਤ ਕਰਨ ਤੇ ਝੱਲਣ ਵਿਚ ਮੈਂ ਅੰਤਾਂ ਦਾ ਕੋਹੜੀ ਸੀ। ਹਾਕਮ ਰਾਤ ਨੂੰ ਹਸਪਤਾਲ ਵਿਚ ਡਰਾਈਵਰ ਕੋਲ ਰਹਿੰਦਾ ਤੇ ਦਿਨੇ ਵੀ ਉਹ ਕਾਲਜ ਘੱਟ-ਵੱਧ ਹੀ ਜਾਂਦਾ। ਸਾਰਾ ਓਹੜ-ਪੋਹੜ ਉਹ ਹੀ ਕਰਦਾ। ਮੈਂ ਤਾਂ ਬੱਸ ਹਸਪਤਾਲ ਰੋਟੀ ਲਿਜਾਣ ਦੀ ਡਿਊਟੀ ਨਿਭਾਉਂਦਾ ਤੇ ਜਾਂ ਫਿਰ ਦਿਨੇ ਕੁਝ ਚਿਰ ਡਰਾਈਵਰ ਕੋਲ ਬਹਿ ਜਾਂਦਾ। ਮੈਂ ਤਾਂ ਐਨੇ ਪਤਲੇ ਦਿਲ ਵਾਲਾ ਸਾਂ ਕਿ ਹਸਪਤਾਲ ਵਿਚ ਕਿਸੇ ਦੇ ਸੂਆ (ਇੰਜੈਕਸ਼ਨ) ਲਗਦਾ ਵੇਖ ਕੇ ਚੱਕਰ ਖਾ ਕੇ ਡਿੱਗ ਪੈਂਦਾ ਸੀ। ਨਾ ਹੀ ਦਵਾਈਆਂ ਦਾ ਮੁਸ਼ਕ ਮੇਰੇ ਕੋਲੋਂ ਝੱਲਿਆ ਜਾਂਦਾ। ਸੋ, ਡਰਾਈਵਰ ਦਾ ਜੋ ਕੁਝ ਕੀਤਾ ਤਾਂ ਹਾਕਮ ਨੇ ਹੀ ਕੀਤਾ।

ਪਰ ਅਫਸੋਸ! ਸਭ ਕੁਝ ਕਰਨ ਦੇ ਬਾਵਜੂਦ ਦਮੇ ਦਾ ਰੋਗੀ ਭੈਣ ਸੁਰਜੀਤ ਦਾ ਘਰਵਾਲਾ ਬਚ ਨਾ ਸਕਿਆ। ਡਰਾਈਵਰ ਦੇ ਭਰਾ ਆਏ ਤਾਂ ਸਹੀ ਪਰ ਬਿਲਕੁਲ ਉਸ ਦੇ ਅਖੀਰਲੇ ਸਾਹਾਂ ਵੇਲੇ। ਆਪਣੇ ਭਾਈ ਦੀ ਮ੍ਰਿਤਕ ਦੇਹ ਨੂੰ ਉਨ੍ਹਾਂ ਆਪਣੇ ਪਿੰਡ ਲਿਜਾ ਕੇ ਉਸ ਦਾ ਸਸਕਾਰ ਕਰ ਦਿੱਤਾ। ਮੈਂ ਤੇ ਹਾਕਮ ਵੀ ਸਸਕਾਰ ਵੇਲੇ ਉਸ ਦੇ ਪਿੰਡ ਗਏ ਸੀ।

ਹੁਣ ਸੁਰਜੀਤ ਭੈਣ ਮਨੁੱਖੀ ਜੀਵਾਂ ਨਾਲ ਕੁਰਬਲ-ਕੁਰਬਲ ਕਰਦੇ ਇਸ ਸੰਸਾਰ ਵਿਚ ਬਿਲਕੁੱਲ ਕੱਲਮ-ਕੱਲੀ ਸੀ ਤੇ ਸ਼ਿਕਾਰੀਆਂ ਨੇ ਵੀ ਮੌਕਾ ਤਾੜਦਿਆਂ ਹੀ ਉਸ ਦੁਆਲੇ ਆਪਣੇ ਜਾਲ ਸੁੱਟਣੇ ਸ਼ੁਰੂ ਕਰ ਦਿੱਤੇ। ਉਹ ਇਨ੍ਹਾਂ ਜਾਲਾਂ ਦੀ ਪਕੜ ਤੋਂ ਬਚਣਾ ਚਾਹੁੰਦੀ ਸੀ ਪਰ ਉਸ ਨੂੰ ਕੋਈ ਰਾਹ ਦਿਖਾਈ ਨਹੀਂ ਸੀ ਦੇ ਰਿਹਾ। ਉਸ ਨਿਰਬਲ ਸੀ ਤੇ ਉਸ ਦੀ ਮਦਦ ਕਰਨ ਵਾਲਾ ਵੀ ਕੋਈ ਨਹੀਂ ਸੀ। ਉਹ ਆਪਣੇ ਆਪ ਨੂੰ ਭਵ-ਸਾਗਰ ਵਿਚ ਘਿਰੀ ਹੋਈ ਮਹਿਸੂਸ ਕਰ ਰਹੀ ਸੀ। ਭਵ ਸਾਗਰ ਵਿਚ ਘੁੰਮਣ-ਘੇਰੀਆਂ ਤੇ ਗੋਤੇ ਖਾਂਦੀ ਨੂੰ ਮੈਂ ਤੇ ਹਾਕਮ ਹੀ ਉਸ ਨੂੰ ਇਕ ਤਿਨਕਾ ਵਿਖਾਈ ਦੇਣ ਲੱਗੇ ਤੇ ਉਸ ਨੇ ਇਸ ਤਿਨਕੇ ਨੂੰ ਹੱਥ ਪਾਉਣ ਦੀ ਕੋਸ਼ਿਸ਼ ਵੀ ਕੀਤੀ। ਜਦੋਂ ਸ਼ਿਕਾਰੀ ਗੇੜੇ 'ਤੇ ਗੇੜਾ ਮਾਰਨ ਲੱਗੇ ਤਾਂ ਹਾਰ ਕੇ ਉਹ ਇਕ ਦਿਨ ਮੈਨੂੰ ਤੇ ਹਾਕਮ ਨੂੰ ਕਹਿਣ ਲੱਗੀ, "ਵੇ ਵੀਰੋ, ਤੁਸੀਂ ਮੈਨੂੰ ਕਿਤੇ ਕਿਸੇ ਦੇ ਬਿਠਾ ਦਿਉ। ਮੈਨੂੰ ਥੋਡੇ 'ਤੇ ਪੂਰਾ ਭਰੋਸਾ ਐ, ਤੁਸੀਂ ਮੈਨੂੰ ਕਿਸੇ ਗਲਤ ਥਾਂ 'ਤੇ ਨੀ ਸਿੱਟਦੇ।" ਪਰ ਅਸੀਂ ਉਸ ਨੂੰ ਕਿੱਥੇ ਤੇ ਕਿਸ ਦੇ ਬਿਠਾਉਂਦੇ? ਸਾਨੂੰ ਸਮਾਜ ਤੇ ਔਰਤ ਦੇ ਇਸ ਪਾਸੇ ਦਾ ਉਸ ਸਮੇਂ ਤੱਕ ਉਕਾ ਹੀ ਕੋਈ ਤਜ਼ਰਬਾ ਨਹੀਂ ਸੀ। ਸਾਨੂੰ ਉਸ ਨਾਲ ਇਨਸਾਨੀ ਹਮਦਰਦੀ ਸੀ। ਪਰ ਇਕੱਲੀ ਇਨਸਾਨੀ ਹਮਦਰਦੀ ਕੀ ਕਰਦੀ? ਸਮੱਸਿਆਵਾਂ ਨਾਲ ਜੂਝਣ ਲਈ ਸਮਾਜਕ ਸੂਝ, ਦੂਰ-ਦ੍ਰਿਸ਼ਟੀ ਤੇ ਤਜ਼ਰਬੇ ਦੀ ਜ਼ਰੂਰਤ ਹੁੰਦੀ ਹੈ ਤੇ ਇਸ ਤੋਂ ਉਸ ਵਕਤ ਅਸੀਂ ਲਗਪਗ ਕੋਰੇ ਹੀ ਸਾਂ। ਸੁਰਜੀਤ ਭੈਣ ਦੇ ਸੰਕਟ ਨੂੰ ਦੂਰ ਕਰਨ ਦੇ ਇਰਾਦੇ ਨਾਲ ਅਖੀਰ ਹਾਕਮ ਦੇ ਦਿਮਾਗ ਵਿਚ ਇਕ ਵਿਉਂਤ ਆਈ। ਉਸ ਨੇ ਮੈਨੂੰ ਕਿਹਾ, "ਆਪਾਂ ਸੁਰਜੀਤ ਭੈਣ ਨੂੰ ਨੇਕ ਦੇ ਬਿਠਾ ਦਿੰਨੇ ਆਂ।" ਨੇਕ (ਹਰਨੇਕ) ਮੇਰਾ ਵੱਡਾ ਭਾਈ ਸੀ। ਜਵਾਨੀ ਵਿਚ ਪੈਰ ਰੱਖਦਿਆਂ ਹੀ ਉਹ ਵੈਲਪੁਣਿਆਂ ਵਿਚ ਪੈਰ ਧਰਨ ਲੱਗ ਪਿਆ ਸੀ। ਉਸ ਸਮੇਂ ਉਸ ਦੀ ਉਮਰ ਬਾਈ-ਤੇਈ ਕੁ ਸਾਲ ਦੀ ਸੀ ਤੇ ਉਦੋਂ ਤਕ ਉਹ ਵਿਹਲਾ ਰਹਿਣ ਤੇ ਨਸ਼ਾ-ਪਾਣੀ ਕਰਨ ਦਾ ਕਾਫੀ ਆਦੀ ਹੋ ਚੁੱਕਾ ਸੀ। ਮੇਰੀ ਉਸ ਨਾਲ ਬਣਦੀ ਨਹੀਂ ਸੀ ਕਿਉਂਕਿ ਮੈਂ ਸਮਝਦਾ ਸੀ ਸਾਡੇ ਘਰ ਨੂੰ ਆਰਥਿਕ ਮੰਦਹਾਲੀ ਦੇ ਖੂਹ ਵਿਚ ਸੁੱਟਣ ਵਿਚ ਉਸ ਦੇ ਫਜ਼ੂਲ ਦੇ ਖਰਚਾਂ ਦਾ ਬਹੁਤ ਵੱਡਾ ਹੱਥ ਸੀ।

ਵੱਡਾ ਭਰਾ ਹੋਣ ਦੇ ਨਾਤੇ ਜੇ ਉਹ ਖੇਤੀ ਦਾ ਕੰਮ-ਧੰਦਾ ਸੰਭਾਲਦਾ ਤਾਂ ਸਾਡੇ ਘਰ ਦੀ ਐਨੀ ਮੰਦੀ ਹਾਲਤ ਨਹੀਂ ਸੀ ਹੋਣੀ। ਇਕ ਵਿਹਲਾ ਤੇ ਨਸ਼ੇੜੀ ਤੇ ਉਤੋਂ ਗਰੀਬ ਕਿਸਾਨੀ ਪੁੱਤ, ਭਲਾ ਅਜਿਹੀ ਹਾਲਤ ਵਿਚ ਕੋਈ ਧੀ ਵਾਲਾ ਆਪਣੀ ਧੀ ਉਸ ਦੇ ਲੜ ਕਿਵੇਂ ਲਾ ਦਿੰਦਾ? ਮੈਂ ਹਾਕਮ ਦੀ ਤਜਵੀਜ ਅੱਗੇ ਸਿਰ ਮਾਰਦਿਆਂ ਕਿਹਾ, "ਨੇਕਾ, ਇਹਨੂੰ ਕਿਹੜੀ ਕਮਾਈ ਕਰ ਕੇ ਖਵਾਦੂ ਮਾਹਲ-ਪੂੜੇ? ਉਹਨੇ ਤਾਂ ਪਹਿਲਾਂ ਈ ਸਾਡਾ ਘਰ ਉਜਾੜਨ 'ਤੇ ਲੱਕ ਬੰਨ੍ਹਿਆ ਹੋਇਐ।" ਪਰ ਹਾਕਮ ਦੀ ਦਲੀਲ ਸੀ ਕਿ ਜਦ ਘਰ-ਬਾਰ ਵਾਲਾ ਬਣ ਗਿਆ ਆਪੇ ਸੁਧਰ ਜੂ। ਸੁਰਜੀਤ ਭੈਣ ਬਹੁਤ ਸਿਆਣੀ ਐ। ਆਪੇ ਸਾਂਭ ਲੂ ਸਭ ਕੁਝ।

ਇਕ ਵਾਰ ਤਾਂ ਹਾਕਮ ਦੀ ਦਲੀਲ ਮੈਨੂੰ ਵੀ ਠੀਕ ਲੱਗੀ ਪਰ ਫਿਰ ਮੇਰੇ ਸਾਹਮਣੇ ਸਮਾਜ ਆ ਖੜ੍ਹਾ ਹੋਇਆ। ਭਾਵੇਂ ਉਸ ਉਮਰ ਵਿਚ ਵੀ ਮੈਂ ਖਾਸਾ ਆਦਰਸ਼ਵਾਦੀ ਸੀ ਪਰ ਅਜਿਹੇ ਸਮਾਜਿਕ ਮਸਲੇ 'ਤੇ ਮੈਂ ਸਮਾਜ ਨਾਲ ਮੱਥਾ ਲਾਉਣ ਦਾ ਜੇਰਾ ਨਾ ਕਰ ਸਕਿਆ। ਇਹ ਸੋਚ ਕੇ ਕਿ ਇਸ ਤਰ੍ਹਾਂ ਕਿਸੇ ਦੀ ਜਨਾਨੀ, ਤੇ ਉਹ ਵੀ ਮੁੱਲ ਦੀ, ਆਪਣੇ ਘਰ ਲੈ ਜਾਣੀ ਨਮੋਸ਼ੀ-ਜੀ ਵਾਲੀ ਗੱਲ ਐ। ਮੈਂ ਹਾਕਮ ਦੀ ਜੁਅਰਤ ਭਰੀ ਸੋਚ ਨਾਲ ਸਹਿਮਤ ਨਾ ਹੋ ਸਕਿਆ। ਇਸ ਤਰ੍ਹਾਂ ਜਦੋਂ ਸੁਰਜੀਤ ਭੈਣ ਨੂੰ ਚਾਰੇ ਪਾਸੇ ਅਨ੍ਹੇਰਾ ਹੀ ਅਨ੍ਹੇਰਾ ਦਿਖਾਈ ਦੇਣ ਲੱਗਾ ਤਾਂ ਇਕ ਦਿਨ ਜਦ ਸ਼ਿਕਾਰੀ ਤਹੱਈਆ ਕਰ ਕੇ ਉਸ ਨੂੰ ਲੈਣ ਆਏ ਤਾਂ ਉਹ ਆਪਣੇ ਆਪ ਹੀ ਇਸ ਅਨ੍ਹੇਰੇ ਵਿਚ ਉਨ੍ਹਾਂ ਦੇ ਮਗਰ ਹੋ ਤੁਰੀ। ਤੁਰੀ ਤੇ ਗੁਆਚ ਗਈ। ਐਸੀ ਗੁਆਚੀ ਕਿ ਮੁੜ ਕੋਈ ਥਹੁ ਪਤਾ ਨਾ ਲੱਗਾ। ਪਤਾ ਤਾਂ, ਤਾਂ ਲੱਗਦਾ ਜੇ ਕੋਈ ਥਹੁ-ਪਤਾ ਲੈਣ ਵਾਲਾ ਹੁੰਦਾ। ਤਿੱਖੀ ਚਲਦੀ ਅਨ੍ਹੇਰੀ ਦੀ ਲਪੇਟ ਵਿਚ ਆਏ ਦਰੱਖਤ ਨਾਲੋਂ ਟੁੱਟੇ ਸੁੱਕੇ ਪੱਤਿਆਂ ਦੇ ਟਿਕਾਣਿਆਂ ਦਾ ਵੀ ਪਤਾ ਹੁੰਦੈ ਕੋਈ? ਥੋੜ੍ਹੇ ਸਮੇਂ ਬਾਅਦ 'ਸੁਰਜੀਤ ਭੈਣ' ਸਾਡੇ ਚੇਤਿਆਂ ਵਿਚੋਂ ਵੀ ਵਿਸਰਨਾ ਸ਼ੁਰੂ ਹੋ ਗਈ।

ਪਿਛਲੇ ਪੰਜਾਹ ਸਾਲਾਂ ਵਿਚ ਜਦ ਕਦੇ ਵੀ ਮੈਂ ਆਪਣੀ ਯਾਦਾਂ ਦੀ ਬੁਖਾਰੀ ਵਿਚ ਹੱਥ ਮਾਰਿਆ ਹੈ ਤਾਂ ਉਸ ਵਿਚੋਂ ਸੁਰਜੀਤ ਭੈਣ ਵਾਲੀ ਪੋਟਲੀ ਵੀ ਕਦੇ-ਕਦੇ ਮੇਰੇ ਹੱਥ ਵਿਚ ਆ ਜਾਂਦੀ ਹੈ। ਹੱਥ ਵਿਚ ਆਉਂਦਿਆਂ ਹੀ ਅਤੀਤ ਦੀ 17-18 ਸਾਲ ਦੀ ਆਪਣੀ ਉਸ ਉਮਰ ਵਿਚ ਪਹੁੰਚ ਕੇ ਆਪਣੇ ਆਪ ਹੀ ਮੇਰਾ ਦਿਲ ਇਹ ਆਵਾਜ਼ ਮਾਰਨ ਨੂੰ ਕਰ ਆਉਂਦਾ ਹੈ, "ਤੂੰ ਕਿੱਥੇ ਐਂ... ਸੁਰਜੀਤ ਭੈਣ?" ਤੇ ਮੇਰੀ ਚੁੱਪ ਆਵਾਜ਼ ਉਸੇ ਤਰ੍ਹਾਂ ਹਨੇਰੇ ਦੇ ਖਲਾਅ ਵਿਚ ਗੁਆਚ ਜਾਂਦੀ ਹੈ ਜਿਵੇਂ ਕਦੇ ਸੁਰਜੀਤ ਭੈਣ ਗੁਆਚ ਗਈ ਸੀ। ਸ਼ਾਇਦ ਇਸ ਤਰ੍ਹਾਂ ਦਾ ਹੀ ਹੁੰਦਾ ਹੈ ਮਨੁੱਖੀ ਰਿਸ਼ਤਿਆਂ ਦਾ ਵਿਧਾਨ।

# ਲਾਜੋ ਭੈਣ ਦਾ ਚਿਹਰਾ

**ਗੁਰਦਿਆਲ ਦਲਾਲ**

ਲਾਜੋ (ਲਾਜਵੰਤੀ) ਸਾਡੀ ਚਾਰ ਭਰਾਵਾਂ ਦੀ ਇੱਕੋ-ਇਕ ਭੈਣ ਸੀ। ਜੇ ਉਹ ਜਿਉਂਦੀ ਹੁੰਦੀ ਤਾਂ ਐਤਕੀਂ ਰੱਖੜੀ ਵਾਲੇ ਦਿਨ ਉਸ ਨੇ ਆਪਣੇ ਚਾਰੇ ਜਿਉਂਦੇ ਭਰਾਵਾਂ ਦੇ ਰੱਖੜੀ ਬੰਨ੍ਹਣੀ ਸੀ। ਅਠਾਹਟ ਸਾਲ ਦੀ ਲਾਜੋ ਨੇ ਆਪਣੇ ਕਿਸੇ ਪੋਤੇ ਦੇ ਮੋਟਰਸਾਈਕਲ 'ਤੇ ਬੈਠ ਚਾਈਂ-ਚਾਈਂ ਇਹ ਰਸਮ ਨਿਭਾਉਣੀ ਸੀ। ਉਹ ਵਿਚਾਰੀ ਤਾਂ ਅੱਜ ਤੋਂ ਪੈਂਹਟ ਸਾਲ ਪਹਿਲਾਂ ਹੀ ਤਿੰਨ ਸਾਲ ਦੀ ਉਮਰ ਭੋਗ ਕੇ ਮਰ ਗਈ ਸੀ। ਉਸ ਦੀ ਮੌਤ ਤੋਂ ਦਸ ਦਿਨ ਮਗਰੋਂ ਮੇਰਾ ਜਨਮ ਹੋਇਆ ਸੀ ਤੇ ਮੇਰੇ ਜਨਮ ਵੇਲੇ ਮੇਰੇ ਪਿਓ ਮਰੇ ਨੂੰ ਵੀ ਸਵਾ ਮਹੀਨਾ ਲੰਘ ਗਿਆ ਸੀ। ਇਸ ਤਰ੍ਹਾਂ ਅਸੀਂ ਆਪਣੀ ਮਾਂ ਦੇ ਚਾਰ ਮੁੰਡੇ ਬਚੇ ਰਹਿ ਗਏ। ਚਾਰੇ ਪੈਂਹਟ ਸਾਲ ਤੋਂ ਨੱਬੇ ਸਾਲ ਦੀ ਉਮਰ ਦੇ, ਚਾਰਾਂ ਦੇ ਧੀਆਂ ਪੁੱਤਾਂ ਦੇ ਅੱਗੇ ਵੱਡੇ-ਵੱਡੇ ਪਰਿਵਾਰ।

ਰੱਖੜੀ ਵਾਲੇ ਦਿਨ ਇਨ੍ਹਾਂ ਪਰਿਵਾਰਾਂ ਵਿਚਲੀਆਂ ਧੀਆਂ ਆਪਣੇ ਵੀਰਾਂ ਦੇ ਰੱਖੜੀ ਬੰਨ੍ਹਣ ਲਈ ਭੱਜੀਆਂ ਫਿਰਦੀਆਂ ਹਨ ਪਰ ਸਾਡੇ ਚਾਰਾਂ ਭਰਾਵਾਂ ਦੇ ਗੁੱਟ ਖਾਲੀ ਦੇ ਖਾਲੀ ਰਹਿੰਦੇ ਹਨ। ਮੈਂ ਨਾ ਲਾਜੋ ਦੇਖੀ, ਨਾ ਆਪਣਾ ਪਿਓ। ਵੱਡਾ ਹੋਇਆ ਤਾਂ ਕੋਸ਼ਿਸ਼ ਵੀ ਕੀਤੀ ਕਿ ਉਨ੍ਹਾਂ ਦੀ ਕਿਧਰੋਂ ਫੋਟੋ ਹੀ ਮਿਲ ਜਾਵੇ ਪਰ ਵਿਅਰਥ। ਮੇਰੇ ਜੰਮਣ ਮਗਰੋਂ ਰੱਖੜੀ ਦੇ ਪੈਂਹਟ ਤਿਉਹਾਰ ਲੰਘ ਗਏ ਹਨ। ਇਸ ਤਿਉਹਾਰ ਦਾ ਚਾਰਾਂ ਭਰਾਵਾਂ ਲਈ ਕੋਈ ਮਹੱਤਵ ਹੀ ਨਹੀਂ ਹੈ। ਹੋ ਸਕਦਾ ਹੈ, ਮੇਰੇ ਤਿੰਨੋਂ ਵੱਡੇ ਭਰਾ ਇਸ ਦਿਨ ਲਾਜੋ ਨੂੰ ਯਾਦ ਕਰਕੇ ਹੰਝੂ ਵਹਾਉਂਦੇ ਹੋਣ ਪਰ ਮੈਂ ਤਾਂ ਉਹ ਵਿਚਾਰੀ ਕਦੀ ਦੇਖੀ ਹੀ ਨਹੀਂ। ਕਿਸ ਸ਼ਕਲ ਨੂੰ ਦਿਮਾਗ ਵਿਚ ਲਿਆ ਕੇ ਹੰਝੂ ਵਹਾਉਂਦਾ?

ਮੇਰੀ ਮਾਂ ਨੇ ਹੀ ਮੈਨੂੰ ਕਦੀ ਦੱਸਿਆ ਕਿ ਲਾਜੋ ਪੁੱਜ ਕੇ ਸੋਹਣੀ ਤੇ ਤਿੱਖੇ ਨੈਣ-ਨਕਸ਼ਾਂ ਵਾਲੀ ਗੋਰੇ ਰੰਗ ਦੀ ਕੁੜੀ ਸੀ। ਉਸ ਦੀਆਂ ਮੋਟੀਆਂ ਅੱਖਾਂ ਵਿਚ ਸਦਾ ਲੋਅ ਪਾਈ ਹੁੰਦੀ ਤੇ ਉਸ ਦੇ ਨਿੱਕੇ-ਨਿੱਕੇ ਪੈਰਾਂ ਵਿਚ ਝਾਂਜਰਾਂ ਛਣਕਦੀਆਂ ਰਹਿੰਦੀਆਂ। ਘਰ ਵਿਚ ਇੱਕੋ-ਇਕ ਕੁੜੀ ਹੋਣ ਕਰਕੇ ਉਸ ਨੂੰ ਆਪਣੇ ਨਾਲ ਖਿਡਾਉਣ ਲਈ ਮੇਰੇ ਤਿੰਨੋਂ ਭਰਾ ਆਪਸ ਵਿਚ ਲੜਦੇ। ਫਿਰ ਲਾਜੋ ਦੇ ਵੱਡੀ ਮਾਤਾ ਨਿਕਲ ਆਈ। ਵੱਡੇ-ਵੱਡੇ ਖਰੀਂਡਾਂ ਵਾਲੇ ਫੋੜਿਆਂ ਨੇ ਉਸ ਦਾ ਸਾਰਾ ਸਰੀਰ ਭਰ ਦਿੱਤਾ। ਉਸ ਦੀਆਂ ਅੱਖਾਂ ਵੀ ਫੋੜਿਆਂ ਨੇ ਢੱਕ ਲਈਆਂ ਤੇ ਉਹ ਤੜਫ-ਤੜਫ ਕੇ ਮਰ ਗਈ। ਘਰ ਵਿਚ ਐਨੇ ਲੋਕ ਪਹਿਲਾਂ ਮਰਦੇ ਆਏ ਸਨ ਪਰ ਉਸ ਦੀ ਮੌਤ 'ਤੇ ਸਾਰੇ ਟੱਬਰ ਦੇ ਜੋ ਲਹੂਰ ਹੋਏ, ਪਹਿਲਾਂ ਕਦੇ ਨਹੀਂ ਸਨ ਸੁਣੇ।

ਇਸ ਸਾਲ ਚੌਵੀ ਅਗਸਤ ਸੋਮਵਾਰ ਨੂੰ ਰੱਖੜੀ ਦਾ ਤਿਉਹਾਰ ਸੀ। ਮੇਰੀ ਪਤਨੀ ਆਪਣੇ ਭਰਾ ਦੇ ਰੱਖੜੀ ਬੰਨ੍ਹਣ ਚੰਡੀਗੜ੍ਹ ਗਈ ਹੋਈ ਸੀ ਤੇ ਨੂੰਹ ਮੇਰੇ ਬੇਟੇ ਅਤੇ ਬੱਚਿਆਂ ਸਮੇਤ ਜਲੰਧਰ। ਆਸਟਰੇਲੀਆ ਤੋਂ ਮੇਰੀ ਧੀ ਵਲੋਂ ਭੇਜੀ ਰੱਖੜੀ ਮੇਰੇ ਬੇਟੇ ਨੇ ਦੋ ਦਿਨ ਪਹਿਲਾਂ ਹੀ ਆਪਣੇ ਗੁੱਟ 'ਤੇ ਸਜਾ ਲਈ ਸੀ। ਖੈਰ, ਘਰ ਵਿਚ ਮੈਂ ਇਕੱਲਾ ਹੀ ਸਾਂ। ਨਾਸ਼ਤਾ ਕਰਨ ਮਗਰੋਂ ਮੈਂ ਆਪਣਾ ਸਾਈਕਲ ਚੁੱਕਿਆ ਤੇ ਦੋਰਾਹੇ ਪਿੰਡ ਤੋਂ ਦੁੱਧ ਲੈਣ ਲਈ ਚਲਾ ਗਿਆ। ਅਜੇ ਨਹਿਰ ਦਾ ਪੁਲ ਲੰਘਿਆ ਹੀ ਸਾਂ ਕਿ ਬੜੇ ਜ਼ੋਰ ਦੀ ਬਾਰਸ਼ ਸ਼ੁਰੂ ਹੋ ਗਈ। ਮੈਂ ਪੁਲ ਹੇਠ ਰੁਕ ਗਿਆ। ਮੈਥੋਂ ਕੁਝ ਦੂਰੀ 'ਤੇ ਤਿੰਨ ਕੁੜੀਆਂ ਮੀਂਹ ਤੋਂ ਬਚਣ ਲਈ ਪੁਲ ਦੇ ਥਮਲੇ ਨਾਲ ਜੁੜੀਆਂ ਖੜ੍ਹੀਆਂ ਸਨ। ਉਹ ਤਿੰਨੇ ਹੀ ਦਸ-ਬਾਰਾਂ ਸਾਲ ਦੀ ਉਮਰ ਦੀਆਂ ਹੋਣਗੀਆਂ। ਤਿੰਨਾਂ ਕੋਲ ਨਿੱਕੇ-ਨਿੱਕੇ ਝੋਲੇ ਸਨ ਤੇ ਉਹ ਆਪਸ ਵਿਚ ਹੱਸ-ਹੱਸ ਗੱਲਾਂ ਕਰਦੀਆਂ ਇਕ ਦੂਜੀ ਨੂੰ ਧੱਫੇ ਮਾਰ ਰਹੀਆਂ ਸਨ। ਉਨ੍ਹਾਂ ਵਿਚੋਂ ਇਕ ਕੁੜੀ ਸੰਗਦੀ-ਸੰਗਦੀ ਮੇਰੇ ਕੋਲ ਆਈ ਤੇ ਆਪਣੇ ਝੋਲੇ ਵਿਚੋਂ ਹੱਥੀਂ ਬਣਾਈ ਸਾਧਾਰਨ ਜਿਹੀ ਰੱਖੜੀ ਕੱਢਦੀ ਕਹਿਣ ਲੱਗੀ, "ਬਾਬਾ ਜੀ, ਮੈਥੋਂ ਰੱਖੜੀ ਬੰਨ੍ਹਵਾ ਲਵੋ।"

"ਕਿਉਂ ਬੰਨ੍ਹਵਾਵਾਂ ਮੈਂ ਤੈਥੋਂ ਰੱਖੜੀ? ਤੂੰ ਮੇਰੀ ਕੀ ਲਗਦੀ ਏਂ?" ਮੈਂ ਹੱਸ ਕੇ ਉਹਦੇ ਚਿਹਰੇ ਵਲ ਦੇਖਦਿਆਂ ਕਿਹਾ। ਉਸ ਨੇ ਸ਼ਰਮਾ ਕੇ ਆਪਣੀ ਚੁੰਨੀ ਠੀਕ ਕੀਤੀ ਤੇ ਧਰਤੀ ਵਲ ਨੂੰ ਦੇਖਦੀ ਬੋਲੀ, "ਬੰਨ੍ਹਵਾ ਲਓ ਬਾਬਾ ਜੀ, ਚਾਹੇ ਦੋ ਰੁਪਏ ਹੀ ਦੇ ਦੇਣਾ।"

"ਤੂੰ ਦੋ ਰੁਪਏ ਕੀ ਕਰਨੇ ਨੇ?" ਮੈਂ ਪੁੱਛਿਆ।

"ਪੰਜ-ਸੱਤ ਬੰਦੇ ਬੰਨ੍ਹਵਾ ਲੈਣਗੇ ਤਾਂ ਆਟਾ ਲੈ ਕੇ ਘਰ ਚਲੀ ਜਾਵਾਂਗੀ।" ਉਹ ਬੋਲੀ ਤਾਂ ਮੈਨੂੰ ਉਸ 'ਤੇ ਤਰਸ ਆਇਆ। ਮੈਂ ਪਰਸ ਕੱਢਿਆ ਤਾਂ ਉਸ ਵਿਚ ਤਾਂ ਸੌ ਰੁਪਏ ਤੋਂ ਛੋਟਾ ਕੋਈ ਨੋਟ ਹੀ ਨਹੀਂ ਸੀ।

"ਖੁੱਲ੍ਹੇ ਪੈਸੇ ਨਹੀਂ ਹੈਗੇ ਕੁੜੀਏ ਮੇਰੇ ਕੋਲ।" ਮੈਂ ਕਿਹਾ।

"ਕੋਈ ਨਾ ਬਾਬਾ ਜੀ, ਪੈਸੇ ਨਹੀਂ ਹੈਗੇ ਤਾਂ ਨਾ ਸਹੀ, ਰੱਖੜੀ ਤਾਂ ਬੰਨ੍ਹਵਾ ਲਵੋ।" ਉਹ ਬੋਲੀ। ਮੈਂ ਹੱਸ ਕੇ ਆਪਣਾ ਗੁੱਟ ਉਹਦੇ ਮੂਹਰੇ ਕਰ ਦਿੱਤਾ ਤੇ ਕਿਹਾ, "ਲੈ ਬੰਨ੍ਹ ਦੇ।" ਰੱਖੜੀ ਬੰਨ੍ਹ ਕੇ ਉਹ ਜਾਣ ਲੱਗੀ ਤਾਂ ਮੈਂ ਕਿਹਾ, "ਸੁਣ ਗੱਲ।"

"ਕੀ?" ਉਹ ਮੇਰੇ ਚਿਹਰੇ ਵਲ ਦੇਖਦੀ ਬੋਲੀ।


"ਤੇਰਾ ਨਾਂ ਕੀ ਏ?"

"ਲਾਜੋ।" ਉਹ ਸੰਗਦੀ ਬੋਲੀ।

ਮੈਂ ਡੌਰ-ਭੌਰ ਖੜ੍ਹਾ ਰਹਿ ਗਿਆ। ਅੱਖਾਂ ਉਛਲੀਆਂ। ਮੈਂ ਲੱਗਿਆ ਜਿਵੇਂ ਸੱਚਮੁੱਚ ਮੇਰੀ ਭੈਣ ਲਾਜੋ ਮੇਰੇ ਸਾਹਮਣੇ ਆ ਖੜ੍ਹੀ ਹੋਵੇ। ਮੈਂ ਪਰਸ 'ਚੋਂ ਸੌ ਦਾ ਨੋਟ ਕੱਢ ਕੇ ਉਸ ਵਲ ਵਧਾ ਦਿੱਤਾ।

"ਨਾ ਬਾਬਾ, ਲੋੜ ਨਹੀਂ ਤੇਰੇ ਸੌ ਦੇ ਨੋਟ ਦੀ।" ਉਸ ਦਾ ਮੂੰਹ ਲਾਲ ਹੋ ਗਿਆ ਤੇ ਪਿੱਠ ਘੁਮਾ ਕੇ ਕੁੜੀਆਂ ਵਲ ਨੂੰ ਦੌੜ ਗਈ। ਮੈਂ ਸਾਈਕਲ 'ਤੇ ਚੜ੍ਹਿਆ, ਜਿੰਨੀ ਜ਼ੋਰ ਨਾਲ ਮੀਂਹ ਪੈ ਰਿਹਾ ਸੀ, ਉਸੇ ਨਾਲ ਮੇਰੀਆਂ ਅੱਖਾਂ 'ਚੋਂ ਹੰਝੂ ਵਹਿ ਰਹੇ ਸਨ। ਭੈਣ ਲਾਜੋ ਰਹਿ ਗਈ ਦੀ ਥਾਂ 'ਤੇ ਮੈਨੂੰ ਉਸ ਕੁੜੀ ਦਾ ਚਿਹਰਾ ਹੀ ਦਿਖਦਾ ਰਿਹਾ।

## ਖਾਲਸਾ ਪੰਥ




**ਭਾਈ ਅਨੂਪ ਸਿੰਘ**

ਪ੍ਰਾਚੀਨ ਕਾਲ ਤੋਂ ਹੀ ਸੰਗੀਤ ਨੂੰ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਲਈ ਉਤਮ ਸਾਧਨ ਮੰਨਿਆ ਗਿਆ ਹੈ। ਅਨੇਕਾਂ ਮਹਾਂਪੁਰਸ਼ਾਂ ਨੇ ਪਰਮਾਤਮਾ ਦੀ ਸਿਫਤ-ਸਲਾਹ ਵਿਚ ਉਚਾਰਨ ਕੀਤੀ ਆਪਣੀ ਬਾਣੀ ਦੇ ਗਾਇਨ ਅਤੇ ਵਾਦਨ ਦੁਆਰਾ ਸ੍ਰੋਤਿਆਂ ਉਪਰ ਡੂੰਘਾ ਅਸਰ ਪਾਇਆ। ਇਸ ਪ੍ਰਕਾਰ ਸੰਗੀਤ ਵਿਚ ਸਾਜ਼ਾਂ ਦਾ ਵੀ ਵਿਸ਼ੇਸ਼ ਸਥਾਨ ਰਿਹਾ ਹੈ।

ਗੁਰੂ ਸਾਹਿਬਾਨ ਦੇ ਸਮੇਂ ਰਬਾਬ, ਸਾਰੰਦਾ, ਤਾਊਸ ਅਤੇ ਮ੍ਰਿਦੰਗ/ਪਖਾਵਜ ਨਾਲ ਕੀਰਤਨ ਹੋਇਆ ਕਰਦਾ ਸੀ। ਗੁਰੂ ਨਾਨਕ ਸਾਹਿਬ ਦਾ ਪਿਆਰਾ ਸਾਜ਼ ਰਬਾਬ ਸੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਾਰੰਦਾ। ਮੌਜੂਦਾ ਸਮੇਂ ਕੀਰਤਨ ਕਰਨ ਲਈ ਹਾਰਮੋਨੀਅਮ ਅਤੇ ਤਬਲਾ ਸਾਜ਼ਾਂ ਦੀ ਮੁੱਖ ਰੂਪ ਵਿਚ ਵਰਤੋਂ ਕੀਤੀ ਜਾਂਦੀ ਹੈ।

ਪ੍ਰਭਾਤ-ਫੇਰੀਆਂ ਅਤੇ ਇਸਤਰੀ ਸਤਿਸੰਗ ਵਿਚ ਸਾਧਾਰਨ ਧਾਰਨਾ ਵਾਲੇ ਸ਼ਬਦਾਂ ਨਾਲ ਢੋਲਕ/ਢੋਲਕੀ, ਚਿਮਟਾ, ਕੈਂਸੀਆਂ ਅਤੇ ਖੜਤਾਲਾਂ ਆਦਿ ਸਾਜ਼ ਵਜਾਏ ਜਾਂਦੇ ਹਨ। ਵਾਰ-ਗਾਇਨ ਨਾਲ ਢੱਡ ਅਤੇ ਸਾਰੰਗੀ ਸਾਜ਼ ਵਜਾਉਣ ਦੀ ਪਰੰਪਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਪ੍ਰਕਾਰ ਦੇ ਸਾਜ਼ਾਂ ਦਾ ਵਰਣਨ ਮਿਲਦਾ ਹੈ। ਭਾਵੇਂ ਇਨ੍ਹਾਂ ਸਾਜ਼ਾਂ ਤੋਂ ਆਹਤ ਨਾਦ ਉਤਪੰਨ ਹੁੰਦਾ ਹੈ, ਪਰ ਫਿਰ ਵੀ ਗੁਰਬਾਣੀ ਵਿਚ ਇਨ੍ਹਾਂ ਸਾਜ਼ਾਂ ਨੂੰ ਰੂਹਾਨੀਅਤ ਨਾਲ ਜੋੜ ਕੇ ਅਨਾਹਤ ਨਾਦ ਦੇ ਅਰਥ ਵਿਚ ਵਰਤਿਆ ਗਿਆ ਹੈ। ਗੁਰੂ-ਫਰਮਾਨ ਹੈ:

ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ॥
(ਪੰਨਾ 381)

ਗੁਰਬਾਣੀ ਵਿਚ ਜ਼ਿਆਦਾਤਰ ਸਾਜ਼ਾਂ ਲਈ 'ਵਾਜਾ/ਬਾਜਾ' ਸ਼ਬਦ ਵਰਤਿਆ ਗਿਆ ਹੈ ਜਿਸ ਦਾ ਅਰਥ ਹੈ, 'ਉਹ ਯੰਤਰ ਜੋ ਸਵਰ ਅਥਵਾ ਤਾਲ ਉਤਪੰਨ ਕਰੇ। ਜਿਵੇਂ:

ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਰੀ
ਰਾਮ ਨਾਮੁ ਬੋਲੈ ਮਧੁਰ ਬੈਨ ਅਤਿ ਸੁਹੀਆ॥
(ਪੰਨਾ 1217)

ਗੁਰੂ ਗ੍ਰੰਥ ਸਾਹਿਬ ਵਿਚ ਵਰਣਿਤ ਪ੍ਰਮੁੱਖ ਸਾਜ਼ਾਂ ਦੀ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ:

**ਰਬਾਬ:** ਗੁਰੂ ਗ੍ਰੰਥ ਸਾਹਿਬ ਵਿਚ ਰਬਾਬ ਸਾਜ਼ ਦਾ ਛੇ ਵਾਰੀ ਜ਼ਿਕਰ ਆਇਆ ਹੈ:


-ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ॥
(ਪੰਨਾ 368)
-ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ॥
(ਪੰਨਾ 381)
-ਟੂਟੀ ਤੰਤੁ ਨ ਬਜੈ ਰਬਾਬੁ॥ (ਪੰਨਾ 479)
-ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ॥
(ਪੰਨਾ 884)
-ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ॥
(ਪੰਨਾ 934)
-ਜੀਲ ਬਿਨਾ ਕੈਸੇ ਬਜੈ ਰਬਾਬ॥ (ਪੰਨਾ 1140)

ਰਬਾਬ ਤੰਤੀ ਸਾਜ਼ ਹੈ, ਜਿਸ ਦੇ ਦੋ ਭੇਦ ਹਨ-ਨਿਬੱਧ ਅਤੇ ਅਨਿਬੱਧ। ਨਿਬੱਧ ਰਬਾਬ ਵਿਚ ਸਵਰਾਂ ਦੇ ਚਿੰਨ੍ਹਾਂ ਦੇ ਪਰਦੇ ਤੰਦਾਂ ਨਾਲ ਬੱਝੇ ਹੁੰਦੇ ਹਨ ਅਤੇ ਅਨਿਬੱਧ ਰਬਾਬ ਵਿਚ ਸਵਰਾਂ ਦੇ ਪਰਦੇ ਬੱਝੇ ਨਹੀਂ ਹੁੰਦੇ। ਰਬਾਬ ਨੂੰ ਵਜਾਉਣ ਦੇ ਲਈ ਆਮ ਤੌਰ 'ਤੇ ਲੱਕੜੀ ਜਾਂ ਹਾਥੀ ਦੰਦ ਦਾ ਤਿਕੋਣਾ ਟੁਕੜਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਨੂੰ 'ਜਵਾ' ਜਾਂ 'ਜ਼ਰਬ' ਕਹਿੰਦੇ ਹਨ। ਇਸ ਨੂੰ ਸੱਜੇ ਹੱਥ ਦੇ ਅੰਗੂਠੇ ਅਤੇ ਪਹਿਲੀ ਤੇ ਦੂਜੀ ਉਂਗਲੀ ਨਾਲ ਪਕੜ ਕੇ ਤਾਰਾਂ ਉਤੇ ਟੁਣਕਾਰ ਕੀਤਾ ਜਾਂਦਾ ਅਤੇ ਖੱਬੇ ਹੱਥ ਦੀਆਂ ਉਂਗਲੀਆਂ ਨਾਲ ਤਾਰ ਨੂੰ ਡਾਂਡ ਉਤੇ ਦਬਾ ਕੇ ਸੁਰਾਂ ਦੀ ਉਤਪਤੀ ਕੀਤੀ ਜਾਂਦੀ ਹੈ।

**ਵੀਣਾ:** ਵੀਣਾ ਸਾਜ਼ ਦਾ ਗੁਰਬਾਣੀ ਵਿਚ 'ਬੀਨਾ' ਨਾਂ ਨਾਲ ਵਰਣਨ ਉਪਲਬਧ ਹੈ:

-ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਨਾ॥
(ਪੰਨਾ 767)
-ਬੀਨਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ॥
(ਪੰਨਾ 351)

ਵੀਣਾ ਸੰਗੀਤ ਦੀਆਂ ਬਾਰੀਕੀਆਂ ਨੂੰ ਪ੍ਰਦਰਸ਼ਿਤ ਕਰਨ ਵਾਲਾ ਪ੍ਰਾਚੀਨ ਸਾਜ਼ ਹੈ। 'ਵੀਣਾ' ਸ਼ਬਦ ਦੀ ਉਤਪਤੀ ਵੀਣਾ ਤੋਂ



ਹੀ ਹੋਈ ਹੈ ਜਿਸ ਦਾ ਅਰਥ ਹੈ, 'ਸੰਗੀਤਮਈ ਆਵਾਜ਼'। ਸੰਗੀਤ ਵਿਚ ਤਿੰਨ ਪ੍ਰਕਾਰ ਦੀ ਵੀਣਾ ਦਾ ਉਲੇਖ ਹੈ; (ੳ) ਨਾਰਦੀ ਵੀਣਾ (ਅ) ਸਰਸਵਤੀ ਵੀਣਾ (ੲ) ਵਨੀਤ ਵੀਣਾ। ਪ੍ਰਾਚੀਨ ਵੀਣਾ ਦੇ ਆਧਾਰ 'ਤੇ ਹੀ ਸਿਤਾਰ ਸਾਜ਼ ਦੀ ਉਤਪਤੀ ਹੋਈ ਮੰਨੀ ਜਾਂਦੀ ਹੈ।

ਕੇਂਦਰੀ ਸਿੱਖ ਅਜਾਇਬ ਘਰ ਵਿਚ ਵੀ ਇਕ 'ਵਚਿੱਤਰ ਵੀਣਾ' ਨਾਂ ਦਾ ਸਾਜ਼ ਪਿਆ ਹੈ। ਵੀਣਾ ਸਾਜ਼ ਵਿਚ ਸੱਜੇ ਹੱਥ ਵਿਚ 'ਮਿਜ਼ਰਾਬ' ਨਾਲ ਤਾਰ 'ਤੇ ਟੁਣਕਾਰ ਕੀਤਾ ਜਾਂਦਾ ਹੈ ਅਤੇ ਖੱਬੇ ਹੱਥ ਵਿਚ ਪਕੜੇ ਸ਼ੀਸ਼ੇ ਦੇ ਗੋਲੇ ਨਾਲ ਤਾਰ ਦੇ ਉਪਰ ਘਸੀਟ ਕੇ ਵਜਾਉਂਦੇ ਹਨ। ਇਸ ਸਾਜ਼ ਦੀ ਧੁਨੀ ਬੜੀ ਗੰਭੀਰ ਅਤੇ ਮਧੁਰ ਹੁੰਦੀ ਹੈ। ਇਸ 'ਤੇ ਮੀਂਡ, ਗਮਕ ਦਾ ਕੰਮ ਬਹੁਤ ਅੱਛਾ ਦਿਖਾਇਆ ਜਾਂਦਾ ਹੈ।

**ਕਿੰਗੁਰੀ:** ਗੁਰੂ ਗ੍ਰੰਥ ਸਾਹਿਬ ਵਿਚ ਕਿੰਗੁਰੀ ਦਾ ਵਰਣਨ ਕਿੰਗੁਰੀ, ਕਿੰਕਰੀ ਅਤੇ ਕਿੰਕਨੀ ਨਾਵਾਂ ਨਾਲ 14 ਵਾਰ ਉਪਲਬਧ ਹੈ, ਜਿਵੇਂ:

-ਰਾਜਾ ਰਾਮ ਅਨਹਦ ਕਿੰਗੁਰੀ ਬਾਜੈ॥ (ਪੰਨਾ 92)
-ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ
ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ॥
(ਪੰਨਾ 1402)

ਇਹ ਦੋ ਤੂੰਬਿਆਂ ਵਾਲੀ ਤੰਤੀ ਵੀਣਾ ਜਾਂ ਜੋਗੀਆਂ ਦੀ ਇਕਤਾਰੀ ਵੀਣਾ ਹੈ।

**ਸ਼ਹਿਨਾਈ:** ਗੁਰਬਾਣੀ ਵਿਚ ਸ਼ਹਿਨਾਈ ਸਾਜ਼ ਦਾ ਜ਼ਿਕਰ ਸਿਰਫ਼ ਇਕ ਵਾਰ ਹੀ ਗੁਰੂ ਨਾਨਕ ਸਾਹਿਬ ਦੁਆਰਾ ਆਸਾ ਰਾਗ ਵਿਚ ਕੀਤਾ ਗਿਆ ਹੈ:

ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ॥
(ਪੰਨਾ 417)

ਇਹ ਖੁਸ਼ੀ ਦੇ ਮੌਕੇ 'ਤੇ ਵਜਾਉਣ ਵਾਲਾ ਸਾਜ਼ ਹੈ। ਇਸ ਨੂੰ ਵਜਾਉਂਦੇ ਸਮੇਂ ਮੂੰਹ ਵਿਚ ਨਿਰੰਤਰ ਸਾਹ ਰਹਿਣਾ ਚਾਹੀਦਾ ਹੈ ਅਤੇ ਸਵਰਾਂ ਦੇ ਲਈ ਸਾਹ ਛੱਡਦੇ ਰਹਿਣਾ ਚਾਹੀਦਾ ਹੈ। ਇਸ ਵਿਚ ਰੀਡਸ (ੲਦਦਸ) ਲੱਗੀ ਹੁੰਦੀ ਹੈ; ਜਦੋਂ ਇਸ ਵਿਚ ਮੂੰਹ ਦੁਆਰਾ ਹਵਾ ਭਰੀ ਜਾਂਦੀ ਹੈ ਤਾਂ ਧੁਨੀ ਦੀ ਉਤਪਤੀ ਹੁੰਦੀ ਹੈ।

**ਸਿੰਙੀ:** ਜੋਗੀਆਂ ਦੀ ਤੁਰ੍ਹੀ ਜੋ ਵਲਦਾਰ ਸਿੰਙ ਦੀ ਹੁੰਦੀ ਹੈ। ਇਹ ਸਿੰਙ ਦਾ ਬਣਿਆ ਹੋਇਆ ਸਾਜ਼ ਮੂੰਹ ਵਿਚ ਹਵਾ ਭਰ ਕੇ ਵਜਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ 13 ਵਾਰ ਜ਼ਿਕਰ ਆਇਆ ਹੈ, ਜਿਵੇਂ:

-ਜਾ ਤੁਧੁ ਭਾਵਹਿ ਤਾ ਕਰਹਿ
ਬਿਭੂਤਾ ਸਿੰਙੀ ਨਾਦੁ ਵਜਾਵਹਿ॥ (ਪੰਨਾ 145)
-ਜਹ ਭਉ ਨਾਹੀ ਤਹਾ ਆਸਨੁ ਬਾਧਿਓ
ਸਿੰਗੀ ਅਨਹਤ ਬਾਨੀ॥ (ਪੰਨਾ 208)
-ਵਾਜੇ ਬਾਝਹੁ ਸਿੰਙੀ ਵਾਜੈ
ਤਉ ਨਿਰਭਉ ਪਦੁ ਪਾਈਐ॥ (ਪੰਨਾ 730)

**ਬੰਸਰੀ:** ਇਸ ਸਾਜ਼ ਦਾ ਗੁਰੂ ਗ੍ਰੰਥ ਸਾਹਿਬ ਵਿਚ ਬਾਂਸੁਰੀ, ਮੁਰਲੀ ਜਾਂ ਵੰਸੁ ਆਦਿਕ ਨਾਵਾਂ ਨਾਲ ਵਰਣਨ ਮਿਲਦਾ ਹੈ, ਜਿਵੇਂ:

-ਆਪੇ ਸਾਵਲ ਸੁੰਦਰਾ ਪਿਆਰਾ
ਆਪੇ ਵੰਸੁ ਵਜਾਹਾ॥ (ਪੰਨਾ 606)
-ਬਾਸ ਬਾਸਰੀ ਏਕੈ ਸੁਆਮੀ
ਉਦਿਆਨ ਦ੍ਰਿਸਟਾਗਿਓ॥ (ਪੰਨਾ 215)
-ਕਰਨਹੁ ਮਧੁ ਬਾਸੁਰੀ ਬਾਜੈ
ਜਿਹਵਾ ਧੁਨਿ ਆਗਜਾ॥ (ਪੰਨਾ 885)
-ਰਿਖੀਕੇਸ ਗੋਵਰਧਨਧਾਰੀ
ਮੁਰਲੀ ਮਨੋਹਰ ਹਰਿ ਰੰਗਾ॥ (ਪੰਨਾ 1082)

ਇਹ ਬਾਂਸ ਦੀ ਬਣੀ ਹੁੰਦੀ ਹੈ। ਪੁਰਾਣੇ ਸਮੇਂ ਵਿਚ ਲੋਹੇ, ਕਾਂਸੇ, ਚਾਂਦੀ ਜਾਂ ਸੋਨੇ ਦੀ ਬੰਸਰੀ ਵੀ ਬਣਾਈ ਜਾਂਦੀ ਸੀ। ਇਸ ਦੀ ਕੋਈ ਨਿਸ਼ਚਿਤ ਲੰਬਾਈ ਨਹੀਂ ਹੁੰਦੀ। ਕਲਾਕਾਰ ਆਪਣੀ ਇੱਛਾ ਅਨੁਸਾਰ ਬੰਸਰੀ ਦੀ ਲੰਬਾਈ ਰੱਖਦੇ ਹਨ। ਇਸ ਵਿਚ ਸਾਧਾਰਨ ਤੌਰ 'ਤੇ 6 ਛੇਕ ਹੁੰਦੇ ਹਨ। ਇਨ੍ਹਾਂ ਛੇਕਾਂ ਨੂੰ ਜਦੋਂ ਦੋਹਾਂ ਹੱਥਾਂ ਦੀਆਂ ਉਂਗਲੀਆਂ ਨਾਲ ਬੰਦ ਕਰ ਕੇ ਹਵਾ ਭਰੀਏ ਤਾਂ ਮੰਦਰ ਸਪਤਕ ਦੇ ਪੰਚਮ ਦੀ ਧੁਨੀ ਉਤਪੰਨ ਹੁੰਦੀ ਹੈ। ਇਕ-ਇਕ ਉਂਗਲੀ ਉਠਾ ਕੇ ਹਵਾ ਭਰਦੇ ਜਾਈਏ ਤੇ ਕ੍ਰਮ ਅਨੁਸਾਰ ਧਾ, ਨੀ, ਸਾ, ਰੇ, ਗਾ ਅਤੇ ਮਾ ਧੁਨੀਵਤ ਹੋਣਗੇ। ਕੋਮਲ ਸਵਰ ਲਈ ਛੇਕ ਨੂੰ ਅੱਧਾ ਖੁੱਲ੍ਹਾ ਅਤੇ ਅੱਧਾ ਬੰਦ ਰੱਖਦੇ ਹਨ। ਜਦੋਂ ਤਾਰ ਸਪਤਕ ਦੇ ਸਵਰ ਗਾਉਣੇ ਹੋਣ ਤਾਂ ਦੁੱਗਣੇ ਜ਼ੋਰ ਨਾਲ ਫੂਕ ਮਾਰਨੀ ਪੈਂਦੀ ਹੈ।

**ਸੰਖ:** ਇਹ ਦੋਸ਼ ਰਹਿਤ ਸੰਖ ਦੀ ਨਾਭੀ ਨੂੰ ਖੋਦ ਕੇ ਬਣਾਇਆ ਜਾਂਦਾ ਹੈ। ਇਸ ਨੂੰ ਹੱਥਾਂ ਨਾਲ ਪਕੜ ਕੇ, ਮੂੰਹ ਦੁਆਰਾ ਪੂਰਨ ਬਲ ਨਾਲ ਫੂਕ ਮਾਰ ਕੇ ਧੁਨੀ ਦੀ ਉਤਪਤੀ ਕਰਦੇ ਹਨ। ਇਸ ਦੇ ਸ਼ਬਦ ਹੂ, ਧੂੰ, ਤੋ, ਡਿਗਦ, ਡੀ ਆਦਿ ਹਨ। ਇਸ ਨੂੰ ਹਿੰਦੂ ਲੋਕ ਮੰਦਰਾਂ ਵਿਚ ਵਜਾਉਂਦੇ ਹਨ। ਪੁਰਾਣੇ ਸਮੇਂ ਜੰਗ ਵਿਚ ਬਿਗਲ ਦੀ ਜਗ੍ਹਾ ਸੰਖ ਵਜਾਇਆ ਜਾਂਦਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਸੰਖ ਦਾ ਚਾਰ ਵਾਰ ਜ਼ਿਕਰ ਮਿਲਦਾ ਹੈ। ਜਿਵੇਂ:

-ਢੁਲਕੇ ਚਵਰ ਸੰਖ ਘਨ ਗਾਜੇ॥ (ਪੰਨਾ 974)
-ਸੰਖ ਚਕ੍ਰ ਗਦਾ ਹੈ ਧਾਰੀ
ਮਹਾ ਸਾਰਥੀ ਸਤਸੰਗਾ॥ (ਪੰਨਾ 1082)
-ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ
ਦੇਖਿ ਪ੍ਰਤਾਪੁ ਜਮੁ ਡਰਿਓ॥ (ਪੰਨਾ 1105)
-ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ
ਅਪਰੰਪਰ ਪਾਰਬ੍ਰਹਮ ਲਖੈ
ਕਉਨੁ ਤਾਹਿ ਜੀਉ॥ (ਪੰਨਾ 1402)

**ਮ੍ਰਿਦੰਗ/ਪਖਾਵਜ:** ਢੋਲ ਦੇ ਆਕਾਰ ਦਾ ਇਕ ਸਾਜ਼ ਜਿਸ ਦਾ ਢਾਂਚਾ ਲੱਕੜੀ ਦਾ ਬਣਾਇਆ ਜਾਂਦਾ ਹੈ। ਇਹ ਮੱਧ ਭਾਗ ਤੋਂ ਮੋਟਾ ਅਤੇ ਦੋਹਾਂ ਸਿਰਿਆਂ ਤੋਂ ਪਤਲਾ ਹੁੰਦਾ ਹੈ। ਇਸ ਦੇ ਖੱਬੇ ਅਤੇ ਸੱਜੇ ਪਾਸੇ ਦੇ ਮੂੰਹ ਚਮੜੇ ਦੇ ਨਾਲ ਮੜ੍ਹੇ ਜਾਂਦੇ ਹਨ ਅਤੇ ਚੰਮ ਦੀਆਂ ਵਧਰੀਆਂ ਨਾਲ ਹੀ ਕੱਸਿਆ ਜਾਂਦਾ ਹੈ। ਇਸ ਦਾ ਸੱਜਾ ਪੁੜਾ ਸਿਆਹੀ ਵਾਲਾ ਅਤੇ ਖੱਬੇ ਪਾਸੇ ਦਾ ਖਾਲੀ ਹੁੰਦਾ ਹੈ ਜਿਸ ਉਪਰ ਆਟਾ ਲਗਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮ੍ਰਿਦੰਗ/ਪਖਾਵਜ ਦਾ ਵਰਣਨ ਇਸ ਤਰ੍ਹਾਂ ਮਿਲਦਾ ਹੈ:

-ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਰੀ
ਰਾਮ ਨਾਮੁ ਬੋਲੈ ਮਧੁਰ ਬੈਨ
ਅਤਿ ਸੁਹੀਆ॥ (ਪੰਨਾ 1272)
-ਕਬੀਰ ਸਭੁ ਜਗੁ ਹਉ ਫਿਰਿਓ
ਮਾਂਦਲੁ ਕੰਧ ਚੜਾਇ॥ (ਪੰਨਾ 1370)
-ਮੰਦਲੁ ਨ ਬਾਜੈ ਨਟੁ ਪੈ ਸੂਤਾ॥ (ਪੰਨਾ 478)
-ਵਾਜਾ ਮਤਿ ਪਖਾਵਜੁ ਭਾਉ॥ (ਪੰਨਾ 350)

**ਨਗਾਰਾ:** ਗੁਰਬਾਣੀ ਵਿਚ ਨਗਾਰੇ ਦਾ ਵਰਣਨ ਭੇਰੀ, ਦਮਾਮਾ, ਡੰਕ, ਨੀਸਾਣ ਜਾਂ ਟੰਮਕ ਆਦਿਕ ਨਾਵਾਂ ਦੇ ਨਾਲ ਹੋਇਆ ਹੈ, ਜਿਵੇਂ:

-ਅਨਹਤਾ ਸਬਦ ਵਾਜੰਤ ਭੇਰੀ॥ (ਪੰਨਾ 13)
-ਨਾਨਕ ਤੇ ਮੁਖ ਉਜਲੇ
ਧੁਨਿ ਉਪਜੈ ਸਬਦੁ ਨੀਸਾਣੁ॥ (ਪੰਨਾ 22)
-ਵਾਤ ਵਜਨਿ ਟੰਮਕ ਭੇਰੀਆ॥ (ਪੰਨਾ 73)
-ਗਗਨ ਦਮਾਮਾ ਬਾਜਿਓ
ਪਰਿਓ ਨੀਸਾਨੈ ਘਾਉ॥ (ਪੰਨਾ 1105)

ਨਗਾਰਾ ਬਹੁਤ ਵੱਡੇ ਅਕਾਰ ਦਾ ਸਾਜ਼ ਹੈ ਜੋ ਲੋਹੇ ਜਾਂ ਕਿਸੇ ਮਿਸ਼ਰਤ ਧਾਤ ਦਾ ਬਣਾਇਆ ਜਾਂਦਾ ਹੈ। ਇਸ ਨੂੰ ਮੋਟੀ ਖੱਲ ਨਾਲ ਮੜ੍ਹਿਆ ਜਾਂਦਾ ਹੈ ਅਤੇ ਚੰਮ ਦੀਆਂ ਵਧਰੀਆਂ ਨਾਲ ਹੀ ਕੱਸਿਆ ਜਾਂਦਾ ਹੈ। ਇਸ ਨੂੰ ਸੋਟੀ ਜਾਂ ਡੱਗੇ ਨਾਲ ਵਜਾਇਆ ਜਾਂਦਾ ਹੈ। ਨਗਾਰਾ ਜਾਂ ਦਮਾਮਾ ਤਾਲ ਦੇਣ ਵਾਲਾ ਇਕ ਪ੍ਰਮੁੱਖ ਸਾਜ਼ ਹੈ। ਰਾਜਿਆਂ-ਮਹਾਰਾਜਿਆਂ ਦੇ ਆਗਮਨ ਸਮੇਂ, ਯੁੱਧ ਅਰੰਭ ਕਰਨ ਸਮੇਂ ਜਾਂ ਕੋਈ ਮਹੱਤਵਪੂਰਨ ਸੂਚਨਾ ਲੋਕਾਂ ਨੂੰ ਦੇਣ ਸਮੇਂ ਇਹ ਸਾਜ਼ ਅਕਸਰ ਵਜਾਇਆ ਜਾਂਦਾ ਸੀ। ਗੁਰਦੁਆਰਿਆਂ ਵਿਚ ਅਰਦਾਸ ਜਾਂ ਦੀਵਾਨ ਦੀ ਸਮਾਪਤੀ 'ਤੇ ਨਗਾਰਾ ਵਜਾਉਣ ਦੀ ਪਰੰਪਰਾ ਮੌਜੂਦ ਹੈ।

**ਢੋਲਕ:** ਢੋਲਕ ਦੁਨੀਆ ਵਾਜਹਿ ਵਾਜ॥ (ਪੰਨਾ 349)

ਢੋਲਕ ਆਮ ਤੌਰ 'ਤੇ ਲੱਕੜੀ ਨੂੰ ਖੋਖਲਾ ਕਰ ਕੇ ਬਣਾਇਆ ਜਾਂਦਾ ਹੈ ਅਤੇ ਦੋਹਾਂ ਪਾਸਿਆਂ 'ਤੇ ਬੱਕਰੇ ਦੀ ਖੱਲ ਮੜ੍ਹੀ ਜਾਂਦੀ ਹੈ। ਖੱਲ ਨੂੰ ਡੋਰੀ ਨਾਲ ਕੱਸਿਆ ਜਾਂਦਾ ਹੈ। ਢੋਲਕ ਦੇ ਖੱਬੇ ਪਾਸੇ ਦੀ ਖੱਲ ਦੇ ਅੰਦਰ ਵਿਸ਼ੇਸ਼ ਪ੍ਰਕਾਰ ਦਾ ਲੇਪ ਕੀਤਾ ਜਾਂਦਾ ਹੈ ਜਿਸ ਨੂੰ 'ਧਾਮਾ' ਕਹਿੰਦੇ ਹਨ। ਇਸ ਦੇ ਸੱਜੇ ਪਾਸੇ ਦੇ ਮੂੰਹ ਤੋਂ ਉਚਾ ਸਵਰ ਅਤੇ ਖੱਬੇ ਪਾਸੇ ਦੇ ਮੂੰਹ ਤੋਂ ਮੰਦ ਸਵਰ ਦੀ ਆਵਾਜ਼ ਨਿਕਲਦੀ ਹੈ।

ਗੁਰਦੁਆਰਿਆਂ ਵਿਚ ਇਸਤਰੀ ਸਤਿਸੰਗ ਅਤੇ ਪ੍ਰਭਾਤ-ਫੇਰੀਆਂ ਵਿਚ ਸਾਧਾਰਨ ਕਿਸਮ ਦੀਆਂ ਧਾਰਨਾ ਵਾਲੇ ਸ਼ਬਦ-ਗਾਇਨ ਦੇ ਨਾਲ ਵੀ ਢੋਲਕ/ਢੋਲਕੀ ਦੀ ਵਰਤੋਂ ਕੀਤੀ ਜਾਂਦੀ ਹੈ।

**ਘੁੰਗਰੂ:** ਇਹ ਪਿੱਤਲ ਦੀਆਂ ਗੋਲ ਘੰਟੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਅੰਦਰ ਲੋਹੇ ਜਾਂ ਪੱਥਰ ਦੇ ਛੋਟੇ ਗੋਲ ਟੁਕੜੇ ਰੱਖੇ ਜਾਂਦੇ ਹਨ। ਕਈ ਕਲਾਕਾਰ ਅਸ਼ਟਧਾਤੂ ਦੇ ਘੁੰਗਰੂ ਵੀ ਬਣਾਉਂਦੇ ਹਨ। ਘੁੰਗਰੂ ਚਮੜੇ ਜਾਂ ਕਿਸੇ ਸਖ਼ਤ ਕੱਪੜੇ ਦੀ ਪੱਟੀ 'ਤੇ ਟੰਗੇ



ਜਾਂਦੇ ਹਨ ਜਾਂ ਫਿਰ ਡੋਰੀ ਵਿਚ ਪਰੋ ਲਏ ਜਾਂਦੇ ਹਨ। ਘੁੰਗਰੂਆਂ ਦਾ ਪ੍ਰਯੋਗ ਜ਼ਿਆਦਾਤਰ ਨ੍ਰਿਤ ਵਿਚ ਕੀਤਾ ਜਾਂਦਾ ਹੈ। ਘੁੰਗਰੂਆਂ ਦੀ ਝਣਕਾਰ, ਨ੍ਰਿਤਕਾਰ ਦੀ ਲੈਆਤਮਕਤਾ ਨੂੰ ਚਾਰ ਚੰਨ ਲਗਾ ਦਿੰਦੀ ਹੈ। ਵਾਰ ਗਾਇਨ ਵਿਚ ਢਾਡੀ ਲੋਕ ਸਾਰੰਗੀ ਦੇ ਗਜ਼ ਨਾਲ ਘੁੰਗਰੂ ਬੰਨ੍ਹਦੇ ਹਨ ਜਿਸ ਨਾਲ ਵਾਰ ਦੀ ਲੈਅ ਹੋਰ ਜੋਸ਼ੀਲੀ ਹੋ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਘੁੰਗਰੂ ਦਾ ਅੱਠ ਵਾਰ ਵਰਣਨ ਮਿਲਦਾ ਹੈ। ਕੁਝ ਉਦਾਹਰਨਾਂ ਇਸ ਪ੍ਰਕਾਰ ਹਨ:

-ਘੁੰਘਰੂ ਵਾਜੈ ਜੇ ਮਨੁ ਲਾਗੈ॥ (ਪੰਨਾ 356)
-ਨਿਰਤਿ ਕਰੇ ਕਰਿ ਮਨੂਆ ਨਾਚੈ
ਆਣੇ ਘੂਘਰ ਸਾਜਾ॥ (ਪੰਨਾ 884)
-ਕਿਨਹੀ ਘੂਘਰ ਨਿਰਤਿ ਕਰਾਈ॥ (ਪੰਨਾ 913)

## ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥

ੴ ਸਤਿਗੁਰ ਪ੍ਰਸਾਦਿ
ਧਨਾਸਰੀ ਮਹਲਾ 5
ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥
ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥
ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ॥
ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ॥
ਰਹਾਉ॥
ਮਨ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ॥
ਹਰਿ ਸਿਮਰਿ ਸਿਮਰਿ ਆਨਦ ਕਰ ਨਾਨਕ ਪ੍ਰਭਿ ਪੂਰਨ ਪੈਜ ਰਖਾਈ॥

ਪੰਜਵੇਂ ਸਤਿਗੁਰ ਗੁਰੂ ਅਰਜਨ ਦੇਵ ਜੀ ਉਸ ਕਰਤਾ ਪੁਰਖ ਪ੍ਰਭੂ ਦੀ ਸਿਫਤ ਸਲਾਹ ਵਿਚ ਜੁੜਨ ਦੇ ਲਈ ਸਾਨੂੰ ਪ੍ਰੇਰਿਤ ਕਰਦੇ ਹਨ:

ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ॥
ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ॥
ਰਹਾਉ॥

ਕਿ ਹੇ ਭਾਈ, ਮੇਰਾ ਮਨ ਤਾਂ ਹੁਣ ਉਸ ਪ੍ਰਭੂ ਦੇ ਨਾਲ ਜੁੜ ਗਿਆ ਹੈ, ਉਹ ਪ੍ਰਭੂ ਕੌਣ ਹੈ ਜੋ ਆਦਿ ਤੋਂ ਲੈ ਕੇ ਅੰਤ ਤੱਕ ਭਾਵ ਸ਼ੁਰੂ ਤੋਂ ਅਖੀਰ ਤੱਕ ਸਭ ਜੀਵਾਂ ਦੀ ਸਹਾਇਤਾ ਕਰਦਾ ਹੈ। ਉਹ ਪ੍ਰਭੂ ਮੇਰਾ ਮਿੱਤਰ ਭੀ ਹੈ ਅਤੇ ਧੰਨਤਾ ਦੇ ਜੋਗ ਭੀ ਹੈ। ਸਾਨੂੰ ਉਸ ਮਿੱਤਰ ਪ੍ਰਭੂ ਦੀ ਉਸਤਤਿ ਸਦਾ ਹੀ ਕਰਦੇ ਰਹਿਣਾ ਚਾਹੀਦਾ ਹੈ।

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥
ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥

ਹੁਣ ਗੁਰਦੇਵ ਪਿਤਾ ਆਪਣੇ ਮਿੱਤਰ ਪ੍ਰਭੂ ਦੀ ਵਡਿਆਈ ਕਰ ਰਹੇ ਹਨ ਕਿ ਉਹ ਮੇਰਾ ਪ੍ਰਭੂ ਆਪਣੇ ਪਿਆਰਿਆਂ ਨੂੰ ਅਉਖੀ ਘੜੀ, ਭਾਵ ਕਦੀ ਵੀ ਦੁੱਖ ਜਾਂ ਮੁਸੀਬਤ ਦਾ ਸਮਾਂ ਨਹੀਂ ਵੇਖਣ ਦਿੰਦਾ, ਕਿਉਂਕਿ ਉਸਦਾ ਸੁਭਾਅ ਹੀ ਐਸਾ ਹੈ ਕਿ ਉਹ ਆਪਣੇ ਸੇਵਕ ਦੀ ਪੈਜ ਸਦਾ ਹੀ ਰੱਖਦਾ ਹੈ ਅਤੇ ਆਪਣਾ ਹੱਥ ਦੇ ਕੇ ਆਪਣੇ ਸੇਵਕ ਦੀ ਰਾਖੀ ਭੀ ਕਰਦਾ ਹੈ ਤੇ ਹਰ ਸਵਾਸ ਨਾਲ ਪਾਲਨਾ ਭੀ ਕਰਦਾ ਹੈ।

**ਗੁਰਬਾਣੀ ਗਿਆਨ**

ਮਨ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ॥
ਹਰਿ ਸਿਮਰਿ ਸਿਮਰਿ ਆਨਦ ਕਰ ਨਾਨਕ ਪ੍ਰਭਿ ਪੂਰਨ ਪੈਜ ਰਖਾਈ॥

ਹੁਣ ਗੁਰਦੇਵ ਉਸ ਮਿੱਤਰ ਪ੍ਰਭੂ ਦੀ ਅਚਰਜ ਵਡਿਆਈ ਦੇਖ-ਦੇਖ ਕੇ ਪ੍ਰਸੰਨ ਹੋ ਰਹੇ ਹਨ ਕਿ ਹੇ ਭਾਈ, ਉਸ ਮਾਲਕ ਦੇ ਕੌਤਕ ਕੈਸੇ ਹੈਰਾਨ ਕਰਨ ਵਾਲੇ ਹਨ, ਜੈਸਾ ਪ੍ਰਭੂ ਆਪ ਹੈ। ਉਸ ਦੀ ਵਡਿਆਈ ਭੀ ਵੈਸੀ ਹੀ ਹੈ। ਸੋ ਹੇ ਨਾਨਕ, ਤੂੰ ਭੀ ਉਸ ਪ੍ਰਭੂ ਦੇ ਨਾਂ ਦਾ ਸਿਮਰਨ ਕਰ ਤੇ ਅਨੰਦ ਨਾਲ ਭਰਪੂਰ ਹੋ। ਉਸ ਮਾਲਕ ਦਾ ਸੁਭਾਓ ਹੀ ਐਸਾ ਹੈ ਕਿ ਜੋ ਵੀ ਜੀਵ ਆਤਮਾ, ਉਸ ਦੇ ਨਾਮ ਸਿਮਰਨ ਨਾਲ ਜੁੜ ਜਾਵੇ, ਪ੍ਰਭੂ ਉਸਦੀ ਹਮੇਸ਼ਾ ਪੂਰਨ ਤੌਰ 'ਤੇ ਪੈਜ ਰਖਦਾ ਹੈ।

*-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ*
*ਫੋਨ:916-687-3536*

# ਕਾਫੀ ਮਿਲਦੀ ਹੈ ਜ਼ਫਰ ਤੇ ਰਣਜੀਤ ਸਿੰਘ ਦੀ ਕਹਾਣੀ

## ਇਤਿਹਾਸਕ ਝਰੋਖਾ

**ਬਲਬੀਰ ਸਿੰਘ ਕੰਵਲ**

ਮੁਗਲ-ਕਾਲ ਵਿਚ ਇਹ ਪਰੰਪਰਾ ਰਹੀ ਹੈ ਕਿ ਸ਼ਹਿਨਸ਼ਾਹ ਅਕਬਰ, ਬਤੌਰ ਬਾਦਸ਼ਾਹ ਜਿਸਦੀ ਬੜੀ ਸਲਾਹੁਤਾ ਕੀਤੀ ਜਾਂਦੀ ਹੈ, ਦੇ ਹਰਮ ਵਿਚ ਬੀਵੀਆਂ, ਬੇਗਮਾਂ, ਖਾਨਮਾਂ (ਮੁਸਲਮਾਨ ਕਲਚਰ ਵਿਚ ਖਾਨਮਾਂ ਦਾ ਦਰਜਾ ਜ਼ਰਾ ਨਿਮਰ ਹੁੰਦਾ ਹੈ), ਬਾਈਆਂ, ਬਾਂਦੀਆਂ (ਦਾਸੀਆਂ), ਕੰਚਨੀਆਂ (ਕੰਜਰੀਆਂ, ਵੇਸ਼ਵਾਵਾਂ) ਦੀ ਗਿਣਤੀ ਪੰਜ ਹਜ਼ਾਰ ਤੋਂ ਘੱਟ ਨਹੀਂ ਸੀ। ਅਗਾਂਹ ਫਿਰ ਉਸਦਾ ਮੁੰਡਾ ਜਹਾਂਗੀਰ ਵੀ ਸ਼ਰਾਬ ਤੇ ਸ਼ਬਾਬ ਦਾ ਬੜਾ ਰਸੀਆ ਨਿਕਲਿਆ। ਆਪਣੀ ਜੀਵਨੀ ਵਿਚ ਉਹ ਲਿਖਦਾ ਹੈ ਕਿ ਦਿਹਾੜੀ ਵਿਚ ਉਹ ਵੀਹ-ਵੀਹ ਪੈਗ ਲਾ ਲੈਂਦਾ ਸੀ, ਪਿੱਛੋਂ ਸਿਹਤ ਵਿਗੜਨ ਕਰਕੇ ਘਟਾ ਦਿੱਤੀ (ਦੇਖੋ ਤੋਜ਼ਕਿ-ਜਹਾਂਗੀਰੀ, ਸਫਾ 38)। ਪਹਿਲਾਂ ਵੀ ਉਸਦੇ ਬਥੇਰੇ ਵਿਆਹ ਸਨ, ਪਰ ਜਦ ਹੀ ਉਸਨੇ ਨੂਰ ਜਹਾਂ ਨੂੰ ਦੇਖਿਆ ਤਾਂ ਉਸ 'ਤੇ ਮਰ ਗਿਆ। ਉਸਦੀ ਆਮਦ ਨਾਲ ਉਸਦੀਆਂ ਪਹਿਲੀਆਂ ਬੇਗਮਾਂ ਦੇ ਰੁਤਬੇ-ਮੁਰਾਤਬੇ ਪਿੱਛੇ ਧੱਕੇ ਗਏ ਜਦਕਿ 1613 ਈ. ਵਿਚ ਉਸ ਨੇ ਨੂਰ ਜਹਾਂ ਨੂੰ ਪਹਿਲੀ ਪਦਵੀ ਅਰਥਾਤ 'ਪਾਦਸ਼ਾਹ ਬੇਗਮ' ਦਾ ਖਿਤਾਬ ਦੇ ਕੇ ਆਪਣੀਆਂ ਅੱਖਾਂ 'ਤੇ ਬਿਠਾ ਲਿਆ।

ਸਭਨਾਂ ਮੁਗਲਾਂ ਦੇ ਵੇਰਵੇ ਦੇਣ ਦੀ ਬਜਾਏ, ਗੱਲ ਨੂੰ ਛੋਟੀ ਕਰਦਿਆਂ ਜੇਕਰ ਆਪਾਂ ਉਨ੍ਹਾਂ ਦੇ ਆਖਰੀ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦੀ ਗੱਲ ਕਰੀਏ ਤਾਂ ਵਧੇਰੇ ਠੀਕ ਰਹੇਗਾ। ਉਹ ਬਹੱਤਰਿਆ ਹੋਇਆ ਵੀ ਵਿਆਹ ਕਰਾਉਂਦਾ ਰਿਹਾ। ਏਥੋਂ ਤੱਕ ਕਿ ਕੁਝ ਪੁਰਾਣੇ ਪ੍ਰਮਾਣਿਕ ਪੱਤਰਾਂ 'ਚ ਲਿਖਿਆ ਹੈ ਕਿ 1853 ਈ. ਵਿਚ ਉਸਨੇ ਪੰਜ ਸ਼ਾਦੀਆਂ ਹੋਰ ਕਰਵਾਈਆਂ ਕਿਉਂਕਿ ਉਸ ਸਾਲ ਉਸਨੇ ਪੰਜਾਂ ਸੇਜਾਂ ਲਈ ਚਾਂਦੀ ਦੇ ਪਾਵੇ ਘੜਾਉਣ-ਬਣਵਾਉਣ ਦੇ ਹੁਕਮ ਜਾਰੀ ਕੀਤੇ। (ਆਰਕਾਈਵਜ਼ ਆਫ ਇੰਡੀਆ, 'ਮਹੱਲ ਦੀਆਂ ਖੁਫੀਆ ਰਿਪੋਰਟਾਂ', ਇੰਦਰਾਜ 29 ਜੁਲਾਈ, 1853) ਉਸਦਾ ਪਹਿਲਾ ਵਿਆਹ ਤਾਜ ਮਹੱਲ ਬੇਗਮ ਨਾਲ ਹੋਇਆ ਪਰ ਜਦੋਂ ਉਹ 64 ਸਾਲ ਦਾ ਹੋਇਆ ਤਾਂ ਉਸਦੀ ਪਤਨੀ ਦਾ ਪਰਮ ਰੁਤਬਾ 19 ਸਾਲਾ ਜ਼ੀਨਤ ਮਹੱਲ ਨੇ ਸਾਂਭ ਲਿਆ। ਲੰਡਨ ਮਿਊਜ਼ੀਅਮ ਵਿਚ ਪਏ ਕੁਝ ਪੁਰਾਣੇ ਕਾਗਜ਼ਾਂ ਵਿਚ ਸਾਨੂੰ ਇਹ ਲਿਖਿਆ ਵੀ ਮਿਲਦਾ ਹੈ ਕਿ ਉਸਦੀ ਇਕ ਚਹੇਤੀ ਪਿਆਰੀ ਮਹਿਲ 'ਪੀਆ ਬਾਈ' ਨੂੰ ਉਸਦੇ ਇਕ ਦਰਬਾਰੀ ਗਾਇਕ ਤਾਨਰਸ ਖਾਂ (1778-1885) ਨੇ ਗਰਭਵਤੀ ਕਰ ਦਿੱਤਾ ਸੀ। (ਆਰਕਾਈਵਜ਼ ਆਫ ਇੰਡੀਆ 'ਮਹੱਲ ਦੀਆਂ ਖੁਫੀਆ ਰਿਪੋਰਟਾਂ' ਇੰਦਰਾਜ 27 ਜਨਵਰੀ/6 ਫਰਵਰੀ 1852) ਉਸਦੀ ਸ਼ਾਮਤ ਆ ਜਾਣੀ ਸੀ ਜੇਕਰ ਜ਼ਫਰ ਦੀ ਪਤਨੀ ਜ਼ੀਨਤ ਮਹੱਲ ਉਸਦੀ ਮਦਦ ਨਾ ਕਰਦੀ ਤਾਂ। ਯਾਦ ਰਹੇ ਤਾਨਰਸ ਖਾਂ ਹਿੰਦੁਸਤਾਨ ਦਾ ਇਕ ਬੜਾ ਵੱਡਾ ਗਵੱਈਆ ਸੀ, ਜਿਸਨੂੰ ਕਿ ਪਟਿਆਲਾ ਸੰਗੀਤ ਘਰਾਣੇ ਦੇ ਮੋਢੀਆਂ ਵਿਚੋਂ ਮੰਨਿਆ ਜਾਂਦਾ ਹੈ।

ਤਾਰੀਖ਼ ਦੱਸਦੀ ਹੈ ਕਿ ਜ਼ਫਰ ਦੇ ਸੋਲਾਂ ਬੇਟੇ ਸਨ ਅਤੇ ਇਕੱਤੀ ਬੇਟੀਆਂ, ਕੁੱਲ ਮਿਲਾ ਕੇ ਜਿਨ੍ਹਾਂ ਦਾ ਜੋੜ ਸੰਤਾਲੀ ਬਣਦਾ ਹੈ। ਮੁੱਕਦੀ ਗੱਲ ਇਹ ਹੈ ਕਿ ਮੁਗਲ ਰਾਜ ਵਿਚ ਬਹੁ-ਪਤਨੀ ਪ੍ਰਬੰਧ ਪ੍ਰਧਾਨ ਸੀ। ਮੁਗਲ ਬਾਦਸ਼ਾਹ ਬਾਫਰ ਵਿਆਹ ਕਰਵਾਉਣ ਦੇ ਵਧੇਰੇ ਸ਼ੁਕੀਨ ਸਨ। ਵਿਆਹ ਦੇ ਪਹਿਲੇ, ਦੂਜੇ ਦਿਨ ਆਪਣੀ ਨਵੀਨ ਪਤਨੀ ਦੀ ਰੱਬ ਜਾਣੇ ਉਹ ਘੁੰਡ ਜਾਂ ਨੱਥ ਚੁਕਾਈ ਦੀ ਰਸਮ ਦੇ ਨਾਲ ਉਸ ਦਾ ਸਤਿ ਭੰਗ ਕਰਦੇ ਜਾਂ ਕੁਆਰਾਪਨ (ਪੰਜਾਬੀ ਜ਼ੁਬਾਨ ਅਤੇ ਵਸੇਵ ਦਾ ਬਾਬਾ ਵਾਰਿਸ ਸ਼ਾਹ ਇਸ ਕਾਰੇ ਨੂੰ 'ਕਵਾਰ ਦੀਆਂ ਚੂੰਡੀਆਂ ਖੋਲ੍ਹਣੀਆਂ' ਆਖਦਾ ਹੈ):

"ਜਿਹੜਾ ਮੁੱਢ ਕਦੀਮ ਦਾ ਯਾਰ ਮੇਰਾ,<br>
ਉਸ ਚੂੰਡੀਆਂ (ਗੁੱਤਾਂ, ਮੀਢੀਆਂ) ਕਵਾਰ ਦੀਆਂ ਖੋਲ੍ਹੀਆਂ ਨੀ"

ਜਦਕਿ ਅੰਗਰੇਜ਼ੀ ਵਾਲੇ (Deflowering Ceremony) ਆਖਦੇ ਹਨ। ਪਰ ਉਸ ਪਿੱਛੋਂ ਓਹੋ ਜਿਹਾ ਭਾਗਾਂ-ਭਰਿਆ ਦਿਨ ਦੁਬਾਰਾ ਕਦੋਂ ਚੜ੍ਹਨਾ ਹੈ, ਉਸ ਕਦੋਂ ਬਾਰੇ ਤਾਂ ਫਿਰ ਰੱਬ ਹੀ ਜਾਣੇ।





ਉਨ੍ਹਾਂ ਦਾ ਮੱਤ ਕੁਝ ਇਸ ਤਰ੍ਹਾਂ ਦਾ ਸੀ ਕਿ ਸ਼ੇਰ ਸਿਰਫ ਇਕ ਵਾਰ ਸ਼ੇਰਨੀ ਦੇ ਨੇੜੇ ਜਾਂਦਾ ਹੈ, ਉਸ ਪਿੱਛੋਂ ਜੰਗਲ ਦੇ ਕੁੱਤੇ, ਬਿੱਲੇ, ਗਿੱਦੜ, ਲੂੰਬੜ ਆਦਿ ਸ਼ੇਰਨੀ ਦੀ ਸਵਾਰੀ ਕਰਦੇ ਹਨ। ਔਰਤਾਂ ਪ੍ਰਤੀ ਉਨ੍ਹਾਂ ਦਾ ਏਹੋ-ਜਿਹਾ ਵਿਹਾਰ ਕਿਸੇ ਤਰ੍ਹਾਂ ਕੀ ਜੰਗਲੀ ਦਰਿੰਦਿਆਂ ਤੋਂ ਘੱਟ ਸੀ? ਇਹ ਕੀ ਸੀ, ਕਿਉਂ ਸੀ, ਇਹ ਤਾਂ ਏਹੋ ਜਿਹੀਆਂ ਗੱਲਾਂ ਕਰਨ ਵਾਲੇ ਹੀ ਜਾਣਨ, ਸਾਨੂੰ ਤਾਂ ਸਿਰਫ ਐਨਾ ਕੁ ਅੰਦਾਜ਼ਾ ਹੈ ਕਿ ਉਹੋ ਜਿਹੀਆਂ ਸੋਨ-ਪਿੰਜਰਿਆਂ ਵਿਚ ਫਾਥੀਆਂ ਅਨੇਕ ਹੁਸਨ ਬਾਨੋਆਂ ਜਿਹੜੀਆਂ ਫਿਰ ਕਈ ਕਈ ਮਹੀਨੇ, ਬਲਕਿ ਸਾਲਾਂ ਬੱਧੀ ਸੇਜ-ਸੁਆਦ ਚੱਖਣ ਲਈ ਸਹਿਕਦੀਆਂ ਰਹਿੰਦੀਆਂ ਸਨ, ਉਹ ਫਿਰ ਨਿਸਚੇ ਹੀ ਕਦੇ-ਕਦਾਈਂ ਏਧਰ-ਉਧਰ ਮੌਕਾ ਮਿਲਣ ਦੀ ਟੋਹ-ਤਲਾਸ਼ ਵਿਚ ਭਟਕਦੀਆਂ ਰਹਿੰਦੀਆਂ ਹੋਣਗੀਆਂ। ਇਥੇ ਕਿਹੜੀ-ਕਿਹੜੀ ਗੱਲ ਦਾ ਜ਼ਿਕਰ ਛੇੜੀਏ? ਸੋ ਏਨਾ ਲਿਖ ਦੇਣਾ ਹੀ ਕਾਫੀ ਰਹੇਗਾ ਕਿ ਇਨ੍ਹਾਂ ਹਾਥੀਆਂ ਦੀ ਸਵਾਰੀ ਕਰਨ ਵਾਲਿਆਂ ਅਤੇ ਹੀਰੇ ਜਵਾਹਰਾਂ ਨਾਲ ਲੱਦੇ ਤਾਜ ਪਹਿਨਣ ਵਾਲਿਆਂ ਦੀਆਂ ਨਿੱਜੀ ਜ਼ਿੰਦਗੀਆਂ ਬੜੀਆਂ ਹੋਰ ਹੀ ਹੁੰਦੀਆਂ ਨੇ। ਜ਼ਫਰ ਦਾ ਸਮਕਾਲੀਨ ਸੀ ਸਾਡਾ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਸ਼ੇਰ-ਏ-ਪੰਜਾਬ।

ਮਹਾਰਾਜਾ ਰਣਜੀਤ ਸਿੰਘ, ਬਹਾਦਰ ਸ਼ਾਹ ਜ਼ਫਰ ਨਾਲੋਂ ਉਮਰ ਵਿਚ ਪੰਜ ਸਾਲ ਛੋਟਾ ਸੀ, ਉਹ ਕਿਹੋ-ਜਿਹਾ ਸੀ? ਸਿੱਖ ਪੰਥ ਨਾਲ ਮੋਹ ਰੱਖਣ ਵਾਲੇ ਵਿਅਕਤੀ ਉਸ 'ਤੇ ਮੁੱਖ ਇਲਜ਼ਾਮ ਇਹ ਮੜ੍ਹਦੇ ਹਨ ਕਿ ਜੇਕਰ ਉਹ ਖਾਲਸਾਈ ਤੰਤਰ ਜਾਂ ਗੁਰਮਤੇ ਵਾਲੀ ਨੀਤੀ ਅਪਨਾਉਂਦਾ ਤਾਂ ਸਾਡਾ ਰਾਜ ਨਹੀਂ ਸੀ ਖੁੱਸਣਾ। ਹੋਰ ਦੋਸ਼ ਉਸ 'ਤੇ ਇਹ ਲਗਦਾ ਹੈ ਕਿ ਉਸਨੇ ਸ਼ਰਾਬ-ਸ਼ਬਾਬ ਦੇ ਨਸ਼ੇ ਵਿਚ ਆਪਣਾ ਕੋਈ ਯੋਗ ਉਤਰਾਧਿਕਾਰੀ ਤਿਆਰ ਨਹੀਂ ਕੀਤਾ। ਇਕ ਹੋਰ ਲਿਖਾਰੀ ਆਪਣੇ ਮਨ ਦੀ ਭੜਾਸ ਕੱਢਦਿਆਂ ਉਸ ਬਾਰੇ ਲਿਖਦਾ ਹੈ ਕਿ ਉਹ ਸ਼ਰਾਬ ਦੇ ਬਗੈਰ ਸੌਂ ਨਹੀਂ ਸੀ ਸਕਦਾ, ਰੱਜ ਕੇ ਆਚਰਨਹੀਣ ਅਤੇ ਧੋਖੇਬਾਜ਼ ਸੀ ਕਿਉਂਕਿ ਬਾਬਾ ਜੋਧ ਸਿੰਘ ਰਾਮਗੜ੍ਹੀਏ ਨਾਲ ਅਕਾਲ ਤਖਤ 'ਤੇ ਕੀਤੇ ਅਹਿਦਨਾਮੇ ਅਤੇ ਪੱਗ ਵਟਾਈ ਦੇ ਬਾਵਜੂਦ ਉਸਨੂੰ ਧੋਖਾ ਦੇ ਗਿਆ ਸੀ।

ਪਿੱਛੇ ਜਿਹੇ ਇਕ ਹੋਰ ਇਤਿਹਾਸਕਾਰ ਡਾਕਟਰ ਜੀ ਨੇ ਵੱਡਾ ਕਾਰਨਾਮਾ ਇਹ ਕੀਤਾ ਕਿ ਪੰਜਾਬ ਦੇ ਇਤਿਹਾਸ ਬਾਰੇ ਵੱਡ-ਅਕਾਰੀ (ਤਿੰਨ ਜਿਲਦਾਂ) ਕਿਤਾਬ ਛਪਵਾ ਕੇ ਰੱਬ ਜਾਣੇ ਤੋੜਾ ਚਲਾਇਆ ਕਿ ਭੰਗੀਆਂ ਵਾਲੀ ਤੋਪ। ਠੋਕ ਕੇ ਇਹ ਲਿਖ ਦਿੱਤਾ, "ਇਨ੍ਹਾਂ ਰੰਗ-ਮਹਿਫਲਾਂ, ਨਾਚ-ਗਾਣਿਆਂ ਦੀ ਤੁਲਨਾ ਵਿਚ ਮਹਾਰਾਜ ਸਾਹਿਬ ਨੇ ਕਦੀ ਗੁਰੂ ਕੀਰਤਨ ਅਤੇ ਗੁਰਮਤਿ ਸੰਗੀਤ ਦਾ ਅਨੰਦ ਵੀ ਮਾਣਿਆ ਹੈ ਕਿ ਨਹੀਂ? ਇਸ ਗੱਲ ਦੇ ਵੇਰਵੇ ਮਹਾਰਾਜਾ ਸਾਹਿਬ ਦੇ ਜੀਵਨ ਸਮਾਚਾਰਾਂ ਵਿਚੋਂ ਘੱਟ ਹੀ ਮਿਲਦੇ ਹਨ।"

ਇਨ੍ਹਾਂ ਇਤਿਹਾਸਕਾਰਾਂ ਦਾ ਪੰਥ ਵੀ ਨਿਰਾਲਾ ਹੈ। ਕਈ ਵਾਰ ਕਿੰਨੀਆਂ ਬੇਤੁਕੀਆਂ ਮਾਰਦੇ ਰਹਿੰਦੇ ਹਨ ਜਦਕਿ ਹਕੀਕਤ ਇਹ ਹੈ ਕਿ ਮਹਾਰਾਜਾ ਰਬਾਬੀਆਂ ਦੀ ਵੀ ਬੜੀ ਕਦਰ ਕਰਦਾ ਸੀ। ਇਕ ਰਬਾਬੀ ਭਾਈ ਅਮੀਰੇ ਨੂੰ ਉਸਨੇ ਇਕ ਬੇਹੱਦ ਵੱਕਾਰੀ ਅਹੁਦਾ ਬਖਸ਼ਿਆ ਹੋਇਆ ਸੀ। (ਵਧੇਰੇ ਵਿਸਥਾਰ ਲਈ ਦੇਖੋ ਕਰਤਾ ਦੀ ਕਿਤਾਬ 'ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ 1604-2004') ਏਥੋਂ ਤੱਕ ਕਿ ਅੰਮ੍ਰਿਤਸਰੀ ਬਾਜ (Style) ਦਾ ਤਬਲੇ ਦਾ ਪ੍ਰਸਿਧ ਨਾਈਆਂ ਦਾ ਘਰਾਣਾ ਵੀ ਉਸਦੇ ਰਾਜਕਾਲ ਵਿਚ ਹੀ ਸਥਾਪਤ ਹੋਇਆ ਸੀ। ਕੀ ਫਾਰਸੀ ਸ਼ਾਇਰੀ ਦਾ ਕਲਾਸੀਕਲ ਕਲਾਮ, ਕੀ ਰਾਗੀ, ਕੀ ਰਬਾਬੀ, ਕੀ ਕੀਰਤਨ ਅਤੇ ਕੀ ਦੂਜੀ ਤੀਜੀ ਕਲਾਸੀਕਲ ਗਾਇਕੀ, ਉਹ ਸਭ ਕਾਸੇ ਦਾ ਹੀ ਹੁਸਨਕਾਰ ਅਤੇ ਕਦਰਦਾਨ ਸੀ। ਇਥੋਂ ਤੱਕ ਕਿ ਧਰੁਪਦ ਗਾਇਕ ਉਸਤਾਦ ਬਹਿਰਾਮ ਖਾਂ, ਸਹਾਰਨਪੁਰ ਸੰਗੀਤ ਦਾ ਸਤੂਨ, ਜਦੋਂ ਉਸਦੇ ਦਰਬਾਰ ਵਿਚ ਪਹਿਲੀ ਵਾਰ ਆਇਆ ਤਾਂ ਉਹ ਉਸ ਤੋਂ ਐਨਾ ਪ੍ਰਭਾਵਿਤ ਹੋਇਆ ਸੀ ਕਿ ਨਕਦ ਇਨਾਮ ਤੋਂ ਛੁੱਟ ਉਸਨੇ ਉਸਨੂੰ ਗਜ਼ ਭਰ ਲੰਮੀ ਇਬਾਰਤ ਵਾਲਾ ਖਿਤਾਬ ਵੀ ਦਿੱਤਾ ਸੀ, "ਇਲਮਾ ਅਬੁਲ, ਅਵਾਮਿ ਅਰਬਾਬਿ ਇਲਿਮ-ਮੌਸਕੀ, ਖਟ ਸਾਸਤ੍ਰੀ, ਸਵਰ-ਬ੍ਰਿਹਸਪਤੀ, ਪਾਤਾਲ-ਸ਼ੇਸ਼, ਆਕਾਸ਼ ਇੰਦਰ, ਪ੍ਰਿਥਵੀ-ਮਾਂਡਲਕ।" (ਹਕਾਇਤਿ-ਮੌਸੀਕਾਰਾਂ, ਵਲੋਂ ਉਸਤਾਦ ਹੁਸੈਨ ਖਾਂ, ਆਗਰਾ ਘਰਾਣਾ (ਉਰਦੂ) ਸਫਾ 162)

ਸੋ ਏਹੋ ਜਿਹੇ ਤਾਰੀਖੀ ਤੱਥਾਂ ਦੇ ਸਨਮੁੱਖ ਏਹੋ ਜਿਹੀਆਂ ਥੋਥੀਆਂ ਗੱਲਾਂ ਦੀ ਕੀ ਅਹਿਮੀਅਤ ਰਹਿ ਜਾਂਦੀ ਹੈ? ਕਈ ਇਤਿਹਾਸਕਾਰ ਉਹਦੇ ਬਹੁਤੇ ਵਿਆਹਾਂ ਦੀ ਬੜੀ ਚਰਚਾ ਕਰਦੇ ਹਨ। ਇਹ ਠੀਕ ਹੈ ਕਿ ਉਸਦੀਆਂ 17 ਰਾਣੀਆਂ ਮੁਸਲਮਾਨੀਆਂ ਸਨ, ਬਾਕੀ ਦੀਆਂ ਸਿੱਖ ਜਾਂ ਹਿੰਦੂ। ਉਸਦੇ ਰਣਵਾਸ, ਰੈਣਵਾਸ ਜਾਂ ਰਹਿਣਵਾਸ ਵਿਚ ਹਰ ਇਕ ਦਾ ਆਪਣਾ-ਆਪਣਾ ਮਰਤਬਾ ਸੀ ਜਿਵੇਂ ਕਿ ਮਹਾਰਾਣੀਆਂ, ਪਤਨੀਆਂ, ਕੰਚਨੀਆਂ ਅਤੇ ਰਖੇਲਾਂ ਆਦਿ। ਇਨ੍ਹਾਂ ਸਭਨਾਂ ਨੂੰ ਰਾਣੀਆਂ ਦਾ ਦਰਜਾ ਪ੍ਰਾਪਤ ਸੀ, ਪਰ ਰਖੇਲਾਂ ਨੂੰ ਨਹੀਂ। ਮੁਸਲਮਾਨੀਆਂ ਢੇਰ ਕਰ ਕੇ ਪਰਦਾ ਕਰਦੀਆਂ ਸਨ, ਛੋਟ ਮੋਰਾਂ ਅਤੇ ਬਸ਼ੀਰਾਂ ਬਿੱਲੋ ਨੂੰ ਸੀ, ਜਿਨ੍ਹਾਂ ਨੂੰ ਏਹੋ ਜਿਹੇ ਕਿਸੇ ਪੁਆੜੇ ਦੀ ਲੋੜ ਨਹੀਂ ਸੀ ਅਤੇ ਜਿਹੜੀਆਂ ਡਟ ਕੇ ਪੂਰੇ ਠੱਸੇ ਨਾਲ ਉਸਦੀ ਹਾਥੀ 'ਤੇ ਸਵਾਰੀ ਸਮੇਂ ਉਸ ਨਾਲ ਬਰਾਬਰ ਬੈਠ ਸਕਦੀਆਂ ਸਨ।

ਸਾਡੇ ਪ੍ਰਸਿੱਧ ਇਤਿਹਾਸਕਾਰ ਸ. ਖੁਸ਼ਵੰਤ ਸਿੰਘ ਨੇ ਲਿਖਿਆ ਸੀ ਕਿ ਮਹਾਰਾਜਾ ਦਲੀਪ ਸਿੰਘ ਨੇ ਇਕ ਵੇਰ ਇਕ ਵਿਦੇਸ਼ੀ ਨਾਲ ਹੋਈ ਇੰਟਰਵਿਊ ਸਮੇਂ ਇਹ ਕਿਹਾ ਸੀ ਕਿ ਮੈਂ ਆਪਣੇ ਪਿਤਾ ਦੀਆਂ 46 ਰਾਣੀਆਂ ਵਿਚੋਂ ਉਸਦੀ ਆਖਰੀ ਰਾਣੀ ਮਹਾਰਾਣੀ ਜਿੰਦਾਂ ਦਾ ਪੁੱਤਰ ਹਾਂ। ਇਹ ਵਿਆਹ ਮਹਾਰਾਜ ਦਾ ਉਸ ਸਮੇਂ ਹੋਇਆ ਜਦੋਂ ਉਸਦੀ ਉਮਰ 55 ਸਾਲ ਦੀ ਸੀ ਅਤੇ ਜਿੰਦਾਂ ਦੀ 35 ਸਾਲ। ਉਹ ਮੰਨਾ ਸਿੰਘ ਔਲਖ ਦੀ ਧੀ ਸੀ ਜਿਸ ਦਾ ਜਨਮ ਸਿਆਲਕੋਟ ਸ਼ਹਿਰ ਦੇ ਲਾਗੇ ਇਕ ਪਿੰਡ ਚਹਾਰਾਂ ਵਿਖੇ 1817 ਵਿਚ ਹੋਇਆ ਸੀ। ਇਤਫਾਕ ਦੀ ਗੱਲ ਹੈ ਕਿ ਇਹ ਗਰਾਂ ਵੀਹਵੀਂ ਸਦੀ ਦੇ ਇਕ ਮਹਾਨ ਪਹਿਲਵਾਨ ਫੀਰੋਜ਼ਦੀਨ ਉਰਫ ਗੁੰਗੇ ਦੇ ਖਾਨਦਾਨ ਦਾ ਜੱਦੀ ਪਿੰਡ ਵੀ ਸੀ।

ਮਹਾਰਾਜਾ ਰਣਜੀਤ ਸਿੰਘ ਬਾਰੇ ਸਾਰਥਕ ਸਿੱਟੇ ਕੱਢਣੇ ਭਾਵੇਂ ਬੜੇ ਸਮਰੱਥ ਇਤਿਹਾਸਕਾਰਾਂ ਦਾ ਕੰਮ ਹੈ, ਪਰ ਜੋ ਕੁਝ ਮੈਂ ਘੋਖਿਆ-ਵਾਚਿਆ ਹੈ ਉਹ ਇਹ ਹੈ ਕਿ ਪੰਜਾਬ ਵਿਚ ਅਮਨ ਦੀ ਬਹਾਲੀ ਲਈ, ਖੁਸ਼ਹਾਲੀ ਲਿਆਉਣ ਲਈ ਮਿਸਲਾਂ ਦੀ ਭੰਨਤੋੜ ਕਰਨੀ ਅਤੇ ਖਬਰੇ ਐਨੇ ਖਾਨਦਾਨਾਂ ਨਾਲ ਕੁੜਮਾਚਾਰੀ ਪਾਉਣੀ ਵੀ ਉਸ ਸਮੇਂ ਦੀਆਂ ਲੋੜਾਂ ਸਨ। ਸਿੱਖੀ ਵਿਚਾਰਧਾਰਾ ਅਨੁਸਾਰ ਸਰਕਾਰ ਚਲਾਉਣੀ, ਇਹ ਤਾਂ ਇਕ ਵਿਸ਼ਵ ਪੱਧਰ ਦੀ ਸੋਚ ਵਾਲੀ ਗੱਲ ਸੀ, ਪਰ ਖਬਰੇ ਉਸ ਕੋਲੋਂ ਅਜਿਹਾ ਇਸ ਕਰਕੇ ਨਹੀਂ ਹੋ ਸਕਿਆ ਕਿ ਉਹ ਉਨ੍ਹਾਂ ਮੁਗਲ ਸਮਿਆਂ ਦੀ ਪੈਦਾਵਾਰ ਸੀ ਜਦੋਂ ਬਹੁ-ਬੀਵੀ ਦਾ ਰਿਵਾਜ ਜ਼ੋਰਾਂ 'ਤੇ ਸੀ। ਆਲੇ-ਦੁਆਲੇ ਦੇ ਮਾਹੌਲ ਦਾ ਕਿਸ 'ਤੇ ਅਸਰ ਨਹੀਂ ਪੈਂਦਾ? ਮੇਰੇ ਖਿਆਲ ਅਨੁਸਾਰ ਕਿਸੇ ਵੀ ਵਿਅਕਤੀ ਬਾਰੇ ਕਿ ਉਹ ਕਿੱਡੇ ਕੁ ਪੱਧਰ ਦਾ ਹੁਕਮਰਾਨ ਸੀ, ਉਸਦੇ ਗੁਣ-ਔਗੁਣ, ਆਪਣੇ ਕਾਲ ਵਿਚ ਉਸਨੇ ਕੀ ਕੀਤਾ, ਕੀ ਨਹੀਂ, ਇਸ ਸਭ ਕਾਸੇ ਨੂੰ ਵਿਚਾਰ ਕੇ ਹੀ ਕੋਈ ਪਰਪੱਕ ਰਾਏ ਬਣਾਉਣੀ ਚਾਹੀਦੀ ਹੈ। ਇਸ ਹਿਸਾਬ ਨਾਲ ਉਹ ਇਕ ਬਹੁਤ ਵੱਡਾ ਬਾਦਸ਼ਾਹ ਹੋ ਨਿਬੜਦਾ ਹੈ।

ਉਸ ਬਾਰੇ ਡਾ. ਹਰੀ ਰਾਮ ਗੁਪਤਾ ਠੀਕ ਹੀ ਤਾਂ ਲਿਖਦੇ ਹਨ, "ਇਕ ਮਨੁੱਖ ਵਜੋਂ, ਸੂਰਬੀਰ, ਵਿਜੈਈ ਜਰਨੈਲ, ਪ੍ਰਸ਼ਾਸਕ, ਹੁਕਮਰਾਨ ਅਤੇ ਨੀਤੀਵਾਨ ਦੇ ਰੂਪ ਵਿਚ ਮਹਾਰਾਜਾ ਰਣਜੀਤ ਸਿੰਘ ਸੰਸਾਰ ਦੇ ਮਹਾਨ ਸਮਰਾਟਾਂ ਵਿਚ ਮਹਾਨਤਮ ਪਦਵੀ ਦਾ ਸੁਆਮੀ ਹੈ।" ਉਸਦੇ ਜੀਵਨੀਕਾਰ ਸਰ ਲਿਪਲ ਗ੍ਰਿੱਫਿਨ ਅਨੁਸਾਰ, "ਨਿਰਸੰਦੇਹ ਉਸਦਾ ਨਾਂ ਜੂਲੀਅਸ ਸੀਜ਼ਰ ਤੋਂ ਲੈ ਕੇ ਨੈਪੋਲੀਅਨ ਬੋਨਾਪਾਰਟ ਤੱਕ ਹੋਏ ਮਹਾਨ ਸਮਰਾਟਾਂ ਵਿਚ ਗਿਣਿਆ ਜਾਂਦਾ ਹੈ।"

ਦੇਸ਼ ਦੇ ਆਖਰੀ ਇਨ੍ਹਾਂ ਦੋਹਾਂ ਬਾਦਸ਼ਾਹਾਂ ਦੀ ਹੋਣੀ ਵੀ ਏਨੀ ਕੁ ਰਲਦੀ ਮਿਲਦੀ ਹੈ ਕਿ ਜ਼ਫਰ ਨੂੰ ਜਿੱਥੇ ਆਪਣੇ ਕੂਏ-ਯਾਰ, ਆਪਣੇ ਦੇਸ਼ ਵਿਚ ਦਫਨ ਲਈ ਦੋ ਗਜ ਜ਼ਮੀਨ ਵੀ ਨਾ ਮਿਲੀ, ਉਥੇ ਇਹੋ ਜਿਹਾ ਹਾਲ ਹੀ ਸ਼ੇਰਿ-ਪੰਜਾਬ ਦੇ ਸਾਹਿਬਜ਼ਾਦੇ ਮਹਾਰਾਜਾ ਦਲੀਪ ਸਿੰਘ ਦਾ ਵੀ ਹੋਇਆ।

# ਲਾਹੌਰ ਰਾਜ ਦਾ ਹੋਣਹਾਰ ਵਾਰਿਸ ਸੀ ਸ਼ੇਰ ਸਿੰਘ

**ਸ. ਕੋਛੜ**

ਮਹਾਰਾਜਾ ਸ਼ੇਰ ਸਿੰਘ ਦਾ ਜਨਮ ਮਹਾਰਾਣੀ ਮਹਿਤਾਬ ਕੌਰ ਦੀ ਕੁੱਖੋਂ 4 ਦਸੰਬਰ 1807 ਨੂੰ ਹੋਇਆ। ਇਹ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਦੂਜਾ ਸ਼ਹਿਜ਼ਾਦਾ ਸੀ। ਇਸ ਦਾ ਜਨਮ ਸ਼ਹਿਜ਼ਾਦਾ ਖੜਕ ਸਿੰਘ ਤੋਂ ਬਾਅਦ ਦੂਜੇ ਨੰਬਰ 'ਤੇ ਹੋਇਆ। ਇਸ ਨੂੰ ਯੁੱਧ ਵਿੱਦਿਆ ਦੇ ਨਾਲ-ਨਾਲ ਅੰਗਰੇਜ਼ੀ ਅਤੇ ਫ੍ਰੈਂਚ ਵਿਚ ਵੀ ਚੰਗੀ ਸੂਝ-ਬੂਝ ਸੀ। ਮਹਾਰਾਜੇ ਨੇ ਆਪਣੇ ਇਸ ਹੋਣਹਾਰ ਸ਼ਹਿਜ਼ਾਦੇ ਨੂੰ ਬਾਕੀ ਸ਼ਹਿਜ਼ਾਦਿਆਂ ਤੋਂ ਵਧੇਰੇ ਸਨਮਾਨ ਤੇ ਜਾਗੀਰਾਂ ਨਾਲ ਨਿਵਾਜਿਆ। ਰਣਤੱਤਿਆਂ ਅਤੇ ਮੁਲਕੀ ਦੌਰਿਆਂ ਸਮੇਂ ਇਹ ਜ਼ਿਆਦਾਤਰ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਹੀ ਰਹਿੰਦਾ ਰਿਹਾ, ਜਿਸ ਕਾਰਨ ਆਪਣੇ-ਆਪ ਇਸ ਵਿਚ ਉਨ੍ਹਾਂ ਵਾਲੇ ਗੁਣ ਆ ਗਏ।

ਸ਼ਹਿਜ਼ਾਦਾ ਸ਼ੇਰ ਸਿੰਘ ਦਾ ਪਹਿਲਾ ਵਿਆਹ ਨਕੱਈ ਮਿਸਲ ਦੇ ਰਈਸ ਦੀ ਧੀ ਬੀਬੀ ਦੇਸਾਂ ਨਾਲ ਹੋਇਆ, ਜਿਸ ਦਾ ਥੋੜ੍ਹੇ ਸਮੇਂ ਬਾਅਦ ਹੀ ਦਿਹਾਂਤ ਹੋ ਗਿਆ। ਉਸ ਦੇ ਚਲਾਣੇ ਤੋਂ ਬਾਅਦ ਸ਼ਹਿਜ਼ਾਦੇ ਦਾ ਦੂਜਾ ਵਿਆਹ ਸ. ਹਰੀ ਸਿੰਘ ਵੜੈਚ (ਲਾਧੋਵਾਲੀਏ) ਦੀ ਧੀ ਬੀਬੀ ਪ੍ਰੇਮ ਕੌਰ ਨਾਲ ਹੋਇਆ, ਜਿਸ ਨੇ 14 ਦਸੰਬਰ 1831 ਨੂੰ ਸ਼ਹਿਜ਼ਾਦਾ ਪ੍ਰਤਾਪ ਸਿੰਘ ਨੂੰ ਜਨਮ ਦਿੱਤਾ। ਇਨ੍ਹਾਂ ਤੋਂ ਇਲਾਵਾ ਸ਼ੇਰ ਸਿੰਘ ਨੇ ਕ੍ਰਮਵਾਰ ਰਾਣੀ ਪ੍ਰਤਾਪ ਕੌਰ (ਪੁੱਤਰੀ ਸ. ਜਗਤ ਸਿੰਘ ਬਰਾੜ), ਰਾਣੀ ਦਖਣੂ, ਰਾਣੀ ਧਰਮ ਕੌਰ ਰੰਧਾਵੀ (ਪੁੱਤਰੀ ਸ. ਜੋਧ ਸਿੰਘ ਰੰਧਾਵਾ), ਰਾਣੀ ਨੰਦ ਕੌਰ (ਪੁੱਤਰੀ ਸ. ਚੰਡਾ ਸਿੰਘ ਭਿੱਟੀਵਿੱਡ) ਅਤੇ ਰਾਣੀ ਜੇਬੋ ਨਾਲ ਵੀ ਵਿਆਹ ਕੀਤਾ।

ਜੂਨ 1839 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਦਿਹਾਂਤ ਤੋਂ ਜਲਦੀ ਬਾਅਦ ਜਦੋਂ ਉਨ੍ਹਾਂ ਦੇ ਵੱਡੇ ਸ਼ਹਿਜ਼ਾਦੇ ਮਹਾਰਾਜਾ ਖੜਕ ਸਿੰਘ ਅਤੇ ਪੋਤਰੇ ਕੰਵਰ ਨੌਨਿਹਾਲ ਸਿੰਘ ਦਾ ਇਕੋ ਦਿਨ ਕਤਲ ਹੋ ਗਿਆ ਤਾਂ ਇਹ ਸਮੱਸਿਆ ਖੜ੍ਹੀ ਹੋ ਗਈ ਕਿ ਖਾਲਸਾ ਰਾਜ ਦੀ ਅਗਵਾਈ ਕੌਣ ਕਰੇਗਾ? ਕੰਵਰ ਸ਼ੇਰ ਸਿੰਘ ਨੂੰ ਤਖ਼ਤ 'ਤੇ ਬਿਠਾਉਣ ਦੀ ਗੱਲ ਚੱਲੀ ਤਾਂ ਗੁਲਾਬ ਸਿੰਘ ਡੋਗਰੇ ਨੇ ਚਾਲ ਚੱਲ ਕੇ ਮਹਾਰਾਜਾ ਖੜਕ ਸਿੰਘ ਦੀ ਪਤਨੀ ਮਹਾਰਾਣੀ ਚੰਦ ਕੌਰ ਨੂੰ ਤਖਤ 'ਤੇ ਬਿਠਾ ਦਿੱਤਾ। ਉਸ ਦੀ ਸ਼ਿਖਾਵਤ ਵਿਚ ਆ ਕੇ ਚੰਦ ਕੌਰ ਨੇ ਵੀ ਇਹ ਬਹਾਨਾ ਬਣਾ ਦਿੱਤਾ ਕਿ ਕੰਵਰ ਨੌਨਿਹਾਲ ਸਿੰਘ ਦੀ ਰਾਣੀ ਸਾਹਿਬ ਕੌਰ ਗਰਭਵਤੀ ਹੈ। ਜੇਕਰ ਉਸ ਦੇ ਘਰ ਲੜਕਾ ਹੋਇਆ ਤਾਂ ਮਹਾਰਾਜਾ ਉਹ ਬਣੇਗਾ ਅਤੇ ਜੇਕਰ ਲੜਕੀ ਹੋਈ ਤਾਂ ਸ਼ੇਰ ਸਿੰਘ ਮਹਾਰਾਜਾ ਬਣੇਗਾ।

ਇਸ 'ਤੇ ਸ਼ੇਰ ਸਿੰਘ ਬਟਾਲਾ ਵਾਪਸ ਆ ਗਏ। ਕੁਝ ਸਮੇਂ ਬਾਅਦ ਇਸ ਗੱਲ ਦਾ ਪਰਦਾ ਫਾਸ਼ ਹੋ ਗਿਆ ਕਿ ਕੰਵਰ ਨੌਨਿਹਾਲ ਸਿੰਘ ਦੀ ਕੋਈ ਵੀ ਰਾਣੀ ਗਰਭਵਤੀ ਨਹੀਂ ਸੀ। ਡੋਗਰਾ ਸਰਦਾਰਾਂ ਨੇ ਦੋ ਗਰਭਵਤੀ ਕਸ਼ਮੀਰੀ ਔਰਤਾਂ ਨੂੰ ਧਨ ਦਾ ਲਾਲਚ ਦੇ ਕੇ ਇਹ ਕਹਿ ਰੱਖਿਆ ਸੀ ਕਿ ਜਿਸ ਦੇ ਲੜਕਾ ਪੈਦਾ ਹੋਵੇਗਾ, ਉਹ ਰਾਣੀ ਸਾਹਿਬ ਕੌਰ ਦੀ ਝੋਲੀ ਵਿਚ ਪਾ ਦੇਵੇ ਪਰ ਦੋਵੇਂ ਪਹਾੜਨਾਂ ਦੇ ਘਰ ਲੜਕੀਆਂ ਹੀ ਪੈਦਾ ਹੋਈਆਂ।

ਡੋਗਰਿਆਂ ਦੀਆਂ ਅਜਿਹੀਆਂ ਚਾਲਾਂ ਅਤੇ ਲਗਾਤਾਰ ਹੋ ਰਹੀਆਂ ਲੁੱਟ-ਖਸੁੱਟ ਅਤੇ ਅਤਿਆਚਾਰ ਦੀਆਂ ਕਾਰਵਾਈਆਂ ਨਾਲ ਪੂਰੇ ਲਾਹੌਰ ਵਿਚ ਬਦਅਮਨੀ ਫੈਲ ਚੁੱਕੀ ਸੀ ਅਤੇ ਰਾਜ-ਗੱਦੀ ਦੀ ਪ੍ਰਾਪਤੀ ਲਈ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਸਨ। ਰਾਜ ਦੀ ਇਸ ਵਿਗੜੀ ਹਾਲਤ ਨੂੰ ਸੁਧਾਰਨ ਲਈ ਰਾਜ ਦੇ ਪੰਚਾਂ ਅਤੇ ਮੁਲਕੀ ਦਰਬਾਰੀਆਂ ਨੇ ਮੀਆਂ ਮੀਰ ਛਾਉਣੀ ਵਿਚ ਇਕ ਇਕੱਠ ਕਰਕੇ, ਸਰਬਸੰਮਤੀ ਨਾਲ ਫੈਸਲਾ ਲਿਆ ਕਿ ਪੰਜਾਬ ਦਾ ਰਾਜ ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਸੌਂਪਣ ਲਈ ਜਲਦ ਤੋਂ ਜਲਦ ਉਸਨੂੰ ਲਾਹੌਰ ਬੁਲਾਇਆ ਜਾਵੇ।


14 ਜਨਵਰੀ 1841 ਨੂੰ ਰਾਤ ਦੇ 8 ਵਜੇ ਸ਼ਹਿਜ਼ਾਦਾ ਸ਼ੇਰ ਸਿੰਘ ਨੇ ਲਾਹੌਰ 'ਤੇ ਚੜ੍ਹਾਈ ਕਰ ਦਿੱਤੀ। ਪਰ ਡੋਗਰਾ ਸਰਦਾਰਾਂ ਨੇ ਆਪਣੇ-ਆਪ ਮਹਾਰਾਣੀ ਵਲੋਂ ਸ਼ਹਿਰ ਵਿਚ ਇਹ ਐਲਾਨ ਕਰ ਦਿੱਤਾ ਕਿ ਖਾਲਸਾ ਰਾਜ ਦੇ ਕੁਝ ਦੁਸ਼ਮਣ ਸੇਰ ਸਿੰਘ ਨੂੰ ਬਟਾਲਾ ਤੋਂ ਲਾਹੌਰ 'ਤੇ ਚੜ੍ਹਾਈ ਕਰਨ ਲਈ ਲੈ ਕੇ ਆਏ ਹਨ ਅਤੇ ਸ਼ੇਰ ਸਿੰਘ ਲਾਹੌਰ 'ਤੇ ਕਬਜ਼ਾ ਕਰਕੇ ਰਾਣੀ ਨੂੰ ਬਾਹਰ ਕੱਢ ਦੇਵੇਗਾ। ਇਸ ਲਈ ਸਭ ਡਟ ਕੇ ਸ਼ੇਰ ਸਿੰਘ ਦਾ ਮੁਕਾਬਲਾ ਕਰਨ ਅਤੇ ਉਸ ਨੂੰ ਸ਼ਹਿਰ 'ਤੇ ਕਬਜ਼ਾ ਨਾ ਕਰਨ ਦੇਣ। ਇਸ ਸਭ ਦੇ ਬਾਵਜੂਦ ਸ਼ੇਰ ਸਿੰਘ ਨੇ ਕਿਲ੍ਹਾ ਲਾਹੌਰ 'ਤੇ ਕਬਜ਼ਾ ਕਰ ਲਿਆ, ਜਿਸ ਤੋਂ ਬਾਅਦ 27 ਜਨਵਰੀ 1841 ਨੂੰ ਉਸ ਨੂੰ ਮਹਾਰਾਜਗੀ ਦਾ ਤਿਲਕ ਲਗਾਇਆ ਗਿਆ।

ਡੋਗਰਾ ਸਰਦਾਰਾਂ-ਗੁਲਾਬ ਸਿੰਘ ਅਤੇ ਧਿਆਨ ਸਿੰਘ ਨੇ ਇਕ ਯੋਜਨਾ ਤਹਿਤ 11 ਜੂਨ 1842 ਨੂੰ ਰਾਣੀ ਚੰਦ ਕੌਰ ਦਾ ਉਸੇ ਦੀਆਂ ਪਹਾੜਨ ਦਾਸੀਆਂ ਹੱਥੋਂ ਕਤਲ ਕਰਵਾਉਣ ਤੋਂ ਬਾਅਦ ਸੰਧਾਵਾਲੀਆ ਸਰਦਾਰਾਂ ਨਾਲ ਮਿਲ ਕੇ ਮਹਾਰਾਜਾ ਸ਼ੇਰ ਸਿੰਘ ਨੂੰ ਖਤਮ ਕਰਨ ਦੀ ਯੋਜਨਾ ਬਣਾਈ, ਜਿਸ ਦੇ ਚਲਦਿਆਂ 15 ਸਤੰਬਰ 1843 ਨੂੰ ਖੇਡਾਂ ਦੇ ਸ਼ੌਕੀਨ ਮਹਾਰਾਜਾ ਸ਼ੇਰ ਸਿੰਘ ਦੇ ਸਾਹਮਣੇ ਇਕ ਖੇਡ ਮੇਲਾ ਕਰਵਾਇਆ ਗਿਆ। ਮਹਾਰਾਜਾ ਸ਼ਾਹ ਬਲੋਲ (ਨਵਾਂ ਨਾਂ ਕੋਟ ਖ਼ਵਾਜ਼ਾ ਸਈਦ) ਵਿਚ ਕੁਰਸੀ 'ਤੇ ਬੈਠੇ ਹੋਏ ਸਨ (ਉਸ ਦਿਨ ਧਿਆਨ ਸਿੰਘ ਡੋਗਰਾ ਬਿਮਾਰੀ ਦਾ ਬਹਾਨਾ ਬਣਾ ਕੇ ਕਿਲ੍ਹੇ ਵਿਚ ਹੀ ਰਹਿ ਗਿਆ)। ਅਜੀਤ ਸਿੰਘ ਸੰਧਾਵਾਲੀਆ 400 ਘੋੜਸਵਾਰਾਂ ਦੇ ਅੱਗੇ ਚਲਦਾ ਹੋਇਆ ਮਹਾਰਾਜਾ ਦੇ ਸਾਹਮਣੇ ਪੇਸ਼ ਹੋਇਆ ਅਤੇ ਹਥਿਆਰ ਰੱਖਣ ਅਤੇ ਖਰੀਦਣ ਦੇ ਸ਼ੌਕੀਨ ਮਹਾਰਾਜਾ ਸ਼ੇਰ ਸਿੰਘ ਦੇ ਹਜ਼ੂਰ ਵਿਚ ਇਕ ਦੋਨਾਲੀ ਮੌਲੀਦਾਰ ਰਾਈਫਲ ਪੇਸ਼ ਕੀਤੀ। ਜਿਉਂ ਹੀ ਸ਼ੇਰ ਸਿੰਘ ਉਸ ਨੂੰ ਫੜਨ ਲਈ ਉਠੇ, ਅਜੀਤ ਸਿੰਘ ਨੇ ਉਨ੍ਹਾਂ 'ਤੇ ਗੋਲੀ ਚਲਾ ਦਿੱਤੀ ਅਤੇ ਉਹ ਤੜਫ ਕੇ ਉਥੇ ਹੀ ਕੁਰਸੀ 'ਤੇ ਡਿੱਗ ਪਏ। ਉਨ੍ਹਾਂ ਦੇ ਮੂੰਹੋਂ ਸਿਰਫ ਏਨਾ ਹੀ ਨਿਕਲਿਆ 'ਯਹ ਤੋ ਦਗ਼ਾ ਹੈ।' ਹਾਲੇ ਉਹ ਆਖਰੀ ਸਾਹ ਲੈ ਹੀ ਰਹੇ ਸਨ ਕਿ ਅਜੀਤ ਸਿੰਘ ਨੇ ਤਲਵਾਰ ਨਾਲ ਉਨ੍ਹਾਂ ਦਾ ਸਿਰ ਕੱਟ ਕੇ ਨੇਜ਼ੇ ਉਪਰ ਚੜ੍ਹਾ ਦਿੱਤਾ। ਉਧਰ ਦੂਸਰੇ ਪਾਸੇ ਗੋਲੀ ਦੀ ਆਵਾਜ਼ ਸੁਣਦਿਆਂ ਹੀ ਲਹਿਣਾ ਸਿੰਘ ਸੰਧਾਵਾਲੀਆ ਨੇ ਤਲਵਾਰ ਫੜੀ ਅਤੇ ਸ਼ਹਿਜ਼ਾਦਾ ਪ੍ਰਤਾਪ ਸਿੰਘ ਵਲ ਚੱਲ ਪਿਆ ਤੇ ਪ੍ਰਤਾਪ ਸਿੰਘ ਦੀ ਗਰਦਨ ਕੱਟ ਕੇ ਨੇਜ਼ੇ ਉਪਰ ਟੰਗ ਲਈ। ਬਾਅਦ ਵਿਚ ਇਨ੍ਹਾਂ ਦੋਵਾਂ ਦੇ ਕੱਟੇ ਸਿਰ ਕਿਲ੍ਹੇ ਵਿਚੋਂ ਮਿਲ ਗਏ। ਸ਼ਾਹ ਬਲੋਲ ਦੀ ਵਲਗਣ ਵਿਚ ਮਹਾਰਾਜ ਸ਼ੇਰ ਸਿੰਘ ਤੇ ਟਿੱਕਾ ਪ੍ਰਤਾਪ ਸਿੰਘ ਦੀਆਂ ਲਾਸ਼ਾਂ ਨੂੰ ਇਕੋ ਅੰਗੀਠੇ ਵਿਚ ਸਸਕਾਰਿਆ ਗਿਆ।

## ਕਹਾਣੀ

***ਧਰਮ ਮਨੁੱਖ ਦਾ ਰਹਿਬਰ ਹੈ ਜਾਂ ਮਨੁੱਖ ਦੀ ਸੀਮਾ। ਇਹ ਸਵਾਲ ਸਦੀਆਂ ਤੋਂ ਚਲਦਾ ਆਇਆ ਹੈ। ਹਰ ਧਰਮ ਮਨੁੱਖ ਦੇ ਕਲਿਆਣ ਦੀ ਗੱਲ ਕਰਦਾ ਹੈ ਫਿਰ ਵੀ ਇਸ ਨੂੰ ਮੰਨਣ ਵਾਲੇ ਪਤਾ ਨਹੀਂ ਕਿਉਂ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਜਾਂਦੇ ਹਨ? ਕੁਝ ਅਜਿਹੀ ਹੀ ਗੱਲ ਹੈ ਦਲਬੀਰ ਚੇਤਨ ਦੀ ਇਸ ਕਹਾਣੀ ਵਿਚ। -ਸੰਪਾਦਕ***

# ਦਰ-ਦਰਵੇਸ਼



**ਦਲਬੀਰ ਚੇਤਨ**

'ਬੀਬਾ ਮੈਂ ਅੰਦਰ ਆ ਸਕਦਾਂ?' ਕੋਈ ਓਪਰਾ ਬੰਦਾ ਬੜੇ ਹੀ ਅਦਬ ਨਾਲ ਘਰ ਦੀਆਂ ਮੁਹਾਠਾਂ ਧੋ ਰਹੀ ਔਰਤ ਨੂੰ ਪੁੱਛਦਾ ਹੈ।

ਦਹਿਲੀਜ਼ਾਂ ਧੋ ਰਹੀ ਔਰਤ ਤ੍ਰਭਕ ਜਾਂਦੀ ਹੈ। ਮੂੰਹ-ਹਨੇਰੇ 'ਚ ਉਹ ਪੁੱਛਣ ਵਾਲੇ ਦਾ ਮੂੰਹ ਵੇਖਦੀ ਹੈ ਪਰ ਚਿਹਰਾ ਧੁੰਦਲਾ ਜਿਹਾ ਹੀ ਦਿਸਦਾ ਹੈ। ਪੋਹ ਦੀ ਧੁੰਦ ਕਾਰਨ, ਵਰਾਂਡੇ 'ਚ ਜਗ ਰਹੀ ਬੱਤੀ ਦਾ ਚਾਨਣ ਵੀ ਬੜਾ ਮੱਧਮ ਜਿਹਾ ਹੈ। ਉਂਜ ਤਾਂ ਕਾਲੇ ਦਿਨਾਂ 'ਚ ਚਾਨਣ ਦੀ ਬੜੀ ਲੋੜ ਸੀ ਪਰ ਕਾਲੇ ਦਿਨਾਂ ਤੋਂ ਹੀ ਡਰਦਿਆਂ, ਲੋਕਾਂ ਨੇ ਬਾਹਰਲੇ ਬੂਹਿਆਂ ਉਤੇ ਲੱਗੀਆਂ ਬੱਤੀਆਂ ਆਪਣੇ ਹੱਥੀਂ ਹੀ ਲਾਹ ਦਿੱਤੀਆਂ ਸਨ।

ਸਹਿਮੀ ਔਰਤ ਬੜੇ ਗਹੁ ਨਾਲ ਉਸ ਓਪਰੇ ਬੰਦੇ ਨੂੰ ਵਿੰਹਦੀ ਹੈ। ਉਹ ਕੋਈ ਦਰਵੇਸ਼ ਜਿਹੀ ਕਿਸਮ ਦਾ ਲਗਦਾ ਹੈ। ਪਿਛਾਂਹ ਨੂੰ ਮੋਢਿਆਂ ਤੱਕ ਲਟਕ ਰਹੇ ਸਿਰ ਦੇ ਚਿੱਟੇ ਵਾਲ। ਲੰਮੀ ਸਫੈਦ ਦਾਹੜੀ, ਗਲ ਲੰਮਾ ਚਿੱਟਾ ਚੋਲਾ, ਪੈਰੀਂ ਖੜਾਵਾਂ ਤੇ ਹੱਥ ਵਿਚ ਖੂੰਡੀ। ਉਹ ਉਸ ਨੂੰ ਨਿਹਾਰਦੀ, ਡਰੀ ਸਹਿਮੀ ਜਿਹੀ ਬੜਾ ਕੁਝ ਸੋਚਦੀ ਹੈ। ਓਪਰੇ ਬੰਦਿਆਂ ਨਾਲ ਜੁੜੀ ਦਹਿਸ਼ਤ ਦਾ ਖਿਆਲ ਉਸ ਨੂੰ ਹਲੂਣ ਸੁੱਟਦਾ ਹੈ। ਉਸ ਨੂੰ ਕੁਝ ਵੀ ਨਹੀਂ ਅਹੁੜ ਰਿਹਾ ਕਿ ਉਹ ਕੀ ਜਵਾਬ ਦੇਵੇ...।

ਅੰਮ੍ਰਿਤ ਵੇਲੇ ਉਠ ਕੇ ਬਾਹਰਲੀਆਂ ਦਹਿਲੀਜ਼ਾਂ ਧੋਣਾ ਇਸ ਔਰਤ ਦਾ ਨਿੱਤਨੇਮ ਹੈ। ਮਰਨ ਵਾਲਾ ਕਿਹਾ ਕਰਦਾ ਸੀ, 'ਸਵੱਖਤੇ ਉਠ ਕੇ ਘਰ ਦੀਆਂ ਮੁਹਾਠਾਂ ਧੋ ਲੈਣੀਆਂ ਚਾਹੀਦੀਆਂ। ਕੀ ਪਤਾ ਕਿਹੜੇ ਵੇਲੇ ਕੋਈ ਘਰ ਆ ਜਾਵੇ।' ਉਹਦੀ ਯਾਦ ਆਉਂਦਿਆਂ ਉਹਦੇ ਕਾਲਜੇ ਜਿਵੇਂ ਰੁੱਗ ਭਰਿਆ ਗਿਆ ਤੇ ਉਹ ਹੋਰ ਵੀ ਸਹਿਮ ਜਾਂਦੀ ਹੈ ਪਰ ਉਹਨੂੰ ਮਰਨ ਵਾਲੇ ਦੇ ਬੋਲ ਯਾਦ ਆਉਂਦੇ ਨੇ ਜਿਹੜਾ ਕਿਹਾ ਕਰਦਾ ਸੀ, 'ਵੇਖ, ਇਸ ਬੂਹੇ 'ਤੇ ਮਾਰੀ ਕੋਈ ਵੀ ਆਵਾਜ਼ ਕਦੇ ਵੀ ਖਾਲੀ ਨਹੀਂ ਮੁੜਨੀ ਚਾਹੀਦੀ।' ਉਹ ਆਪਣੇ ਅੰਦਰ ਉਗਮ ਆਏ ਸਹਿਮ ਨੂੰ ਪਰ੍ਹੇ ਸੁੱਟਦਿਆਂ ਕਹਿੰਦੀ ਹੈ, 'ਜੀ, ਜੀ ਆਇਆਂ ਨੂੰ, ਬੱਸ ਦਲ੍ਹੀਜਾਂ 'ਤੇ ਪਾਣੀ ਦਾ ਆਖਰੀ ਛੱਟਾ ਮਾਰ ਲੈਣ ਦਉ।'

ਦਰਵੇਸ਼ਾਂ ਵਰਗਾ ਬੰਦਾ ਅੰਦਰ ਲੰਘ ਆਇਆ। ਔਰਤ ਨੇ ਉਸ ਨੂੰ ਬੈਠਣ ਲਈ ਉਚਾ ਮੂੜ੍ਹਾ ਦਿੱਤਾ ਤੇ ਆਪ ਪੀੜ੍ਹੀ ਉਤੇ ਬੈਠ ਗਈ। ਦਰਵੇਸ਼ ਨੇ ਮੂੜ੍ਹੇ ਉਤੇ ਬੈਠ ਕੇ ਅੱਖਾਂ ਮੁੰਦ ਲਈਆਂ। ਔਰਤ ਇਕ ਟੱਕ ਉਸ ਨੂੰ ਨਿਹਾਰਨ ਲੱਗੀ। ਚਿਹਰੇ ਉਤੇ ਥਕਾਵਟ ਤੇ ਪੈਰ ਧੂੜ ਨਾਲ ਅੱਟੇ ਪਏ ਸਨ। ਪਿੱਠ 'ਤੇ ਮਿਲਟਰੀ ਵਾਲਿਆਂ ਵਰਗਾ ਵੱਡਾ ਸਾਰਾ ਪਿੱਠੂ ਸੀ। ਚਿੱਟਾ ਚੋਲਾ ਮੈਲਾ-ਕੁਚੈਲਾ ਹੋਇਆ ਪਿਆ ਸੀ। ਲੱਗਦਾ ਸੀ ਜਿਵੇਂ ਉਹ ਬੜੇ ਹੀ ਲੰਮੇ ਤੇ ਔਖੇ ਰਾਹਾਂ 'ਚੋਂ ਲੰਘ ਕੇ ਆਇਆ ਹੋਵੇ। ਉਹਦੇ ਬੀਬੇ ਜਿਹੇ ਚਿਹਰੇ ਨੂੰ ਵੇਖ ਔਰਤ ਦਾ ਸਹਿਮ ਕੁਝ ਘਟਿਆ ਪਰ ਫੇਰ ਵੀ ਉਹ ਸੋਚਣ ਲੱਗੀ, 'ਕੌਣ ਹੋਵੇਗਾ ਇਹ? ਤੇ ਇਸ ਤੋਂ ਵੱਡੀ ਗੱਲ ਕਿ ਇਸ ਨੂੰ ਪੁੱਛਿਆ ਕਿੱਦਾਂ ਜਾਵੇ ਕਿ ਕੌਣ ਹੈ ਇਹ?' ਔਰਤ ਅਜੇ ਤੱਕ ਵੀ ਦੁਚਿੱਤੀ 'ਚ ਸੀ।

ਦਰਵੇਸ਼ ਨੇ ਅੱਖਾਂ ਉਘੇੜੀਆਂ ਤੇ ਆਪਣੇ ਮੋਢਿਆਂ ਦੁਆਲਿਉਂ ਤਣੀਆਂ ਖੋਲ੍ਹ ਪਿੱਠੂ ਨੂੰ ਲਾਹ ਕੇ ਫਰਸ਼ ਉਤੇ ਰੱਖ ਦਿੱਤਾ। 'ਬੌਤ੍ਹ ਥੱਕ ਗਿਆ ਹਾਂ ਬੀਬਾ, ਥੋੜ੍ਹਾ ਰਾਮ ਕਰਨ ਨੂੰ ਜੀ ਕਰਦੇ।' ਦਰਵੇਸ਼ ਨੇ ਆਖਿਆ।

'ਠੀਕ ਐ, ਪਰ ਜੇ ਚਾਹੋ ਤਾਂ ਗਰਮ ਪਾਣੀ ਨਾਲ ਪੈਰ ਵੀ ਧੋ ਲਵੋ, ਕੁਝ ਥਕਾਵਟ ਲਹਿ ਜਾਏਗੀ।' ਪਤਾ ਨਹੀਂ ਉਹ ਕਿਵੇਂ ਉਂਜ ਦੀਆਂ ਗੱਲਾਂ ਕਰਨ ਲੱਗ ਪਈ ਸੀ, ਜਿਵੇਂ ਉਹ ਮਰਨ ਵਾਲੇ ਦੇ ਜਿਊਂਦਿਆਂ ਜੀ, ਘਰ ਆਏ ਲੋਕਾਂ ਨਾਲ ਕਰਿਆ ਕਰਦੀ ਸੀ। ਔਰਤ ਨੇ ਤ੍ਰਿਮਚੀ 'ਚ ਪਾਣੀ ਪਾ ਲਿਆਂਦਾ। ਦਰਵੇਸ਼ ਨੇ ਦੋਵੇਂ ਪੈਰ ਪਾਣੀ 'ਚ ਰੱਖਦਿਆਂ, ਕੁਝ ਰਾਹਤ ਜਿਹੀ ਮਹਿਸੂਸ ਕੀਤੀ।

'ਇਥੇ ਤਾਂ ਆਲੇ ਦੁਆਲੇ ਰੌਲਾ ਹੀ ਬੜਾ 'ਰਾਮ ਕਿਵੇਂ ਹੋਏਗਾ?' ਦਰਵੇਸ਼ ਨੇ ਜਿਵੇਂ ਆਪਣੇ-ਆਪ ਨੂੰ ਹੀ ਪੁੱਛਿਆ ਪਰ ਜਵਾਬ ਔਰਤ ਨੇ ਦਿੱਤਾ, 'ਦਰਅਸਲ ਘਰ ਦੇ ਲਾਗੇ ਹੀ ਰੱਬ ਦਾ ਘਰ ਹੈ ਜੀ, ਲੋਕ ਸਵੇਰੇ-ਸਵੇਰੇ ਰੱਬ ਦਾ ਨਾਂ ਲੈਂਦੇ ਨੇ।' 'ਰੱਬ ਦੇ ਨਾਂ ਦਾ ਰੌਲੇ ਨਾਲ ਕੀ ਵਾਸਤਾ ਬੀਬਾ?' ਦਰਵੇਸ਼ ਨੇ ਹੱਸ ਕੇ ਪੁੱਛਿਆ ਪਰ ਉਹਦਾ ਹਾਸਾ ਵੀ ਜਿਵੇਂ ਰੋਣ ਵਰਗਾ ਹੀ ਸੀ।

'ਧੁਆਡੀ ਗੱਲ ਵੀ ਠੀਕ ਐ ਜੀ, ਮੇਰਾ ਮਰਨ ਵਾਲਾ ਵੀ ਕਿਹਾ ਕਰਦਾ ਸੀ ਕਿ ਰੱਬ ਦੇ ਘਰ ਸਭ ਤੋਂ ਵਧ ਸ਼ਾਂਤੀ ਚਾਹੀਦੀ ਐ ਪਰ ਲਗਦਾ ਜਿਵੇਂ ਇਥੇ ਵੀ ਚੋਣ ਪ੍ਰਚਾਰ ਹੋ ਰਿਹਾ ਹੋਵੇ।'

'ਉਹ ਜ਼ਰੂਰ ਬਾਗੀ ਸੁਭਾਅ ਦੇ ਬੰਦੇ ਹੋਣਗੇ?' ਦਰਵੇਸ਼ ਜਿਵੇਂ ਆਪਣਾ ਕਿਆਸ ਪੁੱਛਦਾ ਹੈ।

'ਬਸ ਜੀ, ਪਾਖੰਡ ਬਿਲਕੁਲ ਬਰਦਾਸ਼ਤ ਨਹੀਂ ਸਨ ਕਰਦੇ। ਆਹ ਵੇਖੋ, ਇਹ ਸਾਰੇ ਸ਼ੇਅਰ ਉਨ੍ਹਾਂ ਨੇ ਆਪਣੇ ਹੱਥੀਂ ਲਿਖੇ ਸਨ' ਔਰਤ ਨੇ ਕੰਧ ਉਤੇ ਲੱਗੇ ਪਰਦੇ ਨੂੰ ਇਕ ਪਾਸੇ ਸਰਕਾਇਆ। ਸਾਰੀ ਚਿੱਟੀ ਕੰਧ, ਕਾਲੇ ਅੱਖਰਾਂ ਨਾਲ ਸ਼ੇਅਰ ਲਿਖ-ਲਿਖ ਭਰੀ ਹੋਈ ਸੀ। ਦਰਵੇਸ਼ ਨੇ ਸਾਰੇ ਸ਼ੇਅਰਾਂ ਉਤੇ ਨਜ਼ਰ ਮਾਰੀ ਪਰ ਇਕ ਥਾਂ ਜਿਵੇਂ ਉਹਦੀ ਨਜ਼ਰ ਅੜ ਗਈ:

'ਜਾਂ ਧਰਤੀ ਕੇ ਜ਼ਖਮੋਂ ਪਰ ਮਰਹਮ ਰਖਦੇ
ਜਾਂ ਮੇਰਾ ਦਿਲ ਪੱਥਰ ਕਰ ਦੇ, ਯਾ ਅੱਲ੍ਹਾ...।'

'ਕਮਾਲ ਹੈ ਭਈ!' ਦਰਵੇਸ਼ ਜਿਵੇਂ ਆਵੇਸ਼ 'ਚ ਹੀ ਬੋਲਿਆ।

'ਜੀ ਉਹ ਤਾਂ ਕਿਹਾ ਕਰਦੇ ਸਨ, ਮਨੁੱਖ ਦਾ ਕਲਿਆਣ ਸਿਆਸਤ ਤੇ ਧਰਮ ਰਾਹੀਂ ਹੀ ਹੋ ਸਕਦਾ ਸੀ ਪਰ ਇਹ ਦੋਵੇਂ ਗੜ੍ਹ ਮਾੜੇ ਹੱਥਾਂ ਨੇ ਹਥਿਆ ਲਏ ਨੇ।'

'ਉਹ ਕਦੇ ਨਹੀਂ ਸਨ ਜਾਂਦੇ ਰੱਬ ਦੇ ਘਰ?' ਦਰਵੇਸ਼ ਨੇ ਹੈਰਾਨ ਹੁੰਦੇ ਹੋਏ ਪੁੱਛਿਆ।

'ਕੀ ਦੱਸਾਂ ਜੀ, ਇਕ ਵਾਰ ਇੰਜ ਦਾ ਸਵਾਲ ਹੀ ਉਨ੍ਹਾਂ ਦੇ ਕਿਸੇ ਧਾਰਮਿਕ ਕਿਸਮ ਦੇ ਦੋਸਤ ਨੇ ਪੁੱਛਿਆ ਸੀ ਤੇ ਉਨ੍ਹਾਂ ਨੇ ਅੱਗੋਂ ਹੱਸ ਕੇ ਕਿਹਾ ਸੀ, '...ਅਸਲ 'ਚ ਜਦੋਂ ਤੁਸੀਂ ਢੋਲਕੀਆਂ-ਛੈਣੇ ਕੁੱਟਣ ਲੱਗਦੇ ਹੋ ਤਾਂ ਰੱਬ ਵਿਚਾਰਾ ਰੌਲੇ ਤੋਂ ਘਬਰਾ ਕੇ, ਮੇਰੇ ਘਰ ਆ ਜਾਂਦਾ। ਫੇਰ ਤੂੰ ਹੀ ਦੱਸ ਮੈਂ ਉਥੇ ਲੈਣ ਕੀ ਜਾਣਾ?'

'ਬੜਾ ਦਿਲਚਸਪ ਬੰਦਾ ਹੋਏਗਾ, ਰੱਬ ਨਾਲ ਏਨੀ ਨੇੜਤਾ? ਨਹੀਂ ਤਾਂ ਵੇਖਿਆ ਕਿ ਲੋਕ ਰੱਬ ਤੋਂ ਡਰਦੇ ਹੀ ਰੱਬ ਨੂੰ ਪੂਜੀ ਜਾਂਦੇ ਨੇ।'

'ਰੱਬ ਬਾਰੇ ਉਨ੍ਹਾਂ ਇਕ ਕਿਤਾਬ ਵੀ ਲਿਖੀ ਸੀ, ਸਾਈਂ। ਉਸ ਕਿਤਾਬ ਦੀ ਏਨੀ ਪ੍ਰਸ਼ੰਸਾ ਤੇ ਵਿਰੋਧਤਾ ਹੋਈ ਕਿ ਕੁਝ ਲੋਕਾਂ ਨੇ ਉਨ੍ਹਾਂ ਨੂੰ ਕਾਫ਼ਰ ਮਿਥ ਲਿਆ।'

ਔਰਤ ਨੇ ਅਲਮਾਰੀ 'ਚੋਂ ਕਿਤਾਬ ਕੱਢ ਕੇ ਦਰਵੇਸ਼ ਨੂੰ ਲਿਆ ਫੜਾਈ। ਦਰਵੇਸ਼ ਨੇ ਪਹਿਲਾਂ ਸਰਵਰਕ ਨੂੰ ਗਹੁ ਨਾਲ ਵੇਖਿਆ ਤੇ ਫੇਰ ਉਹ ਬੇਤਰਤੀਬੀ ਜਿਹੀ ਨਾਲ ਵਰਕੇ ਫਰੋਲਣ ਲੱਗਾ। ਇਕ ਥਾਂ ਉਹਦੀ ਨਜ਼ਰ ਅਟਕ ਗਈ, 'ਧਰਤੀ ਉਤੇ ਜਿੰਨੀਆਂ ਲੜਾਈਆਂ ਤੇ ਕਤਲੋਗਾਰਤ ਧਰਮ ਦੇ ਨਾਂ ਉਤੇ ਹੋਈ ਹੈ, ਉਨੀ ਹੋਰ ਕਿਸੇ ਵੀ ਕਾਰਨ ਨਹੀਂ ਹੋਈ।' ਉਹਨੇ ਕੁਝ ਹੋਰ ਵਰਕੇ ਫੋਲੇ। ਇਕ ਥਾਂ ਲਿਖਿਆ ਸੀ: 'ਮਨੁੱਖ ਨੂੰ ਮਨੁੱਖ ਹੀ ਰਹਿਣ ਦਿਓ, ਇਹਨੂੰ ਧਾਰਮਿਕ ਬਣਾਉਣ ਉਤੇ ਜ਼ੋਰ ਨਾ ਪਾਉ। ਧਾਰਮਿਕ ਬੰਦਾ ਉਲ੍ਹਾਰ ਹੋ ਜਾਂਦਾ ਹੈ ਤੇ ਉਲ੍ਹਾਰ ਬੰਦਾ ਕਦੇ ਵੀ ਸਹੀ ਨਹੀਂ ਹੁੰਦਾ।'

ਵਰਕੇ ਫਰੋਲਦਿਆਂ ਤੇ ਟਾਵੀਂ-ਟਾਵੀਂ ਸਤਰ ਪੜ੍ਹਦਿਆਂ ਦਰਵੇਸ਼ ਨੂੰ ਲੱਗਾ ਜਿਵੇਂ ਉਹਦੀ ਥਕਾਵਟ ਲਹਿ ਰਹੀ ਹੋਵੇ। ਉਹ ਇਕ-ਅੱਧੀ ਸਤਰ ਪੜ੍ਹ ਕੇ ਅਗਲੇ ਵਰਕੇ ਫਰੋਲਣ ਲੱਗ ਪੈਂਦਾ ਜਿਵੇਂ ਸਾਰੀ ਕਿਤਾਬ ਦਾ ਜਾਇਜ਼ਾ ਲੈ ਰਿਹਾ ਹੋਵੇ। 'ਮਨੁੱਖਤਾ ਤੋਂ ਵੱਡਾ ਕੋਈ ਧਰਮ ਨਹੀਂ। ਸਮੇਂ-ਸਮੇਂ ਕੁਝ ਲੋਕ ਪੈਦਾ ਹੋਏ ਜਿਨ੍ਹਾਂ ਮਨੁੱਖ ਨੂੰ ਵਧੀਆ ਮਨੁੱਖ ਬਣਾਉਣ ਲਈ ਉਪਰਾਲੇ ਵੀ ਕੀਤੇ ਪਰ ਉਨ੍ਹਾਂ ਦੇ ਚਲਾਕ ਪੈਰੋਕਾਰਾਂ ਨੇ ਉਨ੍ਹਾਂ ਦੇ ਨਾਂਵਾਂ 'ਤੇ ਹੀ ਝੰਡੇ ਤੇ ਬੁੰਗੇ ਬਣਾ ਕੇ ਮਨੁੱਖਤਾ ਵਿਚ ਹੋਰ ਵੀ ਵੰਡੀਆਂ ਪਾ ਦਿੱਤੀਆਂ।'

ਦਰਵੇਸ਼ ਨੇ ਸਾਰੀ ਕਿਤਾਬ ਦੇ ਵਰਕੇ ਪਲਟੇ ਤੇ ਆਖਰੀ ਸਫੇ 'ਤੇ ਝਾਤੀ ਮਾਰੀ। ਲਿਖਿਆ ਸੀ: 'ਜਿੰਨਾ ਚਿਰ ਧਰਮ ਦੇ ਦਾਅਵੇਦਾਰ ਆਪੋ-ਆਪਣਾ ਗਿਆਨ ਫੜੀ ਮਨੁੱਖ ਤੇ ਰੱਬ ਦੇ ਵਿਚਕਾਰ ਖੜੇ ਹਨ, ਰੱਬ ਦੀ ਰੌਸ਼ਨੀ ਮਨੁੱਖ ਤੱਕ ਨਹੀਂ ਪਹੁੰਚ ਸਕਦੀ।'

ਦਰਵੇਸ਼ ਨੇ ਅੱਖਾਂ ਮੀਟ ਕੇ ਇਕ ਲੰਮਾ ਸਾਹ ਲਿਆ। ਫੇਰ ਅੱਖਾਂ ਉਘੇੜ ਕੇ ਔਰਤ ਵਲ ਵੇਖਦਿਆਂ ਪੁੱਛਿਆ, 'ਬੀਬਾ, ਤੁਸਾਂ ਤਾਂ ਪੜ੍ਹੀ ਹੀ ਹੋਵੇਗੀ, ਇਹ ਕਿਤਾਬ।'

'ਜੀ ਹਾਂ, ਮੈਂ ਤਾਂ ਕਈ ਵਾਰ ਪੜ੍ਹੀ ਏ। ਜਦੋਂ ਵੀ ਦਿਲ ਉਦਾਸ ਹੁੰਦਾ, ਪੜ੍ਹ ਕੇ ਸੋਚਦੀ ਆਂ, ਇਹੋ-ਜਿਹੇ ਮਨੁੱਖ ਨੂੰ ਮਾਰਨ ਵਾਲਿਓ, ਤੁਸੀਂ ਕਿਹੜੇ ਰੱਬ ਨੂੰ ਖੁਸ਼ ਕੀਤਾ ਹੋਵੇਗਾ?' ਔਰਤ ਦੀ ਗੱਲ ਸੁਣ ਕੇ ਦਰਵੇਸ਼ ਜਿਵੇਂ ਹੈਰਾਨ ਹੀ ਰਹਿ ਗਿਆ।

'ਕਿਸ ਨੇ ਮਾਰ ਦਿੱਤਾ ਸੀ, ਇਹੋ-ਜਿਹੇ ਮਨੁੱਖ ਨੂੰ?' ਉਹ ਜਿਵੇਂ ਰੋਣਹਾਕਾ ਹੋ ਗਿਆ ਸੀ, 'ਕੌਣ ਸਨ ਉਹ...?'

'ਬਸ ਜੀ, ਉਨ੍ਹਾਂ ਦੇ ਦਾਅਵੇ ਅਨੁਸਾਰ ਰੱਬ ਨੂੰ ਮੰਨਣ ਵਾਲੇ ਸਨ, ਉਹ।'

ਦਰਵੇਸ਼ ਦੀ ਹੈਰਾਨੀ ਜਿਵੇਂ ਅਸੀਮ ਹੋਈ ਜਾ ਰਹੀ ਸੀ, 'ਰੱਬ ਨੂੰ ਮੰਨਣ ਵਾਲਿਆਂ ਹੀ ਰੱਬ ਵਰਗੇ ਬੰਦੇ ਨੂੰ ਮਾਰ'ਤਾ?'

'ਬਸ ਸਾਈਂ, ਉਸ ਦਿਨ ਵੀ ਮੈਂ ਸਰਦਲਾਂ ਧੋ ਕੇ ਹਟੀ ਹੀ ਸੀ ਕਿ ਕੁਝ ਲਿੱਬੜੇ ਪੈਰ, ਸੁੱਚੀ ਸਰਦਲ ਨੂੰ ਲਤਾੜ ਕੇ ਅੰਦਰ ਲੰਘ ਆਏ। ਸਾਡੇ ਤਰਲੇ-ਮਿੰਨਤਾਂ ਦਾ ਉਨ੍ਹਾਂ ਲਈ ਕੋਈ ਅਰਥ ਹੀ ਨਹੀਂ ਸੀ। ਉਨ੍ਹਾਂ ਧੂਹ ਕੇ, ਉਸ ਨੂੰ ਬਾਹਰ ਕੱਢ ਲਿਆ। ਉਹਨੇ ਸਿਰਫ ਏਨਾ ਹੀ ਪੁੱਛਿਆ ਸੀ, 'ਮੈਨੂੰ ਮੇਰਾ ਕਸੂਰ ਤਾਂ ਦੱਸੋ?'

'ਕਸੂਰ ਪੁਛਦੈਂ...? ਤੂੰ ਆਂਹਦੇ ਰੱਬ ਨੂੰ ਨਈਂ ਮੰਨਦਾ?'

'ਜ਼ਰੂਰੀ ਤਾਂ ਨਹੀਂ ਕਿ ਮੈਂ ਧੁਆਡੇ ਵਾਂਗ ਹੀ ਰੱਬ ਨੂੰ ਮੰਨਾਂ।' ਉਨ੍ਹਾਂ ਬਗੈਰ ਕਿਸੇ ਡਰ-ਭੈਅ ਦੇ ਬੜੀ ਹੀ ਦ੍ਰਿੜਤਾ ਨਾਲ ਕਿਹਾ ਸੀ।

'ਸਵਾਲ-ਜਵਾਬ ਕਰਦੈਂ?... ਇਹ ਕਾਫਰ ਹੋਣ ਦਾ ਸਭ ਤੋਂ ਵੱਡਾ ਸਬੂਤ ਐ।' ...ਤੇ ਅਗਲੇ ਹੀ ਪਲ ਇਕ ਨੇ ਆਪਣੀ ਬੰਦੂਕ ਦੀ ਗੋਲੀ, ਉਹਦੇ ਸੀਨੇ 'ਚ ਦਾਗ ਦਿੱਤੀ। 'ਹੇ ਖੁਦਾ... ਆ।' ਕਹਿੰਦਾ ਉਹ ਵਿਹੜੇ ਵਿਚ ਡਿੱਗ ਪਿਆ ਸੀ ਤੇ ਉਹਦੇ ਲਹੂ ਦੀਆਂ ਕੁਝ ਛਿੱਟਾਂ, ਧੋਤੀ ਸਰਦਲ ਉਤੇ ਵੀ ਆ ਡਿੱਗੀਆਂ ਸਨ ਸਾਈਂ। ਔਰਤ ਜਿਵੇਂ ਨਵੇਂ ਸਿਰਿਉਂ ਰੋਣਹਾਕੀ ਹੋ ਗਈ ਸੀ।

ਔਰਤ ਦੀ ਗਾਥਾ ਸੁਣ, ਦਰਵੇਸ਼ ਦੀਆਂ ਅੱਖਾਂ ਵਿਚੋਂ ਵੀ ਅੱਥਰੂ ਵਹਿ ਤੁਰੇ।

'ਮੈਂ ਹੋਰ ਕਿਸੇ ਰੱਬ ਨੂੰ ਕੀ ਕਰਨਾ ਸੀ ਜੀ... ਮੇਰੇ ਲਈ ਤਾਂ ਉਹੀ ਰੱਬ ਸੀ।' ਔਰਤ ਰੋਣ ਵਰਗੀ ਆਵਾਜ਼ 'ਚ ਕਹਿ ਰਹੀ ਸੀ। ਦਰਵੇਸ਼ ਆਪਣਾ ਸਿਰ ਸੱਜੇ-ਖੱਬੇ ਇੰਜ ਮਾਰ ਰਿਹਾ ਸੀ, ਜਿਵੇਂ ਬੜਾ ਕੁਝ ਅਸਹਿ ਵਾਪਰ ਗਿਆ ਹੋਵੇ।

'ਸਾਈਂ, ਸਕੂਲ ਵਿਚ ਪੜ੍ਹਾਉਂਦੇ ਸਨ। ਹਮੇਸ਼ਾ ਸਕੂਲ ਦੇ ਦਰ 'ਤੇ ਸੱਜਦਾ ਕਰਕੇ ਅੰਦਰ ਦਾਖਲ ਹੁੰਦੇ ਸਨ। ਕਹਿੰਦੇ ਸਨ, 'ਇਸ ਤੋਂ ਵੱਡਾ ਕੋਈ ਮੰਦਰ ਨਹੀਂ ਹੋ ਸਕਦਾ। ਕਦੇ ਕਿਸੇ ਲੋੜਵੰਦ ਨੂੰ ਘਰੋਂ ਖਾਲੀ ਨਹੀਂ ਸੀ ਮੋੜਿਆ। ਆਪ ਉੜਾਂ-ਥੁੜਾਂ ਵੀ ਝੱਲ ਲੈਣੀਆਂ ਪਰ ਕਹਿਣਾ, 'ਆਉਣ ਵਾਲੇ ਦੀ ਲੋੜ ਸ਼ਾਇਦ ਮੇਰੇ ਤੋਂ ਵੀ ਵੱਡੀ ਹੋਵੇ।' ਕਈ ਵਾਰ ਸੋਚਦੀ ਆਂ ਰੱਬ ਨੂੰ ਮੰਨਣ ਵਾਲਾ ਹੋਰ ਕਿੱਦਾਂ ਦਾ ਹੁੰਦਾ ਹੋਵੇਗਾ?'

'ਬਸ ਬੀਬਾ ਬਸ...।' ਦਰਵੇਸ਼ ਆਪਣਾ ਹੱਥ ਦਿਲ ਵਾਲੇ ਪਾਸੇ ਛਾਤੀ ਉਤੇ ਮਲਣ ਲੱਗਾ ਜਿਵੇਂ ਬਹੁਤ ਹੀ ਪੀੜ ਮਹਿਸੂਸ ਕਰ ਰਿਹਾ ਹੋਵੇ। ਔਰਤ ਨੇ ਵੇਖਿਆ, ਦਰਵੇਸ਼ ਦੀ ਛਾਤੀ 'ਚੋਂ ਲਹੂ ਸਿੰਮ ਕੇ ਚੋਲੇ 'ਚੋਂ ਬਾਹਰ ਵੀ ਦਿਸਣ ਲੱਗ ਪਿਆ ਸੀ। ਦਰਵੇਸ਼ ਨੇ ਪਿੱਠੂ 'ਚੋਂ ਇਕ ਡੱਬੇ ਨੂੰ ਖੋਲ੍ਹ ਕੇ, ਉਸ 'ਚੋਂ ਉਂਗਲ ਨਾਲ ਮਲ੍ਹਮ ਕੱਢੀ ਤੇ ਜ਼ਖਮ ਵਾਲੀ ਥਾਂ ਮਲਣ ਲੱਗਾ।

ਔਰਤ ਬੜੀ ਹੀ ਹੈਰਾਨੀ ਨਾਲ ਇਹ ਸਭ ਕੁਝ ਵੇਖ ਰਹੀ ਸੀ। ਮਲ੍ਹਮ ਨੂੰ ਮਲ ਕੇ ਉਹਨੇ ਕੁਝ ਚੈਨ ਮਹਿਸੂਸ ਕੀਤਾ ਤੇ ਔਰਤ ਨੂੰ ਕਹਿਣ ਲੱਗਾ, 'ਬੀਬਾ, ਬਹੁਤ ਅਰਸਾ ਪਹਿਲਾਂ ਮੈਂ ਜਦ ਧਰਮ ਹੱਥੋਂ, ਪਹਿਲਾ ਮਨੁੱਖ ਮਰਿਆ ਵੇਖਿਆ ਸੀ ਤਾਂ ਮੇਰੇ ਇਥੇ ਦਿਲ ਵਾਲੇ ਪਾਸੇ, ਬੜੀ ਜ਼ੋਰ ਦੀ ਪੀੜ ਉਠੀ ਸੀ ਤੇ ਫੇਰ ਇਥੋਂ ਆਪਣੇ-ਆਪ ਹੀ ਲਹੂ ਸਿੰਮ ਪਿਆ ਸੀ। ਉਦੋਂ ਮੈਂ ਰੱਬ ਨੂੰ ਬੜਾ ਮੰਨਦਾ ਹੁੰਦਾ ਸੀ। ਇਸ ਲਈ ਉਸ ਨਾਲ ਬੜਾ ਲੜਿਆ। ਉਹਨੂੰ ਤਾਹਨੇ-ਮੇਹਣੇ ਵੀ ਦਿੱਤੇ। ਮੈਂ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਮੈਥੋਂ ਇਹ ਜ਼ਖਮ ਵੇਖੇ ਨਹੀਂ ਜਾਂਦੇ... ਜੇ ਤੂੰ ਇਹ ਸਭ ਕੁਝ ਬੰਦ ਨਹੀਂ ਕਰ ਸਕਦਾ ਤਾਂ ਮੈਂ ਤੈਨੂੰ ਖੁਦਾ ਮੰਨਣ ਤੋਂ ਮੁਨਕਰ ਆਂ।'

ਉਦੋਂ ਮੈਨੂੰ ਇਕ ਆਵਾਜ਼ ਸੁਣੀ ਸੀ। ਯਾਰ-ਦੋਸਤ ਕਹਿੰਦੇ ਨੇ ਕਿ ਇਹ ਮੇਰੇ ਮਨ ਦਾ ਵਹਿਮ ਏ ਪਰ ਮੈਂ ਆਵਾਜ਼ ਆਪਣੇ ਕੰਨਾਂ ਨਾਲ ਸੁਣੀ ਸੀ, ਬੀਬਾ। ਇਸ ਆਵਾਜ਼ 'ਚ ਰੱਬ ਨੇ ਆਪਣੀ ਬੇਬਸੀ ਜ਼ਾਹਰ ਕਰਦਿਆਂ ਕਿਹਾ ਸੀ, 'ਧਰਤੀ ਦੇ ਜ਼ਖਮ ਕਦੇ ਨਹੀਂ ਮੁੱਕਣੇ। ਹਾਂ, ਜੇ ਤੂੰ ਚਾਹੇ ਤਾਂ ਇਨ੍ਹਾਂ ਉਤੇ ਮਲ੍ਹਮ ਲਾਉਣ ਦੀ ਜ਼ਿੰਮੇਵਾਰੀ ਲੈ ਸਕਦਾ ਏਂ।'

'ਉਸ ਦਿਨ ਤੋਂ ਅੱਜ ਦੇ ਦਿਨ ਤੱਕ ਇਹੀ ਕੰਮ ਕਰ ਰਿਹਾ ਹਾਂ ਪਰ ਧਰਤੀ ਦੇ ਜ਼ਖਮ ਮੁੱਕਣ ਦੀ ਥਾਂ ਹੋਰ ਵੀ ਵਧਦੇ ਹੀ ਜਾਂਦੇ ਨੇ।' ਦਰਵੇਸ਼ ਨੇ ਇਕ ਲੰਮਾ ਹੌਕਾ ਲਿਆ।

ਤਿਰਮਚੀ ਦਾ ਪਾਣੀ ਹੁਣ ਤੱਕ ਠੰਢਾ ਹੋ ਚੁੱਕਾ ਸੀ। ਦਰਵੇਸ਼ ਨੇ ਆਪਣੇ ਪੈਰ ਪਾਣੀ 'ਚੋਂ ਕੱਢ ਕੇ ਪਰਨੇ ਨਾਲ ਪੂੰਝੇ ਤੇ ਮੂੜ੍ਹੇ 'ਤੇ ਚੌਂਕੜੀ ਮਾਰ ਕੇ ਬੈਠ ਗਿਆ।

'ਸਫ਼ਰ ਦੇ ਬੜੇ ਝੰਬੇ ਲੱਗਦੇ ਹੋ, ਜ਼ਰੂਰ ਭੁੱਖ ਵੀ ਲੱਗੀ ਹੋਏਗੀ?' ਔਰਤ ਨੇ ਪੁੱਛਿਆ।

'ਭੁੱਖ ਨਾਲੋਂ ਥਕਾਵਟ ਜ਼ਿਆਦਾ ਹੈ, ਬੀਬਾ... ਥੋੜ੍ਹਾ ਜਿਹਾ 'ਰਾਮ ਕਰਕੇ ਕੁਝ ਖਾ-ਪੀ ਲਵਾਂਗਾ।' ਦਰਵੇਸ਼ ਨੇ ਕੰਧ ਨਾਲ ਢੋਅ ਲਾ ਕੇ ਅੱਖਾਂ ਮੀਟ ਲਈਆਂ।

'ਸਾਈਂ, ਇਥੇ ਮੰਜੇ 'ਤੇ ਆ ਜਾਉ।' ਔਰਤ ਨੇ ਬੜੇ ਆਦਰ ਨਾਲ ਆਖਿਆ।

'ਨਹੀਂ ਬੀਬਾ, ਮੰਜੇ 'ਤੇ ਤਾਂ ਮੈਂ ਕਦੇ ਸੁੱਤਾ ਈ ਨਹੀਂ। ...ਬਸ ਇੰਜ ਈ ਘੜੀ-ਪਲ ਲਈ ਅੱਖਾਂ ਮੀਟਾਂਗਾ ਤੇ ਸਰੀਰ ਕੁਝ ਵੱਲ ਹੋ ਜਾਏਗਾ... ਫੇਰ ਮੈਂ ਸਾਰੀ ਕਿਤਾਬ ਪੜ੍ਹਾਂਗਾ...ਉਂਜ ਤਾਂ ਟਾਵੀਆਂ-ਟਾਵੀਆਂ ਸਤਰਾਂ ਪੜ੍ਹਨ ਨਾਲ ਹੀ ਮੇਰੀ ਅੱਧੀ ਥਕਾਵਟ ਦੂਰ ਹੋ ਗਈ ਏ।' ਫੇਰ ਕੁਝ ਚਿਰ ਰੁਕ ਕੇ ਪੁੱਛਣ ਲੱਗਾ, 'ਬੀਬਾ ਤੁਸਾਂ ਕੰਧ ਉਤੇ ਲਿਖੇ ਸ਼ੇਅਰ ਪਰਦੇ ਨਾਲ ਕਿਉਂ ਢਕ ਰੱਖੇ ਨੇ?'...'ਉਂਜ ਹੀ ਰਹਿਣ ਦਿਓ ਨਾ, ਆਉਂਦਾ-ਜਾਂਦਾ ਪੜ੍ਹਦਾ ਰਹੇ।'

ਔਰਤ ਨੇ ਹੌਕਾ ਲੈਂਦਿਆਂ ਕਿਹਾ, 'ਬਸ ਸਾਈਂ, ਸੋਚਦੀ ਆਂ, ਇਹ ਅੱਖਰ ਕਿਤੇ ਮਿਟ ਨਾ ਜਾਣ..ਅਸਲ 'ਚ ਉਹਦਾ ਜੋ ਵੀ ਮੇਰੇ ਕੋਲ ਹੈ ਮੈਂ ਗੁਆਉਣਾ ਨਹੀਂ ਚਾਹੁੰਦੀ।'

ਔਰਤ ਨੇ ਵੇਖਿਆ ਕਿ ਗੱਲਾਂ ਕਰਦਾ-ਕਰਦਾ ਦਰਵੇਸ਼ ਇਕ-ਦੋ ਵਾਰ ਉਂਘਲਾਇਆ ਤੇ ਫੇਰ ਕੰਧ ਨਾਲ ਢੋਅ ਲਾ ਕੇ ਸੌਂ ਗਿਆ। ਔਰਤ ਲਾਗੇ ਬੈਠੀ ਆਪਣੇ ਨਿੱਕੇ-ਨਿੱਕੇ ਕੰਮ ਕਰਦੀ ਰਹੀ। ਉਹਨੇ ਪਹਿਲਾਂ ਨਹੀਂ ਸੀ ਚਾਹਿਆ ਕਿ ਉਹ ਆਪਣੇ ਬੱਚੇ ਦੀ ਪੜ੍ਹਾਈ ਵਿਚ ਵਿਘਨ ਬਣੇ ਪਰ ਹੁਣ ਸੋਚਿਆ ਕਿ ਉਹ ਆਪਣੇ ਜਵਾਨ ਪੁੱਤ ਨੂੰ ਇਸ ਦਰਵੇਸ਼ ਨਾਲ ਜ਼ਰੂਰ ਮਿਲਾਏ। ਰੱਬ ਦੇ ਘਰ ਦੇ ਰੌਲੇ-ਰੱਪੇ ਤੋਂ ਡਰਦਿਆਂ ਸਭ ਬੂਹੇ-ਬਾਰੀਆਂ ਬੰਦ ਕਰਕੇ ਪੜ੍ਹ ਰਹੇ ਅਪਣੇ ਪੁੱਤ ਨੂੰ ਉਸ ਨੇ ਆਖਿਆ, 'ਬੇਟੇ, ਇਸ ਧਰਤੀ 'ਤੇ ਧਰਮ ਅਜੇ ਵੀ ਜਿੰਦਾ ਏ...।' ਆਪਣੇ ਘਰ ਇਕ ਦਰਵੇਸ਼ ਆਇਐ... ਆ ਉਸ ਨੂੰ ਮਿਲ। ਤੂੰ ਮਹਿਸੂਸ ਕਰੇਂਗਾ ਕਿ ਬਹੁਤ ਕੁਝ ਮਰ ਕੇ, ਬੜਾ ਕੁਝ ਫੇਰ ਵੀ ਜ਼ਿੰਦਾ ਰਹਿੰਦਾ ਏ।'

ਉਹ ਆਪਣੇ ਪੁੱਤ ਨੂੰ ਦਰਵੇਸ਼ ਵਾਲੇ ਕਮਰੇ 'ਚ ਲੈ ਕੇ ਆਈ ਤਾਂ ਉਸ ਨੇ ਵੇਖਿਆ ਕਿ ਦਰਵੇਸ਼ ਬੈਠਾ ਕਿਤਾਬ ਪੜ੍ਹ ਰਿਹਾ ਸੀ। ਉਹਦਾ ਚਿਹਰਾ ਸੱਜਰਾ-ਸੱਜਰਾ ਸੀ ਜਿਵੇਂ ਅੱਖ-ਝਮੱਕੇ ਵਿਚ ਹੀ ਉਸ ਨੇ ਆਪਣੀ ਪੂਰੀ ਨੀਂਦ ਲਾਹ ਲਈ ਹੋਵੇ।

ਦਰਵੇਸ਼ ਨੇ ਅੱਖਾਂ ਪੁੱਟ ਕੇ ਉਨ੍ਹਾਂ ਵਲ ਵੇਖਿਆ। ਔਰਤ ਨੇ ਦੱਸਿਆ, 'ਸਾਈਂ, ਇਹ ਮੇਰਾ ਬੇਟਾ ਏ... ਇਹਨੂੰ ਦਿਲਾਸਾ ਦਿਓ! ਮੈਂ ਤਾਂ ਸਭ ਕਾਸੇ ਨੂੰ ਭਾਣਾ ਮੰਨ ਕੇ ਜਰ ਲਿਆ, ਪਰ ਇਹ ਪਿਉ ਦੀ ਮੌਤ ਤੋਂ ਬਾਅਦ ਜਿਵੇਂ ਸਭ ਕਾਸੇ ਤੋਂ ਹੀ ਬਾਗੀ ਹੋ ਗਿਐ। ਕਹਿੰਦਾ, 'ਕੋਈ ਰੱਬ ਵਰਗੀ ਚੀਜ਼ ਹੈ ਈ ਨਹੀਂ। ਮੇਰਾ ਪਿਉ ਰੱਬ ਸੀ, ਉਦ੍ਹੇ ਮਰਨ ਨਾਲ ਸਮਝੋ ਰੱਬ ਵੀ ਮਰ ਗਿਆ ਏ।'

ਔਰਤ ਦੀਆਂ ਗੱਲਾਂ ਸੁਣ ਕੇ, ਦਰਵੇਸ਼ ਦੀਆਂ ਅੱਖਾਂ ਵਿਚ ਅੱਥਰੂਆਂ ਦਾ ਜਿਵੇਂ ਹੜ੍ਹ ਆ ਗਿਆ ਹੋਵੇ। ਇਕ ਚੀਕ ਉਹਦੇ ਗਲੇ ਵਿਚੋਂ ਉਚੀ ਸਾਰੀ ਉਠੀ। ਵੇਖਦਿਆਂ ਹੀ ਵੇਖਦਿਆਂ, ਦਰਵੇਸ਼ ਨੇ ਆਪਣੀ ਛਾਤੀ ਨੂੰ ਦੋਹਾਂ ਹੱਥਾਂ ਨਾਲ ਘੁੱਟ ਕੇ ਫੜ ਲਿਆ ਤੇ ਤੜਫਣ ਲੱਗਾ। ਔਰਤ ਨੂੰ ਲੱਗਾ ਕਿ ਉਹਦੀ ਛਾਤੀ ਵਿਚ ਪਹਿਲਾਂ ਵਾਂਗ ਜ਼ਰੂਰ ਜ਼ਬਰਦਸਤ ਪੀੜ ਉੱਠੀ ਹੋਵੇਗੀ। ਔਰਤ ਨੇ ਵੇਖਿਆ ਉਹਦੇ ਚੋਲੇ 'ਚੋਂ ਸਿੰਮਦੇ ਲਹੂ ਨਾਲ, ਉਹਦੀਆਂ ਉਂਗਲਾਂ ਵੀ ਰੰਗੀਆਂ ਗਈਆਂ ਸਨ। ਔਰਤ ਨੇ ਕਾਹਲੀ ਨਾਲ ਪਿੱਠੂ 'ਚ ਪਏ ਮਲ੍ਹਮ ਵਾਲੇ ਡੱਬੇ ਨੂੰ ਬਾਹਰ ਕੱਢ ਕੇ, ਉਸ 'ਚੋਂ ਮਲ੍ਹਮ ਲੱਭਣੀ ਚਾਹੀ ਪਰ ਉਸਨੇ ਵੇਖਿਆ ਮਲ੍ਹਮ ਵਾਲਾ ਡੱਬਾ ਬਿਲਕੁਲ ਖਾਲੀ ਹੋ ਚੁੱਕਾ ਸੀ। ਫੇਰ ਵੀ ਔਰਤ ਨੇ ਪੂੰਝ-ਪਾਂਝ ਕੇ ਥੋੜ੍ਹੀ-ਬਹੁਤ ਮਲ੍ਹਮ ਆਪਣੀ ਉਂਗਲ ਨੂੰ ਲਾਈ ਤੇ ਦਰਵੇਸ਼ ਦੀ ਛਾਤੀ ਉਤੇ ਮਲਣ ਲੱਗੀ ਪਰ ਉਸਨੇ ਮਹਿਸੂਸ ਕੀਤਾ ਕਿ ਜਿਊਂਦੇ ਜੀ, ਧਰਤੀ ਦੀ ਹਰ ਪੀੜ ਨੂੰ ਮਲ੍ਹਮ ਲਾਉਣ ਵਾਲਾ ਲਰਜ਼ਦਾ ਤੇ ਧੜਕਦਾ ਦਿਲ ਮਰ ਕੇ ਜਿਵੇਂ ਸੱਚਮੁੱਚ ਹੀ ਪੱਥਰ ਹੋ ਗਿਆ ਸੀ।

ਉਹਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰੇ ਤੇ ਇਹ ਅੱਥਰੂ ਹੋਰ ਵੀ ਸਮੁੰਦਰ ਬਣ ਗਏ ਜਦੋਂ ਉਸਨੇ ਵੇਖਿਆ ਕਿ ਉਹਦੇ ਬੇਟੇ ਨੇ ਆਪਣੇ ਪਿਤਾ ਦੇ ਮਰਨ ਤੋਂ ਬਾਅਦ ਪਹਿਲੀ ਵਾਰ ਕਿਸੇ ਹੋਰ ਦੇ ਪੈਰਾਂ ਨੂੰ ਛੂਹਿਆ ਸੀ।

# ਜ਼ੈਦ ਦੀ ਸਾਖੀ

**ਹਰਪਾਲ ਸਿੰਘ ਪੰਨੂ**

ਪੈਗੰਬਰ ਨੇ ਇਕ ਸਵੇਰ ਜ਼ੈਦ ਨੂੰ ਪੁੱਛਿਆ, ਨੇਕ ਦਿਲ ਰੱਬ ਦੇ ਪਿਆਰੇ ਜ਼ੈਦ ਕੀ ਹਾਲ ਚਾਲ?

ਜ਼ੈਦ ਨੇ ਕਿਹਾ, ਦਿਲ ਦੀ ਪਿਆਰ ਅਗਨੀ ਨੇ ਮੈਨੂੰ ਹਫਤਿਆਂ ਤੱਕ ਸੌਣ ਨਹੀਂ ਦਿੱਤਾ। ਦਿਨ ਰਾਤ ਇੰਜ ਬੀਤੇ ਜਿਵੇਂ ਕੋਈ ਨੇਜ਼ੇ ਉਪਰ ਟੰਗਿਆ ਹੋਇਆ ਹੋਵੇ। ਉਸ ਜਹਾਨ ਵਿਚ ਸਾਰੇ ਧਰਮ ਇਕ ਹੋ ਗਏ ਹਨ। ਲੱਖਾਂ ਸਾਲ ਤੇ ਇਕ ਘੜੀ ਵਿਚ ਫਰਕ ਨਹੀਂ ਰਿਹਾ। ਭੂਤ ਅਤੇ ਭਵਿੱਖ ਵਿਚ ਫਰਕ ਨਹੀਂ। ਬੁੱਧੀ ਦਾ ਉਥੇ ਕਿਧਰੇ ਨਹੀਂ ਟਿਕਾਣਾ। ਲੋਕਾਂ ਨੂੰ ਆਕਾਸ਼ ਦਿਸਦਾ ਹੈ, ਮੈਨੂੰ ਆਕਾਸ਼ ਤੋਂ ਪਾਰ ਦੀ ਹਕੂਮਤ ਦਾ ਸਿੰਘਾਸਨ। ਜਿਵੇਂ ਬੁਤ ਪੂਜ ਨੂੰ ਸਾਹਮਣੇ ਪਿਆ ਪੱਥਰ ਦਿਸਦਾ ਹੈ, ਅੱਠ ਸੁਰਗ ਅਤੇ ਸੱਤ ਨਰਕ ਪ੍ਰਤੱਖ ਦਿੱਸ ਰਹੇ ਹਨ। ਬੁਰੇ ਭਲੇ ਲੋਕਾਂ ਦੀ, ਇਉਂ ਖੁਦ ਬਖੁਦ ਪਛਾਣ ਹੋ ਰਹੀ ਹੈ ਜਿਵੇਂ ਕਣਕ ਅਤੇ ਬਾਜਰੇ ਦੇ ਦਾਣੇ ਵੱਖ ਵੱਖ ਸਾਫ ਦਿਸਦੇ ਹਨ। ਕੌਣ ਨੇਕ ਹੈ ਕੌਣ ਬਦ, ਇਵੇਂ ਵੱਖ ਵੱਖ ਦਿੱਸ ਰਹੇ ਹਨ ਜਿਵੇਂ ਸੱਪ ਅਤੇ ਮੱਛੀ। ਉਜਲ ਦੀਦਾਰ ਮਨੁੱਖ ਕਾਲੇ ਮੂੰਹ ਵਾਲਿਆਂ ਨਾਲ ਰਲ ਨਹੀਂ ਸਕਦੇ। ਜਿਸਮ ਅੰਦਰ ਰੂਹ ਇਉਂ ਕੈਦ ਹੈ ਜਿਵੇਂ ਮਾਂ ਦੇ ਪੇਟ ਵਿਚ ਵਿਗਸ ਰਿਹਾ ਬੱਚਾ। ਮੌਤ ਬੱਚੇ ਦੇ ਜਨਮ ਲੈਣ ਵਰਗੀ ਘਟਨਾ ਹੈ। ਕਲਮੂਹੇ ਈਥੋਪੀਅਨ ਕਹਿੰਦੇ ਹਨ, ਇਹ ਸਾਡੀਆਂ ਰੂਹਾਂ ਹਨ। ਅਨਾਤੋਲੀਆਂ ਦੀਆਂ ਰੌਸ਼ਨ ਰੂਹਾਂ ਖੂਬਸੂਰਤ ਹਨ। ਰੂਹਾਨੀ ਸੰਸਾਰ ਵਿਚ ਪੁੱਜ ਜਾਣ ਤਾਂ ਕਲਮੂਹੇਂ ਵੀ ਰੌਸ਼ਨਮੁਖ ਹੋ ਜਾਣਗੇ। ਮੈਨੂੰ ਕਿਆਮਤ ਦੇ ਦਿਨ ਵਾਪਰਨ ਵਾਲੀਆਂ ਘਟਨਾਵਾਂ ਦਾ ਪਤਾ ਹੈ। ਕਹੋ ਤਾਂ ਦੱਸਾਂ?

ਪੈਗੰਬਰ ਨੇ ਹੋਠਾਂ ਤੇ ਉਂਗਲ ਰੱਖ ਕੇ ਕਿਹਾ, ਖਾਮੋਸ਼। ਕੋਈ ਲੋੜ ਨਹੀਂ। ਇਹ ਗੁਫਤਗੂ ਅਨੰਤ ਹੈ। ਉਨ੍ਹਾਂ ਦਾ ਕਾਰਵਾਂ ਦੂਰ ਚਲਾ ਗਿਆ ਹੈ ਜ਼ੈਦ। ਚਲੋ ਤੇਜ਼ ਕਦਮੀ ਚਲੀਏ। ਉਨ੍ਹਾਂ ਨਾਲ ਰਲੀਏ। ਖਾਮੋਸ਼ ਰਹੋ।

ਤੁਰਦਿਆਂ ਜ਼ੈਦ ਨੇ ਕਿਹਾ, ਪਰ ਸੂਰਜ ਨੂੰ ਕੱਛ ਵਿਚ ਕਿਵੇਂ ਛੁਪਾ ਸਕਦਾ ਹਾਂ ਮਾਲਕ? ਬੁੱਧੀ ਅਤੇ ਪਾਗਲਪਣ ਦੋਵੇਂ ਪਰਦੇ ਫਟ ਗਏ ਹਨ। ਮੈਨੂੰ ਸਮਝਾਓ ਕਿ ਵਡੇ ਭੇਦ ਪ੍ਰਗਟ ਹੋਣ ਤੋਂ ਕਿਵੇਂ ਰੋਕੀਦੇ ਹਨ।

ਪੈਗੰਬਰ ਨੇ ਕਿਹਾ, ਅੱਖ ਅੱਗੇ ਉਂਗਲ ਕਰੋ। ਸੂਰਜ ਢਕਿਆ ਜਾਂਦਾ ਹੈ। ਨਿੱਕੀ ਜਿਹੀ ਉਂਗਲ ਅੱਖ ਅਗੇ ਆ ਜਾਏ ਤਾਂ ਚੰਦ ਸੂਰਜ ਪਰਦੇ ਓਹਲੇ ਹੋ ਜਾਂਦੇ ਹਨ। ਛੁਪਣਾ ਤੇ ਛੁਪਾਣਾ ਸਿਖ ਜ਼ੈਦ।

ਜ਼ੈਦ ਨੇ ਕਿਹਾ, ਸ਼ੀਸ਼ਾ ਅਤੇ ਤੱਕੜੀ ਝੂਠ ਨਹੀਂ ਬੋਲ ਸਕਦੇ, ਸ਼ੀਸ਼ਾ ਅਤੇ ਤੱਕੜੀ ਬੇਈਮਾਨੀ ਨਹੀਂ ਕਰਦੇ, ਤਾਂ ਵੀ, ਤੁਹਾਡਾ ਹੁਕਮ ਹੈ ਖਾਮੋਸ਼ ਰਹਾਂ, ਮੈਂ ਖਾਮੋਸ਼ ਰਹਾਂਗਾ ਮਾਲਕ। ਅੰਮ੍ਰਿਤ ਦਾ ਨਿਰਮਲ ਮਿੱਠਾ ਚਸ਼ਮਾ ਵਗਦਾ ਦਿਸ ਰਿਹਾ ਹੈ। ਮੋਮਨ ਤ੍ਰਿਪਤ ਹੋ ਰਹੇ ਹਨ, ਕਾਫਰ ਆਲੇ ਦੁਆਲੇ ਚੱਕਰ ਕੱਟ ਰਹੇ ਹਨ ਪਰ ਪਾਣੀ ਹਾਸਲ ਨਹੀਂ ਹੁੰਦਾ। ਮੈਂ ਖਾਮੋਸ਼ ਰਹਾਂਗਾ।

ਪੈਗੰਬਰ ਨੇ ਫੁਰਮਾਇਆ, ਤਾਰਿਆਂ ਦੀ ਰੌਸ਼ਨੀ ਏਨੀ ਤੇਜ਼ ਹੈ ਜ਼ੈਦ ਕਿ ਅੱਖਾਂ ਅੰਨ੍ਹੀਆਂ ਹੋ ਜਾਣ ਪਰ ਰੱਬ ਨੇ ਉਹ ਮੋਮਬੱਤੀਆਂ ਵਰਗੇ ਕਰ ਦਿੱਤੇ ਹਨ ਤਾਂ ਕਿ ਮੋਮਨਾਂ ਨੂੰ ਰਸਤਾ ਦਿਖਾ ਸਕਣ। ਇਹੀ ਤਾਰੇ ਸ਼ੈਤਾਨ ਉਪਰ ਟੁੱਟਣਗੇ ਤੇ ਤਬਾਹੀ ਮਚਾਉਣਗੇ।

ਤੁਸੀਂ ਜ਼ੈਦ ਨੂੰ ਹੁਣ ਦੇਖ ਨਹੀਂ ਸਕਦੇ। ਜੋੜੇ ਉਤਾਰ ਕੇ ਉਹ ਅਨੰਤ ਰੂਹਾਨੀਅਤ ਵਿਚ ਦਾਖਲ ਹੋ ਗਿਆ ਹੈ। ਤੁਸੀਂ ਉਸ ਨੂੰ ਢੂੰਡਣ ਦਾ ਯਤਨ ਨਾ ਕਰੋ ਕਿਉਂਕਿ ਉਸਦੇ ਕਦਮਾਂ ਦੇ ਨਿਸ਼ਾਨ ਵੀ ਗਾਇਬ ਹੋ ਗਏ ਹਨ। ਆਕਾਸ਼ ਗੰਗਾ ਦੇ ਰਸਤੇ ਉਪਰ ਕਦਮਾਂ ਦੇ ਨਿਸ਼ਾਨ ਨਹੀਂ ਹੁੰਦੇ, ਕੱਖ ਕਾਨੇ ਨਹੀਂ ਹੁੰਦੇ। ਸਾਰਾ ਕੁਝ ਸਾਫ ਹੈ।

"ਰੱਬ ਦਾ ਧਿਆਨ ਕਰੋ, ਉਹ ਤੁਹਾਡਾ ਖਿਆਲ ਰਖੇਗਾ, ਤੁਹਾਡੇ ਸਾਰੇ ਫਿਕਰ ਉਸਦੇ ਫਿਕਰ ਹੋ ਜਾਣਗੇ। ਰੱਬ ਨੇ ਕਿਹਾ, ਐ ਪੈਗੰਬਰ ਕੇਵਲ ਮੋਮਨਾਂ ਦੀ ਸੰਗਤ ਕਰਨੀ। ਅਸੀਂ ਤੁਹਾਨੂੰ ਅਜਿਹੀ ਅੱਗ ਦੇ ਦਿਤੀ ਹੈ ਜਿਹੜੀ ਸੰਸਾਰ ਨੂੰ ਨਿੱਘ ਦਏਗੀ ਪਰ ਅੱਗ ਜੇ ਸੁਆਹ ਦੀ ਸੰਗਤ ਕਰੇਗੀ ਤਾਂ ਬੁਝ ਜਾਏਗੀ। ਸ਼ੈਤਾਨ, ਮੁਸਲਮਾਨ ਦਾ ਭੇਖ ਧਾਰ ਕੇ ਆਏਗਾ। ਉਸ ਦੀ ਪਛਾਣ ਕਰਨੀ।

"ਮੁਹੰਮਦ ਨੇ ਜਦੋਂ ਅਪਣੀ ਸ਼ਰਾਬ ਵਰਤਾਈ ਤਾਂ ਸੰਸਾਰ ਦੇ ਪਹਿਲੇ ਸਾਰੇ ਠੇਕੇ ਬੰਦ ਹੋ ਗਏ। ਗਰੀਬ ਮੁਸਲਮਾਨ ਫਟੇ ਕੱਪੜਿਆਂ, ਨੰਗੇ ਧੜਾਂ ਨਾਲ ਕਾਫਰ ਜੰਗਬਾਜ਼ਾਂ ਨਾਲ ਲੜ ਕੇ ਫਤਿਹਯਾਬ ਹੋਏ। ਇਹ ਸਭ ਦੀਨੀ ਸ਼ਰਾਬ ਵਿਚ ਮਖਮੂਰ ਸਨ। ਜੇ ਮੈਂ ਇਹ ਕਹਾਂ ਕਿ ਮੁਹੰਮਦ ਦੇ ਹੱਥ ਵਿਚ ਸੁਰਾਹੀ ਹੈ ਤਾਂ ਇਹ ਠੀਕ ਨਹੀਂ। ਉਹ ਸ਼ਰਾਬ ਦਾ ਭਰਿਆ ਹੋਇਆ ਛਲਕਦਾ ਪਿਆਲਾ ਹੈ। ਸੁਰਾਹੀ ਰੱਬ ਦੇ ਹੱਥ ਵਿਚ ਹੈ।

"ਪੈਗੰਬਰ ਤੱਕ ਪੁੱਜਣ ਦਾ ਰਸਤਾ ਪਿਆਰ ਹੈ।

ਪਿਆਰ ਵਿਚੋਂ ਅਸੀਂ ਜਨਮ ਲਿਆ, ਪਿਆਰ ਸਾਡੀ ਮਾਂ ਹੈ।

ਮਾਂ ਤੂੰ ਪਰਦਿਆਂ ਵਿਚ ਕਿਉਂ ਛੁਪ ਗਈ ਹੈਂ?

ਇਸ ਕਰਕੇ ਕਿ ਅਸੀਂ ਕਾਫਰ ਹਾਂ?

ਈਰਾਨ ਨੇ ਸੰਸਾਰ ਨੂੰ ਪੰਜ ਮਹਾਨ ਕਿਤਾਬਾਂ ਦਿਤੀਆਂ; ਫਿਰਦੌਸੀ ਦਾ ਸ਼ਾਹਨਾਮਾ, ਸ਼ੇਖ ਸਾਅਦੀ ਦੀ ਗੁਲਿਸਤਾਂ, ਹਾਫਿਜ਼ ਦਾ ਦੀਵਾਨ, ਫਰੀਦੁੱਦੀਨ ਅੱਤਾਰ ਦੀ ਪੰਛੀਆਂ ਦੀ ਮਜਲਿਸ ਅਤੇ ਮੌਲਾਨਾ ਰੂਮ ਦੀ ਮਸਨਵੀ। ਜੇ ਅਰਬੀ ਵਿਚ ਕੁਰਾਨ ਸ੍ਰੇਸ਼ਟ ਹੈ ਤਾਂ ਫਾਰਸੀ ਵਿਚਲੀ ਮਸਨਵੀ ਫਾਰਸੀ ਦਾ ਕੁਰਾਨ ਹੈ,

ਮਸਨਵੀ ਇ ਮੌਲਵੀ ਇ ਮਅਨਵੀ।
ਹਸਤ ਕੁਰਾਨ ਦਰ ਜ਼ਬਾਨ ਪਹਿਲਵੀ।
ਜਾਮੀ ਨੇ ਲਿਖਿਆ -
ਮਨ ਚਿ ਗੋਇਮ ਵਸਫਿ ਆਂ ਆਲੀ ਜਨਾਬ।
ਨੀਸਤ ਪੈਗੰਬਰ ਵਲੇ ਦਾਰਦ ਕਿਤਾਬ।
(ਉਚੀ ਸ਼ਾਨ ਵਾਲੇ (ਰੂਮੀ) ਦੇ ਕੀ ਗੁਣ ਬਿਆਨ ਕਰਾਂ?
ਉਸ ਦੇ ਹੱਥ ਵਿਚ ਇਲਹਾਮ ਦੀ ਕਿਤਾਬ ਹੈ ਪਰ ਉਹ ਨਬੀ ਨਹੀਂ)

ਮਸਨਵੀ ਵਿਚ ਰੂਮੀ ਵਾਰ ਵਾਰ ਸ਼ੱਮਸ ਦਾ ਜ਼ਿਕਰ ਕਰਦਾ ਹੈ,


ਸ਼ਮਸ ਤਬਰੀਜ਼ੀ ਕਿ ਨੂਰ ਮੁਤਲਿਕ ਹਸਤ।
ਆਫਤਾਬ ਅਸਤ ਵ ਜ਼ ਅਨਵਾਰਿ ਹਕ ਅਸਤ।
(ਸ਼ਮਸ ਤਬਰੇਜ਼ ਅੱਲਾਹ ਦਾ ਨੂਰ ਹੈ।
ਉਹ ਸੂਰਜ ਹੈ, ਉਸ ਦੀ ਰੌਸ਼ਨੀ ਰੱਬ ਦੀ ਰੌਸ਼ਨੀ ਹੈ।)

ਦਸੰਬਰ 1273 ਈਸਵੀ, ਕੂਨੀਆਂ ਵਿਚ ਖੌਫਨਾਕ ਤੂਫਾਨ ਅਤੇ ਭੁਚਾਲ ਆਇਆ। ਵੱਡੀ ਗਿਣਤੀ ਵਿਚ ਮੌਤਾਂ ਹੋਈਆਂ। ਡਰੇ ਹੋਏ ਲੋਕ ਮੌਲਾਨਾ ਦੇ ਦਰਬਾਰ ਵਿਚ ਪੁੱਜੇ ਤੇ ਪੁੱਛਿਆ ਕਿ ਕੁਦਰਤ ਏਨੀ ਕ੍ਰੋਧਵਾਨ ਕਿਉਂ ਹੈ? ਮੌਲਾਨਾ ਨੇ ਫੁਰਮਾਇਆ, ਧਰਤੀ ਨੂੰ ਭੁੱਖ ਲੱਗੀ ਹੋਈ ਹੈ, ਸੁਆਦ ਬੋਟੀ ਦੀ ਖਾਹਸ਼ਵੰਦ ਹੈ। ਮਨਪਸੰਦ ਖੁਰਾਕ ਮਿਲ ਗਈ ਸ਼ਾਂਤ ਹੋ ਜਾਏਗੀ। ਸਤਾਰਾਂ ਦਸੰਬਰ ਨੂੰ ਮੌਲਾਨਾ ਦਾ ਦੇਹਾਂਤ ਹੋਇਆ ਤਾਂ ਕੁਦਰਤ ਸ਼ਾਂਤ ਹੋ ਗਈ। ਉਸ ਨੂੰ ਉਸ ਦੇ ਪਿਤਾ ਦੀ ਕਬਰ ਦੇ ਨਜ਼ਦੀਕ ਤੁਰਕੀ ਵਿਚ ਕੋਨੀਆਂ ਵਿਖੇ ਦਫਨਾਇਆ ਗਿਆ। ਪਹਿਲੋਂ ਹਿਜਰੀ ਸੰਮਤ ਦੇ ਹਿਸਾਬ ਉਸਦਾ ਉਰਸ ਮਨਾਇਆ ਜਾਂਦਾ ਸੀ ਪਰ ਪਿਛਲੀ ਅੱਧੀ ਸਦੀ ਤੋਂ 17 ਦਸੰਬਰ ਦਾ ਦਿਨ ਕੋਨੀਆਂ ਵਿਚ ਨਿਸ਼ਚਿਤ ਹੋ ਗਿਆ ਹੈ।

ਮਸਨਵੀ ਦੀਆਂ ਛੇ ਪੋਥੀਆਂ ਰਚ ਕੇ ਮੌਲਾਨਾ ਨੇ ਕਹਿ ਦਿਤਾ ਸੀ:

ਖਾਕਿਏ ਈ ਗੁਫਿਤਾ ਆਯਦ ਬੇਜ਼ਬਾਨੀ।
ਦਰ ਦਿਲਿ ਹਰ ਕਸ ਕਿ ਦਾਰਦ ਨੂਰੀ ਜਾਨ।
(ਗ੍ਰੰਥ ਦਾ ਰਹਿੰਦਾ ਹਿੱਸਾ ਹਰ ਸ਼ਖਸ ਦੇ ਦਿਲ ਵਿਚ ਆਪਣੇ ਆਪ ਬਿਨ ਬੋਲਿਆਂ ਪ੍ਰਕਾਸ਼ਵਾਨ ਹੋ ਜਾਏਗਾ ਜਿਸ ਦੀ ਆਤਮਾ ਪੁਰਨੂਰ ਹੋ ਗਈ ਹੋਵੇਗੀ।)

ਪਰ ਸ਼ਿਅਰਾਂ ਦੀ ਬਣਤਰ ਅਤੇ ਸ਼ੈਲੀ ਤੋਂ ਸਾਬਤ ਹੋ ਜਾਂਦਾ ਹੈ ਕਿ ਸੱਤਵੀਂ ਕਿਤਾਬ ਕਿਸੇ ਹੋਰ ਦੀ ਨਹੀਂ, ਰੂਮੀ ਦੀ ਹੈ। ਸਿਧਾਂਤ ਇਸਲਾਮ ਦੇ ਹਨ, ਰੂਮੀ ਉਨ੍ਹਾਂ ਦੀ ਵਿਆਖਿਆ ਨਵੇਂ ਤਰੀਕੇ ਨਾਲ ਕਰਦਾ ਹੈ। ਸੂਫ਼ੀ ਆਖਦੇ ਹਨ ਕੇਵਲ ਅੱਲਾਹ ਹੈ, ਉਸਦਾ ਕੋਈ ਸ਼ਰੀਕ ਨਹੀਂ, ਜਿਹੜਾ ਉਸਦੇ ਕਿਸੇ ਸ਼ਰੀਕ ਨੂੰ ਮੰਨੇ ਉਹ ਬੁਤ ਪੂਜ ਕਾਫਰ ਹੈ। ਉਹ ਆਪਣੇ ਮੱਤ ਦੇ ਸਮਰਥਨ ਵਾਸਤੇ ਕੁਰਾਨ ਦੀ ਆਇਤ ਪੜ੍ਹਦੇ ਹਨ, ਨਹੀਂ ਹੈ ਹੋਰ ਕੁਝ ਵੀ ਕਿਤੇ ਸਿਵਾਇ ਇਕ ਅੱਲਾਹ ਦੇ। ਰੂਮੀ ਆਖਦਾ ਹੈ ਕਿ ਫਿਰ ਤਾਂ ਜਿਧਰ ਨਜ਼ਰ ਜਾਏ ਉਧਰ ਅੱਲਾਹ ਹੀ ਅੱਲਾਹ ਹੈ। ਜਦੋਂ ਦੂਜਾ ਉਸਦੇ ਸਿਵਾਇ ਹੋਰ ਕੋਈ ਨਹੀਂ, ਫਿਰ ਹਰੇਕ ਕਣ ਵਿਚ ਉਸੇ ਦਾ ਜਲਵਾ ਹੈ। ਰੂਮੀ ਦਾ ਕਥਨ ਹੈ, ਸਮੁੰਦਰ ਵਿਚ ਸਮੁੰਦਰ ਤੋਂ ਇਲਾਵਾ ਹੋਰ ਕੁਝ ਨਹੀਂ ਪਰ ਭੈਂਗੇ ਨੂੰ ਆਪਣੀ ਗੱਲ ਮੈਂ ਕਿਸ ਤਰੀਕੇ ਸਮਝਾਵਾਂ? ਤੂੰ ਰੋਟੀਆਂ ਦਾ ਟੋਕਰਾ ਸਿਰ



ਜ਼ੈਦ ਦੀ ਮਜ਼ਾਰ

ਉਪਰ ਚੁੱਕਿਆ ਹੋਇਆ ਹੈ, ਫਿਰ ਦਰ ਦਰ ਮੰਗਣ ਕਿਉਂ ਜਾਨੈਂ? ਬਹਿ ਤੇ ਆਰਾਮ ਨਾਲ ਖਾਹ।

ਸੂਫ਼ੀਆਂ ਵਿਚ ਦੋ ਤਰ੍ਹਾਂ ਦੀ ਵਿਚਾਰਧਾਰਾ ਹੈ, ਇਕ ਇਹ ਹੈ ਕਿ ਜੋ ਕੁਝ ਹੁੰਦਾ ਹੈ ਰੱਬ ਦੇ ਹੁਕਮ ਅਨੁਸਾਰ ਹੁੰਦਾ ਹੈ। ਦੂਜਾ ਇਹ ਕਿ ਆਦਮੀ ਲਈ ਉਦਮ ਕਰਨਾ ਜ਼ਰੂਰੀ ਹੈ। ਪਹਿਲੀ ਕਿਸਮ ਦੇ ਲੋਕ ਭਾਗਵਾਦੀ ਹੋਣ ਕਾਰਨ ਆਲਸੀ ਹੋ ਜਾਂਦੇ ਹਨ। ਰੂਮੀ ਦੂਜੀ ਕਿਸਮ, ਭਾਵ ਕਿਰਤ ਕਰਨ ਨੂੰ ਚੰਗਾ ਜਾਣਦਾ ਹੈ। ਕਿਰਤ ਕਰੋ, ਉਸ ਪਿਛੋਂ ਰੱਬ ਦਾ ਫੈਸਲਾ ਉਡੀਕੋ। ਸ਼ਿਅਰ ਹੈ:

ਪਾਏ ਦਾਰੀ ਚੂੰ ਕੁਨੀ ਖੁਦ ਰਾ ਤੂ ਲੰਗ।
ਦਸਤ ਦਾਰੀ ਚੂੰ ਕੁਨੀ ਪਿਨਹਾਂ ਨੂ ਚੰਗ।
(ਚੰਗੇ ਭਲੇ ਹਨ ਤੇਰੇ ਪੈਰ, ਤੂੰ ਲੂਲ੍ਹਾ ਕਿਉਂ ਬਣਿਆ ਬੈਠਾ ਹੈਂ? ਠੀਕ ਹਨ ਤੇਰੇ ਹੱਥ, ਫਿਰ ਕੱਛਾਂ ਵਿਚ ਕਿਉਂ ਦੇਈਂ ਬੈਠਾ ਹੈਂ?)
ਬਰ ਤਵੱਕੁਲ ਮੈਂ ਕੁਨੀ ਦਰ ਕਾਰ ਕੁਨ।
ਕਾਰ ਕੁਨ ਪਸ ਤਕੀਆ ਬਰ ਜੱਬਾਰ ਕੁਨ।
(ਭਰੋਸਾ ਕਰਨਾ ਹੈ ਤਾਂ ਕਿਰਤ ਉਪਰ ਕਰ, ਇਸ ਤੋਂ ਬਾਦ ਭਰੋਸਾ ਰੱਬ ਉਪਰ ਕਰ।)

ਰੂਮੀ ਵੇਲੇ ਅਜਿਹੇ ਫਕੀਰਾਂ ਦੀ ਕੋਈ ਘਾਟ ਨਹੀਂ ਸੀ ਜੋ ਵਿਹਲੀਆਂ ਖਾਣ ਦੇ ਸ਼ੁਕੀਨ ਸਨ, ਕਿਹਾ ਕਰਦੇ ਸਨ ਕਿ ਅੱਲਾਹ ਆਪੇ ਦਏਗਾ ਜੇ ਕਿਸਮਤ ਵਿਚ ਲਿਖਿਆ ਹੋਇਆ। ਰੂਮੀ ਆਖਦਾ ਹੈ:

ਜਬਰਿਤੂ ਖੁਫਤਿਨ ਦਰ-ਉ-ਰਾਹ ਮਖਸਪ।
ਤਾ ਨ ਬੀਨੀ ਆਂ ਦਰ-ਉ-ਦਰਗਾਹ ਮਖਸਪ।
(ਤੇਰਾ ਨਸੀਬਾਂ ਵਿਚ ਯਕੀਨ, ਸੌਂ ਜਾਣ ਵਾਂਗ ਹੈ। ਹੋਸ਼ ਵਿਚ ਆ, ਰਸਤੇ ਵਿਚ ਸੌਂ ਨਾ। ਜਿੰਨਾ ਚਿਰ ਦਰ ਅਤੇ ਦਰਗਾਹ ਉਤੇ ਨਹੀਂ ਪੁਜਦਾ, ਸੌਵੀਂ ਨਾ।)

ਰੂਮੀ ਦੇ ਦੀਵਾਨ ਵਿਚ ਗ਼ਜ਼ਲਾਂ ਦੇ ਪੰਜਾਹ ਹਜ਼ਾਰ ਸ਼ਿਅਰ ਹਨ। ਏਨੀ ਉਤਮ ਰਚਨਾ ਹੈ ਕਿ ਸ਼ੇਖ ਸਾਅਦੀ ਅਸ਼ ਅਸ਼ ਕਰ ਉਠਿਆ ਤੇ ਲਿਖਿਆ, ਮੇਰੀ ਕਿਸਮਤ ਵਿਚ ਉਸਦੇ ਕਦਮਾਂ ਦੀ ਧੂੜ ਮੱਥੇ ਲਾਉਣੀ ਲਿਖੀ ਨਹੀਂ ਸੀ। ਸ਼ੀਰਾਜ਼ ਦੇ ਬਾਦਸ਼ਾਹ ਨੇ ਸਾਅਦੀ ਨੂੰ ਕਿਹਾ ਕਿ ਅੱਜ ਤੱਕ ਫਾਰਸੀ ਜ਼ਬਾਨ ਵਿਚ ਰਚੇ ਸਾਹਿਤ ਵਿਚੋਂ ਸਰਬੋਤਮ ਗ਼ਜ਼ਲ ਚੁਣ ਕੇ ਭੇਜੋ, ਸਾਅਦੀ ਨੇ ਰੂਮੀ ਦੇ ਦੀਵਾਨ ਵਿਚੋਂ ਗ਼ਜ਼ਲ ਭੇਜਦਿਆਂ ਕਿਹਾ, ਇਸ ਤੋਂ ਉਪਰ ਕੁਝ ਨਹੀਂ ਹੈ।

ਉਸਦੀ ਤੀਜੀ ਰਚਨਾ ਫੀਹੀ ਮਾ ਫੀਹੀ ਹੈ, ਜੋ ਮੌਲਾਨਾ ਵਲੋਂ ਲਿਖੇ ਖ਼ਤਾਂ ਦਾ ਸੰਗ੍ਰਹਿ ਹੈ। ਇਨ੍ਹਾਂ ਖ਼ਤਾਂ ਵਿਚੋਂ ਆਪਣੇ ਮਿੱਤਰਾਂ ਅਤੇ ਮੁਰੀਦਾਂ ਪ੍ਰਤੀ ਪਿਆਰ ਤਾਂ ਝਲਕਦਾ ਹੀ ਹੈ, ਮਾਅਰਫਤ ਦੇ ਵਿਸ਼ੇ ਉਪਰ ਵੀ ਅਨੇਕ ਟਿਪਣੀਆਂ ਮਿਲਦੀਆਂ ਹਨ। ਇਨ੍ਹਾਂ ਖ਼ਤਾਂ ਤੋਂ ਪਤਾ ਲਗਦਾ ਹੈ ਕਿ ਪਹਿਲਾਂ ਕੀਰਤਨ ਤੋਂ ਜਿੰਨਾ ਪਰਹੇਜ਼ ਕਰਦੇ ਸਨ, ਤਬਰੇਜ਼ ਨਾਲ ਮਿਲਾਪ ਤੋਂ ਬਾਦ ਵਿਸ਼ਵਾਸ ਹੋ ਗਿਆ ਕਿ ਕੀਰਤਨ ਰਾਹੀਂ ਹੀ ਦੀਨ ਦੀਆਂ ਉਚੀਆਂ ਮੰਜ਼ਲਾਂ ਤੱਕ ਪੁੱਜਿਆ ਜਾ ਸਕਦਾ ਹੈ। ਕਿਹਾ ਕਰਦੇ ਸਨ, ਅੰਜੀਰ ਹਰੇਕ ਪੰਛੀ ਦੀ ਖੁਰਾਕ ਨਹੀਂ ਹੈ।

ਆਰ. ਏ. ਨਿਕਲਸਨ ਨੇ ਮਸਨਵੀ ਦੀ ਜਾਣ-ਪਛਾਣ ਕਰਵਾ ਕੇ ਇਸਦਾ ਅੰਗਰੇਜ਼ੀ ਵਿਚ 1400 ਪੰਨਿਆਂ ਦਾ ਵੱਡ ਆਕਾਰੀ ਗ੍ਰੰਥ ਸੰਸਾਰ ਦੇ ਸਪੁਰਦ ਕੀਤਾ। ਜਿਹੜੇ ਲੋਕ ਫਾਰਸੀ ਨਹੀਂ ਜਾਣਦੇ, ਉਨ੍ਹਾਂ ਵਾਸਤੇ ਇਸ ਤੋਂ ਵਧੀਕ ਸਟੀਕ ਅਤੇ ਮੁੱਲਵਾਨ ਅਕਾਦਮਿਕ ਕਾਰਜ ਹੋਰ ਕਿਤੇ ਨਹੀਂ ਹੈ।

-ਬੇਸਬਰੀਆਂ ਲਾਲਚੀ ਅੱਖਾਂ ਰਜਦੀਆਂ ਈ ਨਹੀਂ।

ਪਰ ਸਿੱਪੀ ਜਾਣਦੀ ਹੈ ਜੇ ਖਾਮੋਸ਼ ਰਹਿ ਕੇ ਸਬਰ ਨਾ ਕੀਤਾ ਤਾਂ ਮੋਤੀ ਨਹੀਂ ਬਣੇਗਾ।

-ਗੁਲਾਬੀ ਫੁੱਲਾਂ ਦੇ ਨਜ਼ਦੀਕ ਜਾ ਕੇ ਖ਼ੂਨੀ ਬੋਲ ਨਾ ਬੋਲ।

ਮਸਤਾਨਿਆਂ ਨੂੰ ਮੂਰਖ ਆਖ ਕੇ ਖਿੱਲੀ ਨਾ ਉਡਾ।

-ਹੁਨਰ ਦੇ ਨਾਲ ਨਾਲ ਉਡਣਾ ਚਾਹੁੰਨੈਂ ਤਾਂ ਪਹਿਲਾਂ ਨਜ਼ਰ ਮਾਰ ਕਿ ਕੀ ਤੇਰੇ ਜਿਸਮ ਉਪਰ ਖੰਭ ਹੈਨ ਵੀ?

-ਅੱਗ ਦੀ ਸੁਨਹਿਰੀ ਲਾਟ ਦੇਖਣ ਨੂੰ ਸੁਹਣੀ ਲਗਦੀ ਹੈ

ਪਰ ਉਸ ਦਾ ਫੈਸਲਾ ਹੈ ਕਿ ਹਰੇਕ ਸ਼ੈ ਨੂੰ ਸਾੜ ਕੇ ਕਾਲੇ ਰੰਗ ਦਾ ਪੋਚਾ ਫੇਰ ਦੇਣਾ ਹੈ।

-ਜੇ ਅਗਿਆਨ ਸਦਕਾ ਤੂੰ ਅੰਨ੍ਹਾ ਨਾ ਹੋਇਆ ਹੁੰਦਾ

ਤਾਂ ਸੂਰਜ ਸਾਹਮਣੇ ਬਰਫ਼ ਵਾਂਗ ਦੇਰ ਤੱਕ ਜੰਮਿਆਂ ਕਿਵੇਂ ਰਹਿ ਸਕਦਾ ਸੈਂ?

-ਦਰਿਆ ਵਿਚ ਜੋ ਜੀਵ ਪੈਦਾ ਹੁੰਦੇ ਹਨ, ਮੁੜ ਮੁੜ ਦਰਿਆ ਵਲ ਨੂੰ ਨਸਦੇ ਹਨ।

-ਤੂੰ ਆਪਣੇ ਦਿਲ ਵਿਚ ਪੱਥਰ, ਲੋਹਾ ਅਤੇ ਅੱਗ ਸੰਭਾਲ ਰੱਖੀ ਹੋਈ ਹੈ। ਇਹ ਦੱਸ ਕਿ ਪਾਣੀ ਇਥੇ ਕਿਉਂ ਜਾਏਗਾ?

-ਮਾਲਕ ਨੂੰ ਦੇਖ ਕੇ ਕੁੱਤਾ ਪੈਰ ਚੁੰਮਣ ਜਾਂਦਾ ਹੈ,

ਬੇਗਾਨੇ ਉਪਰ ਉਹ ਸ਼ੇਰ ਵਾਂਗ ਹੱਲਾ ਬੋਲਦਾ ਹੈ।

ਤੈਨੂੰ ਆਪਣਿਆਂ ਤੇ ਬੇਗਾਨਿਆਂ ਦੀ ਸਮਝ ਕਦ ਆਏਗੀ?

-ਬੱਚਾ ਮਾਂ ਵਲ ਜਾਂਦਾ ਹੈ। ਟਾਹਣੀਆਂ ਮੁੱਢ ਵਲ ਝੁਕਦੀਆਂ ਹਨ।

ਬੇਸ਼ਕ ਦਿਸਦਾ ਨਹੀਂ, ਘੜੇ ਦਾ ਪਾਣੀ ਹੌਲੀ ਹੌਲੀ ਹਵਾ ਵਿਚ

ਮਿਲਦਾ ਜਾਂਦਾ ਹੈ ਕਿਉਂਕਿ ਉਹ ਹਵਾ ਦਾ ਜਾਇਆ ਹੈ।

ਪਾਣੀ ਅਤੇ ਰੋਟੀ, ਸਾਡੇ ਮਾਸ ਵਰਗੇ ਨਹੀਂ ਪਰ ਜਦੋਂ ਅਸੀਂ

ਪੀ ਖਾ ਲੈਂਦੇ ਹਾਂ, ਇਹ ਮਾਸ ਹੋ ਜਾਂਦੇ ਹਨ।

-ਰੱਬ ਨੇ ਜਿਹਤੀ ਅਕਲ ਸ਼ਹਿਦ ਦੀ ਮੱਖੀ ਨੂੰ ਦਿੱਤੀ,

ਉਸਦਾ ਭੇਤ ਗਿੱਦੜ ਅਤੇ ਸ਼ੇਰ ਕਿਵੇਂ ਪਾ ਸਕਦੇ ਹਨ?

ਤੁਸੀਂ ਵੀ ਮਿੱਤਰੋ ਖੋਤੇ ਦੇ ਕੰਨ ਵੇਚ ਕੇ ਬੰਦੇ ਦੇ ਕੰਨ ਖਰੀਦ ਲਵੋ ਫੇਰ ਅਸਾਡੀ ਗੱਲ ਸਮਝ ਆਉਣ ਲੱਗੇਗੀ।

-ਕਿਤਾਬਾਂ ਵਿਚਲੇ ਵਾਕ ਫਾਹੀਆਂ ਹਨ ਦੋਸਤੋ।

ਕਿਤਾਬੀ ਵਾਕ, ਮਾਰੂਥਲਾਂ ਵਿਚ ਮ੍ਰਿਗ ਤ੍ਰਿਸ਼ਨਾ ਹਨ, ਤ੍ਰਿਪਤ ਨਹੀਂ ਕਰਦੇ।

ਪੁਰਾਤਨ ਜਨੌਰ ਕਹਾਣੀਆਂ ਵਿਚ ਤੋਤੀ ਦੀ ਕਥਾ ਆਉਂਦੀ ਹੈ। ਪਿੰਜਰੇ ਵਿਚ ਬੰਦ ਤੋਤੀ ਉਦਾਸ ਰਹਿੰਦੀ। ਮਾਲਕ ਪਰਦੇਸ ਚੱਲਿਆ ਤਾਂ ਹਰੇਕ ਨੂੰ ਪੁੱਛਿਆ ਕਿ ਕੀ ਸੁਗਾਤ ਲਿਆਵਾਂ, ਕਿਸ ਨੂੰ ਕੀ ਸੁਨੇਹਾ ਦੇ ਕੇ ਆਵਾਂ। ਉਸਨੇ ਤੋਤੀ ਨੂੰ ਵੀ ਇਹੋ ਪੁੱਛਿਆ। ਤੋਤੀ ਨੇ ਕਿਹਾ, ਉਸ ਦੇਸ ਵਿਚ ਮੇਰੇ ਹਮਸਫਰ ਤੋਤਿਆਂ ਦੀਆਂ ਡਾਰਾਂ ਦਿੱਸਣਗੀਆਂ, ਉਨ੍ਹਾਂ ਨੂੰ ਕਹਿਣਾ ਤੁਹਾਡੀ ਪਿੰਜਰੇ ਵਿਚ ਬੰਦ ਤੋਤੀ ਉਦਾਸ ਰੋਂਦੀ ਰਹਿੰਦੀ ਹੈ, ਤੁਹਾਨੂੰ ਯਾਦ ਕਰਦੀ ਹੈ। ਮੁਸਾਫਰ ਨੇ ਦਰਖਤ 'ਤੇ ਬੈਠੇ ਤੋਤਿਆਂ ਨੂੰ ਇਸ ਤੋਤੀ ਦੀ ਗੱਲ ਸੁਣਾਈ। ਸਭ ਨੇ ਧਿਆਨ ਨਾਲ ਸੁਣੀ। ਦਰਦ ਕਹਾਣੀ ਸੁਣ ਕੇ ਇਕ ਤੋਤਾ ਮਰ ਕੇ ਜ਼ਮੀਨ 'ਤੇ ਆ ਡਿੱਗਾ। ਮੁਸਾਫਰ ਪਛਤਾਇਆ ਕਿ ਕਾਹਨੂੰ ਇਹ ਗੱਲ ਕਰਨੀ ਸੀ। ਪਾਪ ਕਰ ਬੈਠਾ ਹਾਂ। ਵਾਪਸ ਆ ਕੇ ਇਹ ਘਟਨਾ ਤੋਤੀ ਨੂੰ ਸੁਣਾਈ। ਜਦ ਉਸਨੇ ਸੁਣਿਆ ਕਿ ਇਕ ਤੋਤਾ ਇਹ ਗੱਲ ਸੁਣਦਿਆਂ ਮਰ ਗਿਆ ਤਾਂ ਤੋਤੀ ਨੂੰ ਵੀ ਅਜਿਹਾ ਚੱਕਰ ਆਇਆ ਕਿ ਫੁੜਕ ਗਈ। ਮਾਲਕ ਲੱਗਾ ਹੱਥ ਮਲਣ, ਦੂਹਰੀ ਮੂਰਖਤਾ ਕਰ ਦਿਤੀ। ਪਰਦੇਸੀਂ ਮਰੇ ਤੋਤੇ ਦੀ ਗੱਲ ਸੁਣ ਕੇ ਇਹ ਦਮ ਤੋੜ ਗਈ। ਮੇਰੇ ਵਰਗਾ ਅਹਿਮਕ ਹੋਰ ਕੌਣ ਹੋਏਗਾ? ਉਸ ਨੇ ਪਿੰਜਰੇ ਦੀ ਤਾਕੀ ਖੋਲ੍ਹੀ ਤੇ ਮਰੀ ਤੋਤੀ ਨੂੰ ਟੰਗੋਂ ਫੜ ਕੇ ਵਾੜ ਤੋਂ ਪਾਰ ਸੁੱਟ ਦਿਤਾ। ਜਿਉਂ ਹੀ ਮਾਲਕ ਨੇ ਤੋਤੀ ਵਗਾਹੀ, ਉਹ ਫੁੱਰਰ ਕਰਕੇ ਉਡ ਗਈ। ਹਿੰਦੋਸਤਾਨੀ ਕਥਾਕਾਰ ਤੋਤੇ ਅਤੇ ਤੋਤੀ ਦੇ ਮਰਨ ਨੂੰ ਮਕਰ ਫਰੇਬ ਰਾਹੀਂ ਆਜ਼ਾਦ ਹੋਣ ਦੀ ਚਲਾਕੀ ਦਸਦੇ ਹਨ। ਰੂਮੀ ਇਸ ਨੂੰ ਹੋਰ ਅਰਥ ਦਿੰਦਾ ਹੈ। ਉਹ ਲਿਖਦਾ ਹੈ, ਇਕ ਮਹਿਮਾਨ ਨੇ ਪਿੰਜਰੇ ਵਾਲੀ ਤੋਤੀ ਨੂੰ ਪੁੱਛਿਆ ਤੇਰੀ ਨਜ਼ਰ ਤਾਂ ਏਨੀ ਤਿੱਖੀ ਹੈ ਕਿ ਮੀਲਾਂ ਤਕ ਸਾਫ਼ ਦੇਖ ਲੈਂਦੀ ਹੈ, ਕੀ ਤੈਨੂੰ ਫਾਹੀ ਨਹੀਂ ਸੀ ਦਿੱਸੀ? ਤੋਤੀ ਨੇ ਕਿਹਾ, ਜਦੋਂ ਕਿਸਮਤ ਮਾੜੀ ਹੋਵੇ ਭਾਈ ਤਾਂ ਅੱਖਾਂ ਉਪਰ ਚਿੱਟੇ ਦਿਨ ਪਰਦਾ ਪੈ ਜਾਂਦਾ ਹੈ। ਉਹ ਤੋਤੇ ਤੋਤੀ ਦੀ ਮੌਤ ਨੂੰ ਚਲਾਕੀ ਫਰੇਬ ਨਹੀਂ ਕਹਿੰਦਾ। ਉਹ ਆਖਦਾ ਹੈ ਜਿਸਮ ਦੀਆਂ ਲੋੜਾਂ ਨੂੰ ਮਾਰ ਲਵੋਗੇ, ਆਪੇ ਨੂੰ ਮਾਰ ਲਵੋਗੇ ਤਦ ਆਜ਼ਾਦ ਹੋ ਕੇ ਉਡਣ ਲੱਗੋਗੇ। ਤੁਹਾਡੀਆਂ ਹਵਸਾਂ ਤੁਹਾਡਾ ਮਜ਼ਬੂਤ ਪਿੰਜਰਾ ਹੈ। ਇਸ ਪਿੰਜਰੇ ਵਿਚੋਂ ਨਿਕਲਣ ਦਾ ਇਹੋ ਰਸਤਾ ਹੈ, ਹੋਰ ਕੋਈ ਨਹੀਂ।

-ਪਿਆਸਾ ਆਦਮੀ ਸੰਸਾਰ ਵਿਚ ਪਾਣੀ ਲਭਦਾ ਫਿਰਦਾ ਹੈ। ਉਹ ਨਹੀਂ ਜਾਣਦਾ ਕਿ ਪਾਣੀ ਵੀ ਉਸਦੀ ਤਲਾਸ਼ ਵਿਚ ਤੁਰਿਆ ਹੋਇਆ ਹੈ।

-ਜਿਸ ਅੱਖਰ ਕਾਰਨ ਭਟਕ ਜਾਏਂ ਉਹ ਅੱਖਰ ਕੁਫਰ ਦਾ ਸੀ ਕਿ ਈਮਾਨ ਦਾ, ਇਕੋ ਗੱਲ ਹੈ, ਜਿਸ ਨਕਸ਼ੇ 'ਤੇ ਤੁਰਦਾ ਤੁਰਦਾ ਜੇ ਦੋਸਤ ਤੋਂ ਵਿਛੜ ਜਾਏਂ ਉਹ ਨਕਸ਼ਾ ਚੰਗਾ ਸੀ ਕਿ ਮਾੜਾ, ਇਕੋ ਗੱਲ ਹੈ।

-ਖੁਸ਼ਹਾਲੀ ਵਕਤ ਜਿਹੜੇ ਪਰਛਾਵਾਂ ਬਣਕੇ ਰਹਿੰਦੇ ਸਨ, ਮੰਦਹਾਲੀ ਵਿਚ ਤੇਰਾ ਪੱਲਾ ਛੱਡ ਦੇਣਗੇ। ਤੇਰਾ ਮਾੜਾ ਹਾਲ ਦੇਖ ਕੇ ਦੂਰੋਂ ਕਹਿਣਗੇ, ਕਬਰ ਵਿਚੋਂ ਇਹ ਮੁਰਦਾ ਕਿਵੇਂ ਬਾਹਰ ਨਿਕਲ ਆਇਆ?

-ਐ ਦੁਨੀਆਂ, ਮੈਂ ਦੇਖ ਲਿਆ ਤੈਨੂੰ। ਪੁਰਾਣੀ ਮਿੱਟੀ ਤੋਂ ਬਗੈਰ ਤੂੰ ਹੋਰ ਕੱਖ ਨਹੀਂ, ਨਾ ਤੇਰਾ ਜਨਮ ਹੋਇਆ, ਨਾ ਤੂੰ ਉਗੀ, ਨਾ ਤੈਨੂੰ ਮੰਜ਼ਲ ਮਿਲੀ।

-ਜੇ ਸੰਸਾਰ ਬੇਅਕਲਾਂ, ਬੇਸ਼ਰਮਾਂ ਨਾਲ ਭਰਿਆ ਹੋਇਆ ਨਾ ਹੁੰਦਾ ਤਾਂ ਪੈਗੰਬਰਾਂ ਨੂੰ ਕਰਾਮਾਤਾਂ ਦਿਖਾਉਣ ਦੀ ਕੀ ਲੋੜ ਸੀ?

-ਜਿਵੇਂ ਪਿਆਲਾ ਖਾਲੀ ਹੋਣ 'ਤੇ ਦੁਬਾਰਾ ਭਰ ਲਿਆ ਜਾਂਦਾ ਹੈ, ਸੂਰਜ ਅਸਤ ਹੋ ਕੇ ਅਗਲੇ ਦਿਨ ਫਿਰ ਪ੍ਰਗਟ ਹੋ ਜਾਂਦਾ ਹੈ, ਤੂੰ ਵੀ ਸੂਰਜ ਹੈਂ ਰੂਮ, ਆਪਣੀ ਜਾਨ ਕੁਰਬਾਨ ਕਰ ਤੇ ਪੁਰਾਣੇ ਹਨੇਰੇ ਸੰਸਾਰ ਨੂੰ ਰੌਸ਼ਨ ਕਰ।

-ਪਿੱਸੂ ਨਾਲ ਖਫ਼ਾ ਹੋ ਕੇ ਆਪਣੀ ਕੰਬਲੀ ਨੂੰ ਅੱਗ ਵਿਚ ਨਾ ਸਾੜ। ਜਦੋਂ ਤੈਨੂੰ ਸੁਣਨਾ ਆ ਗਿਆ ਤਾਂ ਮੈਂ ਤੇਰੇ ਕੰਨਾਂ ਵਿਚ ਸੋਨੇ ਦੀਆਂ ਮੁੰਦਰਾਂ ਪਾਵਾਂਗਾ।

-ਮੁੰਦਰਾਂ ਦਾ ਨਾਮ ਸੁਣ ਕੇ ਖੁਸ਼ ਹੋ ਗਿਐਂ? ਇਹ ਤਾਂ ਕੁਝ ਵੀ ਨਹੀਂ, ਮੈਂ ਤੈਨੂੰ ਸੋਨੇ ਦੀ ਖਾਣ ਬਣਾ ਦਿਆਂਗਾ, ਚੰਦ ਨਹੀਂ, ਮੈਂ ਤੈਨੂੰ ਕਹਿਕਸ਼ਾਂ ਬਣਾ ਦਿਆਂਗਾ।

-ਤੂੰ ਹੰਕਾਰ ਦਾ ਕੈਦੀ ਹੈਂ, ਤੇਰਾ ਕੀ ਇਲਾਜ ਕਰਾਂ? ਜੇ ਤੂੰ ਲੋਹੇ ਦੇ ਪਿੰਜਰੇ ਵਿਚ ਬੰਦ ਹੁੰਦਾ ਮੈਂ ਛੈਣੀ-ਹਥੌੜੇ ਨਾਲ ਲੋਹਾ ਕੱਟ ਕੇ ਤੈਨੂੰ ਆਜ਼ਾਦ ਕਰ ਦਿੰਦਾ। ਤੇਰਾ ਹੰਕਾਰ ਕਿਵੇਂ ਵੱਢਾਂ?

ਅੱਗ, ਲੱਕੜਾਂ ਦੇ ਢੇਰ ਤੋਂ ਕਦ ਡਰਦੀ ਹੈ?
ਕਸਾਈ ਭੇਡਾਂ ਦੇ ਇੱਜੜ ਤੋਂ ਕਦ ਡਰਿਆ ਹੈ।

-ਨਕਲ ਕਰਕੇ ਤੂੰ ਬੁਲਬੁਲ ਵਰਗੀ ਆਵਾਜ਼ ਕੱਢ ਸਕਦਾ ਹੈਂ। ਪਰ ਬੁਲਬੁਲ ਫੁੱਲਾਂ ਨਾਲ ਕਿਹੜੀਆਂ ਕਿਹੜੀਆਂ ਗੱਲਾਂ ਕਰਦੀ ਹੈ ਤੈਨੂੰ ਕੀ ਪਤਾ?

-ਬੋਲਾ ਬੰਦਾ ਗੱਲ ਕਰਨ ਵਾਲੇ ਦੇ ਬੁਲ੍ਹ ਹਿਲਦੇ ਦੇਖ ਕੇ ਗੱਲ ਸਮਝ ਨਹੀਂ ਸਕਦਾ। ਚਮਚੜਿਕ ਸੂਰਜ ਦੀ ਸਿਫਤ ਨਹੀਂ ਕਰ ਸਕਦੀ।

-ਲੱਤਾਂ ਵਿਚ ਸੋਟੀ ਲੈ ਕੇ ਤੂੰ ਦੌੜਿਆ ਫਿਰਦਾ ਹੈਂ ਕਿ ਮੈਂ ਘੋੜੇ ਉਪਰ ਸਵਾਰ ਹਾਂ, ਸਾਨੂੰ ਪਤੈ ਸੋਟੀ ਦਾ ਭਾਰ ਸਗੋਂ ਤੂੰ ਚੁਕਿਆ ਹੋਇਐਂ।

# ਹਰ ਕੰਮ 'ਵਾਰੀ ਵਾਰੀ' ਕਰਨ 'ਚ ਯਕੀਨ ਰੱਖਦੈ ਹਰਭਜਨ ਮਾਨ

**ਸਵਰਨ ਸਿੰਘ ਟਹਿਣਾ***

ਜ਼ਰਾ ਯਾਦ ਕਰੋ ਉਹ ਵੇਲਾ, ਜਦੋਂ ਇੱਕ ਅਲੂੰਏ ਜਿਹੇ ਮੁੰਡੇ ਨੇ 'ਚਿੱਠੀਏ ਨੀਂ ਚਿੱਠੀਏ' ਜ਼ਰੀਏ ਜਲੰਧਰ ਦੂਰਦਰਸ਼ਨ 'ਤੇ ਦਸਤਕ ਦਿੱਤੀ ਸੀ। ਇਸ ਚਿੱਠੀ ਨੇ ਉਸ ਦੇ ਭਾਗ ਖੋਲ੍ਹ



ਦਿੱਤੇ ਸਨ। ਉਹ ਦਿਨ ਤੇ ਆਹ ਦਿਨ ਉਹ ਮੁੰਡਾ ਹਰਭਜਨ ਮਾਨ ਦੇ ਨਾਂ ਨਾਲ ਏਨਾ ਪ੍ਰਸਿੱਧ ਹੋਇਆ ਕਿ ਕਦੇ ਗਾਇਕੀ ਕਰਕੇ ਤੇ ਕਦੇ ਪੰਜਾਬੀ ਫ਼ਿਲਮਾਂ ਦੀ ਧੱਕਾ ਸਟਾਰਟ ਗੱਡੀ ਨੂੰ ਅੱਗੇ ਵਧਾਉਣ ਬਦਲੇ ਪੰਜਾਬੀਆਂ ਨੇ ਉਸ ਨੂੰ ਪਲਕਾਂ ਦੀਆਂ ਛਾਂਵਾਂ ਕੀਤੀਆਂ। ਗੁੜ੍ਹਤੀ 'ਚ ਮਿਲੀ ਚੀਜ਼ ਬੰਦੇ ਦੇ ਸਾਹਾਂ 'ਚ ਸਮਾ ਜਾਂਦੀ ਹੈ, ਇਹੀ ਸਭ ਹਰਭਜਨ ਦੀ ਗਾਇਕੀ 'ਚੋਂ ਦਿਸਦਾ ਹੈ। ਬਾਪੂ ਕਰਨੈਲ ਸਿੰਘ ਪਾਰਸ ਦੀ ਕਵੀਸ਼ਰੀ ਕਲਾ ਨਾਲ ਮਿਲਦੀ-ਜੁਲਦੀ ਉਸ ਦੀ ਆਵਾਜ਼ ਤੇ ਅੰਦਾਜ਼ ਪੁਰਾਣੇ ਪੰਜਾਬ ਦੀਆਂ ਮਨੋਰੰਜਨ ਵਿਧਾਵਾਂ ਦਾ ਚੇਤਾ ਵੀ ਕਰਾ ਜਾਂਦੀ ਹੈ ਤੇ ਵਰਤਮਾਨ ਦੇ ਝੋਖੜਾਂ ਕਾਰਨ ਕਾਹਲੇ ਪੈਂਦੇ ਮਨ ਨੂੰ ਸ਼ਾਂਤ ਵੀ ਕਰ ਜਾਂਦੀ ਹੈ।

ਅੱਜ ਹਰਭਜਨ ਮਾਨ ਪਹਿਲੀ ਪਾਲ ਦੇ ਕਲਾਕਾਰਾਂ ਵਿਚ ਮੋਹਰੀ ਦਿਸ ਰਿਹੈ ਤੇ ਉਸ ਵੱਲੋਂ ਪੰਜਾਬੀ ਸਿਨੇਮੇ ਨੂੰ ਜਿਊਂਦਾ ਰੱਖਣ ਵਿਚ ਪਾਏ ਯੋਗਦਾਨ ਨੂੰ ਵੀ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਗੱਲ ਭਾਵੇਂ ਉਸ ਦੇ ਗੀਤਾਂ-'ਜੱਗ ਜੰਕਸ਼ਨ ਰੇਲਾਂ ਦਾ', 'ਜਗ ਜਿਉਂਦਿਆਂ ਦੇ ਮੇਲੇ', 'ਗੱਲ੍ਹਾਂ ਗੋਰੀਆਂ ਦੇ ਵਿਚ ਟੋਏ', 'ਮਿਰਜ਼ਾ', 'ਦਿਲ ਡੋਲ ਗਿਆ' ਆਦਿ ਗੀਤਾਂ ਦੀ ਹੋਵੇ, ਜਾਂ ਉਸ ਦੀਆਂ ਫਿਲਮਾਂ 'ਜੀ ਆਇਆਂ ਨੂੰ' ਤੋਂ ਸ਼ੁਰੂ ਕਰ 'ਹੀਰ ਰਾਂਝਾ' ਦੀ ਹੋਵੇ, ਦੋਹਾਂ ਖੇਤਰਾਂ ਵਿਚ ਉਸ ਨੂੰ ਮਣਾਂਮੂੰਹੀਂ ਦਾਦ ਮਿਲੀ।

ਹਰਭਜਨ ਨੇ ਆਪਣੇ ਛੋਟੇ ਭਰਾ ਗੁਰਸੇਵਕ ਨੂੰ ਵੀ ਗਾਇਕੀ 'ਚ ਲਿਆਂਦਾ, 'ਸਤਰੰਗੀ ਪੀਂਘ' ਸਮੇਤ ਕਈ ਕੈਸਿਟਾਂ ਵਿਚ ਇਕੱਠਿਆਂ ਗਾਇਆ, ਪਰ ਹਾਲੇ ਉਸ ਦਾ ਪੱਕੇ ਪੈਰੀਂ ਹੋਣਾ ਬਾਕੀ ਹੈ। ਪੜ੍ਹਿਆ-ਲਿਖਿਆ ਹੋਣ ਕਰਕੇ ਹਰਭਜਨ ਨੂੰ ਆਪਣੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਹੈ, ਉਹ ਗਾਇਕੀ ਨੂੰ ਸਿਰਫ਼ ਮਨੋਰੰਜਨ ਤੱਕ ਸੀਮਤ ਨਹੀਂ ਰੱਖਦਾ, ਸਗੋਂ ਜਾਣਦਾ ਹੈ ਕਿ ਸੰਦੇਸ਼ ਦੇਣ ਵਾਲੀਆਂ ਗੱਲਾਂ ਵੀ ਗੀਤ ਦਾ ਹਿੱਸਾ ਬਣਨੀਆਂ ਚਾਹੀਦੀਆਂ ਨੇ। ਇਸੇ ਕਰਕੇ ਉਸ ਦੇ ਜ਼ਿਆਦਾਤਰ ਗੀਤ ਲੋਕ ਸੱਚਾਈਆਂ ਦੇ ਨੇੜੇ ਹੁੰਦੇ ਨੇ। ਪੰਜਾਬੀਆਂ ਦੇ ਲੋਕ ਗਾਇਕੀ ਨਾਲ ਗੂੜ੍ਹੇ ਰਿਸ਼ਤੇ ਨੂੰ ਬਿਆਨਣ ਲਈ ਇੱਕੋ ਉਦਾਹਰਣ ਕਾਫੀ ਹੈ ਕਿ 'ਲਾ...ਲਾ...ਲਾ...ਲਾ' ਨਾਲੋਂ ਵੱਧ ਪਿਆਰ ਉਸਦੇ 'ਮਿਰਜ਼ੇ' ਨੂੰ ਹੀ ਮਿਲਿਆ।

ਹਰਭਜਨ ਸਮੇਤ ਮਸਾਂ ਦਰਜਨ ਭਰ ਅਜਿਹੇ ਕਲਾਕਾਰ ਹੋਣਗੇ, ਜਿਨ੍ਹਾਂ ਸਵੱਛ ਪੰਜਾਬੀ ਗਾਇਕੀ ਦੀ ਜੋਤ ਬਾਲੀ। ਹੈਰਾਨੀ ਹੁੰਦੀ ਹੈ ਜਦੋਂ ਇਕਬਾਲ ਮਾਹਲ ਦੇ ਜੀਵਨਨਾਮੇ ਵਾਲੀ ਸੀ.ਡੀ. ਵਿਚਲੇ ਹਰਭਜਨ ਮਾਨ ਨੂੰ ਮੌਜੂਦਾ ਸ਼ਖ਼ਸੀਅਤ ਵਾਲੇ ਹਰਭਜਨ ਨਾਲ ਮਿਲਾ ਕੇ ਦੇਖੀਦਾ ਹੈ। ਏਨੀ ਸਫ਼ਲਤਾ ਉਸ ਦੀ ਦਿਨ-ਰਾਤ ਦੀ ਘਾਲਣਾ ਦਾ ਸਿੱਟਾ ਹੈ। ਉਹ ਘਾਲਣਾ, ਜਿਸ ਲਈ ਉਸ ਨੇ ਕੈਨੇਡਾ ਛੱਡ ਪੰਜਾਬ ਦੀ ਮਿੱਟੀ ਨਾਲ ਮੁੜ ਗੂੜ੍ਹੀ ਸਾਂਝ ਪਾਈ, ਡਾਲਰਾਂ ਨੂੰ ਛੱਡ ਆਪਣਿਆਂ ਨੂੰ ਆਪਣਾ ਗੀਤ-ਸੰਗੀਤ ਪੇਸ਼ ਕੀਤਾ।

ਅੱਜ ਭਾਵੇਂ ਪੰਜਾਬੀ ਫ਼ਿਲਮਾਂ ਤੇ ਗਾਇਕੀ ਦੋਹਾਂ ਵਿਚ 'ਮਾਨਾਂ' ਦੀ ਚੜ੍ਹਤ ਹੈ, ਪਰ ਹਰ ਗਾਇਕ ਦੀ ਆਰਥਿਕਤਾ ਦਾ ਧੁਰਾ ਸਟੇਜੀ ਪ੍ਰੋਗਰਾਮ ਹੀ ਹਨ। ਇਨ੍ਹਾਂ ਪ੍ਰੋਗਰਾਮਾਂ ਦੀ ਗਿਣਤੀ ਗਾਇਕ ਦੀ ਹਰਮਨਪਿਆਰਤਾ ਦਰਸਾਉਣ ਦੇ ਨਾਲ-ਨਾਲ ਸਿਨੇਮੇ ਵੱਲ ਜਾਣ ਵਾਲੇ ਦਰਸ਼ਕਾਂ ਦੀ ਗਿਣਤੀ ਵੀ ਨਿਰਧਾਰਤ ਕਰ ਦਿੰਦੀ ਹੈ।

'ਮੌਜ ਮਸਤੀਆਂ' ਤੋਂ ਕਾਫੀ ਸਮੇਂ ਬਾਅਦ ਹੁਣ ਜਦੋਂ 'ਵਾਰੀ ਵਾਰੀ' ਜ਼ਰੀਏ ਹਰਭਜਨ ਮਾਨ ਪੰਜਾਬੀ ਦੇ ਨਾਲ-ਨਾਲ ਕਈ ਹਿੰਦੀ ਚੈਨਲਾਂ 'ਤੇ ਦਿਸਣਾ ਸ਼ੁਰੂ ਹੋਇਆ ਹੈ ਤਾਂ ਪੰਜਾਬ ਦੀ ਸੰਗੀਤ ਮੰਡੀ ਨੂੰ ਉਮੀਦ ਬੱਝੀ ਹੈ ਕਿ ਪਤਝੜ ਦੇ ਦਿਨ ਬਹਾਰ 'ਚ ਬਦਲ ਜਾਣਗੇ। ਇਹ ਉਮੀਦ ਇਸ ਕਰਕੇ ਵੀ ਹੈ ਕਿ ਲੰਮੇ ਸਮੇਂ ਬਾਅਦ ਬਾਬੂ ਸਿੰਘ ਮਾਨ ਦੀ ਕਲਮ, ਜੈਦੇਵ ਦੀਆਂ ਧੁਨਾਂ ਤੇ ਹਰਭਜਨ ਦੀ ਆਵਾਜ਼ ਦੀ ਇੱਕੋ ਸੀ.ਡੀ./ਕੈਸਿਟ ਵਿਚ ਤਿੱਕੜੀ ਪਈ ਹੈ। ਹਰਭਜਨ ਦੀ 'ਵਾਰੀ-ਵਾਰੀ' ਸਭ ਪੰਜਾਬੀਆਂ ਨੂੰ 'ਵਾਰੀ ਵਾਰੀ' ਸੁਣਨੀ ਪਵੇਗੀ, ਇਹ ਦਾਅਵਾ ਕੁਝ ਜ਼ਿਆਦਾ ਹੋ ਜਾਵੇਗਾ, ਪਰ ਸੱਚ ਹੈ ਕਿ ਜਿਸ-ਜਿਸ ਨੇ ਇਸ ਨੂੰ ਸੁਣਿਆ ਹੈ, ਉਹ ਹਰਭਜਨ ਦੀ ਗੀਤ ਚੋਣ ਤੋਂ ਬਲਿਹਾਰੇ ਜਾ ਰਿਹਾ ਹੈ। ਹਰਭਜਨ ਉਮੀਦ 'ਤੇ ਸੌ ਫ਼ੀਸਦੀ ਖਰਾ ਉਤਰਦਾ ਹੈ। ਬਾਪੂ ਕਰਨੈਲ ਸਿੰਘ ਪਾਰਸ ਦੀਆਂ ਸਮਝਾਉਣੀਆਂ ਉਸ ਦੇ ਗੀਤਾਂ ਵਿਚੋਂ ਸਾਫ਼ ਝਲਕਦੀਆਂ ਨੇ। ਉਹ ਵਰਤਮਾਨ ਦੀ ਗੱਲ ਕਰਦਾ ਹੈ, ਪੰਜਾਬੀ ਨਾਲ ਨਹੁੰ-ਮਾਸ ਦਾ ਰਿਸ਼ਤਾ ਬਰਕਰਾਰ ਰੱਖਣ ਦੀ ਸ਼ਾਹਦੀ ਭਰਦਾ ਹੈ ਤੇ ਨਾਲ-ਨਾਲ ਲੋਕ ਤੱਥਾਂ ਵਰਗੀਆਂ ਸੱਚਾਈਆਂ ਵੀ ਪੇਸ਼ ਕਰਦਾ ਹੈ।

'ਵਾਰੀ ਵਾਰੀ' ਗੀਤ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਇਸ ਟੱਪੇਨੁਮਾ ਗੀਤ ਨੂੰ ਰੈਪ ਦੇ ਤੁੜਕੇ ਨਾਲ ਖ਼ੂਬਸੂਰਤ ਅੰਦਾਜ਼ 'ਚ ਪੇਸ਼ ਕੀਤਾ ਗਿਆ ਹੈ। ਕਦੇ 'ਲੋਈ ਲੋਈ' ਦੀ ਗੱਲ ਤੇ ਕਦੇ 'ਤਾਣੀ ਤਾਣੀ' ਤੋਂ 'ਗਾਨੀ ਗਾਨੀ' ਦੀ ਗੱਲ ਕਰਦਿਆਂ ਅਗਲੇਰੀ ਗੱਲ ਕਮਾਲ ਦੇ ਢੰਗ ਨਾਲ ਬਿਆਨ ਕੀਤੀ ਗਈ ਹੈ।

ਜਦੋਂ ਹਰਭਜਨ ਵਰਗੇ ਸੀਨੀਅਰ ਕਲਾਕਾਰਾਂ ਨੂੰ ਮਾਂ ਜ਼ੁਬਾਨ ਨਾਲ ਮੋਹ ਦਾ ਪ੍ਰਗਟਾਵਾ ਕਰਦਿਆਂ ਦੇਖੀਦਾ ਹੈ ਤਾਂ ਸਿਰ ਮਾਣ ਨਾਲ ਉਚਾ ਹੋ ਜਾਂਦੈ, ਪਰ ਜਦੋਂ ਉਭਰਦੇ ਕਲਾਵਾਨਾਂ ਨੂੰ ਜ਼ੁਬਾਨ ਨਾਲ ਜਬਰ ਜਿਨਾਹ ਕਰਦਿਆਂ ਦੇਖੀਦਾ ਹੈ ਤਾਂ ਸੋਚ ਘੁੰਮਣਘੇਰੀਆਂ 'ਚ ਫਸ ਜਾਂਦੀ ਹੈ ਕਿ ਪੰਜਾਬ ਦੇ ਜੰਮਿਆਂ ਦੀ ਸੋਚ ਨੂੰ ਕੀ ਹੋ ਗਿਆ ਹੈ। ਹਰਭਜਨ ਮਾਨ ਨੇ 'ਵਾਰੀ ਵਾਰੀ' ਵਿਚ ਮਾਂ ਬੋਲੀ ਪੰਜਾਬੀ ਦੀ ਮਮਤਾ ਵਾਲਾ ਜਿਹੜਾ ਗੀਤ ਪੇਸ਼ ਕੀਤਾ ਹੈ, ਉਸ ਦੀ ਜਿੰਨੀ ਤਾਰੀਫ਼ ਕੀਤੀ ਜਾਵੇ, ਓਨੀ ਘੱਟ ਹੈ ਕਿ ਕਿਉਂਕਿ ਅੱਜ ਜਦੋਂ ਅੰਗਰੇਜ਼ੀ ਪਿੰਡਾਂ ਵਿਚ ਵੀ ਪੈਰ ਪਸਾਰਦੀ ਜਾ ਰਹੀ ਹੈ ਤਾਂ ਮਾਂ ਬੋਲੀ ਨੂੰ ਬਚਾਉਣ ਲਈ ਹੰਭਲਿਆਂ ਦੀ ਲੋੜ ਹੈ। ਉਸ ਨੇ ਆਖਿਆ ਹੈ:

ਮੈਂ ਪੰਜਾਬੀ ਗੁਰੂਆਂ ਪੀਰਾਂ ਅਵਤਾਰਾਂ ਦੀ ਬੋਲੀ,  
ਮਾਂ ਦੀ ਮਮਤਾ ਵਰਗੀ ਮਿੱਠੀ ਦੁੱਧ ਵਿਚ ਮਿਸ਼ਰੀ ਘੋਲੀ,  
ਰੱਜ ਰੱਜ ਲਾਡ ਲਡਾਇਆ ਤੈਨੂੰ,  
ਲੋਰੀਆਂ ਨਾਲ ਖਿਡਾਇਆ ਤੈਨੂੰ,  
ਮੈਂ ਹੀ ਬੋਲਣ ਲਾਇਆ ਤੈਨੂੰ,  
ਭੁੱਲ ਗਿਆ ਮੇਰਾ ਪਿਆਰ  
ਵੇ ਮੈਂ ਤੇਰੀ ਮਾਂ ਦੀ ਬੋਲੀ,  
ਮੈਨੂੰ ਇਉਂ ਨਾ ਮਨੋਂ ਵਿਸਾਰ,  
ਵੇ ਮੈਂ ਤੇਰੀ ਮਾਂ ਦੀ ਬੋਲੀ ਆਂ।

ਦਾਰੂ ਪੰਜਾਬੀਆਂ ਦੇ ਹੱਡਾਂ 'ਚ ਰਚ ਗਈ ਏ। ਹਰ ਕਲਾਕਾਰ ਦਾਰੂ ਦੀਆਂ ਸਿਫ਼ਤਾਂ ਇਸ ਕਰਕੇ ਕਰਦਾ ਹੈ ਕਿਉਂਕਿ ਵਿਆਹਾਂ ਵਿਚਲੇ ਪ੍ਰੋਗਰਾਮਾਂ ਮੌਕੇ ਸ਼ਰਾਬੀਆਂ ਨੇ ਹੀ ਭੰਗੜਾ ਪਾਉਣਾ ਹੁੰਦੈ। ਪਰ ਹਰਭਜਨ ਉਹ ਕਲਾਕਾਰ ਹੈ, ਜਿਹੜਾ ਸ਼ਰਾਬ ਦੀ ਗੱਲ ਕਰਦਿਆਂ-ਕਰਦਿਆਂ ਉਸ ਦੇ ਨੁਕਸਾਨਾਂ ਬਾਰੇ ਵੀ ਵਿਅੰਗ ਕਰਦੈ ਤੇ ਨਾਲ-ਨਾਲ ਸ਼ਰਾਬੀਆਂ ਦੀਆਂ ਆਦਤਾਂ ਬਾਰੇ ਖੁਲਾਸਾ ਵੀ:

ਰਾਤੀਂ ਪੀਣੀ ਸੁਭ੍ਹਾ ਪਛਤਾਉਣਾ,  
ਕੰਨਾਂ ਨੂੰ ਹੱਥ ਲਾਉਣਾ,  
ਸ਼ਰਾਬੀਆਂ ਦੀ ਆਦਤ ਹੈ।

'ਹੁੰਦੇ ਰਹਿੰਦੇ ਨੇ ਜਗ ਵਿਚ ਰੰਗ ਤਮਾਸ਼ੇ' ਵਿਚ ਉਨ੍ਹਾਂ ਕਹਿਰਵਾਨ ਹਾਲਾਤਾਂ ਨੂੰ ਪੇਸ਼ ਕੀਤਾ ਗਿਆ ਹੈ, ਜਿਨ੍ਹਾਂ ਵਿਚ ਜਵਾਨ ਪੁੱਤ ਤੁਰ ਜਾਣ ਦੇ ਦੁੱਖ 'ਚ ਸਾਰੀ ਉਮਰ ਮਾਪੇ ਅੱਥਰੂ ਵਹਾਉਂਦੇ ਨੇ, ਆਂਢ-ਗੁਆਂਢ ਆਪਣੀਆਂ ਖ਼ੁਸ਼ੀਆਂ 'ਚ ਮਸ਼ਰੂਫ਼ ਰਹਿੰਦੈ, ਪਰ ਜਿਨ੍ਹਾਂ ਦੇ ਤਨ 'ਤੇ ਲੱਗੀ ਹੁੰਦੀ ਏ, ਉਨ੍ਹਾਂ ਦੀ ਪੀੜ ਕੋਈ ਨਹੀਂ ਪਛਾਣਦਾ।

ਏਸੇ ਤਰ੍ਹਾਂ 'ਪੂਰਨ ਪੁੱਤ ਪਰਦੇਸੀਂ ਤੋਰੇ ਇੱਛਰਾਂ ਵਰਗੀਆਂ ਮਾਂਵਾਂ' ਗੀਤ ਭਾਵੁਕਤਾ ਦੇ ਸਾਗਰ ਵਿਚ ਰੋੜ੍ਹ ਦਿੰਦਾ ਹੈ ਤੇ




'ਦੇਣ ਲਈ ਦਿਲਬਰੀਆਂ ਤੂੰ ਜੋ ਕੀਤੇ ਸਨ ਵਾਅਦੇ, ਉਹ ਤਾਂ ਮੇਰਾ ਹੋਰ ਸਗੋਂ ਦਿਲ ਤੋੜ ਗਏ' ਗੀਤ ਸਮਾਂ ਬੰਨ੍ਹ ਲੈਂਦਾ ਹੈ। 'ਜਦੋਂ ਨੱਚੀ ਤੂੰ, ਨੱਚੀ ਤੂੰ ਨੱਚੀ, ਗੱਲ ਸੋਹਣੀਏ ਕਹਾਂ ਮੈਂ ਤੈਨੂੰ ਸੱਚੀ ਕਿ ਪਿੜ 'ਚ ਭੁਚਾਲ ਆ ਗਿਆ' ਗੀਤ ਮਨ ਦੇ ਮੋਰ ਨੂੰ ਪੈਲਾਂ ਪੁਆਉਣ ਵਾਲਾ ਹੈ।

ਮੇਰਾ ਖਿਆਲ ਹੈ ਕਿ 'ਟੀ.ਸੀਰੀਜ਼' ਵੱਲੋਂ ਅੰਤਰਰਾਸ਼ਟਰੀ ਪ੍ਰਚਾਰ ਨਾਲ ਰਿਲੀਜ਼ ਕੀਤੀ ਗਈ 'ਵਾਰੀ ਵਾਰੀ' ਹਰ ਸਰੋਤੇ ਨੂੰ ਪਸੰਦ ਆਵੇਗੀ। ਇਹ ਕੈਸਿਟ ਮਾਰਕਿਟ ਦੇ ਉਨ੍ਹਾਂ ਜੋਤਸ਼ੀਆਂ ਦੀਆਂ ਭਵਿੱਖਬਾਣੀਆਂ ਨੂੰ ਵੀ ਮਾਤ ਪਾਵੇਗੀ, ਜਿਹੜੇ ਆਖਦੇ ਨੇ ਕਿ ਸੋਲੋ ਕੈਸਿਟਾਂ ਦਾ ਰੁਝਾਨ ਖ਼ਤਮ ਹੋ ਗਿਐ ਤੇ ਪੰਜਾਬੀ ਸੰਗੀਤ 'ਤੇ ਹੁਣ ਚੰਗੇ ਦਿਨ ਕਦੇ ਨਹੀਂ ਆ ਸਕਦੇ।

*ਫੋਨ:91-98141-78883*

# ਰੱਬਾ ਰੰਡੀਆਂ ਨਾ ਹੋਣ ਮੁਟਿਆਰਾਂ, ਕਿਸੇ ਗੱਭਰੂ ਦੀ ਨਾਰ ਨਾ ਮਰੇ

**ਜਸਬੀਰ ਢੰਡ**

ਮੇਰੇ ਸਾਹਵੇਂ ਨੇੜਿਓਂ ਤੱਕੀਆਂ ਦੋ ਦੁਖਾਂਤਕ ਘਟਨਾਵਾਂ ਹਨ।

ਪਹਿਲੀ ਘਟਨਾ: ਪਤੀ-ਪਤਨੀ ਦੋਵੇਂ ਸਰਕਾਰੀ ਮੁਲਾਜ਼ਮ, ਚੰਗੀਆਂ ਤਨਖਾਹਾਂ। ਆਪਣਾ ਘਰ ਵੀ ਬਣਾ ਲਿਆ। ਦੋ ਸੁਹਣੇ ਬੱਚੇ, ਚੰਗੇ ਸਕੂਲਾਂ ਵਿਚ ਪੜ੍ਹ ਰਹੇ। ਕਿਸੇ ਚੀਜ਼ ਦਾ ਤੋੜਾ ਨਹੀਂ ਸੀ ਪਰ ਸੁਖੀ ਵਿਆਹੁਤਾ ਜੀਵਨ ਵਾਸਤੇ ਦੰਪਤੀ ਵਿਚਕਾਰ ਜਿਸ ਵਿਸ਼ਵਾਸ ਦੇ ਰਿਸ਼ਤੇ 'ਤੇ ਘਰ ਦੀ ਨੀਂਹ ਟਿਕੀ ਹੁੰਦੀ ਹੈ, ਉਹ ਤਿੜਕ ਗਿਆ। ਪਤੀ ਨੂੰ ਪਤਨੀ ਦੇ ਚਾਲ-ਚਲਣ 'ਤੇ ਸ਼ੱਕ ਹੋ ਗਿਆ। ਟੋਕਾ-ਟਾਕੀ, ਗਾਲੀ-ਗਲੋਚ, ਮਾਰ-ਕੁਟਾਈ, ਪਤੀ ਵਲੋਂ ਸ਼ਰਾਬੀ ਹੋ ਕੇ ਹੋਰ ਵੀ ਭੜਕ ਜਾਣਾ। ਕਿੰਨੇ ਸਾਲ ਇੰਜ ਹੀ ਘਿਸਟਦੇ ਰਹੇ, ਖਹਿੰਦੇ ਰਹੇ ਪਰ ਨਹੀਂ ਆਈ ਗ੍ਰਹਿਸਥੀ ਦੀ ਗੱਡੀ ਲੀਹ 'ਤੇ। ਅਖੀਰ ਆਦਮੀ ਦੇ ਸਬਰ ਦਾ ਪਿਆਲਾ ਛਲਕ ਗਿਆ। ਇਕ ਦਿਨ ਪਤਨੀ ਦੀ ਅਲਖ ਮੁਕਾ ਦਿੱਤੀ। ਬੱਚਿਆਂ ਦੀ ਮਾਂ ਮਰ ਗਈ, ਪਿਓ ਜੇਲ੍ਹ ਵਿਚ। ਵਸਦਾ-ਰਸਦਾ ਘਰ ਉਜੜ ਗਿਆ। ਬੱਚੇ ਅਨਾਥ, ਬੇਸਹਾਰਾ, ਭਵਿੱਖ ਅੰਧਕਾਰ ਵਿਚ।

ਦੂਸਰੀ ਘਟਨਾ: ਪਤੀ-ਪਤਨੀ ਘਰੇਲੂ, ਪਤੀ ਸਾਧਾਰਨ ਕੋਈ ਵਧੇਰੇ ਰੁਜ਼ਗਾਰ ਦਾ ਵਸੀਲਾ ਵੀ ਨਾ। ਦੋ ਬੱਚੇ ਵੀ ਹੋ ਗਏ। ਗੱਲ ਏਥੇ ਵੀ ਉਹੀ ਹੋਈ। ਪਤੀ ਨੂੰ ਪਤਨੀ ਦੇ ਚਾਲ-ਚਲਣ 'ਤੇ ਸ਼ੱਕ... ਏਥੇ ਅੱਕੇ ਹੋਏ ਆਦਮੀ ਨੇ ਦੂਸਰਾ ਰਾਹ ਚੁਣ ਲਿਆ। ਆਪ ਫਾਹਾ ਲੈ ਕੇ ਮਰ ਗਿਆ। ਪਤਨੀ ਨੂੰ ਪੁਲਿਸ ਫੜ ਕੇ ਲੈ ਗਈ। ਘਰ ਏਥੇ ਵੀ ਰੁਲ ਗਿਆ। ਬੱਚੇ ਏਥੇ ਵੀ ਅਨਾਥ ਹੋ ਗਏ।

ਇਹ ਤਾਂ ਮਹਿਜ ਦੋ ਘਟਨਾਵਾਂ ਹਨ, ਉਦਾਹਰਣ ਲਈ। ਰੋਜ਼ ਅਖ਼ਬਾਰਾਂ ਭਰੀਆਂ ਪਈਆਂ ਹੁੰਦੀਆਂ ਨੇ ਅਜਿਹੀਆਂ ਮਨਹੂਸ, ਦੁਖਦਾਈ ਪਰਿਵਾਰਕ ਰਿਸ਼ਤਿਆਂ ਦੇ ਤਿੜਕ ਜਾਣ ਦੀਆਂ ਖ਼ਬਰਾਂ ਨਾਲ। ਆਦਮੀਆਂ ਵਲੋਂ ਵੀ ਘਰੋਂ ਬਾਹਰਲੇ ਰਿਸ਼ਤਿਆਂ ਦੀਆਂ, ਨਾਜਾਇਜ਼ ਸਬੰਧਾਂ ਦੀਆਂ, ਉਨ੍ਹਾਂ ਵਲੋਂ ਸਤਾਈਆਂ, ਅਣਗੌਲੀਆਂ ਪਤਨੀਆਂ ਵਲੋਂ ਦੁਖੀ ਹੋ ਕੇ ਕੀਤੀਆਂ ਖ਼ੁਦਕੁਸ਼ੀਆਂ ਜਾਂ ਆਪਣੇ ਪ੍ਰੇਮੀਆਂ ਨਾਲ ਰਲ ਕੇ ਪਤੀਆਂ ਨੂੰ ਮਾਰ-ਮੁਕਾਉਣ ਦੀਆਂ ਖ਼ਬਰਾਂ ਵੀ ਘੱਟ ਨਹੀਂ ਹਨ।

ਕਿਉਂ ਹੁੰਦਾ ਹੈ ਇਸ ਤਰ੍ਹਾਂ? ਕੀ ਕਾਮ ਦਾ ਵੇਗ ਏਨਾ ਹੀ ਮੂੰਹ-ਜ਼ੋਰ ਹੈ? ਅਜਿਹੀਆਂ ਘਟਨਾਵਾਂ ਵਲ ਵੇਖ ਕੇ ਤਾਂ ਪ੍ਰਸਿਧ ਮਨੋਵਿਗਿਆਨੀ ਫਰਾਇਡ ਦਾ ਕਥਨ ਸੱਚ ਜਾਪਦਾ ਹੈ ਜਦੋਂ ਉਹ ਕਾਮ ਨੂੰ ਰੋਟੀ ਦੀ ਭੁੱਖ ਨਾਲੋਂ ਵੀ ਪਹਿਲ ਦਿੰਦਾ ਹੈ? ਕਿਉਂ! ਤ੍ਰਿਪਤੀ ਨਹੀਂ ਹੁੰਦੀ ਘਰਾਂ ਵਿਚ? ਕਿਉਂ ਭਟਕਦੇ ਫਿਰਦੇ ਨੇ ਲੋਕ ਬਾਹਰ?

ਅਣਗਿਣਤ ਕਾਰਨ ਹਨ... ਸਮਝੋਂ ਬਾਹਰੇ। ਹਰ ਕੇਸ



ਵਿਚ ਇੱਕੋ ਫਾਰਮੂਲਾ ਲਾਗੂ ਨਹੀਂ ਹੁੰਦਾ।

ਬੀਮਾਰ ਸਮਾਜ ਦੀਆਂ ਅਲਾਮਤਾਂ ਹਨ ਇਹ ਜਿੱਥੇ ਜ਼ਿੰਦਗੀ ਸਹਿਜ ਨਹੀਂ ਰਹੀ। ਪੈਸੇ ਦੀ ਅੰਨ੍ਹੀ ਦੌੜ ਵਿਚ ਲੱਗੀ ਤੇਜ਼ ਰਫ਼ਤਾਰ ਜ਼ਿੰਦਗੀ ਜਿਥੇ ਇਨਸਾਨੀ ਕਦਰਾਂ-ਕੀਮਤਾਂ ਦਮ ਤੋੜ ਰਹੀਆਂ ਹਨ। ਪਿਆਰ, ਮੁਹੱਬਤ, ਆਪਸੀ ਵਿਸ਼ਵਾਸ, ਵੱਡਿਆਂ ਦਾ ਡਰ ਅਤੇ ਆਦਰ, ਲੋਕ-ਲਾਜ, ਸੰਗ-ਸ਼ਰਮ, ਨੈਤਿਕਤਾ, ਆਚਰਣ, ਪਰਿਵਾਰਕ ਤੇ ਸਮਾਜਿਕ ਮਾਣ-ਮਰਿਆਦਾ ਦਾ ਖਿਆਲ ਸਭ ਕੁਝ ਹੌਲੀ-ਹੌਲੀ ਲੋਪ ਹੁੰਦਾ ਜਾ ਰਿਹਾ ਹੈ। ਸਾਂਝੇ ਪਰਿਵਾਰ ਟੁੱਟ ਰਹੇ ਹਨ ਜਿਥੇ ਬਾਪ-ਦਾਦੇ, ਚਾਚੇ-ਤਾਏ, ਦਾਦੀਆਂ-ਪੜਦਾਦੀਆਂ, ਭੂਆ, ਸੱਸ-ਸਹੁਰੇ, ਦਿਓਰ-ਜੇਠ, ਦਰਾਣੀਆਂ-ਜਠਾਣੀਆਂ, ਨਨਾਣਾਂ ਦੀ ਝੇਪ ਹੁੰਦੀ ਸੀ, ਡਰ ਹੁੰਦਾ ਸੀ। ਆਂਢ-ਗੁਆਂਢ, ਭਾਈਚਾਰੇ ਦੀ ਸ਼ਰਮ ਹੁੰਦੀ ਸੀ। ਸਮੂਹ ਨਾਲੋਂ ਟੁੱਟ ਕੇ ਇਕੱਲ ਵਲ ਵਧ ਰਹੇ ਮਨੁੱਖ ਸਿਰ ਕੋਈ ਕੁੰਡਾ ਨਹੀਂ ਰਿਹਾ। ਆਪੋ-ਧਾਪੀ ਦਾ ਪਹਿਰਾ ਹੋ ਰਿਹਾ ਹੈ ਚਾਰ-ਚੁਫੇਰੇ। ਵਾਸ਼ਨਾਵਾਂ ਉਪਰ ਸਵੈ-ਕਾਬੂ ਦਿਨੋ-ਦਿਨ ਘਟਦਾ ਜਾ ਰਿਹਾ ਹੈ। ਕਾਰਨ ਭੈੜੀ ਆਰਥਿਕਤਾ ਵਿਚ ਵੀ ਪਏ ਹਨ, ਬੇਰੁਜ਼ਗਾਰੀ ਵਿਚ ਵੀ ਪਏ ਹਨ।

ਦਿਨੋ-ਦਿਨ ਨੌਜਵਾਨ ਪੀੜ੍ਹੀ ਦੇ ਨਸ਼ਿਆਂ ਦੀ ਦਲਦਲ ਵਿਚ ਧਸਦੇ ਜਾਣ ਅਤੇ ਸਰੀਰਕ, ਮਾਨਸਿਕ ਤੇ ਆਤਮਿਕ ਤੰਦਰੁਸਤੀ ਦੇ ਖੀਣ ਹੁੰਦੇ ਜਾਣ ਵਿਚ ਵੀ ਪਏ ਹਨ। ਮੈਂ ਅਕਸਰ ਪਿੰਡਾਂ ਵਿਚੋਂ ਸਾਈਕਲਾਂ 'ਤੇ ਦਿਹਾੜੀ ਕਰਨ ਆਏ ਕਾਮਿਆਂ ਵਲ ਤੱਕਦਾ ਹਾਂ ਜੋ ਸ਼ਾਮ ਵੇਲੇ ਘਰਾਂ ਨੂੰ ਪਰਤਣ ਤੋਂ ਪਹਿਲਾਂ ਠੇਕੇ ਤੋਂ ਅਧੀਆ-ਪਊਆ ਪੀ ਕੇ ਅੱਧਿਓਂ ਵੱਧ ਤਾਂ ਆਪ ਹੀ ਖਾ ਜਾਂਦੇ ਹਨ, ਘਰੇ ਭਾਵੇਂ ਜੁਆਕਾਂ ਲਈ ਪੀਪੇ ਵਿਚ ਆਟੇ ਜੋਗੇ ਪੈਸੇ ਬਚਣ ਜਾਂ ਨਾ। ਖੇਤਾਂ ਵਿਚ ਕਿਸਾਨ ਉਨ੍ਹਾਂ ਨੂੰ ਭੁੱਕੀ ਖੁਆ ਕੇ ਵਧੇਰੇ ਕੰਮ ਲੈਂਦੇ ਆਮ ਵੇਖੇ ਜਾਂਦੇ ਹਨ। ਨਸ਼ੇ ਬਿਨਾਂ ਉਨ੍ਹਾਂ ਦਾ ਸਰੀਰ ਕੰਮ ਕਰਨੋਂ ਰਹਿੰਦਾ ਜਾਂਦਾ ਹੈ। ਮੈਂ ਬਹੁਤ ਸਾਰੀਆਂ ਅਜਿਹੀਆਂ ਲਾਚਾਰ ਔਰਤਾਂ ਵੇਖੀਆਂ ਹਨ ਜਿਨ੍ਹਾਂ ਦੇ ਨਸ਼ੇੜੀ, ਬੇਰੁਜ਼ਗਾਰ ਜਾਂ ਵਿਹਲੜ ਪਤੀ ਆਪਣਾ ਗੁੱਸਾ ਉਨ੍ਹਾਂ ਔਰਤਾਂ 'ਤੇ ਕੱਢਦੇ ਹਨ। ਜੋ ਘਰਾਂ ਦੇ ਚੁੱਲ੍ਹੇ ਤਪਦੇ ਰੱਖਣ ਲਈ, ਬੱਚਿਆਂ ਦਾ ਢਿੱਡ ਭਰਨ ਲਈ ਆਪ ਆਪਣਾ ਤਨ ਵੇਚਣ ਲਈ ਮਜਬੂਰ ਹੋ ਗਈਆਂ। ਖੇਤ-ਖਲਿਹਾਣਾਂ ਵਿਚ, ਕਾਰਖਾਨਿਆਂ ਵਿਚ, ਭੱਠਿਆਂ ਤੇ, ਸੜਕਾਂ ਤੇ, ਦਫਤਰਾਂ ਵਿਚ, ਮਕਾਨ ਉਸਾਰੀ ਜਾਂ ਹੋਰ ਅਣਗਿਣਤ ਥਾਵਾਂ 'ਤੇ ਕੰਮ ਕਰ ਰਹੀਆਂ ਕੰਮ-ਕਾਜੀ ਔਰਤਾਂ ਦੇ ਸ਼ੋਸ਼ਣ ਦੀਆਂ ਖ਼ਬਰਾਂ ਸਾਡੇ ਸਮਾਜ ਦਾ ਆਮ ਵਰਤਾਰਾ ਹਨ। ਔਰਤ ਦੇ ਸਤਿਕਾਰ ਦੀ ਥਾਂ 'ਤੇ ਹਰ ਕੋਈ ਉਸ ਨੂੰ ਭੋਗ ਦੀ ਵਸਤੂ ਸਮਝਦਾ ਹੈ।

ਘਰੋ-ਘਰ, ਦਿਨ-ਰਾਤ ਚਲਦੇ ਟੈਲੀਵਿਜ਼ਨਾਂ 'ਤੇ ਨਿੱਤ ਨਵੀਆਂ ਵਸਤਾਂ ਦੀ ਐਡ ਨੇ ਉਪਭੋਗਤਾਵਾਦ, ਖਪਤ-ਕਲਚਰ ਅਤੇ ਬਾਜ਼ਾਰਵਾਦ ਨੂੰ ਏਨਾ ਬੜ੍ਹਾਵਾ ਦਿੱਤਾ ਹੈ ਕਿ ਇਸ ਚਕਾਚੌਂਧ ਵਿਚ ਮਨੁੱਖ ਨੂੰ ਆਪਣੀਆਂ ਲਾਲਸਾਵਾਂ 'ਤੇ ਕਾਬੂ ਪਾਉਣਾ ਔਖਾ ਹੋ ਰਿਹਾ ਹੈ। ਉਨ੍ਹਾਂ ਵਸਤਾਂ ਨੂੰ ਹਾਸਲ ਕਰਨ ਲਈ ਆਮਦਨੀ ਦੇ ਨਾਜਾਇਜ਼ ਢੰਗ-ਤਰੀਕੇ ਅਪਨਾ ਰਿਹਾ ਮਨੁੱਖ ਅਨੈਤਿਕਤਾ ਦੀ ਡੂੰਘੀ ਖੱਡ ਵਿਚ ਜਾ ਡਿੱਗਦਾ ਹੈ। ਅਸ਼ਲੀਲਤਾ ਤੇ ਨੰਗੇਜ ਨਾਲ ਭਰੇ ਭੜਕਾਊ ਸੀਨ ਵੇਖ-ਵੇਖ ਅੱਜ ਦੀ ਪੀੜ੍ਹੀ ਵਿਚ ਆਚਰਨ ਦੀ ਸ਼ੁੱਧਤਾ ਦਿਨੋ-ਦਿਨ ਘਟਦੀ ਜਾ ਰਹੀ ਹੈ।

ਮੇਰੇ ਸਾਹਵੇਂ ਇਕ ਬਹੁਤ ਹੀ ਉਲਝੀ ਹੋਈ ਤਾਣੀ ਹੈ ਜਿਸ ਵਿਚ ਸਮੱਸਿਆਵਾਂ ਦੀਆਂ ਜੜ੍ਹਾਂ ਇਕ-ਦੂਜੇ ਵਿਚ ਫਸੀਆਂ ਹੋਈਆਂ ਹਨ। ਕੀ ਕੀਤਾ ਜਾਵੇ? ਸੱਤਾ 'ਤੇ ਕਾਬਜ਼ ਸਿਆਸਤਦਾਨ, ਜੋ ਕੁਝ ਕਰ ਸਕਦੇ ਹਨ, ਆਪ ਭ੍ਰਿਸ਼ਟਾਚਾਰ ਦੀ ਦਲ-ਦਲ ਵਿਚ ਗਲ-ਗਲ ਖੁੱਭੇ ਪਏ ਹਨ। ਇਕ ਸਵਸਥ, ਖੁਸ਼ਹਾਲ ਸਮਾਜ ਦੀ ਸਥਾਪਨਾ ਨਾ ਉਨ੍ਹਾਂ ਦਾ ਉਦੇਸ਼ ਹੈ ਤੇ ਨਾ ਹੀ ਇਸ ਤਰ੍ਹਾਂ ਕਰਨ ਦੀ ਕੋਈ ਇੱਛਾ।

ਬਸ! ਮੈਂ ਚਾਹੁੰਦਾ ਹਾਂ ਕਿ ਲੋਕ ਆਪ ਹੀ ਸਿਆਣੇ ਬਣਨ, ਇੱਛਾਵਾਂ 'ਤੇ ਕਾਬੂ ਪਾਉਣ ਦੀ ਆਦਤ ਪਾਉਣ। ਇਕ-ਦੂਜੇ ਦਾ ਸਤਿਕਾਰ ਤੇ ਵਿਸ਼ਵਾਸ ਕਰਨਾ ਸਿੱਖਣ। ਹੱਥੀਂ ਕੰਮ ਕਰਨ, ਕਿਰਤ ਦਾ ਸਤਿਕਾਰ ਸਿੱਖਣ। ਸਾਡੇ ਸਾਹਵੇਂ ਸਾਡੇ ਗੁਰੂਆਂ, ਪੀਰਾਂ-ਪੈਗੰਬਰਾਂ, ਰਿਸ਼ੀਆਂ-ਮੁਨੀਆਂ ਦੀਆਂ ਕਿੰਨੀਆਂ ਸਿੱਖਿਆਵਾਂ ਹਨ ਸਿੱਖਣ ਲਈ, ਪ੍ਰੇਰਨਾ ਲੈਣ ਲਈ।

ਮੈਂ ਇਕ ਅਜਿਹੇ ਸੁਖੀ, ਖੁਸ਼ਹਾਲ ਤੇ ਸਵਸਥ ਕਦਰਾਂ-ਕੀਮਤਾਂ ਵਾਲੇ ਸਮਾਜ ਦੀ ਕਲਪਨਾ ਕਰਦਾ ਹਾਂ ਜਿਥੇ ਆਲ੍ਹਣੇ ਤਬਾਹ ਨਾ ਹੋਣ, ਵਿਹੜੇ-ਵਸਦੇ ਰਹਿਣ, ਬੱਚੇ ਕਿਲਕਾਰੀਆਂ ਮਾਰਦੇ ਮਾਂ-ਬਾਪ ਦੇ ਪਿਆਰ ਦਾ ਨਿੱਘ ਮਾਣਦੇ ਰਹਿਣ! ਰੱਬ ਅੱਗੇ ਅਰਜ਼ੋਈ ਕਰਦਾ ਹਾਂ: ਰੱਬਾ ਰੰਡੀਆਂ ਨਾ ਹੋਣ ਮੁਟਿਆਰਾਂ, ਗੱਭਰੂ ਦੀ ਨਾਰ ਨਾ ਮਰੇ!

# ਮੁਬਾਰਕਾਂ ਮੁਬਾਰਕਾਂ ਮੁਬਾਰਕਾਂ



**ਪ੍ਰਕਾਸ਼ ਸਿੰਘ ਬਾਦਲ**
(ਮੁੱਖ ਮੰਤਰੀ ਪੰਜਾਬ ਅਤੇ ਚੀਫ ਪੈਟਰਨ ਐਨ.ਆਰ.ਆਈ ਸਭਾ)



**ਸੁਖਬੀਰ ਸਿੰਘ ਬਾਦਲ**
ਉਪ ਮੁੱਖ ਮੰਤਰੀ ਪੰਜਾਬ



**ਜਥੇ. ਸੇਵਾ ਸਿੰਘ ਸੇਖਵਾਂ**
ਲੋਕ ਸੰਪਰਕ ਅਤੇ ਐਨ.ਆਰ.ਆਈ ਮੰਤਰੀ ਪੰਜਾਬ



**ਕਮਲਜੀਤ ਸਿੰਘ ਹੇਅਰ**
ਪ੍ਰਧਾਨ ਐਨ.ਆਰ.ਆਈ ਸਭਾ



**ਜੋਬਨਜੀਤ ਸਿੰਘ ਬੌਬੀ**
ਚੇਅਰਮੈਨ ਐਨ.ਆਰ.ਆਈ ਸਭਾ ਅਮਰੀਕਾ



**ਜਸਪ੍ਰੀਤ ਸਿੰਘ** ਅਟਾਰਨੀ ਐਟ ਲਾਅ
ਪ੍ਰਧਾਨ ਐਨ ਆਰ ਆਈ ਸਭਾ ਅਮਰੀਕਾ

ਉਘੇ ਯੂਥ ਆਗੂ ਜੋਬਨਜੀਤ ਸਿੰਘ ਬੌਬੀ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਅਤੇ ਜਸਪ੍ਰੀਤ ਸਿੰਘ ਨੂੰ ਪ੍ਰਧਾਨ ਬਣਨ ਤੇ ਉਹਨਾਂ ਨੂੰ ਵਧਾਈ ਦਿੰਦੇ ਹਾਂ। ਅਸੀਂ ਉਹਨਾਂ ਦੀ ਇਸ ਨਿਯੁਕਤੀ ਉੱਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਲੋਕ ਸੰਪਰਕ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਐਨ.ਆਰ.ਆਈ. ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਦਾ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਇਕ ਪੜ੍ਹੇ-ਲਿਖੇ ਇਮਾਨਦਾਰ ਉਤਸ਼ਾਹੀ ਨੌਜਵਾਨ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸ: ਜੋਬਨਜੀਤ ਸਿੰਘ ਬੌਬੀ ਅਤੇ ਜਸਪ੍ਰੀਤ ਸਿੰਘ ਆਪਣੀ ਇਸ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ।

ਵਲੋਂ :

**ਮਹਿੰਦਰ ਸਿੰਘ ਰਾਏ, ਰਜਿੰਦਰ ਸਿੰਘ ਰਾਏ, ਮਨਜੋਤ ਸਿੰਘ ਰਾਏ, ਰਾਜਵੀਰ ਸਿੰਘ ਰਾਏ, ਸੁਖਵੀਰ ਸਿੰਘ ਰਾਏ**

**ਰਾਏ ਬ੍ਰਦਰ ਐਕਸਪ੍ਰੈਸ, ਰਾਏ ਫੂਡ ਇੰਕ, ਸਬਵੇ**



ਮਨਜੋਤ ਸਿੰਘ ਰਾਏ
ਫੋਨ : 661-201-7923

# ਰਿਸ਼ਤਿਆਂ ’ਚੋਂ ਖੁਸ਼ੀ ਲੱਭਣ ਦਾ ਸੁਨੇਹਾ ਦਿੰਦੀ ‘ਖੁਸ਼ੀਆਂ’

ਇੰਜੀਨੀਅਰਿੰਗ ਦੀ ਪੜ੍ਹਾਈ ਛੱਡ ਕੇ 1993 ‘ਚ ਆਪਣੀ ਪਲੇਠੀ ਕੈਸੇਟ ‘ਚੰਨਾ ਵੇ ਤੇਰੀ ਚਾਨਣੀ’ ਰਾਹੀਂ ਪੰਜਾਬੀ ਗਾਇਕੀ ਦੇ ਖੇਤਰ ‘ਚ ਪੈਰ ਧਰਨ ਵਾਲਾ ਗਾਇਕ ਜਸਬੀਰ ਜੱਸੀ ਅੱਜ ਨੌਜਵਾਨ ਪੀੜ੍ਹੀ ਦੀ ਪਹਿਲੀ ਪਸੰਦ ਬਣ ਚੁੱਕਾ ਹੈ। ਉਹ ਫ਼ਿਲਮ ‘ਹੀਰ ਰਾਂਝਾ’ ਰਾਹੀਂ ਆਪਣੀ ਸੁਭਾਵਿਕ ਤੇ ਦਮਦਾਰ ਅਦਾਕਾਰੀ ਦਾ ਵੀ ਬਾਖ਼ੂਬੀ ਅਹਿਸਾਸ ਕਰਵਾ ਚੁੱਕਾ ਹੈ। ਦੁਨੀਆ ਭਰ ‘ਚ ਆਪਣੀ ਵੱਖਰੀ ਪਛਾਣ ਰੱਖਣ ਵਾਲਾ ਜੱਸੀ ਹੁਣ ਹਾਲੀਵੁੱਡ ਨਿਰਦੇਸ਼ਕ ਤਰਲੋਕ ਮਲਿਕ ਦੀ ਪਹਿਲੀ ਪੰਜਾਬੀ ਫ਼ਿਲਮ ‘ਖੁਸ਼ੀਆਂ’ ਰਾਹੀਂ ਬਤੌਰ ਨਾਇਕ ਸੁਨਹਿਰੀ ਪਰਦੇ ‘ਤੇ ਪ੍ਰਵੇਸ਼ ਕਰਨ ਜਾ ਰਿਹਾ ਹੈ। ਪਾਠਕਾਂ ਦੀ ਦਿਲਚਸਪੀ ਲਈ ਪੇਸ਼ ਹਨ ਜੱਸੀ ਨਾਲ ਹੋਈ ਗੱਲਬਾਤ ਦੇ ਸੰਖੇਪ ਅੰਸ਼:



**? ਅਚਾਨਕ ਅਦਾਕਾਰੀ ਦਾ ਸ਼ੌਂਕ ਕਿਵੇਂ ਜਾਗ ਪਿਆ?**

-ਇਹ ਸ਼ੌਂਕ ਅਚਾਨਕ ਨਹੀਂ ਜਾਗਿਆ, ਬੱਸ ਦੱਬਿਆ ਹੋਇਆ ਸੀ। ਅਸਲ ‘ਚ ਮੈਂ ਸਕੂਲ, ਕਾਲਜ ਦੌਰਾਨ ਪਹਿਲਾਂ ਥੀਏਟਰ ਹੀ ਕਰਿਆ ਕਰਦਾ ਸੀ, ਉਦੋਂ ਤੋਂ ਹੀ ਮੈਨੂੰ ਅਦਾਕਾਰੀ ਦਾ ਸ਼ੌਂਕ ਹੈ। ਗਾਇਕੀ ਵਾਲੇ ਪਾਸੇ ਜ਼ਿਆਦਾ ਝੁਕਾਅ ਹੋਣ ਅਤੇ ਇਸੇ ‘ਚ ਹੀ ਰੁੱਝੇ ਹੋਣ ਕਾਰਨ ਇਸ ਪਾਸੇ ਧਿਆਨ ਨਹੀਂ ਦੇ ਸਕਿਆ ਸੀ। ਪਿੱਛੇ ਜਿਹੇ ਆਈ ਹਰਭਜਨ ਮਾਨ ਦੀ ਫਿਲਮ ‘ਹੀਰ ਰਾਂਝਾ’ ਵਿਚ ਹਰਭਜਨ ਮਾਨ ਦੇ ਜ਼ੋਰ ਦੇਣ ‘ਤੇ ਇਕ ਕਿਰਦਾਰ (ਮੁਰਾਦ ਦਾ) ਨਿਭਾਉਣ ਦਾ ਮੌਕਾ ਮਿਲਿਆ ਸੀ, ਜਿਸ ਨੂੰ ਲੋਕਾਂ ਨੇ ਬੇਹੱਦ ਪਸੰਦ ਕੀਤਾ। ਸੋ ਕਿਸੇ ਚੰਗੇ ਪ੍ਰਾਜੈਕਟ ਦੀ ਉਡੀਕ ‘ਚ ਸੀ ਜੋ ਹੁਣ ਮਿਲ ਗਿਆ ਹੈ।

**? ਨਿਰਦੇਸ਼ਕ ਤਰਲੋਕ ਮਲਿਕ ਦੀ ਫ਼ਿਲਮ ‘ਖੁਸ਼ੀਆਂ’ ‘ਚ ਬਤੌਰ ਨਾਇਕ ਕੰਮ ਕਰਨ ਦਾ ਸਬੱਬ ਕਿਵੇਂ ਬਣਿਆ?**

-ਸੱਚ ਦੱਸਾਂ ਤਾਂ ਹਰਭਜਨ ਮਾਨ ਦੀ ‘ਜੀ ਆਇਆਂ ਨੂੰ’ ਵੇਲੇ ਤੋਂ ਹੀ ਮੈਨੂੰ ਫ਼ਿਲਮਾਂ ਲਈ ਪੇਸ਼ਕਸ਼ਾਂ ਆ ਰਹੀਆਂ ਹਨ। ਮੈਂ ਦਰਜਨ ਦੇ ਕਰੀਬ ਫ਼ਿਲਮਾਂ ਦੀ ਸਕਰਿਪਟ ਵੀ ਪੜ੍ਹੀ ਪਰ ਮੈਨੂੰ ਕਿਸੇ ‘ਚ ਵੀ ਦਮ ਨਹੀਂ ਲੱਗਿਆ। ਮੈਂ ਕਿਸੇ ਅੱਛੀ ਸਕਰਿਪਟ ਦੀ ਉਡੀਕ ‘ਚ ਸੀ। ਅਸਲ ‘ਚ ਮੈਂ ਆਰਟ ਫ਼ਿਲਮ ਟਾਈਪ ਦੀ ਫ਼ਿਲਮ ਕਰਨ ਦਾ ਇੱਛੁਕ ਹਾਂ। ਨਿਰਦੇਸ਼ਕ ਤਰਲੋਕ ਮਲਿਕ ਹੋਰਾਂ ਨੇ ਜਦੋਂ ਮੈਨੂੰ ਆਪਣੀ ਇਸ ਫ਼ਿਲਮ ‘ਖੁਸ਼ੀਆਂ’ ਦੀ ਕਹਾਣੀ ਸੁਣਾਈ ਤਾਂ ਮੈਂ ਝੱਟ ਹਾਂ ਕਰ ਦਿੱਤੀ।

**? ਕਿਸ ਵਿਸ਼ੇ ‘ਤੇ ਆਧਾਰਤ ਹੈ ਫ਼ਿਲਮ ਖੁਸ਼ੀਆਂ?**

-‘ਇਹ ਫ਼ਿਲਮ ਇਨਸਾਨੀ ਰਿਸ਼ਤਿਆਂ ‘ਤੇ ਆਧਾਰਤ ਹੈ। ਮਨੁੱਖੀ ਜੀਵਨ ਸਭ ਤੋਂ ਅਨਮੋਲ ਮੰਨਿਆ ਗਿਆ ਹੈ ਪਰ ਅਸੀਂ ਇਸ ਅਨਮੋਲ ਜੀਵਨ ਨੂੰ ਆਪਣੇ ਪਰਿਵਾਰ, ਆਪਣੇ ਰਿਸ਼ਤਿਆਂ ਵਿਚ ਖੁਸ਼ੀ ਨਾਲ ਬਿਤਾਉਣ ਦੀ ਬਜਾਏ ਅਜੀਬ ਜਿਹੇ ਖਲਾਅ ‘ਚ ਤੁਰੇ ਫਿਰਦੇ ਹਾਂ। ਪੈਸੇ ਖਾਤਰ ਆਪਣਿਆਂ ਤੋਂ ਦੂਰ ਵਿਦੇਸ਼ਾਂ ਵਲ ਭੱਜ ਰਹੇ ਹਾਂ। ਪੈਸਿਆਂ ਨਾਲ ਖੁਸ਼ੀਆਂ ਖਰੀਦਣ ਦੇ ਚੱਕਰ ‘ਚ ਅਸੀਂ ਆਪਣੇ ਪਰਿਵਾਰਕ ਪਿਆਰ ਤੋਂ ਵਾਂਝੇ ਰਹਿ ਜਾਂਦੇ ਹਾਂ।

**? ਇਸ ਫ਼ਿਲਮ ‘ਚ ਤੁਹਾਡਾ ਕਿਰਦਾਰ ਕੀ ਹੈ?**

-ਮੈਂ ਇਸ ਫ਼ਿਲਮ ਦੇ ਨਾਇਕ ‘ਰਾਜ’ ਦੀ ਭੂਮਿਕਾ ਨਿਭਾ ਰਿਹਾ ਹਾਂ। ਰਾਜ ਅਮੀਰ ਬਣਨ ਅਤੇ ਆਪਣੇ ਸੁਪਨੇ ਪੂਰੇ ਕਰਨ ਲਈ ਵਿਦੇਸ਼ ਜਾਣ ਦਾ ਇੱਛੁਕ ਹੈ ਪਰ ਉਸ ਦੇ ਮਾਂ-ਬਾਪ ਇਸ ਦੇ ਖਿਲਾਫ਼ ਹਨ ਅਤੇ ਨਾ ਹੀ ਉਨ੍ਹਾਂ ਕੋਲ ਆਪਣੇ ਪੁੱਤਰ ਨੂੰ ਬਾਹਰ ਭੇਜਣ ਜੋਗੇ ਪੈਸੇ ਹਨ। ਰਾਜ ਦੀ ਜ਼ਿੱਦ ਅੱਗੇ ਅਖੀਰ ਮਾਂ-ਬਾਪ ਨੂੰ ਝੁਕਣਾ ਪੈਂਦਾ ਹੈ ਅਤੇ ਉਹ ਆਪਣਾ ਜੱਦੀ ਘਰ ਗਹਿਣੇ ਧਰ ਕੇ ਉਸ ਨੂੰ ਬਾਹਰ ਭੇਜਦੇ ਹਨ। ਵਿਦੇਸ਼ੀ ਧਰਤੀ ‘ਤੇ ਮਿਹਨਤ ਕਰਦਿਆਂ ਰਾਜ ਨੂੰ ਮਹਿਸੂਸ ਹੁੰਦਾ ਹੈ ਕਿ ਉਸ ਦਾ ਅਸਲੀ ਘਰ ਇਹ ਨਹੀਂ, ਪੰਜਾਬ ਹੀ ਹੈ, ਇਥੇ ਤਾਂ ਉਹ ਸਿਰਫ ਗੋਰਿਆਂ ਲਈ ਕੰਮ ਕਰਨ ਵਾਲੀ ਮਸ਼ੀਨ ਹੀ ਹੈ। ਜਦੋਂ ਰਾਜ ਵਿਦੇਸ਼ ਤੋਂ ਵਾਪਸ ਪੰਜਾਬ ਆਉਂਦਾ ਹੈ ਤਾਂ ਨਵੇਂ ਹਾਲਾਤ ਜਨਮ ਲੈਂਦੇ ਹਨ ਜੋ ਕਹਾਣੀ ਨੂੰ ਅੱਗੇ ਤੋਰਦੇ ਹਨ।

***-ਸੁਪਨ ਮਨਚੰਦਾ***

# ਦਿਵਿਆ ਦੱਤਾ ਨੂੰ ਪੰਜਾਬ ਬਹੁਤ ਯਾਦ ਆਉਂਦਾ



ਸਾਹਨੇਵਾਲ ਦੀ ਜੰਮਪਲ ਦਿਵਿਆ ਦੱਤਾ ਬਚਪਨ ਤੋਂ ਹੀ ਅਭਿਨੇਤਰੀ ਬਣਨ ਦੇ ਸੁਫਨੇ ਲੈਂਦੀ ਰਹੀ ਹੈ। ਫ਼ਿਲਮ ‘ਵੀਰਜ਼ਾਰਾ’, ‘ਬਾਗਬਾਨ’, ‘ਯੂ ਮੀ ਔਰ ਹਮ’, ‘ਦਿੱਲੀ 6’ ਦੇ ਇਲਾਵਾ ਕਈ ਹੋਰ ਫ਼ਿਲਮਾਂ ਵੀ ਹਨ, ਜੋ ਦਿਵਿਆ ਨੇ ਕੀਤੀਆਂ। ਦਿਵਿਆ ਦੇ ਅਭਿਨੈ ਦੀ ਤਾਰੀਫ ਹਰੇਕ ਫ਼ਿਲਮ ‘ਚ ਹੋਈ ਹੈ। ਗੁਰਦਾਸ ਮਾਨ ਨਾਲ ਕੀਤੀ ਫ਼ਿਲਮ ‘ਸ਼ਹੀਦ-ਏ-ਮੁਹੱਬਤ ਬੂਟਾ ਸਿੰਘ’ ਨਾਲ ਅੰਤਰਾਸ਼ਟਰੀ ਪੱਧਰ ‘ਤੇ ਚਰਚਾ ਹੋਈ। ਟੀ. ਵੀ. ਸੀਰੀਅਲ ‘ਛੰਨੋ ਕੀ ਸ਼ਾਦੀ’ ‘ਚ ਕੁਲਭੂਸ਼ਨ ਨਾਲ ਸਿਧ-ਪੱਧਰੀ ਮੁਟਿਆਰ ਦਾ ਰੋਲ ਦਿਵਿਆ ਨੇ ਚੰਗਾ ਨਿਭਾਇਆ, ਜਿਸ ਕਰਕੇ ਅਜਿਹੀਆਂ ਹੀ ਭੂਮਿਕਾਵਾਂ ਵਾਲੇ ਕਈ ਹੋਰ ਸੀਰੀਅਲ ਵੀ ਮਿਲੇ ਪਰ ਉਸ ਨੇ ਮਨ੍ਹਾ ਕਰ ਦਿੱਤੇ ਕਿਉਂਕਿ ਉਹ ਹਮੇਸ਼ਾਂ ਹੀ ਅਲੱਗ ਕਰਨਾ ਚਾਹੁੰਦੀ ਹੈ। ਦਿਵਿਆ ਕੋਲ ਪੰਜਾਬੀ ਦੀਆਂ ਵਧੀਆ ਕਹਾਣੀਆਂ ਵਾਲੀਆਂ ਚਾਰ ਫ਼ਿਲਮਾਂ ਹਨ, ਜਿਨ੍ਹਾਂ ਬਾਰੇ ਉਹ ਮੌਕੇ ’ਤੇ ਹੀ ਦੱਸੇਗੀ। ਦਿਵਿਆ ਦੱਤਾ ਨੂੰ ਪੰਜਾਬ ਦੀਆਂ ਠੰਢੀਆਂ-ਮਿੱਠੀਆਂ ਹਵਾਵਾਂ, ਦੋਸਤਾਂ, ਰਿਸ਼ਤੇਦਾਰਾਂ ਤੇ ਆਪਣਿਆਂ ਦੀ ਬੜੀ ਯਾਦ ਆਉਂਦੀ ਹੈ। ਪੰਜਾਬ ’ਚ ਬਿਤਾਇਆ ਇਕ-ਇਕ ਪਲ ਉਸ ਨੂੰ ਅੱਜ ਵੀ ਯਾਦ ਹੈ।

# ਰੂਹ ਦੀ ਗੱਲ ਹੈ ਫਿਲਮ ਕਬੱਡੀ ਇਕ ਮੁਹੱਬਤ



ਲਗਭਗ ਹਰੇਕ ਨਵੀਂ ਆ ਰਹੀ ਪੰਜਾਬੀ ਫ਼ਿਲਮ ‘ਚ ਬਤੌਰ ਨਾਇਕ ਜਾਂ ਸਹਿ-ਨਾਇਕ ਕੋਈ ਨਾ ਕੋਈ ਨਵਾਂ ਨੌਜਵਾਨ ਵੱਡੇ ਪਰਦੇ ‘ਤੇ ਪ੍ਰਵੇਸ਼ ਕਰ ਰਿਹਾ ਹੈ ਪਰ ਇਨ੍ਹਾਂ ‘ਚੋਂ ਬਹੁਤ ਘੱਟ ਅਜਿਹੇ ਹੁੰਦੇ ਹਨ ਜੋ ਸੁੰਦਰ ਦਿੱਖ ਦੇ ਨਾਲ-ਨਾਲ ਅਦਾਕਾਰੀ ਦੀਆਂ ਬਾਰੀਕੀਆਂ ਸਿੱਖ ਕੇ ਫ਼ਿਲਮੀ ਸਫਰ ਸ਼ੁਰੂ ਕਰਦੇ ਹਨ। ਪਹਿਲੀ ਅਕਤੂਬਰ ਨੂੰ ਸਿਨੇਮਾ ਘਰਾਂ ਦਾ ਸ਼ਿੰਗਾਰ ਬਣ ਰਹੀ ਫ਼ਿਲਮ ‘ਕਬੱਡੀ-ਇਕ ਮੁਹੱਬਤ’ ਰਾਹੀਂ ਇਕ ਅਜਿਹਾ ਨਾਇਕ ਦੇਵ ਖਰੌੜ ਆਪਣੀ ਫ਼ਿਲਮੀ ਜ਼ਿੰਦਗੀ ਦੀ ਸ਼ੁਰੂਆਤ ਕਰ ਰਿਹਾ ਹੈ ਜੋ ਅਦਾਕਾਰੀ ਦਾ ਲੰਮਾ ਤਜਰਬਾ ਰੱਖਣ ਦੇ ਨਾਲ-ਨਾਲ ਪੰਜਾਬੀ ਨਾਇਕ ਦੀ ਪ੍ਰਤੀਨਿਧਤਾ ਕਰਨ ਵਾਲਾ ਜੁੱਸਾ ਵੀ ਰੱਖਦਾ ਹੈ। ਪਟਿਆਲਾ ਸ਼ਹਿਰ ਦੀ ਪੈਦਾਇਸ਼ ਦੇਵ ਖਰੌੜ ਜਿਥੇ ਕਾਲਜ ਦੇ ਦਿਨਾਂ ‘ਚ ਭੰਗੜੇ ਦਾ ਸ਼ਿੰਗਾਰ ਰਿਹਾ ਹੈ, ਉਥੇ ਨਾਲੋ-ਨਾਲ ਪ੍ਰਸਿੱਧ ਰੰਗਕਰਮੀ ਸ਼੍ਰੀ ਰਾਜੇਸ਼ ਸ਼ਰਮਾ ਦੇ ਗਰੁਪ ‘ਨਾਟਕਵਾਲਾ’ ਦੀਆਂ ਸੈਂਕੜੇ ਪੇਸ਼ਕਾਰੀਆਂ ‘ਚ ਮੋਹਰੀ ਭੂਮਿਕਾਵਾਂ ਵੀ ਨਿਭਾਉਂਦਾ ਰਿਹਾ ਹੈ। ਰੰਗਮੰਚ ‘ਤੇ ਸਿੱਖੀਆਂ ਬਾਰੀਕੀਆਂ ਦੀ ਬਦੌਲਤ ਉਸ ਨੇ ਜਸਵੰਤ ਢੱਡਾ, ਗਿਰਜਾ ਸ਼ੰਕਰ ਤੇ ਸੁਖਮਿੰਦਰ ਧੰਜਲ ਵਰਗੇ ਸੁਲਝੇ ਹੋਏ ਨਿਰਦੇਸ਼ਕਾਂ ਦੇ ਵੱਡੇ ਟੀ. ਵੀ. ਸੀਰੀਅਲਾਂ ‘ਚ ਸ਼ਾਨਦਾਰ ਕੰਮ ਕਰਕੇ ਪਹਿਚਾਣ ਬਣਾਈ। ਵੱਖ-ਵੱਖ ਨਾਟਕਾਂ ਦੀਆਂ ਪੇਸ਼ਕਾਰੀਆਂ ਲਈ ਦੇਵ ਖਰੌੜ ਨੇ ਅਮਰੀਕਾ, ਇੰਗਲੈਂਡ ਤੇ ਕੈਨੇਡਾ ‘ਚ ਵੀ ਆਪਣੀ ਕਲਾ ਦੀ ਮਹਿਕ ਬਿਖੇਰੀ। ਇਸ ਉਭਰਦੇ ਨਾਇਕ ਨਾਲ ਬੀਤੇ ਦਿਨੀਂ ਹੋਈ ਗੱਲਬਾਤ ਪੇਸ਼ ਹੈ :

**? ਫ਼ਿਲਮ ਲਈ ਬਤੌਰ ਨਾਇਕ ਤੁਹਾਡੀ ਚੋਣ ਦਾ ਸਬੱਬ ਕਿਵੇਂ ਬਣਿਆ?**

-ਰੰਗਮੰਚ ਦੇ ਸੀਨੀਅਰ ਅਦਾਕਾਰ ਰਹੇ ਤੇ ਫ਼ਿਲਮ ਨਿਰਦੇਸ਼ਕ ਗੁਰਿੰਦਰ ਡਿੰਪੀ ਨੂੰ ਮੈਂ ਇਸ ਫ਼ਿਲਮ ਦਾ ਕਨਸੈਪਟ ਸੁਣਾਇਆ ਤਾਂ ਉਨ੍ਹਾਂ ਨੂੰ ਬਹੁਤ ਪਸੰਦ ਆਇਆ। ਸ਼੍ਰੀ ਡਿੰਪੀ ਨੇ ਆਪਣੇ ਪਟਿਆਲਵੀ ਦੋਸਤਾਂ ਅਵਨੀਤ ਕਾਕੂ, ਬੌਬੀ ਸੰਧੂ, ਵਿਕਾਸ ਪੁਰੀ ਤੇ ਗੌਰਵ ਸਿੱਧੂ ਨੂੰ ਇਹ ਕਨਸੈਪਟ ਸੁਣਾਇਆ ਤਾਂ ਉਨ੍ਹਾਂ ਵੀ ਬਹੁਤ ਪਸੰਦ ਕੀਤਾ। ਜੈਟੀਚਿਊਟ ਦੇ ਬੈਨਰ ਹੇਠ ਜਦੋਂ ਇਸ ਫ਼ਿਲਮ ਦੀ ਸਟਾਰ ਕਾਸਟ ਦੀ ਚੋਣ ਕਰਨੀ ਸੀ ਤਾਂ ਨਾਇਕ ਦੀ ਚੋਣ ਅਜਿਹੇ ਅਦਾਕਾਰ ‘ਤੇ ਆ ਕੇ ਅੜ ਗਈ ਕਿ ਉਹ ਵਧੀਆ ਅਦਾਕਾਰ ਵੀ ਹੋਵੇ ਤੇ ਸਰੀਰਕ ਪੱਖੋਂ ਤਕੜਾ ਕਬੱਡੀ ਖਿਡਾਰੀ ਵੀ ਜਾਪੇ। ਇਸ ਮਿਆਰ ‘ਤੇ ਮੈਂ ਖਰਾ ਉਤਰਿਆ ਤੇ ਜੈਟੀਚਿਊਟ ਬੈਨਰ ਵਾਲਿਆਂ ਨੇ ਮੇਰੀ ਚੋਣ ਬਤੌਰ ਨਾਇਕ ਕੀਤੀ।

**? ਤੁਹਾਡੀ ਪਲੇਠੀ ਫ਼ਿਲਮ ‘ਚ ਕਿਸੇ ਪੱਖ ਨੂੰ ਵਧੇਰੇ ਉਭਾਰਿਆ ਗਿਆ ਹੈ?**

-ਇਸ ਫ਼ਿਲਮ ‘ਚ ਦੋ ਤੱਤਾਂ ਨੂੰ ਵਧੇਰੇ ਉਭਾਰਿਆ ਗਿਆ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬੀਆਂ ਦੀ ਮਹਿਬੂਬ ਖੇਡ ਕਬੱਡੀ ਦੀ ਅਸਲੀ ਰੂਹ ਕੀ ਹੈ ਅਤੇ ਅਸੀਂ ਇਸ ਨੂੰ ਸਹੀ ਤਰੀਕੇ ਨਾਲ ਕਿਉਂ ਨਹੀਂ ਲੈ ਰਹੇ। ਆਮ ਸ਼ਬਦਾਂ ‘ਚ ਸਾਡੀ ਫ਼ਿਲਮ ਕਬੱਡੀ ‘ਚ ਪੈਦਾ ਹੋਈਆਂ ਊਣਤਾਈਆਂ ਅਤੇ ਇਸ ਦੇ ਵਧੀਆ ਪੱਖਾਂ ਨੂੰ ਉਭਾਰਦੀ ਹੈ। ਦੂਸਰੀ ਗੱਲ ਇਸ ਫ਼ਿਲਮ ‘ਚੋਂ ਇਹ ਉਭਰਦੀ ਹੈ ਕਿ ਸਾਡੇ ਨੌਜਵਾਨ ਆਪਣੀ ਮਿੱਟੀ ਦੀ ਮਹਿਕ ਮਾਣਨ ਦੀ ਬਜਾਏ ਵਿਦੇਸ਼ਾਂ ਵਲ ਭੱਜ ਰਹੇ ਹਨ। ਫ਼ਿਲਮ ਦੀ ਨਾਇਕਾ ਅਤੇ ਚਰਿੱਤਰ ਅਭਿਨੇਤਾ ਗੁੱਗੂ ਗਿੱਲ ਦੇ ਕਿਰਦਾਰ ਇਹ ਮਹਿਸੂਸ ਕਰਵਾਉਂਦੇ ਹਨ ਕਿ ਪੰਜਾਬ ਵਿਚ ਉਹ ਕੁਝ ਮੌਜੂਦ ਹੈ ਜੋ ਸਾਨੂੰ ਵਿਦੇਸ਼ਾਂ ‘ਚ ਨਹੀਂ ਮਿਲਦਾ, ਮਿਸਾਲ ਵਜੋਂ ਸੱਭਿਆਚਾਰ, ਸ਼ੁੱਧ ਖੁਰਾਕ, ਭਾਈਚਾਰਾ ਤੇ ਹੋਰ ਸਾਂਝਾਂ ਆਦਿ।

**? ਇਸ ਫ਼ਿਲਮ ‘ਚ ਤੁਹਾਡਾ ਕਿਰਦਾਰ ਕਿਹੋ ਜਿਹਾ ਹੈ?**

-ਇਸ ਫ਼ਿਲਮ ‘ਚ ਮੈਂ ਅਜਿਹੇ ਪੰਜਾਬੀ ਨੌਜਵਾਨ ਦੀ ਭੂਮਿਕਾ ਨਿਭਾਈ ਹੈ ਜੋ ਇਕ ਸਾਬਕਾ ਕਬੱਡੀ ਖਿਡਾਰੀ ਹੁੰਦਾ ਹੈ। ਮੈਂ ਆਪਣੇ ਮਾਪਿਆਂ ਦੀ ਮਰਜ਼ੀ ਦੇ ਉਲਟ ਵਿਦੇਸ਼ ‘ਚ ਵਸਣ ਦੀ ਤਾਕ ‘ਚ ਹੁੰਦਾ ਹਾਂ। ਪਰ ਮੇਰੇ ਪਿਤਾ ਜੀ ਅਤੇ ਇਕ ਪਰਵਾਸੀ ਮੁਟਿਆਰ ਦੀ ਬਦੌਲਤ ਮੇਰੀ ਇਹ ਸੋਚ ਬਦਲਦੀ ਹੈ ਅਤੇ ਪੰਜਾਬ ‘ਚ ਰਹਿ ਕੇ ਹੀ ਮਿਹਨਤ ਕਰਨ ਦੇ ਰਸਤੇ ਪੈਣ ਦੇ ਨਾਲ-ਨਾਲ ਕਬੱਡੀ ਰਾਹੀਂ ਚੰਗੇ ਮੁਕਾਮ ‘ਤੇ ਪੁੱਜਦਾ ਹਾਂ।

***-ਸੁਖਦਰਸ਼ਨ ਸਿੰਘ ਚਹਿਲ***



# ਕਾਜੋਲ ਫਿਰ ਬਰੇਕ ਦੀ ਤਿਆਰੀ ਵਿਚ

ਵੱਡੇ ਪਰਦੇ ‘ਤੇ ਕਾਜੋਲ ਪਿਛਲੇ ਕੁਝ ਸਾਲਾਂ ਤੋਂ ਘੱਟ ਹੀ ਕੰਮ ਕਰਦੀ ਦਿਖਾਈ ਦੇ ਰਹੀ ਹੈ, ਬਾਵਜੂਦ ਇਸ ਦੇ ਉਸ ਕੋਲ ਫ਼ਿਲਮਾਂ ਦੀ ਲੰਬੀ ਲਾਈਨ ਹੈ। ਕਾਜੋਲ ਦੀ ਨਿਰਦੇਸ਼ਕ ਕਰਨ ਜੌਹਰ ਵਲੋਂ ਬਣਾਈ ‘ਮਾਈ ਨੇਮ ਇਜ਼ ਖਾਨ’ ਫ਼ਿਲਮ ਦਰਸ਼ਕਾਂ ਵਲੋਂ ਕਾਫੀ ਪਸੰਦ ਕੀਤੀ ਗਈ ਸੀ। ਹੁਣੇ ਜਿਹੇ ਸ਼ਾਹਰੁਖ ਦੇ ਨਾਲ ‘ਕਪਲ ਆਫ ਦ ਡਿਕੈਡ’ ਦਾ ਐਵਾਰਡ ਹਾਸਲ ਕਰਨ ਵਾਲੀ ਕਾਜੋਲ ਦੀ ਅਜੈ ਦੇਵਗਨ ਨਾਲ ‘ਟੂਨਪੁਰ ਕਾ ਸੁਪਰ ਹੀਰੋ’ ਜਲਦੀ ਹੀ ਰਿਲੀਜ਼ ਹੋਣ ਵਾਲੀ ਹੈ। ਲੰਬੇ ਸਮੇਂ ਤੱਕ ਗਾਇਬ ਰਹਿਣ ਤੋਂ ਬਾਅਦ ਕਾਜੋਲ ਦੇ ਵਾਪਸ ਆਉਣ ਦੀ ਦਰਸ਼ਕਾਂ ਨੂੰ ਏਨੀ ਉਮੀਦ ਨਹੀਂ ਸੀ।

ਉਸ ਨੇ ਸੋਚਿਆ ਸੀ ਕਿ ਦਰਸ਼ਕ ਸ਼ਾਇਦ ਉਸ ਨੂੰ ਗੁਜ਼ਰੇ ਜ਼ਮਾਨੇ ਦੀ ਵਧੀਆ ਅਦਾਕਾਰਾ ਸਮਝ ਕੇ ਭੁੱਲ ਜਾਣਗੇ ਪਰ ਜਦੋਂ ‘ਮਾਈ ਨੇਮ ਇਜ਼ ਖਾਨ’ ਦੇ ਵਿਵਾਦਾਂ ਵਿਚ ਘਿਰਨ ਦੇ ਬਾਵਜੂਦ ਦਰਸ਼ਕਾਂ ਨੇ ਰਿਸਕ ਲੈ ਕੇ ਸਿਨੇਮਾਘਰਾਂ ਵਿਚ ਜਾਣ ਦੀ ਹਿੰਮਤ ਦਿਖਾਈ ਤਾਂ ਇਕ ਵਾਰ ਤਾਂ ਉਸ ਨੂੰ ਵਿਸ਼ਵਾਸ ਹੀ ਨਹੀਂ ਹੋਇਆ। ਇਸ ਤੋਂ ਬਾਅਦ ਤਾਂ ਸ਼ਾਹਰੁਖ ਵੀ ਕਾਜੋਲ ਦੇ ਨਾਲ ਖੁੱਲ੍ਹ ਕੇ ਮੈਦਾਨ ਵਿਚ ਆ ਗਏ ਜਿਸ ਲਈ ਨਿਰਦੇਸ਼ਕ ਕਰਨ ਜੌਹਰ ਵੀ ਸ਼ਾਹਰੁਖ ਅਤੇ ਕਾਜੋਲ ਦੇ ਨਾਲ ਦਰਸ਼ਕਾਂ ਦੇ ਧੰਨਵਾਦੀ ਹੁੰਦੇ ਹੋਏ ਮੀਡੀਆ ਦੇ ਰੂਬਰੂ ਹੋਏ।

ਕਾਜੋਲ ਦੱਸਦੀ ਹੈ ਕਿ ‘ਮਾਈ ਨੇਮ ਇਜ਼ ਖਾਨ’ ਫ਼ਿਲਮ ਵਾਕਈ ਬੇਹੱਦ ਖਾਸ ਫ਼ਿਲਮ ਸੀ। ਕਰਨ, ਸ਼ਾਹਰੁਖ ਅਤੇ ਮੇਰੇ ਵਲੋਂ ਇਸ ਫ਼ਿਲਮ ਨੂੰ ਵਧੀਆ ਬਣਾਉਣ ਲਈ ਕਾਫੀ ਮਿਹਨਤ ਕੀਤੀ ਗਈ ਸੀ। ਇਹੀ ਨਹੀਂ, ਇਸ ਲਈ ਅਸੀਂ ਆਪਣੀ ਸੌ ਫੀਸਦੀ ਤਵੱਜੋਂ ਦਿੱਤੀ ਜਿਸ ਦਾ ਫਲ ਦਰਸ਼ਕਾਂ ਨੇ ਸਾਨੂੰ ਉਮੀਦ ਤੋਂ ਕਿਤੇ ਜ਼ਿਆਦਾ ਦਿੱਤਾ। ਬਿਨਾਂ ਸੰਕੋਚ ਦਰਸ਼ਕ ਕਿਤੇ ਨਾ ਕਿਤੇ ਸਾਡੀ ਅਦਾਕਾਰੀ ਦਾ ਖਿਆਲ ਜ਼ਰੂਰ ਰੱਖਦੇ ਹਨ ਅਤੇ ਇਸ ਲਈ ਅਸੀਂ ਤਹਿ ਦਿਲੋਂ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ।

ਕਾਜੋਲ ਜ਼ਿਆਦਾ ਤਾਂ ਨਹੀਂ ਪਰ ਚੰਗੀਆਂ ਫ਼ਿਲਮਾਂ ਵਿਚ ਕੰਮ ਜ਼ਰੂਰ ਕਰਨਾ ਚਾਹੁੰਦੀ ਹੈ, ਹੀਰੋ ਚਾਹੇ ਕੋਈ ਵੀ ਹੋਵੇ। ਉਸ ਦਾ ਮੰਨਣਾ ਹੈ ਕਿ ਜੇ ਸਕਰਿਪਟ ਵਧੀਆ ਹੋਵੇ ਅਤੇ ਮੇਰੇ ਰੋਲ ਵਿਚ ਦਮ ਹੈ ਤਾਂ ਫਿਰ ਮੈਂ ਤੀਜੀ ਕੋਈ ਚੀਜ਼ ਨਹੀਂ ਦੇਖਦੀ। ਉਸ ਕਿਹਾ, ‘ਪੈਸੇ ਲਈ ਮੈਂ ਫ਼ਿਲਮਾਂ ਨਹੀਂ ਕਰਦੀ।’ ਫਿਲਹਾਲ ਕਾਜੋਲ ਨੂੰ ਹੁਣ ਤੱਕ ਫ਼ਿਲਮ ਇੰਡਸਟਰੀ ਵਿਚ ਉਨ੍ਹਾਂ ਦੇ ਵਿਸ਼ਵਾਸ ਤੋਂ ਕਿਤੇ ਜ਼ਿਆਦਾ ਹੁੰਗਾਰਾ ਮਿਲਿਆ ਹੈ, ਇਸ ਲਈ ਬਿਨਾਂ ਥਕਾਵਟ ਮਹਿਸੂਸ ਕੀਤੇ ਉਹ ਛੇਤੀ ਹੀ ਕਿਰੀਟ ਖੁਰਾਣਾ ਦੀ ‘ਟੂਨਪੁਰ ਕਾ ਸੁਪਰ ਹੀਰੋ’ ਅਤੇ ਸਿਧਾਰਥ ਮਲਹੋਤਰਾ ਦੀ ਬਣਾਈ ਫ਼ਿਲਮ ‘ਲਵ ਯੂ ਮਾਂ’ ਜ਼ਰੀਏ ਦਰਸ਼ਕਾਂ ਨੂੰ ਸਿਨੇਮਾ ਘਰਾਂ ਵਿਚ ਮਿਲੇਗੀ ਜਦੋਂ ਕਿ ਫ਼ਿਲਮ ‘ਵੀ ਆਰ ਫੈਮਿਲੀ’ ਵਿਚ ਉਹ ਕਰੀਨਾ ਕਪੂਰ ਨਾਲ ਜ਼ਬਰਦਸਤ ਰੋਲ ਨਿਭਾ ਚੁਕੀ ਹੈ। ਇਨ੍ਹਾਂ ਸਾਰੀਆਂ ਫ਼ਿਲਮਾਂ ਤੋਂ ਕਾਜੋਲ ਨੂੰ ਕਾਫੀ ਉਮੀਦਾਂ ਹਨ ਅਤੇ ਇਸ ਤੋਂ ਬਾਅਦ ਉਹ ਜਲਦੀ ਹੀ ਦੁਬਾਰਾ ਇਕ ਬਰੇਕ ਦੀ ਤਿਆਰੀ ਵਿਚ ਹੈ।

# ਇਕ ਸਾਫ ਇਨਸਾਨ ਬਣ ਗਿਆ ਹਾਂ-ਵਿਵੇਕ



ਇਹ ਦਿਖਾਈ ਦੇ ਰਿਹਾ ਹੈ ਕਿ ਰਾਮ ਗੋਪਾਲ ਵਰਮਾ ਹੁਣ ਅਭਿਨੇਤਾ ਵਿਵੇਕ ਉਬਰਾਏ ਨੂੰ ਮੁੜ ਸੁਨਹਿਰੀ ਦੌਰ ਵਲ ਲਿਜਾਏਗਾ। ਰਾਮੂ ਦੀ ਤਿੰਨ ਭਾਸ਼ਾਈ ਫਿਲਮ ‘ਰਕਤ ਚਰਿੱਤਰ’ ਦਾ ਮੁੱਖ ਨਾਇਕ ਵਿਵੇਕ ਹੈ। ਇਹ ਫਿਲਮ ਹਕੀਕਤ ਦੇ ਨੇੜੇ ਰਹੀ ਇਕ ਕਥਾ ‘ਤੇ ਆਧਾਰਿਤ ਬਣ ਰਹੀ ਹੈ। ਰਾਮ ਗੋਪਾਲ ਵਰਮਾ ਦੀ ਇਹ ਫਿਲਮ ਦੋ ਹਿੱਸਿਆਂ ਵਿਚ ਰਿਲੀਜ਼ ਹੋਣੀ ਹੈ ਤੇ ਇਸ ਨੂੰ ਵੀ ਵਿਵੇਕ ਉਬਰਾਏ ਦੀ ਖਾਸੀਅਤ ਮੰਨਿਆ ਜਾ ਰਿਹਾ ਹੈ। ਸੱਤ ਵਰ੍ਹਿਆਂ ਬਾਅਦ ਵਿਵੇਕ ਮੁੜ ਰਾਮੂ ਨਾਲ ਫਿਲਮ ਕਰ ਰਿਹਾ ਹੈ। ‘ਕੰਪਨੀ’ ਤੋਂ ਬਾਅਦ ਵਿਵੇਕ ਨੂੰ ਇਹ ਨਵੀਂ ਫਿਲਮ ਸੱਚਮੁੱਚ ‘ਚ ਇਕ ਬਹੁਮੁੱਲੀ ਪ੍ਰਾਪਤੀ ਨਜ਼ਰ ਆ ਰਹੀ ਹੈ। ‘ਰੋਡ’ ਵੀ ਵਿਵੇਕ ਦੀ ਇਕ ਯਾਦਗਾਰੀ ਫਿਲਮ ਰਹੀ ਹੈ। ਸ਼ਹਿਰਾਂ ਤੇ ਪਿੰਡਾਂ ਵਿਚਕਾਰ ਵਧਦੇ ਪਾੜੇ ਤੇ ਅਲੱਗ ਜੀਵਨ ਦੇ ਫਲਸਫੇ ਦੇ ਨੇੜੇ ਵਿਵੇਕ ਨੂੰ ਫਿਲਮ ‘ਰਕਤ ਚਰਿੱਤਰ’ ‘ਚ ਆਪਣਾ ਕਿਰਦਾਰ ਲੱਗਿਆ ਹੈ। ਵੈਸੇ ਉਸ ਦੀ ਰੀਝ ਪਿੰਡਾਂ ਨੂੰ ਵੇਖਣ ਦੀ ਹੈ ਕਿਉਂਕਿ ਪਿੰਡਾਂ ਸਬੰਧੀ ਸਹਾਇਕਾਂ ਤੋਂ ਜਾਣਕਾਰੀ ਲੈ ਕੇ ਪਿੰਡਾਂ ਦੇ ਜਨਜੀਵਨ ਨੂੰ ਦੇਖਣ ਲਈ ਉਹ ਕਾਫੀ ਪ੍ਰਭਾਵਿਤ ਹੋਇਆ ਹੈ। ਵਿਵੇਕ ਨੇ ਹਿੰਦੀ ਦੇ ਨਾਲ-ਨਾਲ ਤੇਲਗੂ ‘ਚ ਬਣ ਰਹੀ ਇਸ ਫਿਲਮ ‘ਚ ਕੰਮ ਕੀਤਾ ਹੈ। ਉਸ ਨੇ ਦੋਵਾਂ ਭਾਸ਼ਾਵਾਂ ਦੇ ਸੰਵਾਦ ਵੀ ਖੁਦ ਬੋਲੇ ਹਨ। ਇਕ ਦ੍ਰਿਸ਼ ‘ਚ ਹਕੀਕਤ ਲਈ ਇਸ ਫਿਲਮ ਵਾਸਤੇ ਰਾਤ ਦਾ ਜਗਰਾਤਾ ਵੀ ਉਸਨੇ ਕੱਟਿਆ ਤਾਂ ਜੋ ਉਹ ਥੱਕਿਆ ਨਜ਼ਰ ਆਵੇ। ਗਲਤੀਆਂ ਤੋਂ ਸਬਕ ਉਹ ਸਿੱਖ ਚੁੱਕਾ ਹੈ। ਵਿਵੇਕ ਅਨੁਸਾਰ ਉਹ ਹੁਣ ਇਕ ਦਮ ਸਾਫ ਇਨਸਾਨ ਬਣ ਗਿਆ ਹੈ।

# ਮੁਬਾਰਕਾਂ ਮੁਬਾਰਕਾਂ ਮੁਬਾਰਕਾਂ



**ਪ੍ਰਕਾਸ਼ ਸਿੰਘ ਬਾਦਲ**
(ਮੁੱਖ ਮੰਤਰੀ ਪੰਜਾਬ ਅਤੇ
ਚੀਫ ਪੈਟਰਨ ਐਨ.ਆਰ.ਆਈ ਸਭਾ)



**ਸੁਖਬੀਰ ਸਿੰਘ ਬਾਦਲ**
ਉਪ ਮੁੱਖ ਮੰਤਰੀ ਪੰਜਾਬ



**ਜਥੇ. ਸੇਵਾ ਸਿੰਘ ਸੇਖਵਾਂ**
ਲੋਕ ਸੰਪਰਕ ਅਤੇ ਐਨ.ਆਰ.ਆਈ ਮੰਤਰੀ ਪੰਜਾਬ



**ਕਮਲਜੀਤ ਸਿੰਘ ਹੇਅਰ**
ਪ੍ਰਧਾਨ ਐਨ.ਆਰ.ਆਈ ਸਭਾ



**ਜੋਬਨਜੀਤ ਸਿੰਘ ਬੌਬੀ**
ਚੇਅਰਮੈਨ ਐਨ.ਆਰ.ਆਈ ਸਭਾ ਅਮਰੀਕਾ



**ਜਸਪ੍ਰੀਤ ਸਿੰਘ** ਅਟਾਰਨੀ ਐਟ ਲਾਅ
ਪ੍ਰਧਾਨ ਐਨ ਆਰ ਆਈ ਸਭਾ ਅਮਰੀਕਾ

ਉਘੇ ਯੂਥ ਆਗੂ ਜੋਬਨਜੀਤ ਸਿੰਘ ਬੌਬੀ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਅਤੇ ਜਸਪ੍ਰੀਤ ਸਿੰਘ ਨੂੰ ਪ੍ਰਧਾਨ ਬਣਨ ਤੇ ਉਹਨਾਂ ਨੂੰ ਵਧਾਈ ਦਿੰਦੇ ਹਾਂ । ਅਸੀਂ ਉਹਨਾਂ ਦੀ ਇਸ ਨਿਯੁਕਤੀ ਉੱਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਲੋਕ ਸੰਪਰਕ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਐਨ.ਆਰ.ਆਈ. ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਦਾ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਇਕ ਪੜ੍ਹੇ-ਲਿਖੇ ਇਮਾਨਦਾਰ ਉਤਸ਼ਾਹੀ ਨੌਜਵਾਨ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਨਿਯੁਕਤ ਕੀਤਾ ਹੈ । ਅਸੀਂ ਉਮੀਦ ਕਰਦੇ ਹਾਂ ਕਿ ਸ: ਜੋਬਨਜੀਤ ਸਿੰਘ ਬੌਬੀ ਅਤੇ ਜਸਪ੍ਰੀਤ ਸਿੰਘ ਆਪਣੀ ਇਸ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ।

## ਵਲੋਂ: ਰਵਿੰਦਰਪਾਲ ਸਿੰਘ ਹੁੰਦਲ (ਰਵੀ ਵੇਰਕਾ)

## ਕੌਮੀ ਮੀਤ ਪ੍ਰਧਾਨ ਯੂਥ ਅਕਾਲੀ ਦਲ (ਬਾਦਲ)

*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ*

## ਗਦਰ ਲਹਿਰ ਦੀ ਅਗਲੀ ਕੜੀ ਬੱਬਰ ਲਹਿਰ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ


## 3 ਅਕਤੂਬਰ 2010

ਐਤਵਾਰ 12 ਤੋਂ 8 ਵਜੇ ਤੱਕ

ਸਥਾਨ:ਐਸ.ਈ.ਐਸ. ਹਾਲ 10428,
ਈਸਟ ਸਟਾਕਟਨ ਬੁਲੇਵਾਰਡ,
ਐਲਕਗਰੋਵ, ਸੈਕਰਾਮੈਂਟੋ।


ਧੰਨਾ ਸਿੰਘ ਬਹਿਬਲਪੁਰ


ਬੱਬਰ ਕਿਸ਼ਨ ਸਿੰਘ ਗੜ੍ਹਗੱਜ


ਮਾਸਟਰ ਮੋਤਾ ਸਿੰਘ


ਬਾਬੂ ਸੰਤਾ ਸਿੰਘ


ਕਰਮ ਸਿੰਘ ਐਡੀਟਰ

**ਸਤਿਕਾਰਯੋਗ ਭੈਣੋ ਤੇ ਭਰਾਓ**

ਭਾਰਤ ਨੂੰ ਅੰਗਰੇਜ਼ ਸਾਮਰਾਜੀਆਂ ਦੀ ਗੁਲਾਮੀ ਤੋਂ ਮੁਕਤ ਕਰਾਉਣ ਲਈ ਕੈਲੀਫੋਰਨੀਆ ਦੀ ਧਰਤੀ ਤੋਂ ਗੈਰ ਮਜ਼ਹਬੀ, ਗੈਰ ਫਿਰਕੂ ਦੇ ਸਿਧਾਂਤ ਨਾਲ ਜਥੇਬੰਦ ਹੋ ਕੇ ਉਠੀ ਗਦਰ ਲਹਿਰ ਦੇ ਸੂਰਬੀਰਾਂ ਨੇ ਭਾਰਤ ਵਾਸੀਆਂ ਦੀ ਜ਼ਮੀਰ ਨੂੰ ਝੰਜੋੜਿਆ ਸੀ ਤੇ ਉਨ੍ਹਾਂ ਦੀਆਂ ਲੀਹਾਂ 'ਤੇ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਸ਼ੁਰੂ ਵਿਚ ਹੀ ਬੱਬਰ ਲਹਿਰ ਦਾ ਜਨਮ ਹੋਇਆ। ਗਦਰ ਪਾਰਟੀ ਵਾਂਗ ਇਹ ਵੀ ਸਿਰਲੱਥ ਯੋਧਿਆਂ ਦੀ ਜਥੇਬੰਦੀ ਸੀ ਜਿਨ੍ਹਾਂ ਸਮੇਂ ਸਮੇਂ ਅੰਗਰੇਜ਼ੀ ਪੁਲਿਸ ਦੀਆਂ ਧਾੜਾਂ ਨਾਲ ਟੱਕਰਾਂ ਲਈਆਂ। ਜੇਲ੍ਹਾਂ ਅੰਦਰ ਘੋਰ ਤਸ਼ੱਦਦ ਝੱਲਿਆ। ਉਮਰ ਕੈਦਾਂ ਕੱਟੀਆਂ, ਫਾਂਸੀਆਂ ਦੇ ਰੱਸੇ ਗਲਾਂ ਵਿਚ ਪਵਾਏ। ਆਜ਼ਾਦੀ ਸੰਗਰਾਮ ਦੇ ਇਸ ਲਹੂ ਭਿੱਜੇ ਵਿਰਸੇ ਨੂੰ ਯਾਦ ਕਰਨ ਲਈ ਮੇਲੇ ਵਿਚ ਹੁੰਮ ਹੁਮਾ ਕੇ ਪਹੁੰਚੋ।

## ਮੇਲੇ ਵਿਚ ਪੁੱਜ ਰਹੇ ਕਲਾਕਾਰ

- ਬਲਜੀਤ ਮਾਲਵਾ (ਨਿਊ ਯਾਰਕ), ਸੁਲਤਾਨ ਅਖ਼ਤਰ, ਪੰਮੀ ਮਾਨ, ਪੂਨਮ ਮਲਹੋਤਰਾ, ਸੁਖਵੰਤ ਸੁੱਖੀ ਅਤੇ ਰਾਜ ਬਰਾੜ
- ਸ. ਗੁਰਨਾਮ ਸਿੰਘ ਭੰਡਾਲ (ਯੂਬਾ ਸਿਟੀ) ਦਾ ਢਾਡੀ ਜਥਾ


ਬਲਜੀਤ ਮਾਲਵਾ


ਸੁਖਵੰਤ ਸੁੱਖੀ


ਸੁਲਤਾਨ ਅਖਤਰ


ਰਾਜ ਬਰਾੜ

## ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦੇ ਕੇਂਦਰ ਹੋਣਗੇ


ਮੰਚ ਸੰਚਾਲਨ
ਜਸਵੰਤ ਸਿੰਘ ਸ਼ਾਦ

**ਮੁਫਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫਤ**

### ਪ੍ਰਬੰਧਕ

ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਸਮਿੱਤਰ ਸਿੰਘ ਉੱਪਲ, ਗਿਆਨ ਸਿੰਘ ਬਿਲਗਾ, ਜਸਵਿੰਦਰ ਸਿੰਘ ਸੰਧੂ, ਸੁਲੱਖਣ ਸਿੰਘ ਸੰਧੂ, ਜਗਜੀਤ ਸਿੰਘ ਗਿੱਲ, ਪਰਮਜੀਤ ਸੰਧੂ ਕਬੱਡੀ ਕੋਚ, ਨਿਰਮਲਜੀਤ ਸਿੰਘ ਭੁੱਲਰ ਕਾਸਤਰੋ ਵੈਲੀ, ਕਸ਼ਮੀਰ ਸਿੰਘ ਕਾਂਗਣਾ, ਰਸ਼ਪਾਲ ਸਿੰਘ ਫਰਵਾਲਾ, ਜਸਚਰਨ ਸਿੰਘ ਗਿੱਲ, ਪ੍ਰੇਮ ਚੁੰਬਰ, ਕਮਲ ਬੰਗਾ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਜੁਝਾਰ ਸਿੰਘ ਗਿੱਲ, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਕਰਮਜੀਤ ਸਿੰਘ ਕੰਗ, ਸੰਨੀ, ਸੁਰਿੰਦਰ ਸਿੰਘ ਖੈੜਾ, ਹਰਪਾਲ ਸਿੰਘ ਸੰਘਾ, ਬਲਵਿੰਦਰ ਸਿੰਘ ਸੰਧੂ, ਲੂਥਰੋਪ, ਫਰੈਂਕ ਜੌਹਨਸ, ਅਮਰਜੀਤ ਰਾਏ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੌਡ, ਮੱਖਣ ਦੌਲਤਪੁਰੀ।

ਸਪਾਂਸਰ:ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਸਟਾਕਟਨ, ਅਮੋਲਕ ਸਿੰਘ ਗਾਖਲ ਚੇਅਰਮੈਨ ਯੂਨਾਈਟਿਡ ਸਪੋਰਟਸ ਕਲੱਬ, ਬਲਵੀਰ ਸਿੰਘ ਭਾਟੀਆ ਪ੍ਰਧਾਨ, ਪੰਜਾਬੀ ਸਾਹਿਤ ਸਭਾ ਬੇ-ਏਰੀਆ ਪ੍ਰਧਾਨ ਤਾਰਾ ਸਾਗਰ, ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੂਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ਼ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਡਾ. ਚੋਪੜਾ ਮਾਡੈਸਟੋ, ਸੋਨੀ ਸਿੰਘ, ਐਸ.ਪੀ. ਸਿੰਘ, ਸ਼ਿੰਗਾਰਾ ਰਾਮ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜੂ ਭਗਵੰਤ, ਦੇਵਾ ਸਿੰਘ ਧੂਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰ ਮਾਰਟ, ਚਰਨ ਬਡਵਾਲ, ਅਮਰੀਕ ਪਰਹਾਰ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ।

### ਪੁੱਜ ਰਹੀਆਂ ਸ਼ਖਸੀਅਤਾਂ

ਜਗਮੋਹਨ ਸਿੰਘ ਕੈਨੇਡਾ
*(ਠਾਕਰ ਸਿੰਘ ਬੱਬਰ ਦਾ ਪੋਤਾ)*
ਜਗਜੀਤ ਸਿੰਘ ਖੰਗੂਰਾ
*(ਬਾਬਾ ਕਰਤਾਰ ਸਿੰਘ ਦੁੱਕੀ ਦਾ ਪੋਤਾ)*
ਗੁਰਚਰਨ ਸਿੰਘ ਬੈਂਸ
ਦੇਵਾ ਸਿੰਘ ਧੂਤ
ਤਲਵਿੰਦਰ ਸਿੰਘ ਧੂਤ

ਵਲੋਂ:ਪ੍ਰਧਾਨ ਸੁਰਿੰਦਰ ਬਿੰਦਰਾ (916-420-2390), ਖਜ਼ਾਨਚੀ ਪ੍ਰਿਤਪਾਲ ਸਿੰਘ ਭੋਗਲ (661-978-5100), ਨਾਮਧਾਰੀ ਸੰਗਤ:ਕੇਵਲ ਸਿੰਘ (707-208-4931), ਸਕੱਤਰ ਬਲਜਿੰਦਰ ਸਿੰਘ ਭੱਟੀ (209-480-2275), ਪਰਮਜੀਤ ਸਿੰਘ ਸੰਧੂ (510-387-6997), ਸੁਮਿੱਤਰ ਸਿੰਘ ਉਪਲ (530-695-1716), ਬਲਵੰਤ ਬਾਂਕਾ (916-271-4216)

## ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ